ISBN 978-81-7770-170-8

# ਅਚੇਤਨ ਦੀ ਲੀਲ੍ਹਾ

ਜਸਵੰਤ ਸਿੰਘ ਨੇਕੀ

ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

# ਅਚੇਤਨ ਦੀ ਲੀਲ੍ਹਾ

# ਅਚੇਤਨ ਦੀ ਲੀਲ੍ਹਾ

ਜਸਵੰਤ ਸਿੰਘ ਨੇਕੀ

ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

©
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ISBN 978-81-7770-170-8

# ਅਚੇਤਨ ਦੀ ਲੀਲ੍ਹਾ

**ਜਸਵੰਤ ਸਿੰਘ ਨੇਕੀ**
52, ਹੇਮ ਕੁੰਟ ਕਲੋਨੀ
ਨਵੀਂ ਦਿੱਲੀ-110048

ਪਹਿਲੀ ਛਾਪ : 1998
ਦੂਜੀ ਛਾਪ : 2006
ਤੀਜੀ ਛਾਪ : 2012
ਚੌਥੀ ਛਾਪ : 2019

**ਕੀਮਤ : 150/- ਰੁਪਏ**

ਡਾ. ਕਰਨਜੀਤ ਸਿੰਘ ਕਾਹਲੋਂ, ਰਜਿਸਟਰਾਰ ਵੱਲੋਂ ਪ੍ਰਕਾਸ਼ਿਤ ਅਤੇ ਮਨਵਿੰਦਰ ਸਿੰਘ, ਇੰਚਾਰਜ, ਪਬਲੀਕੇਸ਼ਨ ਬਿਊਰੋ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਮੁਦ੍ਰਿਤ।

# ਸਮਰਪਨ

ਐਫ.ਸੀ. ਕਾਲਜ ਲਾਹੌਰ ਦੇ

ਸੁਰਗਵਾਸੀ ਪ੍ਰਿੰਸੀਪਲ

ਡਾ. ਸੀ. ਐਚ. ਰਾਈਸ

ਦੀ ਪਾਵਨ ਸਿਮਰਿਤੀ ਨੂੰ

ਜਿਨ੍ਹਾਂ ਤੋਂ ਮੈਨੂੰ ਮਨੋਵਿਗਿਆਨ ਦੀ ਚੇਟਕ ਲਗੀ

# ਤਤਕਰਾ


| | | |
|---|---|---|
| 1. | ਅਚੇਤਨ ਕੀ ਹੈ? | 1 |
| 2. | ਅਚੇਤਨ ਦੇ ਪ੍ਰਮਾਣ | 9 |
| 3. | ਅਚੇਤਨ ਦਾ ਗੁਣ ਤੇ ਸੁਭਾਅ | 17 |
| 4. | ਮਨੁੱਖੀ ਸ਼ਖ਼ਸੀਅਤ ਦੇ ਤਿੰਨ ਪੱਖ | 23 |
| 5. | ਅਚੇਤਨ ਦੀ ਗਤੀਸ਼ੀਲਤਾ-1 | 32 |
| 6. | ਅਚੇਤਨ ਦੀ ਗਤੀਸ਼ੀਲਤਾ-2 | 41 |
| 7. | ਸੁਪਨ ਸੰਸਾਰ | 51 |
| 8. | ਨਿਰਦੇਸ਼ਨ | 59 |
| 9. | ਸੰਮੋਹਨ | 65 |
| 10. | ਕੁਝ ਮਾਨਸਿਕ ਗੰਢਾਂ-1 | 74 |
| 11. | ਕੁਝ ਹੋਰ ਮਾਨਸਿਕ ਗੰਢਾਂ-2 | 86 |
| 12. | ਆਦਿਮ-ਬਿੰਬ | 94 |
| 13. | ਅਚੇਤਨ ਤੇ ਮਨੋਰੋਗ | 102 |
| 14. | ਅਚੇਤਨ ਦੀ ਖੋਜ | 114 |
| 15. | ਅਚੇਤਨ ਤੇ ਕੋਮਲ ਕਲਾ | 126 |
| | ਤਕਨੀਕੀ ਸ਼ਬਦਾਵਲੀ | 136 |
| | ਇੰਡੈਕਸ | 142 |

# ਮੁਖ ਸ਼ਬਦ

ਆਦਿ-ਕਾਲ ਤੋਂ ਹੀ ਮਨੁੱਖ ਆਪਣੇ ਮਨ ਦਾ ਰਹੱਸ ਸਮਝਣ ਦਾ ਜਤਨ ਕਰਦਾ ਆਇਆ ਹੋਣਾ ਹੈ। ਉਸ ਦੇ ਅੰਦਰੋਂ ਆਪਣੇ ਹੀ ਮਨ ਬਾਰੇ ਅਨੇਕਾਂ ਪ੍ਰਸ਼ਨ ਉਠਦੇ ਆਏ ਹੋਣੇ ਹਨ ਜੋ ਆਪਣਾ ਉਤਰ ਮੰਗਦੇ ਰਹੇ ਹੋਣੇ ਹਨ। ਦੁੱਖ ਸਾਨੂੰ ਪੀੜਿਤ ਕਿਉਂ ਕਰਦਾ ਹੈ, ਸੁੱਖ ਸਾਨੂੰ ਖ਼ੁਸ਼ੀ ਕਿਵੇਂ ਦੇਂਦਾ ਹੈ? ਬਾਹਰਲੇ ਪ੍ਰਪੰਚ ਦਾ ਗਿਆਨ ਸਾਡੇ ਅੰਦਰ ਕਿਵੇਂ ਪ੍ਰਵੇਸ਼ ਕਰਦਾ ਹੈ? ਫਿਰ ਉਹ ਸਾਡੀਆਂ ਯਾਦਾਂ ਵਿਚ ਸਾਂਭਿਆ ਕਿਵੇਂ ਜਾਂਦਾ ਹੈ? ਸਾਡੇ ਮਨੋਭਾਵ ਤਰਕ ਦੇ ਸੰਜਮ ਦਾ ਪਾਲਨ ਕਰਨੋਂ ਅਸਮਰਥ ਕਿਉਂ ਹੋਂਦੇ ਹਨ? ਸਾਡਾ ਮਨ ਚੰਗਾ ਚਲਦਾ ਚਲਦਾ, ਆਪਣੀ ਚਾਲੋਂ ਉਖੜ ਕਿਵੇਂ ਜਾਂਦਾ ਹੈ? ਭਰਮ ਤੇ ਵਿਭਰਮ ਇਸ ਉਪਰ ਕਿਵੇਂ ਗ਼ਲਬਾ ਪਾ ਲੈਂਦੇ ਹਨ? ਸਾਡੇ ਸੁਪਨੇ ਕੀ ਵਸਤ ਹਨ? ਸੁਤਨੀਂਦੀਆਂ ਅੱਖਾਂ ਦੇ ਪਰਦੇ ਤੇ ਲਟਕਦੇ ਇਹਨਾਂ ਦੇ ਵਿਚਿਤਰ ਬਿੰਬਾਂ ਦਾ ਕੀ ਅਰਥ ਹੋਂਦਾ ਹੈ? ਕਲਪਨਾ, ਜੋ ਸਿਰਜਨ ਪ੍ਰਕਿਰਿਆ ਦੀ ਪ੍ਰੇਰਕ ਤੇ ਸੰਚਾਲਕ ਹੈ ਹੋਂਦ ਵਿਚ ਕਿਵੇਂ ਆਉਂਦੀ ਹੈ? ਮਨ ਦਾ ਸਾਡੇ ਸਰੀਰ ਨਾਲ ਸੰਬੰਧ ਕਿਵੇਂ ਜੁੜਦਾ ਹੈ? ਐਸੇ ਅਨੇਕਾਂ ਪ੍ਰਸ਼ਨ ਮਨੁੱਖੀ ਚੇਤਨਾ ਨੂੰ ਹਮੇਸ਼ਾਂ ਹੀ ਝੰਝੋੜਦੇ ਰਹੇ ਹੋਣੇ ਹਨ।

ਜੁਗਾਂ ਤੀਕ ਇਹ ਪ੍ਰਸ਼ਨ ਪ੍ਰਸ਼ਨ ਹੀ ਬਣੇ ਰਹੇ ਹੋਣਗੇ – ਕਿਉਂਕਿ ਮਨੁੱਖ ਦੀ ਸੂਝ ਪਾਸ ਇਹਨਾਂ ਦਾ ਕੋਈ ਵਾਜਬ ਉਤਰ ਨਹੀਂ ਸੀ। ਅਨੇਕਾਂ ਦਾਰਸ਼ਨਿਕਾਂ ਤੇ ਆਚਾਰੀਆਂ ਨੇ ਪੂਰੇ ਤਾਣ ਨਾਲ ਜਤਨ ਕੀਤਾ, ਪਰ ਕੋਈ ਵੀ ਮਨ ਦਾ ਪੂਰਾ ਰਹੱਸ ਖੋਲ ਨ ਸਕਿਆ। ਵਿਗਿਆਨੀਆਂ ਨੇ ਆਪਣੀ ਵਿੱਤ ਲਾਈ, ਪਰ ਉਹ ਵੀ ਮਨ ਦੀ ਮੁਕੰਮਲ ਵਿਆਖਿਆ ਨਹੀਂ ਕਰ ਸਕੇ। ਫਿਰ ਵੀ ਇਕ ਗਲ ਪ੍ਰਤੱਖ ਸੀ ਕਿ ਸਾਡਾ ਵਿਹਾਰ ਹਮੇਸ਼ਾ ਤਰਕ ਦੇ ਆਖੇ ਵਿਚ ਨਹੀਂ ਰਹਿੰਦਾ। ਚੋਰ ਜਾਣਦਾ ਹੈ ਚੋਰੀ ਮਾੜੀ ਹੁੰਦੀ ਹੈ, ਫਿਰ ਵੀ ਚੋਰੀ ਕਰਦਾ ਹੈ। ਹਿੰਸਕ ਜਾਣਦਾ ਹੈ ਹਿੰਸਾ ਬੁਰੀ ਹੈ, ਫਿਰ ਵੀ ਆਪਣੇ ਆਪ ਨੂੰ ਵਰਜ ਨਹੀਂ ਸਕਦਾ। ਅੱਜ ਦੇ ਸਾਰੇ ਡਾਕਟਰ ਜਾਣਦੇ ਹਨ ਕਿ ਤਮਾਕੂ ਪੀਣਾ ਕਿਤਨਾ ਹਾਨੀਕਾਰਕ ਹੈ; ਫਿਰ ਵੀ ਅਨੇਕਾਂ ਡਾਕਟਰ ਤਮਾਕੂ ਪੀਣ ਦੇ ਆਦੀ ਹਨ। ਸਪਸ਼ਟ ਹੈ ਕਿ ਤਰਕ ਮਨੁੱਖੀ ਮਨ ਦੇ ਰਹੱਸ ਦੀ ਕੁੰਜੀ ਨਹੀਂ।

ਸਾਡਾ ਮਨ ਕੇਵਲ ਉਤਨਾ ਕੁਝ ਹੀ ਨਹੀਂ ਜਿਤਨਾ ਸਾਨੂੰ ਆਪਣੇ ਅੰਦਰ ਝਾਤੀ ਮਾਰਿਆਂ ਦਿਸਦਾ ਹੈ। ਸਾਡੀ ਚੇਤਨਾ ਵਿਚ ਵਸਦੇ ਵਿਚਾਰਾਂ, ਅਨੁਭਵਾਂ, ਭਾਵਨਾਵਾਂ, ਸਿਮਰਿਤੀਆਂ. ਇਰਾਦਿਆਂ, ਪ੍ਰੇਰਨਾਵਾਂ, ਤੇ ਰੁਚੀਆਂ ਤੋਂ ਪਰੇ ਵੀ ਬੜਾ ਕੁਝ ਬਾਕੀ ਬਚਦਾ ਹੈ। ਚੇਤਨਾ ਤੋਂ ਪਰੇ ਵੀ ਮਨ ਦੀ ਇਕ ਹੋਰ ਵਿਸ਼ਾਲ ਸਰਜ਼ਮੀਨ ਹੈ, ਜਿਥੋਂ ਸੁਪਨੇ ਜਨਮ ਲੈਂਦੇ ਹਨ, ਤੇ ਜਿੱਥੇ ਹਾਰੀਆਂ ਹੁੱਟੀਆਂ ਇਛਾਵਾਂ ਜਾ ਕੇ ਸੌਂ ਜਾਂਦੀਆਂ ਹਨ। ਮਨ ਦਾ ਇਹ ਹਨੇਰਾ ਜਗਤ, ਅਚੇਤਨ, ਹੈ।

ਅਚੇਤਨ ਨੂੰ ਕਿਸੇ ਨਹੀਂ ਵੇਖਿਆ, ਉਵੇਂ, ਜਿਵੇਂ ਪ੍ਰਮਾਣੂ ਨੂੰ ਕਿਸੇ ਨਹੀਂ ਵੇਖਿਆ। ਪਰ ਅਚੇਤਨ ਦੀ ਹੋਂਦ ਵੀ ਉਤਨੀ ਹੀ ਸਾਰਥਕ ਜਾਪਦੀ ਹੈ ਜਿਤਨੀ ਪ੍ਰਮਾਣੂ ਦੀ; ਤੇ ਸ਼ਾਇਦ, ਇਸ ਦੀ ਸ਼ਕਤੀ ਵੀ ਪ੍ਰਮਾਣੂ ਦੇ ਮੁਕਾਬਲੇ ਦੀ ਹੋਵੇ। ਖੇਤਰ ਭਾਵੇਂ ਦੋਹਾਂ ਦੇ ਵੱਖੋ ਵੱਖਰੇ ਹਨ।

ਅਚੇਤਨ ਇਕ ਸਿੱਧਾਂਤ ਹੈ - ਮਨ ਦੇ ਰਹੱਸ ਦਾ ਸਿੱਧਾਂਤ - ਜਿਸ ਨੂੰ ਵਰਤਮਾਨ ਜੁਗ ਦੇ ਪ੍ਰਸਿਧ ਚਿੰਤਕ ਮਨੋਵਿਗਿਆਨੀ ਡਾਕਟਰ ਸਿਗਮੰਡ ਫ਼੍ਰਾਇਡ ਨੇ ਸ੍ਵੀਕ੍ਰਿਤੀ ਦੀ ਪੱਧਰ ਤੀਕ ਪਹੁੰਚਾਇਆ। ਉਸ ਤੋਂ ਪਹਿਲੇ ਸਪੀਨੋਜ਼ਾ, ਸ਼ੋਪਨਹਾਉਰ, ਹਾਰਟਮੈਨ ਆਦਿ ਦਾਰਸ਼ਨਕਾਂ ਨੇ ਅਚੇਤਨ ਮਨੋਕ੍ਰਿਆ ਵਲ ਸੰਕੇਤ ਜ਼ਰੂਰ ਕੀਤਾ, ਪਰ ਇਹ ਕੇਵਲ ਡਾ. ਫ਼੍ਰਾਇਡ ਹੀ ਸੀ ਜਿਸ ਨੇ ਇਸ ਸਿੱਧਾਂਤ ਨੂੰ ਪੱਕੇ ਪ੍ਰਮਾਣਾਂ ਦੀ ਪੁਸ਼ਟੀ ਦੇ ਕੇ ਇਸ ਨੂੰ ਵਿਗਿਆਨਕ ਸਿੱਧੀ ਦਾ ਦਰਜਾ ਦਿਵਾ ਦਿੱਤਾ।

ਹੱਥਲੀ ਪੁਸਤਕ ਦਾ ਪ੍ਰਯੋਜਨ ਪੰਜਾਬੀ ਪਾਠਕਾਂ ਪ੍ਰਤੀ ਡਾ. ਫ਼੍ਰਾਇਡ ਤੇ ਉਸ ਦੇ ਅਨੁਯਾਈਆਂ ਵਲੋਂ ਪੇਸ਼ ਕੀਤੇ ਗਏ ਅਚੇਤਨ ਸਿੱਧਾਂਤ ਦੀ ਰੂਪ-ਰੇਖਾ ਪੇਸ਼ ਕਰਨਾ ਹੈ।

ਡਾ. ਫ਼੍ਰਾਇਡ ਦੇ ਸਿੱਧਾਂਤਾਂ ਨੇ ਵੀਹਵੀਂ ਸਦੀ ਦੇ ਵਿਚਾਰਾਂ, ਦ੍ਰਿਸ਼ਟੀਕੋਣਾਂ, ਸਿਰਜਨਾਤਮਕ ਕ੍ਰਿਆਵਾਂ, ਜੀਵਨ-ਜੁਗਤ ਦੀਆਂ ਸ਼ੈਲੀਆਂ ਉਪਰ ਇਕ ਗੰਭੀਰ ਅਸਰ ਪਾਇਆ ਹੈ। ਇਹਨਾਂ ਸਿੱਧਾਂਤਾਂ ਨੂੰ ਇਕ ਪਾਸੇ ਬੇਹੱਦ ਪ੍ਰਸੰਸਾ ਤੇ ਸ਼ਰਧਾ ਪ੍ਰਾਪਤ ਹੋਈ ਹੈ ਤਾਂ ਦੂਜੇ ਪਾਸੇ ਸੰਦੇਹ ਭਰਪੂਰ ਭਰਵੀਂ ਆਲੋਚਨਾ ਵੀ। ਐਪਰ, ਉਸ ਦੇ ਸਿੱਧਾਂਤਾਂ ਵਿਚੋਂ ਕਈ ਸਿੱਧਾਂਤ ਐਸੇ ਹਨ ਜੋ ਆਪਣੇ ਅੰਤਰੀਵੀ ਬਲ ਨਾਲ ਆਲੋਚਨਾ ਦੇ ਬਾਵਜੂਦ ਕਾਇਮ ਖਲੋਤੇ ਚਲੇ ਆਏ ਹਨ। ਇਹਨਾਂ ਵਿਚੋਂ ਹੀ ਇੱਕ ਸਿੱਧਾਂਤ ਅਚੇਤਨ ਦਾ ਸਿੱਧਾਂਤ ਹੈ।

ਫ਼੍ਰਾਇਡ ਇਕ ਨਿੱਤ-ਵਿਗਸਦਾ ਗਤੀਸ਼ੀਲ ਚਿੰਤਕ ਸੀ। ਉਸਦੇ ਵਿਗਸਦੇ ਅਨੁਭਵ ਦੇ ਨਾਲ ਨਾਲ ਉਸ ਦੇ ਸਿੱਧਾਂਤ ਵੀ ਵਿਕਾਸ ਕਰਦੇ ਰਹੇ ਹਨ। ਇਹ ਗੱਲ ਹਰ ਉਸ ਲੇਖਕ ਲਈ ਔਕੜ ਦਾ ਕਾਰਣ ਬਣਦੀ ਹੈ ਜੋ ਫ਼੍ਰਾਇਡ ਦੇ ਕਿਸੇ ਸਿੱਧਾਂਤ ਨੂੰ ਸਾਧਾਰਨ ਪਾਠਕਾਂ ਪ੍ਰਤੀ ਪੇਸ਼ ਕਰਨ ਦਾ ਜਤਨ ਕਰਦਾ ਹੈ। ਜੇਕਰ ਉਹ ਸਮੂਲੇ ਫ਼੍ਰਾਇਡ ਨੂੰ ਪੇਸ਼ ਕਰਨ ਦਾ ਸਾਹਸ ਕਰਦਾ ਹੈ ਤਾਂ ਉਹ ਪਹਿਲ-ਵਾਰ ਦੇ ਪਾਠਕ ਨੂੰ ਬਦਲਦੇ ਸਿੱਧਾਂਤਾਂ ਦੀ ਉਲਝਨ ਵਿਚ ਪਾਉਣ ਦਾ ਦੋਸ਼ੀ ਬਣਦਾ ਹੈ ਕਿਉਂਕਿ ਫ਼੍ਰਾਇਡ ਆਪਣੀ ਵਿਗਸਦੀ ਚਿੰਤਨਾ ਕਾਰਣ 'ਕੇਰਾਂ ਅਪਨਾਏ ਗਏ ਵਿਚਾਰ ਮੁੜ ਕੇ ਤਬਦੀਲ ਕਰ ਲੈਂਦਾ ਰਿਹਾ। ਇਸ ਦੀ ਬਜਾਏ, ਜੇਕਰ ਉਹ ਫ਼੍ਰਾਇਡ ਦੇ ਖ਼ਾਸ ਸਮੇਂ ਤਕ ਵਿਗਸੇ ਸਿੱਧਾਂਤ ਹੀ ਪੇਸ਼ ਕਰਦਾ ਹੈ, ਤਾਂ ਉਸ ਨੂੰ ਫ਼੍ਰਾਇਡੀ ਚਿੰਤਨ ਦੇ ਕਈ ਜ਼ਰੂਰੀ ਪੱਖ ਪਰੋਖ ਰਖਣੇ ਪੈਂਦੇ ਹਨ।

ਹੱਥਲੀ ਪੁਸਤਕ ਵਿਚ ਅਚੇਤਨ ਦੇ ਸਿੱਧਾਂਤ ਦੀ ਅਜਿਹੀ ਪੇਸ਼ਕਾਰੀ ਕਰਨ ਦਾ ਜਤਨ ਕੀਤਾ ਗਿਆ ਹੈ ਜਿਸ ਨਾਲ ਪਾਠਕ ਇਸ ਦੀ ਸਾਰ-ਵਸਤ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ। ਇਸ ਲਈ ਵਿਚਾਰਾਂ ਵਿਚਲੀਆਂ ਵਿਰੋਧਤਾਈਆਂ ਨੂੰ ਪੇਸ਼ ਕਰਨ ਤੋਂ ਜਿਥੋਂ ਤਕ ਹੋ ਸਕਿਆ ਸੰਕੋਚ ਕੀਤਾ ਗਿਆ ਹੈ। ਫਿਰ ਵੀ ਜਿੱਥੇ ਜ਼ਰੂਰੀ ਜਾਪਿਆ, ਉਥੇ ਇਹਨਾਂ ਵਲ ਲੋੜੀਂਦਾ ਸੰਕੇਤ ਕਰ ਦਿੱਤਾ ਗਿਆ ਹੈ।

ਫ਼੍ਰਾਇਡ ਮਗਰੋਂ ਉਸ ਦੇ ਅਨੇਕਾਂ ਸਮਰਥਕਾਂ ਨੇ ਉਸ ਦੇ ਸਿੱਧਾਂਤਾਂ ਦਾ ਹੋਰ ਵਿਕਾਸ ਕੀਤਾ ਹੈ। ਉਹ ਉਸ ਦੇ ਸਿੱਧਾਂਤਾਂ ਨੂੰ ਕੇਵਲ ਵਿਸਤਾਰਦੇ ਹੀ ਨਹੀਂ ਸਗੋਂ ਕਈ ਥਾਈਂ ਅਗਾਂਹ ਵੀ ਲਿਜਾਂਦੇ ਹਨ। ਕਈ ਥਾਈਂ, ਐਪਰ, ਉਹਨਾਂ ਦਾ ਫ਼੍ਰਾਇਡ ਨਾਲ ਵਖੇਵਾਂ ਵੀ ਜਾਪਦਾ ਹੈ, ਜੋ ਕਈ ਹਾਲਤਾਂ ਵਿਚ ਇਤਨਾ ਤਿੱਖਾ ਹੋ ਜਾਂਦਾ ਹੈ ਕਿ ਉਹ ਇਕ ਦੂਜੇ ਦੇ ਸਿੱਧਾਂਤਾਂ ਨੂੰ ਬੇਭਰੋਸਗੀ ਦੀ ਨਜ਼ਰ ਨਾਲ ਵੇਖਦੇ ਪ੍ਰਤੀਤ ਹੋਂਦੇ ਹਨ। ਇਸ ਦੇ ਬਾਵਜੂਦ ਵੀ 'ਅਚੇਤਨ' ਉਹਨਾਂ ਸਭਨਾਂ ਦਾ ਸਾਂਝਾ ਚਿੰਤਨ-ਖੇਤਰ ਹੈ, ਭਾਵੇਂ ਅਚੇਤਨ ਦੀ ਹੱਦ-ਬੰਦੀ ਬਾਰੇ ਉਹਨਾਂ ਵਿਚਾਲੇ ਸਮਤੀ ਵੀ ਪੂਰੀ ਨਹੀਂ। ਭਾਵੇਂ ਅਸਾਂ ਇਹਨਾਂ ਵਖੇਵਿਆਂ ਬਾਰੇ ਲੋੜ ਅਨੁਸਾਰ ਸੰਕੇਤ ਵੀ ਕਰ ਦਿੱਤਾ ਹੈ ਤੇ ਲੋੜੀਂਦੇ ਵੇਰਵੇ ਵੀ ਦੇ ਦਿੱਤੇ ਹਨ, ਤਾਂ ਵੀ ਸਾਡਾ ਮੁਖ-ਪ੍ਰਯੋਜਨ ਫ਼੍ਰਾਇਡੀ ਅਚੇਤਨ-ਸਿੱਧਾਂਤ ਦੀ ਵਿਆਖਿਆ ਹੀ ਰਿਹਾ ਹੈ।

ਲੇਖਕ ਦੇ ਆਪਣੇ ਵਿਚਾਰ ਵੀ ਕਈ ਥਾਈਂ ਫ਼੍ਰਾਇਡ ਦੇ ਸਿੱਧਾਂਤਾਂ ਤੋਂ ਵੱਖਰੇ ਹਨ, ਤਾਂ ਵੀ ਉਸ ਨੇ ਆਪਣੇ ਨਿੱਜੀ ਵਿਚਾਰਾਂ ਨੂੰ ਲਾਂਭੇ ਹੀ ਰੱਖੀ ਰਖਣ ਦਾ ਜਤਨ ਕੀਤਾ ਹੈ ਤੇ ਬਿਨਾ ਵਾਦ-ਵਿਵਾਦ ਵਿਚ ਪੈਣ ਦੇ ਅਚੇਤਨ ਦੇ ਫ਼੍ਰਾਇਡੀ ਸਿੱਧਾਂਤ ਦੀ ਸੁਹਿਰਦ ਵਿਆਖਿਆ ਹੀ ਕੀਤੀ ਹੈ।

ਅਚੇਤਨ ਦੇ ਸਿੱਧਾਂਤ ਨੇ ਮਨੋਵਿਗਿਆਨ ਤੇ ਮਨੋਚਿਕਿਤਸਾ ਦੇ ਖੇਤਰਾਂ ਉਪਰ ਤਾਂ ਭਰਪੂਰ ਪ੍ਰਭਾਵ ਤਾਂ ਪਾਉਣਾ ਹੀ ਸੀ, ਇਸ ਨੇ ਕੋਮਲ ਕਲਾ, ਸਾਹਿੱਤ, ਰਾਜਨੀਤੀ, ਧਰਮ, ਸਦਾਚਾਰ ਆਦਿ ਕਈ ਖੇਤਰਾਂ ਵਿਚ ਵੀ ਪ੍ਰਤੱਖ ਅਸਰ ਵੀ ਤੇ ਪਰੋਖ ਅਸਰ ਵੀ ਪਾਇਆ ਹੈ। ਅਜੋਕੇ ਜੁਗ ਦਾ ਕੋਈ ਵਿਅਕਤੀ ਵੀ ਐਸਾ ਨਹੀਂ, ਜੋ ਆਪਣੇ ਆਪ ਨੂੰ ਪੜ੍ਹਿਆ ਲਿਖਿਆ ਸਮਝਦਾ ਹੋਵੇ ਤੇ ਜੋ ਫ਼੍ਰਾਇਡ ਦਾ ਚੇਤਨ ਜਾਂ ਅਚੇਤ ਅਸਰ ਗ੍ਰਹਿਣ ਕੀਤੇ ਬਿਨਾ ਰਹਿ ਸਕਿਆ ਹੋਵੇ। ਫ਼੍ਰਾਇਡ ਦੇ ਘੜੇ ਹੋਏ ਜਾਂ ਵਿਆਖਿਆਏ ਹੋਏ ਅਨੇਕਾਂ ਸ਼ਬਦ ਆਮ ਬੋਲਚਾਲ ਵਿਚ ਦਾਖ਼ਲ ਹੋ ਗਏ ਹਨ। 'ਅਚੇਤਨ', ਸ਼ਾਇਦ ਇਹਨਾਂ ਵਿਚੋਂ ਸਭ ਤੋਂ ਵਧੀਕ ਵਰਤੀਦਾਂ ਸ਼ਬਦ ਹੈ। ਇਸ ਲਈ ਇਸ ਦੇ ਰਹੱਸ ਤੋਂ ਜਾਣੂ ਹੋਣਾ ਹਰ ਪੜ੍ਹੇ ਲਿਖੇ ਦਾ ਹੱਕ ਹੈ।

ਪੰਜਾਬੀ ਪਾਠਕਾਂ ਨੂੰ ਇਸ ਰਹੱਸ ਤੋਂ ਜਾਣੂ ਕਰਾਉਣ ਦਾ ਇਹ ਔਸਰ ਲੈਂਦਿਆਂ ਮੇਰੀ ਆਤਮਾ ਉਹਨਾਂ ਸਭਨਾਂ ਅਧਿਆਪਕਾਂ ਤੇ ਲੇਖਕਾਂ ਪ੍ਰਤੀ ਸ਼ੁਕਰਾਨੇ ਦੀ ਭਾਵਨਾ ਨਾਲ ਭਰੀ ਜਾ ਰਹੀ ਹੈ ਜਿਨ੍ਹਾਂ ਪਾਸੋਂ ਮੈਨੂੰ ਮਨੋਵਿਗਿਆਨ ਦੀ ਸਿੱਖਿਆ ਪ੍ਰਾਪਤ ਹੁੰਦੀ ਰਹੀ ਹੈ।

***ਜਸਵੰਤ ਸਿੰਘ ਨੇਕੀ***

52, ਹੇਮ ਕੁੰਟ ਕਾਲੋਨੀ
ਨਵੀਂ ਦਿੱਲੀ-110048
ਮਾਰਚ 10, 1997

# 1.

# ਅਚੇਤਨ ਕੀ ਹੈ ?

ਅਜੋਕਾ ਜੁਗ ਵਿਆਪਕ ਚਿੰਤਾ ਦਾ ਜੁਗ ਹੈ। ਇਸੇ ਲਈ ਮਨੁੱਖ ਆਤਮ-ਚੇਤਨ ਹੋਣ ਲਈ ਮਜਬੂਰ ਹੈ। ਵਿਆਪਕ ਅਸੁਰਖਿਆ ਸਾਨੂੰ ਆਪਣੇ ਅੰਦਰ ਝਾਤ ਮਾਰਨ ਲਈ ਮਜਬੂਰ ਕਰਦੀ ਹੈ ਤਾਂ ਜੁ ਇਸ ਗੰਭੀਰ ਔਖਿਆਈ ਦਾ ਹੱਲ ਭਾਲਿਆ ਜਾ ਸਕੇ। ਆਪਣੀ ਅਸੁਰੱਖਿਆ ਦੇ ਕੁਝ ਕਾਰਣ ਸਾਨੂੰ ਭਲੇ ਹੀ ਪ੍ਰਤੱਖ ਦਿਸਦੇ ਹੋਣ ਜਿਨ੍ਹਾਂ ਵੱਲੋਂ ਅਸੀਂ ਚੇਤੰਨ ਵੀ ਹੁੰਦੇ ਹਾਂ, ਪਰ ਕੁਝ ਐਸੇ ਵੀ ਹਨ ਜੋ ਸਾਡੇ ਮਨ ਦੇ ਚੋਰ ਹਨੇਰਿਆਂ ਵਿਚ ਲੁਕੇ ਬੈਠੇ ਹਨ ਤੇ ਉਹਨਾਂ ਵਲੋਂ ਸਾਨੂੰ ਕੋਈ ਸੋਝੀ ਨਹੀਂ ਹੁੰਦੀ। ਜੇਕਰ ਕੁਝ ਉਚੇਚੀਆਂ ਵਿਧੀਆਂ ਨਾਲ ਇਹਨਾ ਦੀ ਖੋਜ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਉਹ ਸਾਡੇ ਆਪਣੇ ਹੀ ਮਨ ਦੀਆਂ ਹਨੇਰੀਆਂ ਡੂੰਘਾਣਾਂ ਵਿਚ ਲੁਕੇ ਬੈਠੇ ਹੁੰਦੇ ਹਨ। ਮਨ ਦਾ ਇਹ ਚੋਰ ਹਨੇਰਾ ਪੱਖ ਹੀ ਸਾਡਾ ਅਚੇਤਨ ਹੈ ਜਿਸ ਦੀ ਸਾਡੀ ਜ਼ਿੰਦਗੀ ਉਪਰ ਬੜੀ ਕਰੜੀ ਪਕੜ ਹੈ।

ਇਕ ਵੇਰਾਂ ਮੈਂ ਤੇ ਮੇਰੀ ਪਤਨੀ ਤੁਰੇ ਜਾਂਦੇ ਸਾਂ। ਸਾਹਮਣਿਓਂ ਇਕ ਸੱਜਣ ਇਸ ਤਰ੍ਹਾਂ ਮੁਸਕ੍ਰਾਉਂਦਾ ਲੰਘਿਆ ਜਿਵੇਂ ਸਾਡਾ ਬੜਾ ਵਾਕਫ ਹੁੰਦਾ ਹੈ। ਮੇਰੀ ਪਤਨੀ ਮੈਨੂੰ ਪੁੱਛਣ ਲੱਗੀ, "ਇਹ ਕੌਣ ਸੱਜਣ ਲੰਘਿਆ ਹੈ?" ਮੈਂ ਆਪਣੇ ਦਿਮਾਗ਼ ਉਤੇ ਬੜਾ ਜ਼ੋਰ ਪਾਇਆ ਪਰ ਮੈਨੂੰ ਉਸ ਦਾ ਨਾਂ ਯਾਦ ਨਹੀਂ ਆਇਆ। ਇਹ ਜ਼ਰੂਰ ਲੱਗੇ ਕਿ ਇਸ ਨੂੰ ਕਿਤੇ ਮਿਲੇ ਹੋਏ ਹਾਂ।

ਕੁਝ ਦਿਨਾਂ ਬਾਅਦ ਮੈਂ ਇਕ ਮਿੱਤਰ ਨਾਲ ਸ਼ਤਰੰਜ ਖੇਡ ਰਿਹਾ ਸਾਂ। ਪਤਨੀ ਮੇਰੀ, ਪਰੇ ਮੇਜ਼ ਤੇ, ਸਾਡੇ ਲਈ ਚਾਹ ਉਲਟਾ ਰਹੀ ਸੀ। ਮੇਰਾ ਸਾਰਾ ਧਿਆਨ ਆਪਣੇ ਬਾਦਸ਼ਾਹ ਨੂੰ ਪੈ ਰਹੀ ਸ਼ਹਿ ਬਚਾਉਣ ਉੱਪਰ ਕੇਂਦ੍ਰਿਤ ਸੀ। ਤਦ ਅਚਣਚੇਤ ਮੇਰੇ ਮਸਤਕ ਵਿਚ ਇਕ ਅਜਬ ਜਹੀ ਹਲਚਲ ਹੋਈ, "ਉਸ ਆਦਮੀ ਦਾ ਨਾਂ ਰਾਜਾ ਰਾਮ ਸੀ!" ਮੈਂ ਆਪਣੀ ਪਤਨੀ ਨੂੰ ਆਵਾਜ਼ ਮਾਰ ਕੇ ਹੱਸਦਿਆਂ ਹੋਇਆਂ ਆਖਿਆ, "ਉਸ ਦਿਨ ਜਿਸ ਬੰਦੇ ਦਾ ਨਾਂ ਸਾਨੂੰ ਯਾਦ ਨਹੀਂ ਸੀ ਆ ਰਿਹਾ, ਅੱਜ ਆ ਗਿਆ ਹੈ। ਉਹ ਰਾਜਾ ਰਾਮ ਸੀ ਜੋ ਕਲੱਬ ਦੀ ਪਿਛਲੀ ਚੋਣ ਹਾਰ ਗਿਆ ਸੀ।" "ਹੱਦ ਹੋ ਗਈ", ਮੇਰੀ ਪਤਨੀ ਕਹਿਣ ਲੱਗੀ, "ਉਸ ਦਿਨ ਤਾਂ ਤੁਸੀਂ ਸੋਚ ਸੋਚ ਹਾਰ ਗਏ ਤੁਹਾਨੂੰ ਉਸ ਦਾ ਨਾਮ ਯਾਦ ਨਹੀਂ ਆਇਆ, ਅੱਜ ਅਚਨਚੇਤ ਸ਼ਤਰੰਜ ਖੇਡਦਿਆਂ ਕਿਵੇਂ ਯਾਦ ਆ ਗਿਆ?" ਮੈਂ ਆਪ ਵੀ ਹੈਰਾਨ ਸਾਂ ਕਿਉਂਕਿ ਮੇਰਾ ਤਾਂ ਸਾਰਾ ਧਿਆਨ ਸ਼ਤਰੰਜ ਵਿਚ ਖੁਭਿਆ ਪਿਆ ਸੀ। ਉਸ ਦਾ ਨਾਂ ਚੇਤੇ ਕਰਨ ਦੀ ਨਾ ਹੀ ਫੁਰਸਤ ਸੀ ਮੇਰੇ ਪਾਸ ਨਾ ਹੀ ਮੈਂ ਐਸਾ ਕੋਈ ਇਰਾਦਾ ਹੀ ਬਣਾਇਆ ਸੀ। ਉਸ ਦਿਨ ਤੋਂ ਮਗਰੋਂ ਉਸ ਪਾਸੇ ਤਾਂ ਮੇਰਾ ਧਿਆਨ

ਕਦੇ ਗਿਆ ਵੀ ਨਹੀਂ ਸੀ। ਫਿਰ ਅਚਣਚੇਤ ਇਹ ਨਾਂ ਕਿਥੋਂ ਆਣ ਟਪਕਿਆ?

ਦਰ ਅਸਲ ਉਸ ਦਿਨ ਜਦੋਂ ਮੇਰਾ ਚੇਤਨ ਮਨ ਉਹ ਨਾਂ ਚੇਤੇ ਨਾ ਕਰ ਸਕਿਆ ਤਾਂ ਮੇਰੇ ਅਚੇਤਨ ਮਨ ਨੇ ਉਸ ਦੀ ਤਲਾਸ਼ ਆਪਣੇ ਹੱਥ ਲੈ ਲਈ। ਭਾਵੇਂ ਚੇਤਨ ਹੋਰ ਪਾਸੇ ਰੁਝ ਗਿਆ, ਅਚੇਤਨ ਨੇ ਇਹ ਤਲਾਸ਼ ਜਾਰੀ ਰੱਖੀ। ਤਦ ਜਾਪਦਾ ਹੈ ਸ਼ਤਰੰਜ ਦੀ ਇਸ ਬਾਜ਼ੀ ਨੇ ਆਪਣਾ ਸੀਰ ਪਾਇਆ। ਜਦੋਂ ਬਾਦਸ਼ਾਹ (=ਰਾਜੇ) ਨੂੰ ਸ਼ਹਿ ਪਈ (=ਹਾਰ ਹੋਣ ਲੱਗੀ) ਤਾਂ ਅਚੇਤਨ ਨੂੰ ਜਿਵੇਂ ਹਾਰੇ ਹੋਏ ਰਾਜਾ ਰਾਮ ਦੀ ਸੂਹ ਮਿਲ ਗਈ।

ਇਸ ਤਰ੍ਹਾਂ ਦਾ ਕੋਈ ਨਾ ਕੋਈ ਵਾਕਿਆ ਤੁਹਾਡੇ ਨਾਲ ਵੀ ਜ਼ਰੂਰ ਵਾਪਰਿਆ ਹੋਵੇਗਾ। ਕੋਈ ਗੱਲ ਲੋੜ ਵੇਲੇ ਤਾਂ ਚੇਤੇ ਨਹੀਂ ਆਉਂਦੀ, ਪਰ ਮਗਰੋਂ ਅਚਾਨਕ ਬਿਨਾ ਕਿਸੇ ਜਤਨ ਦੇ, ਖ਼ਬਰੇ ਕਿਵੇਂ, ਯਾਦ ਆ ਜਾਂਦੀ ਹੈ।

ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮਨ ਦੀਆਂ ਚੇਤਨ ਤੇ ਅਚੇਤਨ ਦੋ ਅਵਸਥਾਵਾਂ ਜ਼ਰੂਰ ਹਨ। ਚੇਤਨ ਸਾਡੇ ਧਿਆਨ ਦਾ ਗਿਆਨ-ਇੰਦ੍ਰਾ ਜਿਹਾ ਹੈ ਜਿਸ ਦੁਆਰਾ ਅਸੀਂ ਉਹਨਾਂ ਉਤੇਜਨਾਵਾਂ ਤੋਂ ਜਾਣੂ ਹੁੰਦੇ ਹਾਂ ਜੋ ਬਾਹਰਲੇ ਸੰਸਾਰ ਤੋਂ ਸਾਨੂੰ ਆ ਕੇ ਪੋਹੰਦੀਆਂ ਹਨ; ਜਾਂ ਉਹਨਾਂ ਇਰਾਦਿਆਂ ਤੇ ਯਾਦਾਂ ਵਲੋਂ ਸੋਝੀਵਾਨ ਹੁੰਦੇ ਹਾਂ ਜੋ ਸਾਡੇ ਮਸਤਕ ਵਿਚ ਜਾਗਦੀਆਂ ਹਨ। ਇਉਂ 'ਚੇਤਨ' ਉਹਨਾਂ ਵਿਚਾਰਾਂ, ਭਾਵਨਾਵਾਂ, ਸੰਵੇਦਨਾਵਾਂ ਤੇ ਸਿਮਰਿਤੀਆਂ ਦਾ ਸਮੁੱਚ ਹੈ ਜਿਨ੍ਹਾਂ ਬਾਰੇ ਸਾਨੂੰ ਸੋਝੀ ਹੁੰਦੀ ਹੈ। ਤਤਕਾਲੀ ਵਿਚਾਰ ਤੇ ਭੂਤਕਾਲੀ ਸਿਮਰਿਤੀਆਂ ਇਸੇ ਵਿਚ ਵਿਚਰਦੀਆਂ ਹਨ। ਅਚੇਤਨ ਵਿਚ ਸਾਡੀਆਂ ਮੂਲ ਪ੍ਰਵਿਰਤੀਆਂ ਅਤੇ ਦਮਿਤ ਇੱਛਾਵਾਂ ਤੇ ਯਾਦਾਂ ਵਿਚਰਦੀਆਂ ਹਨ। ਕਦੇ ਕਦੇ ਐਸਾ ਵੀ ਹੁੰਦਾ ਹੈ ਕਿ ਕੋਈ ਸਿਮਰਿਤੀ ਤਤਕਾਲ ਤਾਂ ਸਾਡੇ ਮਨ ਵਿਚ ਮੌਜੂਦ ਨਹੀਂ ਹੁੰਦੀ, ਪਰ ਧਿਆਨ ਦੇਣ ਨਾਲ ਝੱਟ ਚੇਤੇ ਆ ਜਾਂਦੀ ਹੈ। ਚੇਤਨ ਵਿਚ ਆਉਣ ਤੋਂ ਪਹਿਲਾਂ ਉਹ ਸਾਡੇ ਅਵਚੇਤਨ ਵਿਚ ਵਿਚਰ ਰਹੀ ਸੀ। ਅਵਚੇਤਨ, ਚੇਤਨ ਤੇ ਅਚੇਤਨ ਵਿਚਾਲੇ ਦੀ ਅਵਸਥਾ ਹੈ ਜਿਸ ਦਾ ਉਹਨਾਂ ਦੋਨਾਂ ਨਾਲ ਸੰਬੰਧ ਹੁੰਦਾ ਹੈ। ਅਵਚੇਤਨ ਦੀ ਇਕ ਉਚੇਚੀ ਕਿਰਿਆ ਇਹ ਵੀ ਹੈ ਕਿ ਉਹ ਅਚੇਤਨ ਵਿਚ ਦਮਿਤ ਵਰਜਿਤ ਇੱਛਾਵਾਂ ਤੇ ਅਸੁਖਾਵੀਆਂ ਯਾਦਾਂ ਨੂੰ ਚੇਤਨਾ ਵਿਚ ਪਰਤਣ ਤੋਂ ਰੋਕਦਾ ਹੈ। ਇਉਂ ਉਹ ਇਕ ਬੰਧਕ ਦਾ ਕੰਮ ਵੀ ਕਰਦਾ ਹੈ।

ਮਨ ਨੂੰ ਇਸ ਪ੍ਰਕਾਰ ਦੀਆਂ ਤਿੰਨ ਤੈਹਾਂ - ਚੇਤਨ, ਅਵਚੇਤਨ ਤੇ ਅਚੇਤਨ - ਵਿਚ ਵੰਡਣ ਵਾਲਾ ਤੇ ਅਚੇਤਨ ਦੀ ਭਰਪੂਰ ਖੋਜ ਕਰਨ ਵਾਲਾ ਚਿੰਤਕ ਆਸਟ੍ਰੀਆ ਦਾ ਮੋਢੀ ਮਨੋਵਿਗਿਆਨੀ ਡਾਕਟਰ ਫ੍ਰਾਇਡ ਸੀ। ਭਾਵੇਂ ਡਾਕਟਰ ਸਿਗਮੰਡ ਫ੍ਰਾਇਡ ਜੰਮਿਆ (1856) ਤਾਂ ਫ੍ਰਾਈਡਬਰਗ (ਮੋਰੇਵੀਆ) ਵਿਚ ਸੀ ਤੇ ਸੁਰਗਵਾਸ (1939) ਉਹ ਲੰਡਨ ਵਿਚ ਜਾ ਕੇ ਹੋਇਆ - ਪਰ ਵਸਨੀਕ ਉਸ ਨੂੰ ਵੀਆਨਾ (ਆਸਟ੍ਰੀਆ) ਦਾ ਹੀ ਸਮਝਿਆ ਜਾਂਦਾ ਹੈ ਕਿਉਂਕਿ ਉਥੇ ਉਸ ਨੇ ਆਪਣੇ ਜੀਵਨ ਦੇ ਭਰਪੂਰ ਅੱਸੀ ਵਰ੍ਹੇ ਬਿਤਾਏ। ਜੇਕਰ 1937 ਵਿਚ

ਆਸਟ੍ਰੀਆ ਉਪਰ ਨਾਜ਼ੀਆਂ ਦਾ ਕਬਜ਼ਾ ਨਾ ਹੋ ਜਾਂਦਾ ਤੇ ਉਹਨਾਂ ਦੀ ਯਹੂਦੀ-ਵਿਰੋਧੀ ਨੀਤੀ ਕਾਰਨ ਫ੍ਰਾਇਡ ਨੂੰ ਬਰਤਾਨੀਆ ਵਿਚ ਸ਼ਰਨ ਨਾ ਢੂੰਡਣੀ ਪੈਂਦੀ, ਤਾਂ ਬਚਪਨ ਦੇ ਪਹਿਲੇ ਤਿੰਨ ਵਰ੍ਹਿਆਂ ਤੋਂ ਛੁੱਟ ਉਸ ਦੀ ਸਾਰੀ ਉਮਰ ਵੀਆਨਾ ਵਿਚ ਹੀ ਬੀਤਦੀ।



ਚਿਤ੍ਰ ਨੰ: 1. ਡਾ: ਸਿਗਮੰਡ ਫ੍ਰਾਇਡ (1856-1939)

ਵੀਆਨਾ ਦੇ ਵਿਸ਼ਵ-ਵਿਦਿਆਲੇ ਤੋਂ ਹੀ ਫ੍ਰਾਇਡ ਨੇ 1881 ਵਿਚ ਡਾਕਟਰੀ ਵਿਦਿਆ ਦੀ ਡਿਗਰੀ ਪ੍ਰਾਪਤ ਕੀਤੀ। ਫਿਰ ਉਥੇ ਹੀ ਆਪਣੇ ਕਿੱਤੇ ਦੀ ਪ੍ਰੈਕਟਿਸ ਸ਼ੁਰੂ ਕੀਤੀ। ਵਿਚੋਂ ਉਸਨੇ, 1885 ਵਿਚ, ਫ੍ਰਾਂਸ ਜਾ ਕੇ ਡਾ: ਸ਼ਾਰਕੋ ਪਾਸੋਂ ਮਨੋਰੋਗਾਂ ਦਾ ਇਲਾਜ ਤੇ ਸੰਮੋਹਨ (ਮੈਸਮੇਰਿਜ਼ਮ) ਦੀ ਵਿਧੀ ਦਾ ਗਿਆਨ ਪ੍ਰਾਪਤ ਕੀਤਾ।

ਫ੍ਰਾਇਡ ਤੋਂ ਪਹਿਲਾਂ ਕੇਵਲ ਚੇਤਨ ਨੂੰ ਹੀ ਮਾਨਸਿਕਤਾ ਸਮਝਿਆ ਜਾਂਦਾ ਸੀ। ਪੁਰਾਤਨ ਚਿੰਤਕਾਂ ਦੀ ਮਨੌਤ ਸੀ ਕਿ ਜਿਸ ਗੱਲ ਬਾਰੇ ਅਸੀਂ ਚੇਤਨ ਹੀ ਨਹੀਂ, ਉਸ ਸਾਡੇ ਮਨ ਵਿਚ ਕਿਵੇਂ ਮੌਜੂਦ ਹੋ ਸਕਦੀ ਹੈ? 'ਅਚੇਤਨ' ਤੇ 'ਮਾਨਸਿਕ' ਆਪੋ ਵਿਚ ਵਿਰੋਧੀ ਪਦ ਮੰਨੇ ਜਾਂਦੇ ਸਨ। ਡਾ: ਫ੍ਰਾਇਡ ਨੇ ਆਪਣੀ ਖੋਜ ਰਾਹੀਂ ਇਹ ਸਿੱਧ ਕੀਤਾ ਕਿ 'ਚੇਤਨ' ਤਾਂ ਸਾਡੇ ਮਨ ਦਾ ਇਕ ਅਤਿ ਨਿੱਕਾ ਭਾਗ ਹੈ। ਮਨ ਦਾ ਵੱਡਾ ਭਾਗ ਤਾਂ 'ਅਚੇਤਨ' ਹੈ। ਜਿਵੇਂ ਪਾਣੀ ਵਿਚ ਪਏ ਬਰਫ ਦੇ ਡਲੇ ਦਾ ਕੇਵਲ ਦਸਵਾਂ ਹਿੱਸਾ ਹੀ ਸਾਨੂੰ ਪਾਣੀ ਤੋਂ ਬਾਹਰ ਦਿਸਦਾ ਹੈ, ਉਵੇਂ ਹੀ ਮਨ ਦਾ ਦਸਵਾਂ ਹਿੱਸਾ ਜਾਂ ਇਸ ਤੋਂ ਵੀ ਘੱਟ ਚੇਤਨ ਹੁੰਦਾ ਹੈ। ਇਸ ਦੀ ਬਾਕੀ ਰਹਿੰਦੀ ਨੌਂ ਹਿੱਸੇ ਸਾਮੱਗ੍ਰੀ ਅਚੇਤਨ ਹੀ ਹੁੰਦੀ ਹੈ।

ਫ੍ਰਾਇਡ ਦੇ ਸ਼ਬਦਾਂ ਵਿਚ, "ਜਦੋਂ ਤੀਕਰ ਅਸੀਂ ਮਨ ਨੂੰ ਕੇਵਲ ਚੇਤਨ ਹੀ ਸਮਝਦੇ ਰਹਾਂਗੇ, ਸਾਨੂੰ ਮਾਨਸਿਕ ਵਿਹਾਰ ਦੀ ਸਹੀ ਤੇ ਮੁਕੰਮਲ ਸੋਝੀ ਨਹੀਂ ਹੋ ਸਕਦੀ।" ਦਰ-ਅਸਲ ਅਚੇਤਨ ਹੀ ਮਾਨਸਿਕ ਜੀਵਨ ਦਾ ਮੂਲਾਧਾਰ ਹੈ। ਇਉਂ ਸਮਝੀਏ ਕਿ ਅਚੇਤਨ ਇਕ ਵੱਡਾ ਦਾਇਰਾ ਹੈ, ਚੇਤਨ ਜਿਸ ਦੇ ਅੰਦਰ ਇਕ ਲਘੂ-ਦਾਇਰਾ ਹੈ ਤੇ ਅਵਚੇਤਨ ਦੋਹਾਂ ਵਿਚਾਲੇ ਝਟਪਟੀ ਚੇਤਨਾ ਦਾ ਇਕ ਛੱਲਾ ਜਿਹਾ (ਵੇਖੋ ਰੇਖਾ ਚਿੱਤ੍ਰ 2)




ਚਿਤ੍ਰ 2: ਚੇਤਨ, ਅਵਚੇਤਨ ਤੇ ਅਚੇਤਨ

ਡਾ: ਫ੍ਰਾਇਡ ਨੇ 1890 ਤੋਂ 1920 ਤੱਕ ਦੇ ਤਿੰਨ ਦਹਾਕਿਆਂ ਵਿਚ ਜੋ ਖੋਜ ਕੀਤੀ ਉਸ ਨੇ ਅਚੇਤਨ ਦੀ ਮਹੱਤਾ ਸਥਾਪਿਤ ਕਰ ਦਿੱਤੀ। ਇਸ ਖੋਜ ਨੇ ਮਨੁੱਖੀ ਵਿਅਕਤਿਤਵ ਦੀਆਂ ਉਹਨਾਂ ਗੁਝੀਆਂ ਸ਼ਕਤੀਆਂ ਦਾ ਬੋਧ ਕਰਵਾਇਆ ਜਿਨ੍ਹਾਂ ਬਾਰੇ ਪਹਿਲਾਂ ਕੋਈ ਗਿਆਨ ਪ੍ਰਾਪਤ ਨਹੀਂ ਸੀ। ਫ੍ਰਾਇਡ ਦੇ ਸ਼ਬਦਾਂ ਵਿਚ, "ਮਨੋ-ਵਿਗਿਆਨ ਲਈ ਵੱਡੀ ਵਿਗਿਆਨਕ ਚੁਨੌਤੀ ਇਹ ਹੈ ਕਿ ਉਹ ਅਚੇਤਨ ਕਿਰਿਆਵਾਂ ਨੂੰ ਚੇਤਨ ਵਿਚ ਤਹਿਵੀਲ ਕਰੇ ਤੇ ਇਉਂ ਸਾਡੇ ਪ੍ਰਤੱਖ-ਬੋਧ ਦੇ ਖੱਪਿਆਂ ਨੂੰ ਪੂਰੇ।"

ਵੇਖਿਆ ਜਾਵੇ ਤਾਂ ਹਰ ਵਿਗਿਆਨਕ ਖੋਜ ਦਾ ਪ੍ਰਯੋਜਨ ਅਵਿਦਿਆ ਦੀ ਥਾਂ ਵਿਦਿਆ, ਤੇ ਅਗਿਆਨ ਦੀ ਥਾਂ ਗਿਆਨ ਸਥਾਪਿਤ ਕਰਨਾ ਹੁੰਦਾ ਹੈ। ਸਰੀਰ-ਵਿਗਿਆਨ ਖੋਜ ਨੂੰ ਹੀ ਲਵੋ। ਉਸ ਨੇ ਸਾਨੂੰ ਸਾਡੀ ਉਸ ਪਾਚਨ ਪ੍ਰਕਿਰਿਆ ਤੋਂ ਜਾਣੂ ਕਰਵਾਇਆ ਹੈ, ਜਿਸ ਨੂੰ ਅਸੀਂ ਵੇਖ ਨਹੀਂ ਸਕਦੇ। ਇਸੇ ਤਰ੍ਹਾਂ ਫ੍ਰਾਇਡ ਵਰਗੇ ਮਨੋਵਿਗਿਆਨੀਆਂ ਨੇ ਉਸ ਅਚੇਤਨ ਦਾ ਸਾਨੂੰ ਬੋਧ ਕਰਵਾਇਆ ਹੈ ਸਾਧਾਰਨ ਤੌਰ ਤੇ ਸਾਨੂੰ ਜਿਸ ਦਾ ਕੋਈ ਆਭਾਸ ਨਹੀਂ ਹੁੰਦਾ ਹੈ। ਉਹਨਾਂ ਦੀਆਂ ਖੋਜਾਂ ਨੇ ਪ੍ਰਤੱਖ ਕਰ ਦਿੱਤਾ ਹੈ ਕਿ ਚੇਤਨ ਸੋਝੀ ਦੇ ਪੱਧਰ ਤੋਂ ਪਰੇ ਵੀ ਬੜਾ ਕੁਝ ਸਾਡੀ ਮਾਨਸਿਕਤਾ ਵਿਚ ਵਾਪਰਦਾ ਰਹਿੰਦਾ ਹੈ।

ਅਚੇਤਨ ਵਿਚ ਸਾਡੀਆਂ ਐਸੀਆਂ ਇੱਛਾਵਾਂ ਦਮਿਤ ਪਈਆਂ ਹੁੰਦੀਆਂ ਹਨ. ਚੇਤਨ ਜਿਨ੍ਹਾਂ ਦਾ ਇਕਬਾਲ ਕਰਨ ਤੋਂ ਭੱਜਦਾ ਹੈ। ਉਹ ਇਹਨਾਂ ਨੂੰ ਵੇਖ ਨਹੀਂ ਸਕਦਾ, ਸੋ ਇਹਨਾਂ ਦਾ ਦਮਨ ਅਚੇਤਨ ਵਿਚ ਕਰ ਦਿੱਤਾ ਜਾਂਦਾ ਹੈ। ਫਿਰ ਅਵਚੇਤਨ ਇਹਨਾਂ ਨੂੰ ਚੇਤਨ ਵਿਚ ਆਉਣ ਤੋਂ ਰੋਕਣ ਦਾ ਜਤਨ ਕਰਦਾ ਹੈ, ਪਰ ਇਹ ਦਮਿਤ ਇੱਛਾਵਾਂ ਕਈ ਅਸਿੱਧੇ ਤਰੀਕਿਆਂ ਨਾਲ ਆਪਣੀ ਪੂਰਤੀ ਦਾ ਜਤਨ ਕਰਦੀਆਂ ਹਨ। ਇਹਨਾਂ ਅਸਿੱਧੀਆਂ ਵਿਧੀਆਂ ਵਿਚ ਸੁਪਨੇ ਵੀ ਸ਼ਾਮਿਲ ਹਨ ਤੇ ਮਨੋਰੋਗਾਂ ਦੇ ਚਿੰਨ੍ਹ ਵੀ।

ਅਸੀਂ ਹਾਦਸੇ ਵਪਰਦੇ ਰੋਜ਼ ਵੇਖਦੇ ਹਾਂ ਤੇ ਇਹਨਾਂ ਦਾ ਕਾਰਨ ਅਚਾਨਕ ਵਾਪਰਨ ਵਾਲੇ ਬਾਹਰਲੇ ਕਾਰਨਾਂ ਨੂੰ ਸਮਝਦੇ ਹਾਂ। ਪਰ ਕਈ ਵਾਰ, ਕਿਸੇ ਹਾਦਸੇ ਪਿਛੇ ਉਸ ਹਾਦਸੇ ਦੇ ਸ਼ਿਕਾਰ ਹੋਏ ਆਦਮੀ ਵਿਚ ਆਪਣੇ ਆਪ ਨੂੰ ਹਾਨੀ ਪੁਚਾਉਣ ਦੀ ਇੱਛਾ ਕੰਮ ਕਰ ਰਹੀ ਹੁੰਦੀ ਹੈ। ਚੇਤਾ ਰਹੇ, ਇਸ ਗੱਲ ਦਾ ਇਹ ਮਤਲਬ ਕਦਾਚਿਤ ਨਹੀਂ ਕਿ ਦੁਰਘਟਨਾ ਦਾ ਸ਼ਿਕਾਰ ਹੋਣ ਵਾਲਾ ਹਰ ਆਦਮੀ ਹੀ ਦੁਰਘਟਨਾ ਦਾ ਇੱਛਕ ਹੁੰਦਾ ਹੈ; ਪਰ, ਇਹ ਸੱਚ ਹੈ ਕਿ ਦੁਰਘਟਨਾ ਦਾ ਸ਼ਿਕਾਰ ਹੋਣ ਵਾਲਿਆਂ ਵਿਚੋਂ ਅਨੇਕਾਂ ਵਿਅਕਤੀ ਐਸੇ ਹੁੰਦੇ ਹਨ ਜੋ ਅੰਦਰ-ਖਾਤੇ ਕਿਸੇ ਦੋਸ਼ੀ-ਭਾਵਨਾ ਦਾ ਸ਼ਿਕਾਰ ਹੁੰਦੇ ਹਨ ਜਿਸ ਕਾਰਨ ਅਚੇਤਨ ਹੀ ਉਹ ਇਹ ਪ੍ਰਵਾਨ ਕਰ ਲੈਂਦੇ ਹਨ ਕਿ ਉਹਨਾਂ ਨੂੰ ਜੀਊਣ ਦਾ ਕੋਈ ਹੱਕ ਨਹੀਂ। ਇਸੇ ਲਈ ਉਹ ਹਰ ਦੁਰਘਟਨਾ ਨੂੰ ਜੀ-ਆਇਆਂ ਆਖਣ ਲਈ ਤੱਤਪਰ ਰਹਿੰਦੇ ਹਨ। ਇਹ ਲੋਕ ਇਕ ਅਚੇਤ ਦੁਰਘਟਨਾ-ਰੁਚੀ ਦੇ ਅਧੀਨ ਜੀਊਂਦੇ ਹਨ। ਉਨ੍ਹਾਂ ਨੂੰ ਜੇਕਰ ਇਸ ਰੁਚੀ ਵਲੋਂ ਜਾਣੂ ਕਰਾਉਣ ਦੀ ਕੋਸ਼ਿਸ਼ ਵੀ ਕੀਤੀ ਜਾਵੇ ਤਾਂ ਵੀ ਉਹ ਇਸ ਨੂੰ ਆਪਣੇ ਅੰਦਰ ਪਛਾਣ ਨਹੀਂ ਪਾਂਦੇ। ਇਹ ਇਸ ਲਈ ਕਿ ਉਹਨਾਂ ਦੀ ਦੋਸ਼ੀ ਭਾਵਨਾ ਤੇ ਦੁਰਘਟਨਾ-ਰੁਚੀ ਦੋਵੇਂ ਉਹਨਾਂ ਦੇ ਅਚੇਤਨ ਵਿਚ ਦਮਿਤ ਪਈਆਂ ਹੁੰਦੀਆਂ ਹਨ।

ਫ੍ਰਾਇਡ ਦੀ ਉਲੀਕੀ ਰੂਪ-ਰੇਖਾ ਅਨੁਸਾਰ ਅਚੇਤਨ ਦੀ ਸਾਮਗ੍ਰੀ ਦੋ ਪ੍ਰਕਾਰ ਦੀ ਹੁੰਦੀ ਹੈ: ਇਕ ਹਨ ਸਾਡੀਆਂ ਜਨਮ-ਜਾਤ ਮੂਲ ਪ੍ਰਵਿਰਤੀਆਂ, ਜਿਨ੍ਹਾਂ ਵਿਚੋਂ ਲਿੰਗ-ਪ੍ਰਵਿਰਤੀ ਦਾ ਮੁੱਖ ਸਥਾਨ ਹੈ; ਤੇ ਦੂਜੇ ਉਹ ਅਵੈਦ ਇੱਛਾਵਾਂ ਜਿਨ੍ਹਾਂ ਨੂੰ ਸਮਾਜ ਦੇ ਭੈ ਤੋਂ ਅਸਾਂ ਅੰਦਰ ਹੀ ਨੱਪ ਰੱਖਿਆ ਹੁੰਦਾ ਹੈ। ਇਥੇ ਹੀ ਸਾਡੀਆਂ ਉਹ ਦਮਿਤ ਸਿਮਰਿਤੀਆਂ ਵੀ ਪਈਆਂ ਹੁੰਦੀਆਂ ਹਨ ਜਿਨ੍ਹਾਂ ਦੇ ਚੇਤੇ ਆਇਆ ਸਾਨੂੰ ਦੁਬਾਰੇ ਲੱਜਾ ਜਾਂ ਦੋਸ਼ੀ ਭਾਵਨਾ ਪ੍ਰਤੀਤ ਹੁੰਦੀ ਹੋਵੇ। ਇਕ ਔਰਤ ਨੇ ਆਪਣੇ ਅਣਚਾਹੇ ਗਰਭ ਨੂੰ ਜ਼ਾਇਆ ਕਰਨ ਦਾ ਅਸਫਲ ਜਤਨ ਕੀਤਾ। ਜੋ ਬੱਚਾ ਉਸ ਦਾ ਜਨਮਿਆਂ, ਉਹ ਉਸ ਦੇ ਸਾਰੇ ਬੱਚਿਆਂ 'ਚੋਂ ਸਿਰਕੱਢ ਤੇ ਲਾਇਕ ਨਿਕਲਿਆ। ਗਰਭਪਾਤ ਦੇ ਯਤਨ ਦੀ ਯਾਦ ਅਵੱਸ਼ ਉਸ ਦੇ ਅੰਦਰ ਸ਼ਰਮ ਤੇ ਗੁਨਾਹ ਦੀਆਂ ਭਾਵਨਾਵਾਂ ਜਗਾਉਂਦੀ ਹੋਣੀ ਹੈ। ਨਤੀਜੇ ਦੇ ਤੌਰ ਤੇ ਉਸ ਨੇ ਇਸ ਯਾਦ ਨੂੰ ਆਪਣੇ ਚੇਤਨ ਵਿਚੋਂ ਖ਼ਾਰਜ ਕਰ ਅਚੇਤਨ ਵਿਚ ਦਬਾ ਛਡਿਆ। ਇਉਂ ਕਰਨ ਨਾਲ ਉਹ ਇਸ ਸ਼ਰਮਨਾਕ ਸਿਮਰਿਤੀ ਤੋਂ ਤਾਂ ਮੁਕਤ ਹੋ ਗਈ

ਪਰ ਵਿਸ਼ਾਦ-ਰੋਗ ਨਾਲ ਗ੍ਰਸੀ ਗਈ। ਮਨੋਵਿਸਲੇਸ਼ਣ* ਦੁਆਰਾ ਜਦੋਂ ਇਸ ਦਮਿਤ ਸਿਮਰਿਤੀ ਨੂੰ ਦੁਬਾਰੇ ਚੇਤਨ ਵਿਚ ਲੈ ਆਂਦਾ ਗਿਆ ਤਾ ਉਸ ਦਾ ਸਾਰਾ ਰੋਗ ਦੂਰ ਹੋ ਗਿਆ।

ਅਚੇਤਨ ਦੇ ਫ੍ਰਾਇਡੀ ਸਿੱਧਾਂਤ ਦਾ ਅੱਗੇ ਵਿਕਾਸ ਡਾਕਟਰ ਕਾਰਲ ਗਸਟੇਵ ਯੁੰਗ (1875-1961) ਨੇ ਕੀਤਾ। ਡਾ: ਯੁੰਗ ਫ੍ਰਾਇਡ ਦਾ ਹੀ ਇਕ ਪ੍ਰਮੁੱਖ ਸਹਿਕਰਮੀ ਸੀ ਜੋ ਉਸ ਦੀ ਮਨੋਵਿਸ਼ਲੇਸ਼ਨ ਲਹਿਰ ਵਿਚ ਉਸ ਦਾ ਸਰਗਰਮ ਸਹਿਯੋਗੀ ਸੀ। ਬਾਅਦ ਵਿਚ ਸਿੱਧਾਂਤਕ ਮਤ-ਭੇਦ ਕਾਰਨ ਉਹ ਫ੍ਰਾਇਡ ਤੋਂ ਅੱਡ ਹੋ ਗਿਆ। ਉਸ ਨੇ 'ਮਨੋਵਿਸ਼ਲੇਸ਼ਨਾਤਮਕ ਮਨੋਵਿਗਿਆਨ' ਨਾਮਕ ਲਹਿਰ ਕਾਇਮ ਕਰ ਲਈ।



ਚਿਤ੍ਰ ਨੰ: 3. ਡਾ: ਕਾਰਲ ਗੁਸਾਫ਼ ਯੁੰਗ (1875-1961)

ਡਾ: ਯੁੰਗ ਵੀ ਫ੍ਰਾਇਡ ਵਾਂਗ ਮਨ ਦੇ ਦੋ ਪੱਧਰ, ਚੇਤਨ ਤੇ ਅਚੇਤਨ ਹੀ ਮੰਨਦਾ ਹੈ ਪਰ ਉਸ ਦੇ ਸੰਕਲਪੇ ਅਚੇਤਨ ਦੀ ਰੂਪ ਰੇਖਾ' ਫ੍ਰਾਇਡ ਦੀ ਮਿਥੀ ਰੂਪ ਰੇਖਾ ਤੋਂ ਅੱਡਰੀ ਹੈ। ਫ੍ਰਾਇਡ ਅਨੁਸਾਰ ਅਚੇਤਨ ਦੀ ਸਾਰੀ ਸਾਮਗ੍ਰੀ ਵਿਅਕਤੀਗਤ ਜੀਵਨ ਵਿਚੋਂ ਆਉਂਦੀ ਹੈ। ਇਹ ਮੂਲ ਪ੍ਰਵਿਰਤੀਆਂ ਤੇ ਦਮਿਤ ਮਨੋ-ਕਿਰਿਆਵਾਂ ਦਾ ਜੁੱਟ ਹੈ। ਯੁੰਗ ਦਾ ਵਿਚਾਰ ਇਸ ਤੋਂ ਵੱਖਰਾ ਹੈ। ਉਸ ਅਨੁਸਾਰ ਅਚੇਤਨ ਕੇਵਲ ਵਿਅਕਤੀਗਤ ਹੀ ਨਹੀਂ, ਜਾਤੀ ਜਾਂ ਸਮੂਹਕ ਵੀ ਹੁੰਦਾ ਹੈ। ਸਮੂਹਕ ਅਚੇਤਨ ਵਿਚ ਮਨੁੱਖੀ ਪਰੰਪਰਾ ਦੇ ਸਾਰੇ ਸੰਸਕਾਰ ਲੁਕੇ ਪਏ ਹੁੰਦੇ ਹਨ। ਯੁੰਗ ਦੇ ਆਪਣੇ ਸ਼ਬਦਾਂ ਵਿਚ 'ਉਸ ਸਾਰੀ ਮਾਨਸਿਕ ਸਾਮਗ੍ਰੀ ਨੂੰ ਮੈਂ ਸਮੂਹਕ ਕਹਿੰਦਾ ਹਾਂ ਜੋ ਕਿਸੇ ਇਕ ਇਕੱਲੇ ਵਿਅਕਤੀ ਨਾਲ ਸੰਬੰਧਤ ਨਹੀਂ ਹੁੰਦੀ, ਸਗੋਂ ਜਿਸ ਦਾ ਸੰਬੰਧ ਇੱਕੋ ਵੇਲੇ ਅਨੇਕਾਂ ਵਿਅਕਤੀਆਂ, ਅਥਵਾ ਪੂਰੇ ਸਮਾਜ, ਜਾਂ ਕੌਮ, ਜਾਂ ਸਮੁੱਚੀ ਮਾਨਵਤਾ ਨਾਲ ਹੁੰਦਾ ਹੈ। ਇਹ ਸਾਮਗ੍ਰੀ 'ਰਹੱਸਾਤਮਕ ਸਾਮੂਹਕ ਵਿਚਾਰਾਂ ਦੀ ਸਾਮਗ੍ਰੀ ਹੈ...ਨਿੱਜੀ ਅਚੇਤਨ ਵਿਚ

*ਮਨੋਵਿਸ਼ਲੇਸ਼ਣ ਉਹ ਵਿਧੀ ਹੈ ਜਿਸ ਨਾਲ ਦਮਿਤ ਭਾਵਾਂ ਤੇ ਸਿਮਰਿਤੀਆਂ ਨੂੰ ਅਚੇਤਨ ਵਿਚੋਂ ਕੱਢ ਕੇ ਚੇਤਨ ਵਿਚ ਲਿਆਇਆ ਜਾ ਸਕਦਾ ਹੈ। ਇਸ ਬਾਰੇ ਅਸੀਂ ਅੱਗੇ ਜਾ ਕੇ ਸਵਿਸਥਾਰ ਵਿਚਾਰ ਕਰਾਂਗੇ।

ਵਿਅਕਤੀਗਤ ਹੋਂਦ ਦੀਆਂ ਵਿਸਰੀਆਂ, ਦਮਿਤ ਹੋਈਆਂ, ਨੀਮ-ਪ੍ਰਤੱਖ ਸਿਮਰਿਤੀਆਂ, ਭਾਵਨਾਵਾਂ ਤੇ ਵਿਚਾਰ ਪਏ ਹੁੰਦੇ ਹਨ। ਪਰ ਇਸ ਨਿੱਜੀ ਸਾਮਗ੍ਰੀ ਤੋਂ ਇਲਾਵਾ ਉਥੇ ਸਮੂਹਕ ਸਾਮਗ੍ਰੀ ਵੀ ਹੁੰਦੀ ਹੈ ਜੋ ਸਾਨੂੰ ਵਿਰਸੇ ਵਿਚ ਮਿਲਦੀ ਹੈ ਤੇ ਇਕ ਸਾਂਝੀ ਮਾਨਸਿਕਤਾ ਦਾ ਆਧਾਰ ਬਣਦੀ ਹੈ।' ਡਾ: ਯੁੰਗ ਨੇ ਮਨੋਵਿਸ਼ਲੇਸ਼ਣ ਰਾਹੀਂ ਇਹ ਸਿੱਧ ਕੀਤਾ ਕਿ ਮਾਨਵ ਵਿਸ਼ਵਾਸ, ਸੁਪਨ-ਸਾਮਗ੍ਰੀ, ਤੇ ਮਨੋਰੋਗ-ਚਿੰਨ੍ਹ ਵੀ ਸਮੂਹਕ ਅਚੇਤਨ ਵਿਚ ਪਏ ਪ੍ਰਾਚੀਨ ਸੰਸਕਾਰਾਂ, ਆਦਿ-ਕਾਲੀ ਵਿਸ਼ਵਾਸਾਂ, ਤੇ ਏਹੋ ਜਹੇ ਦੂਸਰੇ ਸਾਮੂਹਕ ਤੱਤਾਂ ਉਪਰ ਹੀ ਉਸਰਦੇ ਹਨ, ਜਿਨ੍ਹਾਂ ਵਿਚ ਧਰਮ, ਰਾਸ਼ਟ੍ਰ, ਰਸਮਾਂ, ਰਹੁਰੀਤਾਂ, ਕਰਮਕਾਂਡ, ਕਲਾਤਮਕ ਪ੍ਰਤੀਕ ਆਦਿ ਸਭ ਸ਼ਾਮਲ ਰਹਿੰਦੇ ਹਨ। ਇਹਨਾਂ ਪੌਰਾਣਕ ਤੱਤਾਂ ਨੂੰ ਯੁੰਗ ਨੇ 'ਆਦਿਮ ਪ੍ਰਤਿਰੂਪ' (ਆਰਕੀਟਾਇਪ) ਦਾ ਨਾਮ ਦਿੱਤਾ।

ਯੁੰਗ ਦੇ ਸਿੱਧਾਂਤ ਮੁਤਾਬਕ 'ਚੇਤਨ' 'ਨਿਜੀ ਅਚੇਤਨ' ਵਿਚੋਂ ਨਿਖੜਦਾ ਹੈ ਤੇ 'ਨਿਜੀ ਅਚੇਤਨ' 'ਸਮੂਹਕ ਅਚੇਤਨ' ਵਿਚੋਂ। (ਵੇਖੋ ਰੇਖਾ ਚਿਤ੍ਰ ਨੰ : 4)




ਚਿਤ੍ਰ ਨੰ: 4 : ਚੇਤਨ, ਨਿਜੀ ਅਚੇਤਨ ਤੇ ਸਮੂਹਕ ਅਚੇਤਨ ਦੇ ਪਰਸਪਰ ਸੰਬੰਧ

ਯੁੰਗ ਦਾ ਮੱਤ ਹੈ ਕਿ ਸਾਡੇ ਸੁਪਨਿਆਂ, ਕਲਾਤਮਕ ਪ੍ਰਤੀਕਾਂ, ਮਨੋਰੋਗ-ਚਿੰਨ੍ਹਾਂ, ਮਿਥਿਹਾਸਕ ਕਥਾਵਾਂ ਤੇ ਲੋਕ-ਪਾਰੰਪਰਿਕ ਪਰੀ-ਕਹਾਣੀਆਂ ਆਦਿ ਵਿਚਾਲੇ ਇਕ ਬੁਨਿਆਦੀ ਸਾਂਝ ਹੈ। ਇਹਨਾ ਸਭਨਾਂ ਦੀਆਂ ਜੜ੍ਹਾਂ ਸਮੂਹਕ ਅਚੇਤਨ ਵਿਚ ਹੁੰਦੀਆਂ ਹਨ, ਜਿਥੋਂ ਦੇ ਆਦਿਮ-ਪ੍ਰਤਿਰੂਪਾਂ ਦੀ ਸਾਂਝ ਕਾਰਨ ਇਹਨਾਂ ਦੀਆਂ ਨੁਹਾਰਾਂ ਵਿਚ ਵੀ ਸਾਂਝ ਭਾਸਦੀ ਹੈ।

ਫ੍ਰਾਇਡ ਤੇ ਯੁੰਗ ਦੇ ਪਰਸਪਰ ਭੇਦਾਂ ਦੇ ਬਾਵਜੂਦ ਇਕ ਗੱਲ ਜੋ ਦੋਨਾਂ ਦੇ ਵਿਚਾਰਾਂ ਤੋਂ ਸਿੱਧ ਹੁੰਦੀ ਹੈ ਉਹ ਇਹ ਹੈ ਕਿ ਆਧੁਨਿਕ ਮਨੋਵਿਗਿਆਨ ਵਿਚ ਅਚੇਤਨ ਦਾ ਜੋ ਅਰਥ ਹੈ ਉਹ ਪ੍ਰਾਚੀਨ ਦਾਰਸ਼ਨਿਕ ਮੱਤਾਂ-ਮਤਾਂਤਾਂ ਦੇ ਅਰਥ ਤੋਂ ਭਿੰਨ ਹੈ। ਪਾਰੰਪਰਿਕ ਅਰਥਾਂ ਵਿਚ ਚੇਤਨ ਤੇ ਅਚੇਤਨ ਪਰਸਪਰ ਵਿਰੋਧ ਵਿਚ ਖੜੇ ਕੀਤੇ ਜਾਂਦੇ ਸਨ। ਜੋ ਗੱਲ ਅਚੇਤਨ ਹੈ ਉਹ

ਚੇਤਨ ਕਿਵੇਂ ਹੋ ਸਕਦੀ ਹੈ ? ਜੋ ਚੇਤਨ ਹੈ, ਉਹ ਅਚੇਤਨ ਨਹੀਂ ਹੋ ਸਕਦੀ। ਪਰ ਮਨੋਵਿਸ਼ਲੇਸ਼ਣ ਨੇ ਸਿੱਧ ਕੀਤਾ ਕਿ ਚੇਤਨ ਤੇ ਅਚੇਤਨ ਵਿਰੋਧੀ ਅਵਸਥਾਵਾਂ ਨਹੀਂ। ਇਸ ਵੇਲੇ ਜੋ ਚੇਤਨ ਵਿਚ ਹੈ, ਹੋ ਸਕਦਾ ਹੈ, ਕੱਲ੍ਹ ਅਚਤੇਨ ਵਿਚ ਹੋਵੇ, ਤੇ ਜੋ ਕੁਝ ਅੱਜ ਅਚੇਤਨ ਵਿਚ ਹੈ, ਸੰਭਵ ਹੈ ਉਹ ਕੱਲ੍ਹ ਚੇਤਨ ਵਿਚ ਉਭਰ ਆਵੇ। ਇਉਂ ਚੇਤਨ ਤੇ ਅਚੇਤਨ ਵਿਚਾਲੇ ਪਰਸਪਰ ਲੈਣ ਦੇਣ ਚਲਦਾ ਰਹਿੰਦਾ ਹੈ।

ਫ੍ਰਾਇਡ ਦੀਆਂ ਮੁਢਲੀਆਂ ਲਿਖਤਾਂ ਵਿਚ ਮਨ ਦੀ ਸੰਰਚਨਾ ਦੀ ਜੋ ਰੂਪ-ਰੇਖਾ ਮਿਲਦੀ ਹੈ ਉਸ ਤੋਂ ਇਉਂ ਜਾਪਦਾ ਹੈ ਜਿਵੇਂ ਮਨ ਕੋਈ ਸਥਾਨ-ਵਾਚਕ ਵਸਤ ਹੈ ਜਿਸ ਦੇ ਚੇਤਨ ਤੇ ਅਚਤੇਨ ਦੋ ਵੱਖਰੇ ਪੱਧਰ ਹਨ। ਦਰਅਸਲ ਚੇਤਨ ਨੂੰ ਸਤਹੀ ਤੇ ਅਚਤੇਨ ਨੂੰ ਡੂੰਘੇਰਾ ਮਨ ਆਖ ਕੇ ਉਹਨਾਂ ਨੂੰ ਇਹ ਠੋਸ ਸ਼ਕਲ ਉਸ ਨੇ ਇਸ ਲਈ ਦਿੱਤੀ ਤਾਂ ਜੁ ਇਹਨਾਂ ਨੂੰ ਸਮਝਣ ਵਿਚ ਆਸਾਨੀ ਹੋਵੇ। ਪਿਛਲੇਰੀਆਂ ਲਿਖਤਾਂ ਵਿਚ ਜਾ ਕੇ ਉਸ ਨੇ ਇਸ ਗੱਲ ਤੇ ਬਲ ਦਿੱਤਾ ਕਿ ਇਹਨਾ ਨੂੰ ਵੱਖ ਵੱਖ ਪੱਧਰ ਸਮਝਣ ਦੀ ਬਜਾਏ ਮਾਨਸਿਕ ਘਟਨਾਵਾਂ ਦੇ ਵੱਖ ਵੱਖ ਗੁਣਾਂ ਦੇ ਰੂਪ ਵਿਚ ਸ੍ਵੀਕਾਰ ਕਰਨਾ ਚਾਹੀਦਾ ਹੈ। ਚੇਤਨ ਤੇ ਅਚੇਤਨ, ਇਸ ਨਾਤੇ, ਵਿਹਾਰਕ ਮਾਨਸਿਕ ਦਸ਼ਾਵਾਂ ਹਨ, ਪੱਧਰ ਨਹੀਂ। ਕਿਸੇ ਮਾਨਸਿਕ ਕਿਰਿਆ ਦੇ ਤਤਕਾਲੀ ਗੁਣਾਂ ਜਾਂ ਲੱਛਣਾਂ ਤੋਂ ਹੀ ਸਾਨੂੰ ਉਸ ਦੇ ਚੇਤਨ ਜਾਂ ਅਚੇਤਨ ਹੋਣ ਦਾ ਬੋਧ ਹੁੰਦਾ ਹੈ।

# 2.

# ਅਚੇਤਨ ਦੇ ਪ੍ਰਮਾਣ

ਡਾ: ਫ਼੍ਰਾਇਡ ਨੇ ਇਕ ਥਾਂ ਕਿਹਾ ਹੈ, "ਭਾਵੇਂ ਮੈਨੂੰ ਲੋਕ ਅਚੇਤਨ ਦਾ ਖੋਜੀ ਮੰਨਦੇ ਹਨ, ਪਰ ਮੈਥੋਂ ਪਹਿਲਾਂ ਅਨੇਕਾਂ ਲੇਖਕਾਂ ਤੇ ਚਿੰਤਕਾਂ ਨੇ ਅਚੇਤਨ ਦੇ ਖੇਤਰ ਦੀ ਬੜੀ ਪ੍ਰਬੀਨ ਤੇ ਕਲਾਤਮਕ ਖੋਜ ਕੀਤੀ ਹੋਈ ਹੈ।" ਭਾਵੇਂ ਇਹ ਗੱਲ ਅਸਲੋਂ ਸਹੀ ਹੈ, ਫਿਰ ਵੀ ਇਤਨਾ ਤਾਂ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਡਾ: ਫ਼੍ਰਾਇਡ ਨੇ ਅਚੇਤਨ ਦੀ ਹੋਂਦ ਦੇ ਵਿਗਿਆਨਕ ਪ੍ਰਮਾਣ ਦੇ ਕੇ ਇਸ ਨੂੰ ਇਕ ਨਵੀਂ ਮਹੱਤਾ ਦਿੱਤੀ।

ਪਿੱਛੇ ਅਸਾਂ ਭੁੱਲੀਆਂ ਵਿਸਰੀਆਂ ਗੱਲਾਂ ਦੇ ਅਚਾਨਕ ਚੇਤੇ ਆ ਜਾਣ ਦੀ ਇਕ ਮਿਸਾਲ ਦਿੱਤੀ ਸੀ। ਲਗਭਗ ਹਰ ਬੰਦੇ ਨੂੰ ਹੀ ਇਸ ਤਰ੍ਹਾਂ ਦਾ ਅਨੁਭਵ ਹੋਇਆ ਹੋਵੇਗਾ ਕਿ ਉਹ ਕੋਈ ਗੱਲ ਚੇਤੇ ਕਰਨੀ ਚਾਹੁੰਦਾ ਹੈ, ਪਰ ਉਹ ਚੇਤੇ ਆਉਂਦੀ ਨਹੀਂ; ਫਿਰ ਉਹ ਜਦ ਅੱਕ ਕੇ ਉਸ ਦੀ ਖੋਜ ਕਰਨੀ ਛੱਡ ਦੇਂਦਾ ਹੈ ਤਾਂ ਉਹ ਅਚਾਨਕ ਬੇਵਜਾਹ ਉਸ ਨੂੰ ਚੇਤੇ ਆ ਜਾਂਦੀ ਹੈ। ਇਉਂ, ਚੇਤੇ ਕਰਨ ਤੇ ਵੀ ਯਾਦ ਨਾ ਆਉਣ ਵਾਲੀਆਂ ਸਿਮਰਿਤੀਆਂ ਦਾ ਮਗਰੋਂ ਅਚਾਨਕ ਸਾਡੇ ਚੇਤਨਾ-ਪਟ ਉਪਰ ਉਦੈ ਹੋ ਖੜੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਭਾਵੇਂ ਕੋਈ ਯਾਦਾਂ ਸਾਡੇ ਚੇਤਨ ਮਨ ਵਿਚੋਂ ਨਿਕਲ ਵੀ ਗਈਆਂ ਹੋਣ, ਤਾਂ ਵੀ ਸਾਡੇ ਅਚੇਤਨ ਵਿਚ ਮੌਜੂਦ ਰਹਿੰਦੀਆਂ ਹਨ। ਉਥੋਂ ਹੀ ਇਹ ਮੁੜ ਸਾਡੇ ਚੇਤਨ ਵਿਚ ਉਦੈ ਆਣ ਹੁੰਦੀਆਂ ਹਨ। ਦਰ ਅਸਲ ਹੁੰਦਾ ਇਉਂ ਹੈ ਕਿ ਜਦੋਂ ਚੇਤਨ ਮਨ ਖਿੱਝ ਕੇ ਉਹਨਾਂ ਦੀ ਖੋਜ ਛੱਡ ਬੈਠਦਾ ਹੈ ਤਾਂ ਅਚੇਤਨ ਆਪਣੇ ਕਬਾੜਖ਼ਾਨੇ ਵਿਚੋਂ ਉਹਨਾਂ ਦੀ ਭਾਲ ਅਰੰਭ ਕਰ ਦੇਂਦਾ ਹੈ ਤੇ ਜਦ ਉਹ ਲੱਭ ਪੈਂਦੀਆਂ ਹਨ ਤਾਂ ਉਹਨਾਂ ਨੂੰ ਚੇਤਨ ਵਿਚ ਪ੍ਰਗਟ ਕਰ ਦੇਂਦਾ ਹੈ।

ਭੁੱਲੀਆਂ ਵਿਸਰੀਆਂ ਗੱਲਾਂ ਦਾ ਇਉਂ ਚੇਤੇ ਆ ਜਾਣਾ ਭਾਵੇਂ ਸਾਨੂੰ ਸਹਿਜ ਭਾ ਹੋਈ ਗੱਲ ਜਾਪਦੀ ਹੈ ਪਰ ਇਸ ਵਿਚ ਅਚੇਤਨ ਦੀ ਗਤੀਸ਼ੀਲਤਾ ਦਾ ਹੱਥ ਹੁੰਦਾ ਹੈ। ਆਓ, ਜ਼ਰਾ ਪਿਛਲੇ ਲੇਖ ਵਿਚ ਦਿੱਤੀ ਉਦਾਹਰਨ ਨੂੰ ਇਕ ਵੇਰਾਂ ਫਿਰ ਤੋਂ ਵਿਚਾਰੀਏ। ਸ਼ਤਰੰਜ ਦੀ ਬਾਜ਼ੀ ਵਿਚ ਬਾਦਸ਼ਾਹ ਨੂੰ ਪੈ ਰਹੀ ਮਾਤ ਉਪਰ ਸਾਰਾ ਧਿਆਨ ਕੇਂਦ੍ਰਿਤ ਹੋਣ ਦੇ ਬਾਵਜੂਦ ਰਾਜਾ ਰਾਮ ਦਾ ਨਾਮ ਚੇਤੇ ਆ ਜਾਣਾ ਇਕ ਅਕਾਰਨ ਘਟਨਾ ਜਾਪਦੀ ਹੈ, ਪਰ ਇਹ ਇਤਨੀ ਅਕਾਰਨ ਗੱਲ ਹੈ ਨਹੀਂ। ਉਧਰ ਬਾਦਸ਼ਾਹ ਨੂੰ ਮਾਤ ਪੈਣ ਵਾਲੀ ਹੈ। ਜਿਵੇਂ ਰਾਜਾ (ਬਾਦਸ਼ਾਹ) ਰਾਮ ਨੂੰ ਕਮੇਟੀ ਦੀਆਂ ਚੋਣਾਂ ਵਿਚ ਹਾਰ ਹੋਈ ਸੀ। ਇਹਨਾਂ ਦੋਨਾਂ ਗੱਲਾਂ ਵਿਚ ਇਕ ਆਪਸੀ ਅਚੇਤ ਸੰਬੰਧ ਜਾਪਦਾ ਹੈ ਜੋ ਚੇਤਨ ਪੱਧਰ ਤੇ ਪ੍ਰਤੱਖ ਨਹੀਂ ਜਾਪਦਾ। ਇਸੇ ਆਸਰੇ ਅਚੇਤਨ ਨੇ ਉਹ ਨਾਮ

ਆਪਣੇ ਕਬਾੜਖ਼ਾਨੇ ਵਿਚੋਂ ਖੋਜ ਕੱਢਿਆ ਜਿਸ ਦੀ ਤਲਾਸ਼ ਉਸ ਨੇ ਚੇਤਨ ਪਾਸੋਂ ਪਕੜ ਲਈ ਸੀ।

ਇਕ ਹੋਰ ਪ੍ਰਕਾਰ ਦਾ ਅਨੁਭਵ ਵੀ ਕਈ ਵਾਰ ਸਾਨੂੰ ਹੁੰਦਾ ਹੈ। ਜੋ ਨਾਮ ਸਾਨੂੰ ਭੁੱਲ ਗਿਆ ਹੁੰਦਾ ਹੈ, ਜਦੋਂ ਉਸ ਨੂੰ ਚੇਤੇ ਕਰਨ ਲਗਦੇ ਹਾਂ, ਤਾਂ ਕੋਈ ਹੋਰ ਨਾਮ ਚੇਤੇ ਆਈ ਜਾਂਦਾ ਹੈ। ਇਹ ਤਾਂ ਸਾਨੂੰ ਪਤਾ ਹੁੰਦਾ ਹੈ ਕਿ ਇਹ ਨਾਮ ਜੋ ਬਾਰ ਬਾਰ ਚੇਤਨ ਵਿਚ ਆਈ ਜਾ ਰਿਹਾ ਹੈ ਅਸਲੀ ਨਾਮ ਨਹੀਂ, ਪਰ ਅਸਲੀ ਨਾਮ ਚੇਤੇ ਆਉਣ ਵਿਚ ਹੀ ਨਹੀਂ ਆਉਂਦਾ। ਨਾ ਹੀ ਦੂਜਾ ਨਾਮ ਚੇਤਨ ਵਿਚ ਆਉਣੋਂ ਟਲਦਾ ਹੈ। ਮਨੋਵਿਸ਼ਲੇਸ਼ਕਾਂ ਦੀ ਖੋਜ ਅਨੁਸਾਰ ਇਹ ਦੂਜਾ ਨਾਮ ਅਕਾਰਨ ਹੀ ਸਾਡੇ ਮਨ ਵਿਚ ਨਹੀਂ ਆਉਂਦਾ। ਇਸ ਦਾ ਵੀ ਕੋਈ ਅਚੇਤ ਕਾਰਨ ਹੁੰਦਾ ਹੈ।

ਇਕ ਵੇਰਾਂ ਮੇਰਾ ਇਕ ਮਿੱਤਰ ਗੋਰਖਪੁਰ ਸ਼ਹਿਰ ਦਾ ਨਾਮ ਲੈਣਾ ਚਾਹੁੰਦਾ ਸੀ, ਪਰ ਇਹ ਨਾਮ ਉਸ ਨੂੰ ਚੇਤੇ ਹੀ ਨਾ ਆਵੇ। ਇਸ ਦੀ ਥਾਂ ਉਸ ਨੂੰ ਤੁਗਲਕਾਬਾਦ, ਦੌਲਤਾਬਾਦ ਤੇ ਸਿਕੰਦਰਾਬਾਦ ਸ਼ਹਿਰਾਂ ਦੇ ਨਾਮ ਚੇਤੇ ਆਈ ਜਾਣ। ਉਹ ਬੜਾ ਖਿਝਿਆ, ਪਰ ਗੋਰਖਪੁਰ ਦਾ ਨਾਮ ਉਸ ਨੂੰ ਯਾਦ ਨਾ ਹੀ ਆਇਆ। ਜਦੋਂ ਬੜਾ ਹੀ ਛਿੱਥਾ ਪੈ ਗਿਆ ਤਾਂ ਮੈਨੂੰ ਆਖਣ ਲੱਗਾ, "ਡਾਕਟਰ ਸਾਹਿਬ, ਇਕ ਅਜੀਬ ਗੱਲ ਹੋਈ ਹੈ। ਜਦੋਂ ਮੈਂ ਮੈਟ੍ਰਿਕ ਪਾਸ ਕੀਤੀ, ਉਦੋਂ ਮੇਰੇ ਪਿਤਾ ਜੀ ਯੂ.ਪੀ. ਵਿਚ ਕਲਕਟਰ ਲੱਗੇ ਹੋਏ ਸਨ। ਜਿਸ ਸ਼ਹਿਰ ਵਿਚ ਅਸੀਂ ਰਹਿੰਦੇ ਸਾਂ ਉਸ ਦਾ ਨਾਮ ਮੈਨੂੰ ਚੇਤੇ ਨਹੀਂ ਆ ਰਿਹਾ। ਉਸ ਦੀ ਥਾਂ ਮੇਰੇ ਦਿਮਾਗ਼ ਵਿਚ ਹੋਰ ਹੋਰ ਨਾਂ ਆਈ ਜਾਂਦੇ ਹਨ। ਸ਼ਹਿਰ ਦਾ ਨਾਂ ਕੋਈ ਹੋਰ ਹੈ, ਪਰ ਬਾਰਬਾਰ ਸਿਕੰਦਰਾਬਾਦ, ਤੁਗਲਕਾਬਾਦ ਤੇ ਦੌਲਤਾਬਾਦ ਮੇਰੇ ਮਨ ਵਿਚ ਆਈ ਜਾਂਦੇ ਹਨ। ਮੈਨੂੰ ਪੱਕਾ ਪਤਾ ਹੈ ਉਸ ਸ਼ਹਿਰ ਦਾ ਨਾਂ ਇਨ੍ਹਾਂ ਤੋਂ ਵੱਖਰਾ ਹੈ, ਫਿਰ ਪਤਾ ਨਹੀਂ ਕਿਉਂ ਅਸਲੀ ਨਾਂ ਯਾਦ ਨਹੀਂ ਆਉਂਦਾ, ਹਾਲਾਂਕਿ ਕਈ ਵਰ੍ਹੇ ਮੈਂ ਉਥੇ ਰਿਹਾ ਹਾਂ- ਕੋਈ ਬਾਰਾਂ ਸਾਲ ਦੀ ਉਮਰ ਤੋਂ ਪੰਦਰਾਂ ਸਾਲ ਦੀ ਉਮਰ ਤਕ। ਮੈਂ ਉਸ ਨੂੰ ਆਖਿਆ, "ਚਲ ਨਹੀਂ ਯਾਦ ਆਉਂਦਾ ਤੇ ਨਾ ਸਹੀ, ਤੈਨੂੰ ਕਿਹੜੀ ਖਾਸ ਲੋੜ ਪੈ ਗਈ ਏ ਕਿ ਉਸ ਸ਼ਹਿਰ ਦਾ ਨਾਂ ਹੁਣੇ ਹੀ ਚੇਤੇ ਆਵੇ।" ਉਹ ਕਹਿਣ ਲੱਗਾ, "ਲੋੜ ਤਾਂ ਕੋਈ ਨਹੀਂ ਪਈ, ਪਰ ਉਥੋਂ ਦਾ ਨਾਂ ਚੇਤੇ ਨਾ ਆਉਣ ਕਾਰਨ ਤਬੀਅਤ ਛਿੱਥੀ ਜਹੀ ਪਈ ਜਾਂਦੀ ਏ। "ਜਦੋਂ ਉਸ ਦੀ ਖਿੱਝ ਉਸ ਦੇ ਕਾਬੂ ਵਿਚ ਨਾ ਆਉਂਦੀ ਜਾਪੀ ਤਾਂ ਮੈਂ ਉਸ ਦੀ ਇਸ ਵਿਸਿਮਰਿਤੀ ਦਾ ਕਾਰਨ ਲੱਭਣ ਦਾ ਯਤਨ ਕਰਨ ਲੱਗਾ। ਮੁਕਤ-ਸੰਬੰਧ"* ਦੀ ਵਿਧੀ ਵਰਤਦਿਆਂ ਮੈਂ ਉਸ ਨੂੰ ਕਿਹਾ, "ਜ਼ਰਾ ਸੋਚ ਤੇਰੇ ਮਨ ਵਿਚ ਸਿਕੰਦਰਾਬਾਦ ਨਾਲ ਸੰਬੰਧਤ ਹੋਰ ਕਿਹੜੇ ਕਿਹੜੇ ਸ਼ਬਦ ਆਉਂਦੇ ਹਨ?" ਉਹ ਕਹਿਣ ਲੱਗਾ, "ਸਿਕੰਦਰਾਬਾਦ ਤੋਂ ਸਿਕੰਦਰ...ਉਸ ਦੇ ਹੱਲੇ ਦਾ ਮੁਕਾਬਲਾ ਪੋਰਸ ਨੇ ਕੀਤਾ..ਪੋਰਸ ਕੁਝ ਪੈਰਿਸ ਵਰਗਾ ਨਾਂ ਲਗਦਾ ਹੈ।...ਕੁਝ ਪੈਰਿਸ ਵਰਗਾ ਜਾਪਦਾ ਹੈ ਉਸ ਸ਼ਹਿਰ ਦਾ ਨਾਮ।" ਇਥੋਂ ਅੱਗੇ ਉਹ ਤੁਰ ਨਾ ਸਕਿਆ। ਫਿਰ ਮੈਂ ਉਸ ਨੂੰ

* ਇਸ ਵਿਧੀ ਬਾਰੇ ਵਿਸਥਾਰ ਨਾਲ ਚਰਚਾ ਅਸੀਂ ਅੱਗੇ ਚਲ ਕੇ ਕਰਾਂਗੇ।

ਤੁਗਲਕਾਬਾਦ ਨਾਲ ਸੰਬੰਧਤ ਸ਼ਬਦ ਮੁਕਤ-ਸੰਬੰਧ ਦੁਆਰਾ ਦੱਸਣ ਲਈ ਆਮੰਤ੍ਰਿਤ ਕੀਤਾ। ਰਤਾ ਕੁ ਸੋਚ ਕੇ ਉਹ ਬੋਲਿਆ, "ਤੁਗਲਕਾਬਾਦ...ਮੁੰਹਮਦ ਤੁਗਲਕ ਉਹ ਇਕ ਵਿਦਵਾਨ ਬੇਵਕੂਫ਼ ਸੀ...ਅਜ ਕਲ ਵੀ ਪੜ੍ਹੇ ਲਿਖੇ ਬੇਵਕੂਫ਼ਾਂ ਦਾ ਕੋਈ ਘਾਟਾ ਨਹੀਂ..." ਇਸ ਤੋਂ ਅੱਗੇ ਗੱਲ ਅਜੋਕੇ ਨੌਜੁਆਨਾਂ ਬਾਰੇ ਤੁਰ ਪਈ। ਫਿਰ ਮੈਂ ਉਸ ਨੂੰ ਦੌਲਤਾਬਾਦ ਬਾਰੇ ਮੁਕਤ-ਸੰਬੰਧਾਂ ਦੀ ਲੜੀ ਤੋਰਨ ਲਈ ਕਿਹਾ। ਉਹ ਬੋਲਿਆ, "ਦੌਲਤਾਬਾਦ ਦੌਲਤ..ਮਾਇਆ...ਮਾਇਆ ਮਛੰਦਰ" ਤੇ ਫਿਰ ਖਿੜਖਿੜਾ ਕੇ ਹੱਸ ਪਿਆ ਤੇ ਕਹਿਣ ਲੱਗਾ, ਮੈਨੂੰ ਚੇਤੇ ਆ ਗਿਐ; ਉਸ ਸ਼ਹਿਰ ਦਾ ਨਾਮ ਗੋਰਖਪੁਰ ਹੈ।" ਫਿਰ ਰਤਾ ਕੁ ਚੁੱਪ ਰਹਿਣ ਮਗਰੋਂ ਕਹਿਣ ਲੱਗਾ; "ਇਕ ਗੱਲ ਉਥੋਂ ਦੀ ਅੱਜ ਮੈਨੂੰ ਹੋਰ ਅਚਾਨਕ ਚੇਤੇ ਆ ਗਈ ਹੈ ਜੋ ਇਤਨੇ ਵਰ੍ਹੇ ਕਦੇ ਯਾਦ ਨਹੀਂ ਆਈ। ਉਥੇ ਸਾਡੇ ਗੁਆਂਢ ਇਕ ਕੁੜੀ ਹੁੰਦੀ ਸੀ ਜੋ ਮੈਨੂੰ ਚੰਗੀ ਲਗਦੀ ਹੁੰਦੀ ਸੀ। ਇਕ ਦਿਨ ਉਹ ਸਾਡੇ ਘਰ ਆਈ ਤੇ ਉਸ ਨੇ ਮੇਰੇ ਮਾਤਾ ਜੀ ਪਾਸੋਂ ਸ਼ੱਕਰ ਮੰਗੀ। ਮਾਤਾ ਜੀ ਨੇ ਮੈਨੂੰ ਕਿਹਾ, "ਜਾ ਅੰਦਰੋਂ ਸ਼ੱਕਰ ਲਿਆ ਦੇ।" ਮੈਂ ਇਕ ਨਿੱਕੀ ਜਹੀ ਕਟੋਰੀ ਸ਼ੱਕਰ ਦੀ ਅੰਦਰੋਂ ਲੈ ਆਇਆ। ਮਾਤਾ ਜੀ ਬੋਲੇ, "ਬੜੀ ਕੰਜੂਸੀ ਨਾਲ ਸ਼ੱਕਰ ਲਿਆਇਆ ਏਂ।" ਤੇ ਉਹ ਕੁੜੀ ਖਿੜਖਿੜਾ ਕੇ ਹੱਸ ਪਈ। ਮੈਂ ਆਪਣੇ ਆਪ ਨੂੰ ਬੇਵਕੂਫ਼ ਬਣਦਾ ਮਹਿਸੂਸ ਕੀਤਾ ਤੇ ਲੱਜਾਅ ਕੇ ਅੰਦਰ ਵੜ ਗਿਆ। ਉਸ ਤੋਂ ਬਾਦ ਮੈਂ ਕਦੇ ਉਸ ਕੁੜੀ ਦੇ ਸਾਹਵੇਂ ਨਹੀਂ ਸਾਂ ਹੋਇਆ। ਅੱਜ ਮੈਨੂੰ ਇਹ ਗੱਲ ਪਤਾ ਨਹੀਂ ਕਿਉਂ ਯਾਦ ਆ ਗਈ ਏ।" ਪਰ ਇਹ ਗੱਲ ਦੱਸ ਕੇ ਉਸ ਨੇ ਜਿਵੇਂ ਉਸ ਸ਼ਹਿਰ ਦਾ ਨਾਮ ਭੁੱਲ ਜਾਣ ਦੀ ਘੁੰਡੀ ਖੋਲ੍ਹ ਦਿੱਤੀ। ਇਹ ਘਟਨਾ ਉਸ ਦੇ ਜੀਵਨ ਵਿਚ ਇਕ ਸ਼ਰਮਨਾਕ ਘਟਨਾ ਸੀ ਜੋ ਦਮਿਤ ਹੋ ਕੇ ਉਸ ਦੇ ਅਚੇਤਨ ਵਿਚ ਚਲੀ ਗਈ ਸੀ (ਇਸੇ ਲਈ ਇਤਨੇ ਵਰ੍ਹੇ ਇਹ ਉਸ ਨੂੰ ਕਦੇ ਯਾਦ ਨਹੀਂ ਸੀ ਆਈ)। ਗੋਰਖਪੁਰ ਨਾਲ ਇਸ ਘਟਨਾ ਦਾ ਸੰਬੰਧ ਹੋਣ ਕਰਕੇ ਹੀ ਇਸ ਸ਼ਹਿਰ ਦਾ ਨਾਮ ਵੀ ਦਮਿਤ ਹੋ ਗਿਆ। ਜੋ ਨਾਮ ਗੋਰਖਪੁਰ ਦੀ ਥਾਂ ਹੋਰ ਸ਼ਹਿਰਾਂ ਦੇ ਉਸ ਨੂੰ ਯਾਦ ਆ ਰਹੇ ਸਨ, ਉਹਨਾ ਦਾ ਗੋਰਖਪੁਰ ਨਾਲ ਕੀ ਅਚੇਤ ਸੰਬੰਧ ਸੀ, ਉਹ ਹੇਠਲੇ ਨਕਸ਼ੇ ਤੋਂ ਸਹਿਜੇ ਹੀ ਸਪਸ਼ਟ ਹੋ ਜਾਵੇਗਾ।




ਚਿਤ੍ਰ ਨੰ: 5 : ਇਕ ਦਮਿਤ ਸਿਮਰਿਤੀ ਦਾ ਚੇਤਨ ਸਿਮਰਿਤੀਆਂ ਨਾਲ ਸੰਬੰਧ

ਇਕ ਵਿਚਿਤਰ ਗੱਲ ਇਹ ਸੀ ਕਿ ਤਿੰਨਾਂ ਹੀ ਸ਼ਹਿਰਾਂ ਦੇ ਮੁਕਤ-ਸੰਬੰਧ ਜਗਾਉਂਦਿਆਂ, ਉਹ ਹਰ ਵਾਰ ਇਕ ਕਦਮ ਉਰੇ ਹੀ ਰੁਕ ਗਿਆ ਸੀ: ਸਿਕੰਦਰਾਬਾਦ ਤੋਂ 'ਪੋਰਸ' ਤਕ ਤੁਗ਼ਲਕਾਬਾਦ ਤੋਂ 'ਬੇਵਕੂਫ' ਤਕ; ਤੇ ਦੌਲਤਾਬਾਦ ਤੋਂ 'ਮਛੰਦਰ' ਤਕ , ਇਸ ਤੋਂ ਤਾਂ ਇਹੋ ਪ੍ਰਤੀਤ ਹੁੰਦਾ ਹੈ ਕਿ ਅਸਲੀ ਸ਼ਹਿਰ (ਗੋਰਖਪੁਰ) ਦੇ ਨਾਮ ਤਕ ਪਹੁੰਚਣੋਂ ਕੋਈ ਅੰਤਰੀਵ ਰੋਕ ਉਸ ਨੂੰ ਹਟਕ ਰਹੀ ਸੀ। ਇਹ ਅੰਦਰਲੀ ਰੋਕ ਦਮਨ ਦੀ ਰੋਕ ਸੀ। ਇਹੋ, ਦਮਿਤ ਸਿਮਰਿਤੀ ਨੂੰ ਚੇਤਨ ਵਿਚ ਆਉਣੋਂ ਰੋਕੀ ਜਾ ਰਹੀ ਸੀ। ਮਛੰਦਰ ਤੇ ਗੋਰਖ ਦਾ ਗੁਰੂ ਚੇਲੇ ਦਾ ਸੰਬੰਧ ਹੋਣ ਕਰ ਕੇ ਮਛੰਦਰ ਦੇ ਚੇਤੇ ਆਉਣ ਪੁਰ ਗੋਰਖ ਦਾ ਚੇਤੇ ਆ ਜਾਣਾ ਤਾਂ ਸਮਝ ਆ ਸਕਦਾ ਹੈ ਪਰ ਮਛੰਦਰ ਤੋਂ ਮਾਇਆ ਮਛੰਦਰ ਤੇ ਫਿਰ ਮਾਇਆ ਤੋਂ ਦੌਲਤ ਬਣ ਜਾਣਾ ਤੇ ਗੋਰਖਪੁਰ ਦੇ ਪਛੇਤਰ 'ਪੁਰ' ਦਾ ਬਦਲ ਕੇ ਆਬਾਦ ਹੋ ਜਾਣਾ ਤੇ ਇਉਂ ਦੌਲਤਾਬਾਦ ਬਣ ਜਾਣਾ ਆਸਾਨੀ ਨਾਲ ਸਮਝ ਨਹੀਂ ਆਉਂਦਾ। ਇਹ ਅਚੇਤਨ ਮਨ ਦੀ ਸਿਰਜਨਾਤਮਕ ਪ੍ਰਕਿਰਿਆ ਦਾ ਪਰਿਣਾਮ ਹੈ ਜਿਸ ਰਾਹੀਂ ਚੇਤਨ ਨੂੰ ਔਝੜ ਵਿਚ ਪਾ ਕੇ ਦਮਿਤ ਸਿਮਰਿਤੀ ਨੂੰ ਅਚੇਤਨ ਵਿਚ ਹੀ ਜਕੜੀ ਰੱਖਣ ਦਾ ਯਤਨ ਹੋ ਰਿਹਾ ਸੀ। ਗੋਰਖ ਤੇ ਪੋਰਸ ਵਿਚਾਲੇ, ਤੇ ਮਛੰਦਰ ਤੇ ਸਿਕੰਦਰ ਵਿਚਾਲੇ ਇਕ ਅਨੁਪ੍ਰਾਸੀ ਸੰਬੰਧ ਹੈ-ਇਹਨਾਂ ਸ਼ਬਦਾਂ ਦੀ ਛਣਕਾਰ ਇਕੋ ਜਹੀ ਹੈ। ਇਸੇ ਅਨੁਪ੍ਰਾਸੀ ਸੰਬੰਧ ਰਾਹੀਂ ਗੋਰਖਪੁਰ ਤੋਂ ਸਹਜੇ ਹੀ ਸਿੰਕਦਰਾਬਾਦ ਬਣ ਗਿਆ। ਪਰ ਤੁਗ਼ਲਕਾਬਾਦ ਦੇ ਸੰਬੰਧ ਜ਼ਰਾ ਵਲਦਾਰ ਹਨ ਤੇ ਦਮਿਤ ਸਿਮਰਿਤੀ ਨਾਲ ਸਿੱਧਾ ਸੰਬੰਧ ਰਖਦੇ ਹਨ। ਲੜਕੀ ਵਾਲੀ ਘਟਨਾ ਵਿਚ ਮਾਂ ਦੇ 'ਕੰਜੂਸ' ਕਹਿਣ ਪੁਰ ਉਸ ਨੇ ਆਪਣੇ ਆਪ ਦਾ ਬੇਵਕੂਫ ਬਣਦਾ ਪ੍ਰਤੀਤ ਕੀਤਾ- ਇਕ ਪੜ੍ਹਿਆ ਲਿਖਿਆਂ ਬੇਵਕੂਫ਼ ਜਿਹਾ ਕਿ ਮੁਹੰਮਦ ਤੁਗ਼ਲਕ ਸੀ ਜੋ ਲੋਕਾਂ ਨੂੰ ਪੁੱਟ ਕੇ ਤੁਗ਼ਲਕਾਬਾਦ ਲੈ ਗਿਆ ਸੀ ਤੁਗ਼ਲਕਬਾਦ ਤੇ ਦੌਲਤਾਬਾਦ ਵਿਚਾਲੇ ਇਕ ਸਾਂਝ ਇਹ ਹੈ ਕਿ ਦੋਵੇਂ ਸ਼ਹਿਰ ਭਾਰਤ ਦੀ ਰਾਜਧਾਨੀ ਰਹੇ ਹਨ। ਇਉਂ ਸੰਬੰਧਾਂ ਦਾ ਇਕ ਜਾਲ ਜਿਹਾ ਉਣ ਕੇ ਅਚੇਤਨ ਨੇ ਇਸ ਸਿਮਰਿਤੀ ਦਾ ਦਮਨ ਕੀਤੀ ਰਖਿਆ ਸੀ।

ਇਸ ਪ੍ਰਕਾਰ ਦੀਆਂ ਰੋਜ਼ ਵਾਪਰਦੀਆਂ ਭੁੱਲਾਂ-ਵਿਸਿਮਰਿਤੀਆਂ ਦੇ ਵਿਸ਼ਲੇਸ਼ਣ ਦੀਆਂ ਅਨੇਕਾਂ ਮਿਸਾਲਾਂ ਦੇ ਕੇ ਡਾ: ਫ੍ਰਾਇਡ ਨੇ ਆਪਣੀ ਪੁਸਤਕ 'ਨਿਤ ਦਿਨ ਦੀ ਮਨੋ-ਵਿਕਿਰਿਆ (*ਸਾਈਕੋਪੈਥੌਲੋਜੀ ਆਫ ਐਵਰੀਡੇ ਲਾਈਫ਼*) ਵਿਚ ਅਚੇਤਨ ਦੀ ਹੋਂਦ ਦੇ ਅਤਿ ਭਰੋਸੇਯੋਗ ਪ੍ਰਮਾਣ ਪੇਸ਼ ਕੀਤੇ।

ਇਸੇ ਪੁਸਤਕ ਵਿਚ ਫ੍ਰਾਇਡ ਨੇ ਸਾਡੀਆਂ ਕਈ 'ਸੁਭਾਵਕ ਕਿਰਿਆਵਾਂ' ਉਪਰ ਵੀ ਟਿੱਪਣੀ ਕੀਤੀ ਹੈ। ਚਾਬੀਆਂ ਦਾ ਗੁੱਛਾ ਹੱਥ ਵਿਚ ਘੁਮਾਈ ਜਾਣਾ; ਕੁਝ ਭੁੱਲ ਜਾਵੇ ਤਾਂ ਦਾੜ੍ਹੀ ਜਾਂ ਸਿਰ ਖੁਰਕਣ ਲਗ ਜਾਣਾ; ਕੁਝ ਸੋਚਣ ਲਗਿਆਂ ਠੋਡੀ ਤੇ ਹਥ ਰਖ ਲੈਣਾ ਆਦਿ ਐਸੀਆਂ ਕਿਰਿਆਵਾਂ ਹਨ ਜਿਹਨਾਂ ਨੂੰ ਅਸੀਂ ਸੁਭਾਵਕ ਤੇ ਅਕਾਰਨ ਸਮਝਦੇ ਹਾਂ। ਅਸਲ ਵਿਚ ਇਹ ਅਕਾਰਨ ਨਹੀਂ ਹੁੰਦੀਆਂ ਅਸੀਂ ਇਹਨਾਂ ਨੂੰ "ਐਵੇਂ ਹੀ" ਜਾਂ "ਰੱਬ ਸਬੱਬੀ" ਆਖ ਕੇ ਜਾਂ ਸਮਝ ਕੇ ਟਾਲ ਦੇਂਦੇ ਹਾਂ ਪਰ ਫ੍ਰਾਇਡ ਨੇ ਅਜਿਹੀਆਂ ਅਨੇਕਾਂ 'ਸਬੱਬੀ' ਕਿਰਿਆਵਾਂ ਦਾ ਵਿਸ਼ਲੇਸ਼ਣ

ਕਰ ਕੇ ਸਿੱਧ ਕੀਤਾ ਹੈ ਕਿ ਉਹ ਕਿਸੇ ਅਜਿਹੀ ਗੱਲ ਵਲ ਗੁਪਤ ਸੰਕੇਤ ਕਰ ਰਹੀਆਂ ਹੁੰਦੀਆਂ ਹਨ, ਜਿਸ ਦਾ ਕਰਨਹਾਰੇ ਨੂੰ ਕੋਈ ਪਤਾ ਨਹੀਂ ਹੁੰਦਾ। ਇਸੇ ਲਈ ਉਹ ਇਹਨਾਂ ਨੂੰ 'ਸੰਕੇਤਕ ਕਿਰਿਆਵਾਂ' ਦਾ ਨਾਮ ਦੇਂਦਾ ਹੈ। ਇਕ ਵਾਰੀ ਡਾ: ਫ੍ਰਾਇਡ ਨੂੰ ਇਕ ਅਮੀਰ, ਪਰ ਕੰਜੂਸ, ਔਰਤ ਦੇ ਘਰ ਉਸ ਦੇ ਇਲਾਜ ਲਈ ਸੱਦਿਆ ਗਿਆ। ਜਦੋਂ ਉਹ ਉਸ ਦੇ ਘਰ ਪਹੁੰਚਾ ਤਾ ਉਹ ਅੱਗੇ ਇਕ ਨਿਕੀ ਜਹੀ ਮੇਜ਼ ਪਿੱਛੇ ਬੈਠੀ ਮੇਜ਼ ਉਪਰ ਚਾਂਦੀ ਦੇ ਸਿੱਕਿਆਂ ਦੀਆਂ ਢੇਰੀਆਂ ਉਸਾਰ ਰਹੀ ਸੀ। ਫ੍ਰਾਇਡ ਦੇ ਆਉਣ ਨਾਲ ਜਦੋਂ ਉਹ ਉੱਠੀ ਤਾਂ ਕੁਝ ਸਿੱਕੇ, ਉਸ ਦੀ ਜੁੰਬਸ਼ ਕਾਰਨ ਹੇਠਾਂ ਜਾ ਪਏ। ਹੋਰ ਕੋਈ ਹੁੰਦਾ ਤਾਂ ਕਹਿੰਦਾ ਕਿ ਇਹ ਸਿੱਕੇ ਰੱਬ ਸਬੱਬੀ ਹੇਠਾਂ ਜਾ ਪਏ। ਪਰ ਫ੍ਰਾਇਡ ਦੀ ਨਜ਼ਰ ਤੋਂ ਇਸ ਘਟਨਾ ਦਾ ਲੁਪਤ ਅਰਥ ਲੁਕ ਨਾ ਸਕਿਆ। ਫਰਸ਼ ਤੋਂ ਸਿੱਕੇ ਚੁਕਣ ਵਿਚ ਉਸ ਦੀ ਸਹਾਇਤਾ ਕਰਦਿਆਂ ਫ੍ਰਾਇਡ ਨੇ ਉਸ ਨੂੰ ਪੁੱਛਿਆ, " ਕੀ ਤੁਹਾਡੇ ਸਾਊ ਜਵਾਈ ਨੇ ਫਿਰ ਤੁਹਾਡਾ ਪੈਸਾ ਉਡਾਉਣਾ ਸ਼ੁਰੂ ਕਰ ਦਿੱਤਾ ਹੈ?" ਪਹਿਲਾਂ ਤਾਂ ਉਸ ਨੇ ਇਨਕਾਰ ਕੀਤਾ, ਪਰ ਝੱਟ ਮਗਰੋਂ ਹੀ ਆਪਣੇ ਜਵਾਈ ਦੀਆਂ ਫਜ਼ੂਲ ਖ਼ਰਚੀਆਂ ਦੀ ਦੁਹਾਈ ਦੇਣ ਲੱਗ ਪਈ।

ਅਚੇਤਨ ਦੀ ਹੋਂਦ ਦਾ ਇਕ ਵੱਡਾ ਪ੍ਰਮਾਣ ਜੋ ਫ੍ਰਾਇਡ ਨੇ ਬੜੀ ਪ੍ਰਬੀਨਤਾ ਨਾਲ ਪੇਸ਼ ਕੀਤਾ, ਉਹ ਸੁਪਨਿਆਂ ਦੇ ਵਿਸ਼ਲੇਸ਼ਣ ਰਾਹੀਂ ਸੀ। ਸੁੱਤੇ ਪਿਆਂ ਅਸੀ ਚੇਤਨ ਨਹੀਂ ਹੁੰਦੇ, ਫਿਰ ਵੀ ਅਸੀਂ ਸੁਪਨ-ਸੰਸਾਰ ਵਿਚ ਵਿਚਰਦਿਆਂ ਅਨੇਕਾਂ ਕੰਮ ਕਰਦੇ, ਅਨੇਕਾਂ ਦ੍ਰਿਸ਼ ਦੇਖਦੇ, ਇਕ ਨਾਟਕੀ ਅਵਸਥਾ ਜਿਉਂਦੇ ਹਾਂ। ਜਦ ਅਸੀਂ ਚੇਤਨ ਹੀ ਨਹੀਂ ਤਾਂ ਇਹ ਸਾਰਾ ਕੁਝ ਕਿਵੇਂ ਕਰਦੇ ਹਾਂ? ਇਹਨਾਂ ਨਾਟਕਾਂ ਦੀ ਕਰਮ ਭੂਮੀ ਕਿਥੇ ਹੁੰਦੀ ਹੈ? ਫ੍ਰਾਇਡ ਨੇ ਸੁਪਨ-ਵਿਸ਼ੇਲਸ਼ਣ* ਦੀ ਵਿਧੀ ਰਾਹੀਂ ਸਿੱਧ ਕੀਤਾ ਕਿ ਸੁਪਨਿਆਂ ਦੇ ਸਮਸਤ ਤੱਤ ਅਚੇਤਨ ਵਿਚੋਂ ਆਉਂਦੇ ਹਨ ਤੇ ਇਕ ਵਿਚਿੱਤਰ ਲੀਲ੍ਹਾ ਸਿਰਜਦੇ ਹਨ।

ਇਕ ਦੂਸਰਾ ਖੇਤਰ ਜਿਸ ਤੋਂ ਅਚੇਤਨ ਦੀ ਹੋਂਦ ਦਾ ਇਕ ਹੋਰ ਪ੍ਰਮਾਣ ਮਿਲਦਾ ਹੈ, 'ਸੰਮੋਹਨ' ਦਾ ਖੇਤਰ ਹੈ। ਸੰਮੋਹਨ ਦੀ ਪ੍ਰਕਿਰਿਆ ਆਮ ਲੋਕਾਂ ਵਿਚ ਮੈਸਮੈਰਿਜ਼ਮ (Mesmerism) ਦੇ ਨਾਂ ਨਾਲ ਜਾਣੀ ਜਾਂਦੀ ਹੈ। ਤੁਸਾਂ ਵੀ ਸ਼ਾਇਦ ਕਿਸੇ ਨੂੰ ਸੜਕਾਂ ਦੇ ਕਿਨਾਰੇ ਮਜਮਾਂ ਲਾ ਕੇ ਮੈਸਮਰੇਜ਼ਮ ਕਰਦਿਆਂ ਵੇਖਿਆ ਹੋਣਾ ਹੈ। ਉਹ ਕਿਸੇ ਵਿਅਕਤੀ ਨੂੰ ਆਪਣੇ 'ਅਮਲ' ਨਾਲ ਸੁਆ ਦੇਂਦਾ ਹੈ ਤੇ ਫਿਰ ਉਸ ਨੂੰ ਪੁਛਦਾ ਹੈ, "ਮੈਂ ਕੌਣ ?" ਉਹ ਕਹਿੰਦਾ ਹੈ "ਆਮਿਲ" ਫਿਰ ਪੁੱਛਦਾ ਹੈ, "ਤੂੰ ਕੌਣ ?" ਤੇ ਉਹ ਅਗੋਂ ਕਹਿੰਦਾ ਹੈ, 'ਮਾਮੂਲ !' ਇਹ ਖੇਡ ਸ਼ਾਇਦ ਤੁਸਾਂ ਵੀ ਵੇਖੀ ਹੋਣੀ ਹੈ। ਬਦਕਿਸਮਤੀ ਨਾਲ ਇਹ ਇਕ ਖੇਡ ਹੀ ਬਣ ਗਿਆ ਹੈ। ਦੰਭੀ 'ਜਾਦੂਗਰਾਂ' ਨੇ ਜਿਹੜੇ ਕਿ ਗਲੀਆਂ ਬਜ਼ਾਰਾਂ ਵਿਚ ਪਾਖੰਡ-ਤਮਾਸ਼ੇ ਦਿਖਾਉਂਦੇ ਫਿਰਦੇ ਹਨ ਸੰਮੋਹਨ ਵਰਗੀ ਲਾਭਦਾਇਕ ਵਿਧੀ ਦੀ ਕੁਵਰਤੋਂ ਕਰਕੇ ਇਸ ਨੂੰ ਬਦਨਾਮ ਕਰ ਛੱਡਿਆ ਹੈ। ਦਰ ਅਸਲ ਇਹ ਮਾਨਸਿਕ ਰੋਗਾਂ ਦੇ ਇਲਾਜ ਦੀ ਇਕ ਵਿਗਿਆਨਕ ਵਿਧੀ ਹੈ।

---

*ਸੁਪਨ-ਵਿਸ਼ਲੇਸ਼ਣ ਬਾਰੇ ਵਿਸਥਾਰ ਨਾਲ ਵਿਚਾਰ ਅਸੀਂ ਕਿਸੇ ਅਗਲੇ ਲੇਖ ਵਿਚ ਕਰਾਂਗੇ।

ਇਸ ਰਾਹੀਂ ਅਚੇਤਨ ਵਿਚ ਸਿੱਧੀ ਝਾਤੀ ਮਾਰੀ ਜਾ ਸਕਦੀ ਹੈ। ਇਸ ਨੂੰ ਮੈਸਮਰਿਜ਼ਮ ਇਸ ਲਈ ਕਹਿੰਦੇ ਹਨ ਕਿਉਂਕਿ ਇਸ ਨੂੰ ਡਾ. ਮੈਸਮਰ (1734-1815) ਨੇ ਪ੍ਰਚਲਿਤ ਕੀਤਾ। ਇਹਨਾਂ ਨੇ ਆਪਣੇ ਇਕ ਲੇਖ ਵਿਚ ਮਨੋਰੋਗਾਂ ਦਾ ਇਕ ਰਹੱਸਮਈ ਸਿਧਾਂਤ ਪੇਸ਼ ਕੀਤਾ: ਇਹ ਕਿ ਐਸੇ ਰੋਗ ਇਕ ਪ੍ਰਕਾਰ ਦੇ ਚੁੰਬਕੀ ਮਾਦੇ ਦੇ ਅਸੰਤੁਲਨ ਤੋਂ ਪੈਦਾ ਹੁੰਦੇ ਹਨ। ਉਨ੍ਹਾਂ ਦੇ ਖ਼ਿਆਲ ਮੁਤਾਬਕ ਇਹ ਚੁੰਬਕੀ ਮਾਦਾ ਵਾਯੂ ਮੰਡਲ ਵਿਚ ਮੌਜੂਦ ਰਹਿੰਦਾ ਹੈ ਤੇ ਸਾਡੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਇਸੇ ਸਿੱਧਾਂਤ ਦੇ ਆਧਾਰ ਤੇ ਉਹਨੇ ਰੋਗਾਂ ਦੇ ਚੁੰਬਕੀ ਇਲਾਜ' ਦੀ ਇਕ ਵਿਧੀ ਦੀ ਸਥਾਪਨਾ ਕੀਤੀ। ਭਾਵੇਂ ਉਹਨਾਂ ਦੇ ਸਿਧਾਂਤ, ਮਿਥਿਆ ਹੋਣ ਕਰਕੇ, ਪਰਵਾਨ ਨਹੀਂ ਹੋਏ, ਪਰ ਉਹਨਾਂ ਦਾ ਪ੍ਰਚਲਿਤ ਕੀਤਾ 'ਚੁੰਬਕੀ ਇਲਾਜ' ਜੋ ਮਗਰੋਂ ਡਾ. ਜੇਮਜ਼ ਬਰੇਡ (1795-1860) ਨੇ *ਹਿਪਨੋਟਿਜ਼ਮ* ਅਥਵਾ ਸੰਮੋਹਨ ਦੇ ਨਾਮ ਹੇਠ ਪ੍ਰਚਲਿਤ ਕੀਤਾ ਅਜ ਵੀ ਵਰਤੋਂ ਵਿਚ ਹੈ। ਡਾ ਬਰੇਡ ਨੇ ਸੰਮੋਹਨ ਵਿਧੀ ਦਾ ਅਧਿਅਨ ਕਰ ਇਹ ਸਿੱਧ ਕੀਤਾ ਕਿ ਇਹ ਕੋਈ ਚੁੰਬਕੀ ਪ੍ਰਕਿਰਿਆ ਨਹੀਂ ਸਗੋਂ ਇਕ ਮਨੋਵਿਗਿਆਨਕ ਪ੍ਰਕਿਰਿਆ ਹੈ ਜੋ ਅਚੇਤ ਮਨੋਵਿਧੀ 'ਨਿਰਦੇਸ਼ਨ' ਉਪਰ ਆਧਾਰਿਤ ਹੈ।

ਸੰਮੋਹਨ ਦੁਆਰਾ ਸਮਾਧੀ ਵਰਗੀ ਇਕ ਅਵਸਥਾ ਉਤਪੰਨ ਕੀਤੀ ਜਾਂਦੀ ਹੈ। ਇਸ ਵਿਚ ਸੰਮੋਹਿਤ (=ਮਾਮੂਲ) ਵਿਅਕਤੀ ਸੰਮੋਹਕ (=ਆਮਿਲ) ਦੀ ਹਰ ਆਗਿਆ ਦਾ ਬੜੀ ਪਾਬੰਦੀ ਨਾਲ ਪਾਲਨ ਕਰਦਾ ਹੈ। ਸੰਮੋਹਨ ਵਿਚ ਮਿਲੇ ਨਿਰਦੇਸ਼ਾਂ ਨੂੰ ਉਹ ਸਮਾਧੀ ਖੁਲ੍ਹਣ ਤੋਂ ਮਗਰੋਂ ਵੀ ਬੜੀ ਪਾਬੰਦੀ ਨਾਲ ਪਾਲਦਾ ਹੈ, ਭਾਵੇਂ ਉਸ ਨੂੰ ਇਹਨਾਂ ਨਿਰਦੇਸ਼ਾਂ ਦੀ ਕੋਈ ਚੇਤਨ ਸਿਮਰਿਤੀ ਨਹੀਂ ਹੁੰਦੀ। ਇਕ ਮਿਸਾਲ ਦੇਣ ਨਾਲ ਗੱਲ ਵਧੇਰੇ ਸਪਸ਼ਟ ਕੀਤੀ ਜਾ ਸਕੇਗੀ:

ਇਕ ਵਿਅਕਤੀ ਨੂੰ ਸੰਮੋਹਨ ਦੀ ਅਵਸਥਾ ਵਿਚ ਲਿਜਾ ਕੇ ਇਹ ਨਿਰਦੇਸ਼ ਦਿਤਾ ਗਿਆ ਕਿ ਉਹ ਠੀਕ ਇਕ ਘੰਟਾ ਵੀਹ ਮਿੰਟ ਬਾਦ ਕਮਰੇ ਵਿਚ ਪਈ ਮੇਜ਼ ਉਪਰ ਚੜ੍ਹ ਕੇ ਖਲੋ ਜਾਵੇ। ਫਿਰ ਉਸ ਦੀ ਸਮਾਧੀ ਖੋਲ੍ਹ ਦਿਤੀ ਗਈ। ਕਮਰੇ ਵਿਚੋਂ ਘੜੀਆਂ ਚੁੱਕ ਦਿੱਤੀਆਂ ਗਈਆਂ ਸਨ ਤਾਂ ਜੁ ਉਸ ਨੂੰ ਵਕਤ ਦਾ ਪਤਾ ਨਾ ਲੱਗ ਸਕੇ। ਸਮਾਧੀ ਖੁੱਲਣ ਉਪਰੰਤ ਉਸ ਨੂੰ ਗੱਲ ਬਾਤ ਵਿਚ ਰੁਝਾਈ ਰਖਿਆ ਗਿਆ, ਪਰ ਜਦੋਂ ਠੀਕ ਇਕ ਘੰਟਾ ਵੀਹ ਮਿੰਟ ਗੁਜ਼ਰੇ ਤਾਂ ਉਹ ਗੱਲਾਂ ਵਿਚੇ ਛੱਡ ਕੇ ਕਮਰੇ ਵਿਚ ਪਈ ਮੇਜ਼ ਉਪਰ ਖਲੋ ਗਿਆ। ਉਸ ਪਾਸੋਂ ਪੁਛਿਆ ਗਿਆ ਕਿ ਉਸ ਨੇ ਇਉਂ ਕਿਉਂ ਕੀਤਾ ਤਾਂ ਉਸ ਦੇ ਪਾਸ ਇਸ ਦਾ ਕੋਈ ਉੱਤਰ ਨਹੀਂ ਸੀ। "ਪਤਾ ਨਹੀਂ ਕਿਉਂ ਇਉਂ ਕਰਨ ਦੀ ਮਜਬੂਰੀ ਮੈਨੂੰ ਇਕ ਦਮ ਅੰਦਰੋਂ ਪ੍ਰਤੀਤ ਹੋਈ।" ਉਸ ਨੂੰ ਕੋਈ ਯਾਦ ਨਹੀਂ ਸੀ ਕਿ ਸੰਮੋਹਕ ਅਵਸਥਾ ਵਿਚ ਉਸ ਨੂੰ ਕੋਈ ਅਜਿਹਾ ਨਿਰਦੇਸ਼ ਦਿੱਤਾ ਵੀ ਗਿਆ ਸੀ।

ਇਹ ਘਟਨਾ ਦੋ ਦਿਲਚਸਪ ਪ੍ਰਸ਼ਨ ਪੈਦਾ ਕਰਦੀ ਹੈ। ਇਕ ਇਹ ਕਿ ਜਦੋਂ ਉਸ ਵਿਅਕਤੀ ਨੂੰ ਸੰਮੋਹਨ-ਸਮਾਧੀ ਵਿਚ ਦਿਤੇ ਗਏ ਨਿਰਦੇਸ਼ ਦੀ ਕੋਈ ਸਿਮਰਿਤੀ ਨਹੀਂ ਸੀ ਤਾਂ ਉਸ ਨੇ ਇਸ ਨਿਰਦੇਸ਼ ਦੀ ਪਾਲਨਾ ਕਿਵੇਂ ਕੀਤੀ? ਦੂਜਾ ਇਹ ਕਿ ਜਦੋਂ ਕਮਰੇ ਵਿਚ ਵਕਤ

ਦੀ ਸੂਚਨਾ ਦੇਣ ਲਈ ਕੋਈ ਘੜੀ ਨਹੀ ਸੀ ਛੱਡੀ ਗਈ, ਤੇ ਉਸ ਵਿਅਕਤੀ ਦਾ ਧਿਆਨ ਵੀ ਲਗਾਤਾਰ ਗੱਲਬਾਤ ਵਿਚ ਲਾਈ ਰਖਿਆ ਗਿਆ ਸੀ, ਤਾਂ ਉਸ ਨੂੰ ਠੀਕ ਇਕ ਘੰਟੇ ਵੀਹ ਮਿੰਟ ਬਾਦ ਨਿਰਦੇਸ਼ ਪਾਲਨ ਦਾ ਆਵੇਗ ਕਿਵੇਂ ਉਠਿਆ? ਇਹਨਾ ਦੋਹਾਂ ਪ੍ਰਸ਼ਨਾਂ ਦਾ ਉਤਰ ਅਚੇਤਨ ਦੀ ਹੋਂਦ ਸਵੀਕਾਰ ਕੀਤੇ ਬਿਨਾ ਨਹੀਂ ਦਿੱਤਾ ਜਾ ਸਕਦਾ।

ਪਹਿਲੇ ਪ੍ਰਸ਼ਨ ਦਾ ਉੱਤਰ ਤਾਂ ਇਹੋ ਹੈ ਕਿ ਸੰਮੋਹਨ ਅਵਸਥਾ ਵਿਚ ਦਿਤਾ ਗਿਆ ਨਿਰਦੇਸ਼ ਸਿੱਧਾ ਉਸ ਦੇ ਅਚੇਤਨ ਵਿਚ ਉਤਰ ਗਿਆ ਸੀ। ਇਸੇ ਲਈ ਚੇਤਨ ਨੂੰ ਇਸ ਦੀ ਕੋਈ ਸੋਝੀ ਨਹੀਂ ਸੀ। ਪਰ ਇਸ ਦੇ ਬਾਵਜੂਦ, ਅਚੇਤਨ ਵਿਚ ਇਸ ਨਿਰਦੇਸ਼ ਦੀ ਮੌਜੂਦਗੀ ਕਾਰਨ ਹੀ ਉਹ ਵਿਅਕਤੀ ਇਸ ਉਪਰ ਅਮਲ ਕਰਨ ਲਈ ਮਜਬੂਰ ਹੋਇਆ। ਦੂਜੇ ਪ੍ਰਸ਼ਨ ਦਾ ਉਤਰ ਇਹ ਹੈ ਕਿ ਭਾਵੇਂ ਚੇਤਨ ਤੌਰ ਤੇ ਉਸ ਵਿਅਕਤੀ ਦਾ ਸਾਰਾ ਧਿਆਨ ਗੱਲ-ਬਾਤ ਵਿਚ ਲਗਾਇਆ ਗਿਆ ਹੋਇਆ ਸੀ, ਤੇ ਉਸ ਦੀ ਚੇਤਨ ਪਾਸ ਵਕਤ ਦੀ ਸੋਝੀ ਰਖਣ ਦਾ ਕੋਈ ਸਾਧਨ ਵੀ ਨਹੀਂ ਸੀ, ਤਾਂ ਵੀ ਉਸ ਦੇ ਅਚੇਤਨ ਨੇ ਪ੍ਰਾਪਤ ਹੋਇਆ ਨਿਰਦੇਸ਼ ਨਿਭਾਉਣ ਲਈ ਸਮੇਂ ਦੀ ਲਗਾਤਾਰ ਟੋਹ ਰਖੀ ਤੇ ਠੀਕ ਸਮੇਂ ਸਿਰ ਉਸ ਨੂੰ ਉਠਾਲ ਦਿੱਤਾ। ਇਸ ਤੋਂ ਇਹ ਗੱਲ ਵੀ ਸਿੱਧ ਹੁੰਦੀ ਹੈ ਕਿ ਅਚੇਤਨ ਪਾਸ ਬਿਨਾ ਕਿਸੇ ਬਾਹਰਲੀ ਮਦਦ ਦੇ ਸਮੇ ਨੂੰ ਠੀਕ ਠੀਕ, ਜੋਖਣ ਦੀ ਸਮਰਥਾ ਵੀ ਮੌਜੂਦ ਹੁੰਦੀ ਹੈ।

ਤੁਸਾਂ ਕਈ ਅਜਿਹੇ ਬੰਦਿਆਂ ਬਾਰੇ ਸੁਣਿਆ ਹੋਣਾ ਹੈ ਜੋ ਨੀਂਦ ਵਿਚੋਂ ਸੁੱਤਿਆਂ ਸੁੱਤਿਆਂ ਉਠ ਕੇ ਤੁਰ ਪੈਂਦੇ ਹਨ। ਕਈ ਵਾਰ ਇਹ ਲੋਕ ਨੀਂਦ ਵਿਚ ਹੀ ਤਰ੍ਹਾਂ ਤਰ੍ਹਾਂ ਦੀਆਂ ਕਿਰਿਆਵਾਂ ਸੋਧ ਕੇ ਮੁੜ ਬਿਸਤਰੇ ਵਿਚ ਆ ਕੇ ਸੌਂ ਜਾਂਦੇ ਹਨ। ਜਦੋਂ ਸਵੇਰੇ ਉਠਦੇ ਹਨ ਤਾਂ ਉਹਨਾਂ ਨੂੰ ਨੀਂਦ ਵਿਚ ਕੀਤੀ ਹੋਈ ਯਾਤ੍ਰਾ ਦੀ ਕੋਈ ਸਿਮਰਿਤੀ ਨਹੀਂ ਹੁੰਦੀ। ਇਸ ਤੋਂ ਤਾਂ ਸਪਸ਼ਟ ਤੌਰ ਤੇ ਇਹੋ ਲਗਦਾ ਹੈ ਕਿ ਨੀਂਦਰ ਵਿਚ ਉਹਨਾਂ ਦਾ ਭੌਂਦੇ ਫਿਰਨਾ ਉਹਨਾਂ ਦੇ ਚੇਤਨ ਮਨ ਦੀ ਗੈਰ-ਹਾਜ਼ਰੀ ਵਿਚ ਹੀ ਵਾਪਰਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਚੇਤਨ ਦੀ ਗੈਰ-ਹਾਜ਼ਰੀ ਦੇ ਬਾਵਜੂਦ ਉਹ ਆਮ ਤੌਰ ਤੇ ਕਿਸੇ ਕੰਧ ਨਾਲ ਨਹੀਂ ਟਕਰਾਉਂਦੇ ਕਿਸੇ ਟੋਏ ਵਿਚ ਨਹੀਂ ਡਿੱਗਦੇ, ਕਿਤੇ ਠੇਡਾ ਨਹੀਂ ਖਾਂਦੇ। ਸਗੋਂ ਕਈ ਔਖੇ ਔਖੇ ਕੰਮ ਵੀ ਕਰ ਆਉਂਦੇ ਹਨ। ਇਹ ਸਾਰਾ ਕੁਝ ਅਚੇਤਨ ਆਸਰੇ ਹੀ ਤਾਂ ਸੰਭਵ ਹੁੰਦਾ ਹੈ।

ਉਪਰੋਕਤ ਵਿਚਾਰਾਂ ਤੋਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਅਚੇਤਨ ਸਾਡੇ ਮਨ ਦਾ ਇਕ ਸ਼ਕਤੀਸ਼ਾਲੀ ਕਿਰਿਆਸ਼ੀਲ ਤੇ ਮਹੱਤਵਪੂਰਨ ਭਾਗ ਹੈ। ਮਨੋਰੋਗਾਂ ਦੇ ਇਲਾਜ ਦੀਆਂ ਮਨੋ-ਵਿਗਿਆਨਕ ਵਿਧੀਆਂ ਤੋਂ ਵੀ ਇਹ ਗੱਲ ਸਿੱਧ ਹੁੰਦੀ ਹੈ ਕਿ ਮਨੋਰੋਗਾਂ ਦੀਆਂ ਇਲਾਮਤਾਂ ਦੇ ਕਾਰਨ ਅਚੇਤਨ ਵਿਚ ਪਏ ਹੁੰਦੇ ਹਨ। ਮਨੋ-ਵਿਸ਼ਲੇਸ਼ਣ ਧਾਰਾ ਦੇ ਸਭੇ ਪ੍ਰਮੁੱਖ ਵਿਗਿਆਨੀਆਂ ਦਾ ਇਹੋ ਵਿਸ਼ਵਾਸ ਹੈ ਕਿ ਮਨੋਰੋਗਾਂ ਤੇ ਮਨੋਵਿਕਾਰਾਂ ਦਾ ਮੂਲ ਕਾਰਨ ਸਾਡੇ ਪੂਰਵਲੇ ਮਾਨਸਿਕ ਅਨੁਭਵਾਂ ਵਿਚ ਹੀ ਨਿਹਿਤ ਹੁੰਦਾ ਹੈ। ਪਰ ਇਹ ਕਾਰਨ ਚੇਤਨ ਮਨ ਵਿਚ ਤਾਂ ਹੁੰਦੇ ਨਹੀਂ। ਇਸ ਲਈ ਇਹੋ ਨਤੀਜਾ ਕਢਿਆ ਜਾ ਸਕਦਾ ਹੈ ਕਿ ਉਹ ਅਚੇਤਨ ਵਿਚ ਹੀ ਪਏ ਹੋਣਗੇ।

ਹਿਸਟੀਰੀਆ (ਰੂਪਾਂਤ੍ਰਣ ਰੋਗ) ਤੇ ਹੋਰ ਕੇਈ ਪ੍ਰਕਾਰ ਦੇ ਮਨੋਵਿਕਾਰਾਂ ਦਾ ਮਨੋਵਿਸ਼ਲੇਸ਼ਣ ਦੁਆਰਾ ਸਫਲ ਨਿਵਾਰਨ ਵੀ ਇਸੇ ਗੱਲ ਦੀ ਗਵਾਹੀ ਦੇਂਦਾ ਹੈ ਕਿ ਉਹਨਾਂ ਵਿਕਾਰਾਂ ਤੇ ਮਨੋਰੋਗਾਂ ਦੇ ਉਪਜਾਉਣ ਵਿਚ ਵੀ ਅਚੇਤਨ ਦਾ ਹੀ ਮੂਲ ਭਾਗ ਹੈ।

ਇਉਂ ਜਾਪਦਾ ਹੈ, ਨਿੱਤ ਦੀਆਂ ਭੁੱਲਾਂ-ਵਿਸਿਮਰਿਤੀਆਂ, ਸਬੱਬੀ ਕਿਰਿਆਵਾਂ, ਸੁਪਨਿਆਂ, ਸੰਮੋਹਨ, ਤੇ ਨੀਂਦ-ਭ੍ਰਮਣ ਵਾਂਗ ਮਨੋਰੋਗਾਂ ਦਾ ਵਿਸ਼ਲੇਸ਼ਣ ਵੀ ਅਚੇਤਨ ਦੀ ਹੋਂਦ ਦੀ ਗਵਾਹੀ ਦੇਂਦਾ ਹੈ। ਇਤਨੇ ਭਰਵੇਂ ਪ੍ਰਮਾਣਾਂ ਕਾਰਨ ਹੀ ਅਚੇਤਨ ਦੀ ਹੋਂਦ ਤੋਂ ਅਜ ਕੋਈ ਸੂਝਵਾਨ ਇਨਕਾਰ ਨਹੀਂ ਕਰ ਸਕਦਾ।

# 3.
# ਅਚੇਤਨ ਦਾ ਗੁਣ ਤੇ ਸੁਭਾਅ

ਅਚੇਤਨ ਦਾ ਸੰਕਲਪ ਕੋਈ ਨਵੀਂ ਕਾਢ ਨਹੀਂ। ਕਈ ਸਾਰੇ ਵਿਦਵਾਨਾਂ ਨੇ ਅਚੇਤਨ ਜਾਂ ਇਸ ਦੇ ਵਰਗਾ ਹੀ ਕੋਈ ਪੱਧਰ ਮਨ ਦਾ ਹਮੇਸ਼ਾ ਹੀ ਸਵੀਕਾਰ ਕੀਤੀ ਰਖਿਆ ਹੈ। ਭਾਰਤੀ ਦਰਸ਼ਨ ਵਿਚ ਮਨ ਦੀਆਂ ਚਾਰ ਅਵਸਥਾਵਾਂ, ਜਾਗ੍ਰਿਤ, ਸੁਪਨ, ਸੁਖੋਪਤੀ ਤੇ ਤੁਰੀਆ, ਮੰਨੀਆਂ ਗਈਆਂ ਹਨ। ਇਹਨਾਂ ਵਿਚੋਂ ਸੁਖੋਪਤੀ ਦਾ ਲੱਛਣ ਅਚੇਤਨ ਵਰਗਾ ਹੀ ਹੈ। ਯੂਨਾਨੀ ਫਿਲਾਸਫਰ ਅਫ਼ਲਾਤੂਨ ਦੇ ਗ੍ਰੰਥਾਂ ਵਿਚ ਵੀ ਮਨ ਦਾ ਇਕ ਅਜਿਹਾ ਖੇਤਰ ਪਰਵਾਨ ਕੀਤਾ ਗਿਆ ਹੈ ਜਿੱਥੇ ਹਰ ਪ੍ਰਕਾਰ ਦੀਆਂ ਪਾਸ਼ਵਿਕ ਵਾਸਨਾਵਾਂ ਵਸਦੀਆਂ ਹਨ ਤੇ ਉਥੋਂ ਇਹ ਸੁਪਨਿਆਂ ਅੰਦਰ ਆਪਣੀ ਪੂਰਤੀ ਦਾ ਤਕਾਜ਼ਾ ਕਰਦੀਆਂ ਹਨ। ਇਵੇਂ ਹੀ ਦੇਕਾਰਤ (Descartes), ਲੀਬਨੀਜ਼ (Leibniz) ਤੇ ਸ਼ੌਪਨਹਾਰ (Schopenhauer) ਆਦਿਕ ਦਾਰਸ਼ਨਿਕਾਂ ਦੇ ਗ੍ਰੰਥਾਂ ਵਿਚ ਵੀ ਅਚੇਤਨ ਬਾਰੇ ਸਪਸ਼ਟ ਸੰਕੇਤ ਮਿਲਦੇ ਹਨ। ਹਰਬਰਟ (Herbert) ਨੇ ਵੀ ਆਪਣੇ ਮਨੋਵਿਗਿਆਨਕ ਸਿਧਾਂਤਾਂ ਵਿਚ ਅਚੇਤਨ ਦੀ ਹੋਂਦ ਨੂੰ ਮਹੱਤਾ ਦਿੱਤੀ ਹੈ। ਐਪਰ, ਇਹਨਾਂ ਸਭ ਨੇ ਅਚੇਤਨ ਨੂੰ ਕੇਵਲ ਇਕਹਿਰੇ ਅਰਥ ਦਿੱਤੇ ਹਨ। ਅਚੇਤਨ ਦਾ ਜੋ ਸੰਕਲਪ ਉਹਨਾਂ ਮਿੱਥਿਆ ਹੈ ਉਹ ਵੀ ਬਹੁਤਾ ਅਨੁਮਾਨ ਆਸਰੇ ਹੀ ਜੋੜਿਆ ਗਿਆ ਜਾਪਦਾ ਹੈ। ਅਸੀਂ ਜਿਹੜੇ ਅਚੇਤਨ ਦੀ ਰੂਪ-ਰੇਖਾ, ਗੁਣ ਤੇ ਸੁਭਾਅ ਦੀ ਗੱਲ ਕਰਨ ਚੱਲੇ ਹਾਂ, ਉਹ ਅਚੇਤਨ ਦਾ ਉਹ ਸੰਕਲਪ ਹੈ ਜਿਸ ਨੂੰ ਫ਼੍ਰਾਇਡ ਤੇ ਯੁੰਗ ਆਦਿਕ ਮਨੋਵਿਗਿਆਨੀਆਂ ਨੇ ਭਰੋਸੇ-ਜੋਗ ਵਿਗਿਆਨਕ ਪ੍ਰਮਾਣਾਂ ਦੇ ਆਧਾਰ ਤੇ ਕਾਇਮ ਕੀਤਾ ਹੈ।

ਇਸ ਅਚੇਤਨ ਦਾ ਬੁਨਿਆਦੀ ਲੱਛਣ ਕੀ ਹੈ? ਨਿਰਸੰਦੇਹ ਜੋ ਮਾਨਸਿਕ ਸਾਮਗ੍ਰੀ ਚੇਤਨ ਦੇ ਤਤਕਾਲੀ ਖੇਤਰ ਵਿਚ ਮੌਜੂਦ ਨਹੀਂ ਦਿਸਦੀ, ਅਚੇਤਨ ਪੱਧਰ ਤੇ ਹੀ ਮੌਜੂਦ ਸਮਝੀ ਜਾ ਸਕਦੀ ਹੈ। ਅਚੇਤਨ ਪੱਧਰ ਤੇ ਵੇਖਿਆ ਨਿਰਖਿਆ ਵੀ ਜਾ ਸਕਦਾ ਹੈ, ਸੋਚਿਆ ਵਿਚਾਰਿਆ ਵੀ। ਇਸ ਪੱਧਰ ਤੇ ਅਸੀਂ ਮਹਿਸੂਸ ਵੀ ਕਰ ਸਕਦੇ ਹਾਂ, ਨਿਰਣਾ ਵੀ ਲੈ ਸਕਦੇ ਹਾਂ। ਬੜੀ ਵਾਰ ਅਚੇਤਨ ਰੁਝਾਨ ਹੀ ਸਾਡੇ ਵਿਹਾਰ ਦਾ ਮੂਲ ਸ੍ਰੋਤ ਬਣਦੇ ਹਨ। ਇਹ ਸਾਰਾ ਕੁਝ ਕਰਦੇ ਹੋਏ ਵੀ ਅਸੀਂ ਇਹਨਾਂ ਵਲੋਂ ਅਚੇਤ ਰਹਿ ਸਕਦੇ ਹਾਂ। ਇਹ ਕੀਕਣ ਹੋ ਸਕਦਾ ਹੈ? ਇਸ ਨੂੰ ਸਮਝਣ ਲਈ ਇਕ ਮਿਸਾਲ ਬੜੀ ਕਾਰਾਮਦ ਹੋ ਸਕਦੀ ਹੈ। ਕਾਲੀ ਰਾਤ ਦੇ ਘੁੱਪ ਹਨੇਰੇ ਵਿਚ ਸਾਰਾ ਨੱਜ਼ਾਰਾ ਅਲੋਪ (ਅਚੇਤ) ਹੋ ਗਿਆ ਹੁੰਦਾ ਹੈ, ਪਰ ਜਿਥੇ ਜਿਥੇ ਖੋਜ-ਰੋਸ਼ਨੀ ਦਾ ਝਲਕਾਰਾ ਪੈਂਦਾ ਹੈ ਉਥੇ ਉਥੇ ਦ੍ਰਿਸ਼ ਦਿੱਸਣ (ਚੇਤਨ ਹੋਣ) ਲਗ ਪੈਂਦਾ ਹੈ।

ਫ੍ਰਾਇਡ ਅਨੁਸਾਰ ਅਚੇਤਨ ਦੇ ਦੋ ਭਾਗ ਅਵਚੇਤਨ ਤੇ ਅਚੇਤਨ-ਵਿਸ਼ੇਸ਼ ਹਨ, ਤੇ ਯੁੰਗ ਅਨੁਸਾਰ ਨਿੱਜੀ ਤੇ ਸਮੂਹਕ ਅਚੇਤਨ। ਇਹ ਦੋਵੇਂ ਸੰਕਲਪ ਇਕ ਦੂਜੇ ਦੇ ਵਿਰੋਧੀ ਨਹੀਂ, ਇਕ ਦੂਜੇ ਦੇ ਪੂਰਕ ਹਨ। ਅਸਲ ਵਿਚ ਯੁੰਗ ਦਾ ਸੰਕਲਪ ਫ੍ਰਾਇਡੀ ਸੰਕਲਪ ਦਾ ਹੀ ਅਗਲਾ ਵਿਕਾਸ ਹੈ। ਫ੍ਰਾਇਡ ਦਾ ਅਚੇਤਨ, ਯੁੰਗ ਦਾ ਨਿੱਜੀ ਅਚੇਤਨ ਹੀ ਹੈ। ਅਚੇਤਨ ਦੇ ਸਮੂਹਕ ਪੱਖ ਦੀ ਲੱਭਤ ਯੁੰਗ ਦੀ ਵਿਸ਼ੇਸ਼ ਦੇਣ ਹੈ ਅਤੇ ਇਹ ਅਚੇਤਨ ਦੇ ਸੰਕਲਪ ਨੂੰ ਮੁਕੰਮਲ ਕਰਦੀ ਹੈ।

ਇਉਂ ਇਹਨਾਂ ਦੋਹਾਂ ਮਨੋਵਿਗਿਆਨੀਆਂ ਨੇ 'ਅਚੇਤਨ' ਪਦ ਨੂੰ ਵਿਸ਼ੇਸ਼ ਪਰਿਭਾਸ਼ਕ ਅਰਥ ਦਿੱਤੇ ਹਨ ਜਿਨ੍ਹਾਂ ਮੁਤਾਬਕ ਇਹ ਮਨ ਦਾ ਉਹ ਪੱਧਰ ਹੈ ਜਿਥੇ ਸਮਾਜਕ ਤੌਰ ਤੇ ਵਿਵਰਜਿਤ ਸਾਡੀਆਂ ਇੱਛਾਵਾਂ, ਦੁਖਦਾਈ ਪ੍ਰਤੀਤ ਹੁੰਦੀਆਂ ਸਿਮਰਿਤੀਆਂ, ਜਾਂ ਵਾਤਾਵਰਣ ਵਲੋਂ ਬੇਮੁਖ ਵਿਚਾਰ ਨੂੜੇ ਰਹਿੰਦੇ ਹਨ (ਇਹ ਨਿੱਜੀ ਅਚੇਤਨ ਹੈ); ਅਤੇ ਸਾਡੀਆਂ ਪਰੰਪਰਾਗਤ ਪ੍ਰਵਿਰਤੀਆਂ ਤੇ ਜਨਮ-ਜਾਤ ਪ੍ਰੇਰਣਾਵਾਂ ਰਿਹਾਇਸ਼ ਰਖਦੀਆਂ ਹਨ (ਇਹ ਸਾਮੂਹਕ ਅਚੇਤਨ ਹੈ)।

ਇਹ ਅਚੇਤਨ ਕੋਈ ਜੜ ਵਸਤੂ ਨਹੀਂ, ਸਗੋਂ ਜੀਵੰਤ, ਤੇ ਗਤੀਸ਼ੀਲ ਗੁਣਾਂ ਦਾ ਧਾਰਨੀ ਹੈ। ਇਸ ਅੰਦਰ ਜਕੜੀਆਂ ਪਈਆਂ ਵਰਜਿਤ ਇੱਛਾਵਾਂ ਆਪਣੀ ਪੂਰਤੀ ਲਈ ਨਿਰੰਤਰ ਯਤਨਸ਼ੀਲ ਰਹਿੰਦੀਆਂ ਹਨ ਤੇ ਉਹਨਾਂ ਦੀ ਐਸੀ ਯਤਨਸ਼ੀਲਤਾ ਬੜੀ ਬਲਵਾਨ ਹੁੰਦੀ ਹੈ। ਨੀਂਦਰ ਦੇ ਅੰਧਕਾਰ ਵਿਚ ਜਦੋਂ ਚੇਤਨ ਦੀ ਚੌਕਸੀ ਘੱਟ ਜਾਂਦੀ ਹੈ ਤਾਂ ਇਹ ਦਮਿਤ ਇੱਛਾਵਾਂ ਸਾਡੇ ਸੁਪਨਿਆਂ ਅੰਦਰ ਆ ਸਾਕਾਰ ਹੁੰਦੀਆ ਹਨ। ਏਹੋ ਇੱਛਾਵਾਂ ਜਦੋਂ ਪੂਰੇ ਜ਼ੋਰ ਨਾਲ ਅਚੇਤਨ ਵਿਚੋਂ ਬਾਹਰ ਨਿਕਲਣ ਦਾ ਹੰਭਲਾ ਮਾਰਦੀਆ ਹਨ ਤਾਂ ਮਨੋਰੋਗਾਂ ਦੀਆਂ ਇਲਾਮਤਾਂ ਦਾ ਰੂਪ ਧਾਰ ਕੇ ਬਾਹਰ ਆ ਵਿਦਮਾਨ ਹੁੰਦੀਆਂ ਹਨ। ਓਦੋਂ ਇਹਨਾਂ ਦਾ ਵੇਗ ਵਿਅਕਤੀ ਵਿਸ਼ੇਸ਼ ਦੀਆਂ ਚੇਤਨ ਸ਼ਕਤੀਆਂ ਪਾਸੋਂ ਠੱਲਿਆ ਨਹੀਂ ਜਾਂਦਾ। ਇਹਨਾਂ ਸਾਰੇ ਵਿਚਾਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਅਚੇਤਨ ਵਿਚ ਹਰ ਸਮੇਂ ਕਿਰਿਆਸ਼ੀਲ ਵੇਗ ਏਧਰ ਓਧਰ ਭੱਜੇ ਫਿਰਦੇ ਹਨ ਤੇ ਆਪਣੇ ਪ੍ਰਗਟਾਵੇ ਦੇ ਮੌਕੇ ਭਾਲਦੇ ਰਹਿੰਦੇ ਹਨ।

ਚੇਤਨ ਵਿਚ ਹਰ ਵਸਤੂ ਸਲੀਕੇ ਨਾਲ ਪਈ ਮਿਲਦੀ ਹੈ। ਹਰ ਤੱਥ ਤਰਕ ਵਿਚ ਪਰੁੱਚਾ ਹੁੰਦਾ ਹੈ। ਹਰ ਗਲ ਦਲੀਲ ਨਾਲ ਸਥਾਪਿਤ ਹੋਈ ਹੁੰਦੀ ਹੈ। ਪਰ, ਅਚੇਤਨ ਵਿਚ ਐਸਾ ਕੋਈ ਸੁਘੜ ਸਲੀਕਾ ਨਹੀਂ ਵਰਤਦਾ। ਇਥੇ ਹਰੇਕ ਗੱਲ ਇਕ ਅਜੀਬ ਤਰਕਹੀਣਤਾ ਨਾਲ ਵਾਪਰਦੀ ਹੈ। ਇਥੇ ਅਰਾਜਕਤਾ ਦੀ ਪ੍ਰਧਾਨਗੀ ਹੁੰਦੀ ਹੈ। ਇਸੇ ਲਈ ਇਸ ਖੇਤਰ ਵਿਚ ਸੰਘਰਸ਼ ਹੀ ਸੰਘਰਸ਼ ਤੇ ਉਤੇਜਨਾ ਹੀ ਉਤੇਜਨਾ ਵਰਤਦੀ ਹੈ। ਇਥੇ ਇਕ ਪਾਸੇ ਮੂਲ ਪ੍ਰਵਿਰਤੀਆਂ ਦਾ ਆਪੋ ਵਿਚ ਸੰਘਰਸ਼ ਹੁੰਦਾ ਹੈ। ਜਿਵੇਂ, ਇਕ ਪ੍ਰੇਰਣਾ ਮੈਨੂੰ ਆਪਣਾ ਹੱਕ ਜਤਲਾਉਣ ਲਈ ਉਕਸਾਉਂਦੀ ਹੋਵੇ ਤੇ ਦੂਜੀ ਆਪਾ ਤਿਆਗਣ ਲਈ ਪ੍ਰੇਰਿਤ ਕਰਦੀ ਹੋਵੇ। ਦੂਜੇ ਪਾਸੇ, ਇਹਨਾਂ ਪ੍ਰਵਿਰਤੀਆਂ ਦੇ ਵੇਗ ਦਾ ਸਮਾਜਕ ਹਕੀਕਤ ਨਾਲ ਸੰਘਰਸ਼ ਹੁੰਦਾ ਹੈ। ਜਿਵੇਂ, ਲਿੰਗ ਪ੍ਰਵਿਰਤੀ ਗੁਆਂਢੀ ਦੀ ਸੁੰਦਰ ਤੀਵੀਂ ਲਈ ਮੇਰੇ ਅੰਦਰ ਕਾਮ ਚੇਸ਼ਟਾ ਜਗਾ ਸਕਦੀ ਹੈ, ਪਰ ਸਮਾਜਕ

ਨਿਯੰਤ੍ਰਣ ਐਸੇ ਰੁਝਾਣ ਨੂੰ ਵਰਜਿਤ ਠਹਿਰਾ ਕੇ ਮੇਰੇ ਅੰਦਰ ਟਕਰਾਓ ਦੀ ਸਥਿਤੀ ਪੈਦਾ ਕਰ ਸਕਦਾ ਹੈ। ਤੀਜੀ ਥਾਵੇਂ, ਇਹ ਸੰਘਰਸ਼ ਇੱਛਾਵਾਂ ਤੇ ਇੱਛਾਵਾਂ ਵਿਚਾਲੇ ਵੀ ਹੋ ਸਕਦਾ ਹੈ। ਜਿਵੇਂ, ਇਕ ਪਾਸੇ ਮੇਰੀ ਇੱਛਾ ਪੈਸਾ ਖਰਚ ਕਰਕੇ ਐਸ਼ਵਰਜ ਮਾਨਣ ਦੀ ਹੋ ਸਕਦੀ ਹੈ ਤਾਂ ਦੂਜੇ ਪਾਸੇ ਇਸੇ ਪੈਸੇ ਨੂੰ ਜੋੜੀ ਰੱਖਣ ਦੀ ਵੀ ਹੋ ਸਕਦੀ ਹੈ। ਇਉਂ ਜਾਪਦਾ ਹੈ, ਸਾਡੇ ਅਚੇਤਨ ਵਿਚ ਵਿਰੋਧੀ ਤੇ ਅਸੰਗਤ ਰੁਚੀਆਂ ਇਸੇ ਪ੍ਰਕਾਰ ਖਹਿਬੜਦੀਆਂ ਰਹਿੰਦੀਆਂ ਹਨ। ਆਮ ਤੌਰ ਤੇ ਇਹਨਾਂ ਵਿਚਾਲੇ ਸੰਘਰਸ਼ ਦੀ ਅਵਸਥਾ ਬਣੀ ਹੀ ਰਹਿੰਦੀ ਹੈ ਤੇ ਇਹਨਾਂ ਰੁਚੀਆਂ ਵਿਚੋਂ ਹਰੇਕ ਹੋਰਨਾਂ ਉਤੇ ਹਾਵੀ ਹੋਣ ਲਈ ਜਤਨਸ਼ੀਲ ਰਹਿੰਦੀ ਹੈ। ਕਦੇ ਕਦੇ, ਪਰ, ਇਹਨਾਂ ਵਿਚਾਲੇ ਮਨੇਵਾ ਵੀ ਹੋ ਸਕਦਾ ਹੈ। ਦਰ ਅਸਲ ਅਚੇਤਨ ਦਾ ਖੇਤਰ ਇਕ ਅੰਨ੍ਹੀ ਸ਼ਕਤੀ ਦਾ ਅਸੀਮ ਭੰਡਾਰ ਹੈ। ਫ੍ਰਾਇਡ ਦੇ ਮੱਤ ਅਨੁਸਾਰ ਸ਼ਕਤੀ ਦਾ ਅਸਲਾ ਸਾਡੀ ਕਾਮ ਸ਼ਕਤੀ ਹੀ ਹੈ। ਪਰ ਯੁੰਗ ਇਸ ਨੂੰ ਜੀਵ-ਸ਼ਕਤੀ ਪਰਿਭਾਸ਼ਿਤ ਕਰਦਾ ਹੈ। ਇਸ ਪਰਸਪਰ ਵਖੇਵੇਂ ਦੇ ਬਾਵਜੂਦ ਇਹ ਦੋਵੇਂ ਵਿਗਿਆਨੀ ਘੱਟੋ ਘੱਟ ਇਸ ਗੱਲੇ ਪੂਰੀ ਸਹਿਮਤੀ ਰਖਦੇ ਹਨ ਕਿ ਅਚੇਤਨ ਹੀ ਸਮੁੱਚੀ ਮਾਨਸਿਕ ਸ਼ਕਤੀ ਦਾ ਮੂਲ ਸੋਮਾ ਹੈ। ਇਹ ਸ਼ਕਤੀ ਅਚੇਤਨ ਦੇ ਖੇਤਰ ਵਿਚ ਆਜ਼ਾਦੀ ਢੰਗ ਨਾਲ ਸਥਾਨਾਂਤ੍ਰਣ ਕਰਦੀ ਭੱਜੀ ਫਿਰਦੀ ਰਹਿੰਦੀ ਹੈ। ਕਦੇ ਕਿਸੇ ਵਸਤੂ ਨੂੰ ਚਮਕਾ ਦੇਂਦੀ ਹੈ ਤੇ ਕਦੇ ਕਿਸੇ ਨੂੰ। ਪਰ ਹਰ ਹਾਲ ਆਪਣੇ ਨਿਕਾਸ ਲਈ ਜਦੋਜਹਿਦ ਕਰਦੀ ਪ੍ਰਤੀਤ ਹੁੰਦੀ ਹੈ। ਫ੍ਰਾਇਡ ਦੇ ਮੱਤ ਅਨੁਸਾਰ ਇਸ ਵਿਚ ਕਾਮ-ਅਕਾਂਖਾ ਦੀ ਪ੍ਰਮੁੱਖਤਾ ਵਰਤਦੀ ਹੈ।

ਏਥੇ ਇਹ ਸਮਝ ਲੈਣਾ ਬੜਾ ਜ਼ਰੂਰੀ ਹੈ ਕਿ ਫ੍ਰਾਇਡ ਨੇ 'ਕਾਮ' ਪਦ ਦੇ ਤੰਗ ਅਰਥ ਨਹੀਂ ਲੀਤੇ; ਸਗੋਂ ਇਸ ਸ਼ਬਦ ਨੂੰ ਬੜੇ ਹੀ ਮੋਕਲੇ ਅਰਥਾਂ ਵਿਚ ਵਰਤਿਆ। ਇਹਨਾਂ ਮੋਕਲੇ ਅਰਥਾਂ ਵਿਚ 'ਕਾਮ' ਕੇਵਲ ਸਾਧਾਰਨ ਮਰਦ ਤੀਵੀਂ ਵਿਚਲੀ ਕਾਮ ਰੁਚੀ ਨਹੀਂ, ਸਗੋਂ ਇਸ ਵਿਚ ਪਰਿਵਾਰਿਕ ਪ੍ਰੇਮ ਵੀ ਸ਼ਾਮਿਲ ਹੈ, ਮਾਂ ਦੀ ਮਮਤਾ ਵੀ, ਬੱਚੇ ਦਾ ਦੁੱਧ ਚੁੰਘਣਾ ਵੀ ਤੇ ਮੱਲ-ਮੂਤ ਕਰਨਾ ਵੀ, ਪਰਮੇਸ਼ਰ ਦੀ ਭਗਤੀ ਵੀ ਤੇ ਦੇਸ਼-ਭਗਤੀ ਵੀ, ਕਲਾਤਮਕ ਰੁਚੀ ਵੀ ਤੇ ਮਾਨਵੀ ਮਿਤ੍ਰਤਾ ਵੀ। ਇਹ ਸਾਰਾ ਕੁਝ ਤੇ ਹੋਰ ਵੀ ਕਈ ਕੁਝ ਏਹੋ ਜਿਹਾ ਇਸ ਸ਼ਬਦ ਦੇ ਘੇਰੇ ਵਿਚ, ਫ੍ਰਾਇਡੀ ਮੱਤ ਅਨੁਸਾਰ, ਸਮਝਿਆ ਗਿਆ ਹੈ। ਇਹਨਾਂ ਵਿਸਤ੍ਰਿਤ ਅਰਥਾਂ ਵਿਚ ਫ੍ਰਾਇਡੀ 'ਕਾਮ-ਸ਼ਕਤੀ' ਤੇ ਯੁੰਗ ਦੀ 'ਜੀਵ-ਸ਼ਕਤੀ' ਵਿਚ ਬੜਾ ਥੋੜਾ ਅੰਤਰ ਹੀ ਰਹਿ ਗਿਆ ਜਾਪਦਾ ਹੈ। ਫਿਰ ਵੀ, ਉਹਨਾਂ ਦੋਨਾਂ ਦੀ ਦ੍ਰਿਸ਼ਟੀ ਵਿਚਾਲੇ ਇਕ ਬੁਨਿਆਦੀ ਅੰਤਰ ਮੌਜੂਦ ਹੈ। ਫ੍ਰਾਇਡ ਅਨੁਸਾਰ ਕਾਮ-ਸ਼ਕਤੀ ਉਹ ਮੌਲਿਕ ਸੱਤਾ ਹੈ ਜਿਸ ਦਾ ਉਪਰੋਕਤ ਸਭ ਕਿਰਿਆਵਾਂ ਵਿਚ ਚਮਤਕਾਰ ਹੈ। ਇਹ ਸੰਕਲਪ 'ਕਾਮ' ਨਾਲੋਂ 'ਪਿਆਰ' ਦੇ ਵਧੇਰੇ ਨੇੜੇ ਜਾਪਦਾ ਹੈ। ਪਰ ਯੁੰਗ ਅਨੁਸਾਰ 'ਜੀਵ-ਸ਼ਕਤੀ' ਦਾ 'ਕਾਮ-ਸ਼ਕਤੀ' ਤੋਂ ਭਿੰਨ ਸਰੂਪ ਹੈ। ਕਾਮ-ਸ਼ਕਤੀ ਦਾ ਵਿਸਤ੍ਰਿਤ ਤੋਂ ਵਿਸਤ੍ਰਿਤ ਅਰਥ ਵੀ ਜੀਵ-ਸ਼ਕਤੀ ਦੇ ਸੰਕਲਪ ਨੂੰ ਆਪਣੇ ਘੇਰੇ ਵਿਚ ਨਹੀਂ ਲਿਆ ਸਕਦਾ। ਵੇਖਿਆ ਜਾਵੇ ਤਾਂ ਫ੍ਰਾਇਡ ਲਗਭਗ ਹਰ ਇੱਛਾ ਤੇ ਆਕਾਂਖਿਆ

ਨੂੰ ਕਾਮ-ਸ਼ਕਤੀ ਤੋਂ ਹੀ ਪ੍ਰੇਰਿਤ ਮੰਨਦਾ ਹੈ। ਉਸ ਦੀ ਨਜ਼ਰ ਵਿਚ ਤਾਂ ਜਦੋਂ ਕੋਈ ਬਾਲਕ ਕਿਸੇ ਸ਼ੈ ਨੂੰ ਫੜ ਕੇ ਆਪਣੇ ਮੂੰਹ ਨਾਲ ਚੂਸਦਾ ਹੈ ਤਾਂ ਵੀ ਉਹ ਕਾਮ-ਇੱਛਾ ਦੀ ਪੂਰਤੀ ਹੀ ਕਰ ਰਿਹਾ ਹੁੰਦਾ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਵੱਡੇ ਇਸਤ੍ਰੀ ਪੁਰਸ਼ ਭੋਗ ਰਾਹੀਂ ਇਸ ਇੱਛਾ ਦੀ ਪੂਰਤੀ ਕਰਦੇ ਹਨ। ਫ੍ਰਾਇਡ ਦੇ ਕੁਝ ਆਲੋਚਕਾਂ ਨੇ ਅਵੱਸ਼ ਇਹ ਆਲੋਚਨਾ ਕੀਤੀ ਹੈ ਕਿ 'ਕਾਮ' ਤਾਂ ਫ੍ਰਾਇਡ ਦੀ ਦ੍ਰਿਸ਼ਟੀ ਵਿਚ ਵਸਦਾ ਸੀ। ਇਸ ਲਈ ਜਿਸ ਮਾਨਵੀ ਪ੍ਰਕਿਰਿਆ ਤੇ ਵੀ ਉਹ ਨਜ਼ਰ ਸੁੱਟਦਾ, ਉਥੇ ਹੀ ਕਾਮ ਵਰਤਦਾ ਉਸ ਨੂੰ ਦਿਸ ਆਉਂਦਾ ਸੀ।

ਫਿਰ ਵੀ ਇਹ ਤਾਂ ਜਾਪਦਾ ਹੀ ਹੈ ਕਿ ਅਚੇਤਨ ਵਿਚ ਭਲੇ-ਬੁਰੇ ਦਾ ਬਿਬੇਕ ਤੇ ਗਿਆਨ ਨਹੀਂ ਹੁੰਦਾ। ਚੇਤਨ ਮਨ ਸਮਾਜਿਕ ਰੋਕਾਂ-ਬੰਧਨਾਂ ਨੂੰ ਤਸਲੀਮ ਕਰਦਾ ਤੇ ਸਦਾਚਾਰਕ ਆਦਰਸ਼ਾਂ ਨੂੰ ਪ੍ਰਵਾਨਦਾ ਹੈ। ਇਹ ਬਾਹਰਲੀ ਹਕੀਕਤ ਦੀਆਂ ਮੰਗਾਂ-ਤਲਬਾਂ ਨੂੰ ਵੀ ਧਿਆਨ ਵਿਚ ਰਖਦਾ ਹੈ। ਇਸ ਲਈ ਸਦਾਚਾਰਕ ਨਿਯੰਤ੍ਰਣ ਵਿਚ ਰਹਿਣਾ ਉਚਿਤ ਸਮਝਦਾ ਹੈ। ਪਰ ਅਚੇਤਨ ਇਹਨਾਂ ਸਭ ਬੰਧਨਾਂ ਤੋਂ ਬੇਨਿਆਜ਼ ਹੁੰਦਾ ਹੈ। ਬਾਹਰਲੇ ਵਾਤਾਵਰਣ ਨਾਲ ਉਸ ਦਾ ਕੋਈ ਸਿੱਧਾ ਸੰਪਰਕ ਨਹੀਂ ਹੁੰਦਾ। ਇਸ ਲਈ ਉਹ ਬਾਹਰਲੀ ਹਕੀਕਤ ਦੀਆਂ ਮੰਗਾਂ ਤੋਂ ਵੀ ਅਭਿੱਜ ਰਹਿੰਦਾ ਹੈ। ਉਹ ਆਪਣੀਆਂ ਇੱਛਾਵਾਂ ਤੇ ਰੁਚੀਆਂ ਦੀ ਤਤਕਾਲੀ ਪੂਰਤੀ ਲੋਚਦਾ ਹੈ। ਇਸ ਲਈ ਉਹ ਕਿਸੇ ਸਦਾਚਾਰਕ ਆਦਰਸ਼ ਨੂੰ ਨਹੀਂ ਸਿਆਣਦਾ ਤੇ ਨਾ ਹੀ ਸਮਾਜਿਕ ਰੋਕਾਂ-ਬੰਧਨਾਂ ਨੂੰ ਮਨਜ਼ੂਰ ਕਰਦਾ ਹੈ। ਉਹ ਤਾਂ ਵਾਸ਼ਨਾਵਾਂ ਦੀ ਤੁਰੰਤ ਤ੍ਰਿਪਤੀ ਵਿਚ ਵਿਸ਼ਵਾਸ਼ ਰਖਦਾ ਹੈ ਤੇ ਕਿਸੇ ਵੀ ਤਰ੍ਹਾਂ ਇਸ ਨੂੰ ਪ੍ਰਾਪਤ ਕਰਨ ਲਈ ਜਤਨਸ਼ੀਲ ਰਹਿੰਦਾ ਹੈ। ਐਸੀ ਤ੍ਰਿਪਤੀ ਵਿਚੋਂ ਪ੍ਰਾਪਤ ਹੋਣ ਵਾਲੇ ਸੁੱਖ ਨੂੰ ਮੁਲਤਵੀ ਕਰਨ ਦੇ ਉਹ ਕਿਸੇ ਹਾਲ ਵੀ ਹੱਕ ਵਿਚ ਨਹੀਂ ਹੁੰਦਾ। ਸੁੱਖਾਂ ਦੀ ਪ੍ਰਾਪਤੀ ਤੇ ਦੁੱਖਾਂ ਦੀ ਨਿਵਿਰਤੀ ਹੀ ਇਸ ਦਾ ਨੇਮ ਹੈ ਤੇ ਇਹ ਸਦਾ ਆਪਣੇ ਨੇਮ ਉਪਰ ਚਲਦਾ ਪ੍ਰਤੀਤ ਹੁੰਦਾ ਹੈ। ਇਹ ਇਕ ਬੁਨਿਆਦੀ ਅੰਤਰ ਹੈ ਕਿ ਜਿੱਥੇ ਚੇਤਨ, ਵਾਸਤਵਿਕਤਾ ਦੇ ਨੇਮ ਵਿਚ ਬੱਝਾ ਹੋਇਆ ਸਦਾ ਬਾਹਰਲੀ ਹਕੀਕਤ ਤੇ ਸਮਾਜਿਕ ਪ੍ਰਸਥਿਤੀ ਤੋਂ ਪ੍ਰਭਾਵਿਤ ਹੁੰਦਾ ਹੈ, ਉਥੇ ਅਚੇਤਨ, ਸੁੱਖ-ਪ੍ਰਾਪਤੀ ਦੇ ਨੇਮ ਵਿਚ ਬੱਝਾ ਆਪਣੀਆ ਅੰਤ੍ਰੀਵ ਰੁਚੀਆਂ ਤੇ ਲਾਲਸਾਵਾਂ ਦੀ ਤਤਕਾਲੀ ਤ੍ਰਿਪਤੀ ਲਈ ਵਾਹ ਲਗਾਂਦਾ ਹੈ।

ਅਚੇਤਨ ਵਿਚ ਸਾਡੀਆਂ ਮੂਲ-ਪ੍ਰਵਿਰਤੀਆਂ ਹੁੰਦੀਆਂ ਹਨ। ਇਹੋ ਆਪਣੀ ਤਤਕਾਲੀ ਪੂਰਤੀ ਮੰਗਦੀਆਂ ਹਨ। ਪਰ, ਬਾਹਰਲੀ ਹਕੀਕਤ ਕਾਰਨ ਜਾਂ ਸਮਾਜਿਕ ਬੰਧਨਾਂ ਕਾਰਨ ਇਹਨਾਂ ਦੀ ਤਤਕਾਲ ਪੂਰਤੀ ਸਦਾ ਸੰਭਵ ਨਹੀਂ ਹੁੰਦੀ। ਉਸ ਹਾਲਤ ਵਿਚ ਇਹ ਅਚੇਤਨ ਵਿਚ ਹੀ ਮੁੜ ਦੱਬੀਆਂ ਜਾਂਦੀਆਂ ਹਨ। ਦਮਨ ਕੀਤੀਆਂ ਗਈਆਂ ਇਹਨਾਂ ਇੱਛਾਵਾਂ ਤੇ ਪ੍ਰਵਿਰਤੀਆਂ ਦਾ ਰੂਪ ਸਭਯ ਵਿਹਾਰ ਤੋਂ ਅਭਿੱਜ, ਆਦਿਕਾਲੀ ਜਾਂ ਜਾਂਗਲੀ ਮੁਹਾਂਦੁਰੇ ਵਾਲਾ ਹੁੰਦਾ ਹੈ। ਇਹਨਾਂ ਪਾਸ ਨ ਤਾਂ ਚੰਗੇ ਬੁਰੇ ਦੀ ਪਛਾਣ ਹੁੰਦੀ ਹੈ ਨ ਉਚਿਤ ਅਨੁਚਿਤ ਦੀ ਤਮੀਜ਼। ਨਾ ਹੀ ਸਮੇ ਕੁਸਮੇ ਨੂੰ ਪਛਾਣਨ ਦਾ ਇਹਨਾਂ ਪਾਸ ਬਿਬੇਕ ਹੀ ਹੁੰਦਾ ਹੈ। ਇਹ ਤਾਂ, ਸਗੋਂ ਬੱਚਿਆਂ ਵਾਂਗ ਜ਼ਿੱਦਲ ਤੇ ਹੱਠੀ ਹੁੰਦੀਆਂ ਹਨ, ਤੇ ਮੁੜ ਮੁੜ ਆਪਣੀ ਪੂਰਤੀ ਲਈ ਬਾਲ-ਹੱਠ

ਵਰਗੀ ਜ਼ਿਦ ਹੀ ਕਰਦੀਆਂ ਰਹਿੰਦੀਆਂ ਹਨ। ਕਦੇ ਕਦੇ ਇਹ ਮੂਲ ਪ੍ਰਵਿਰਤੀਆਂ ਅਚੇਤਨ ਵਿਚੋਂ ਚੇਤਨ ਵਿਚ ਵੀ ਆ ਪ੍ਰਵੇਸ਼ ਕਰਦੀਆਂ ਹਨ ਪਰ ਓਦੋਂ ਇਹ ਕੋਈ ਸੁਘੜ, ਸਭਯ ਤੇ ਕਬੂਲਣ ਜੋਗ ਉੱਦਾਤ ਰੂਪ ਧਾਰ ਕੇ ਹੀ ਪ੍ਰਗਟ ਹੁੰਦੀਆਂ ਹਨ। ਮਿਸਾਲ ਦੇ ਤੌਰ ਤੇ ਜਿਵੇਂ ਕਾਮ ਰੁਚੀ ਨ੍ਰਿਤ ਦਾ ਰੂਪ ਧਾਰਨ ਕਰ ਲਵੇ ਜਾਂ ਮੀਰਾ ਦੇ ਭਜਨਾਂ ਦਾ। ਐਸੇ ਰੂਪ ਵਿਚ ਸਮਾਜ ਨੂੰ ਪ੍ਰਵਾਣ ਹੋਣ ਕਾਰਨ ਇਸ ਪ੍ਰਵਿਰਤੀ ਨੂੰ ਇਹ ਤੌਖਲਾ ਨਹੀਂ ਵਾਪਰਦਾ ਕਿ ਉਸ ਨੂੰ ਚੇਤਨ ਵਿਚੋਂ ਦੇਸ ਬਦਰ ਕਰਕੇ ਮੁੜ ਅਚੇਤਨ ਵਿਚ ਦਬਾ ਦਿੱਤਾ ਜਾਵੇਗਾ।

ਅਚੇਤਨ ਵਿਚਲੇ ਵਿਚਾਰ 'ਆਦਿਮ-ਪ੍ਰਕਿਰਿਆਵੀ ਸੋਚ' ਅਨੁਸਾਰ ਵਾਪਰਦੇ ਹਨ। ਇਸ ਪ੍ਰਕਾਰ ਦੀ ਸੋਚਣੀ ਦਾ ਮੁੱਖ ਉਦੇਸ਼ ਵੀ ਇੱਛਾਵਾਂ ਦੀ ਪੂਰਤੀ ਤੇ ਮੂਲ ਪ੍ਰਵਿਰਤੀਆਂ ਦੀ ਸੰਤੁਸ਼ਟੀ ਹੀ ਹੁੰਦਾ ਹੈ। ਅਚੇਤਨ ਵਿਚ ਯਾਦਾਂ ਆਪਣੇ ਸ਼ਾਬਦਿਕ ਰੂਪ ਨਾਲੋਂ ਨਿਖੜ ਜਾਂਦੀਆਂ ਹਨ ਤੇ ਦਿਸ਼ਾਹੀਣ ਅੰਧਕਾਰ ਜਹੇ ਵਿਚ ਭਟਕਦੀਆਂ ਫਿਰਦੀਆਂ ਹਨ। ਪਰ ਜੇਕਰ (ਮਨੋਵਿਸ਼ਲੇਸ਼ਣ ਦੌਰਾਨ) ਇਹਨਾਂ ਯਾਦਾਂ ਦੇ ਵਿਸਿਮਰਿਤ ਸੰਸਕਾਰਾਂ ਨੂੰ ਮੁੜ ਉਚਿਤ ਸ਼ਬਦਾਂ ਦਾ ਸੰਕੇਤ ਪ੍ਰਾਪਤ ਹੋ ਜਾਵੇ ਤਾਂ ਇਹ ਦੁਬਾਰੇ ਚੇਤਨ ਵਿਚ ਉਜਾਗਰ ਹੋ ਸਕਦੀਆਂ ਹਨ।

ਚੇਤਨ ਆਪਣਾ ਪ੍ਰਗਟਾਵਾ ਬੋਲੀ ਰਾਹੀਂ ਕਰਦਾ ਹੈ। ਇਸ ਦੇ ਉਲਟ ਅਚੇਤਨ ਦਾ ਪ੍ਰਗਟਾਵਾ ਸ਼ਬਦਾਂ ਦੀ ਥਾਂ ਗਤੀਸ਼ੀਲ ਬਿੰਬਾਂ ਰਾਹੀਂ ਹੁੰਦਾ ਹੈ। ਸੁਪਨਿਆਂ ਵਿਚ ਅਸੀਂ ਨਿੱਤ ਵੇਖਦੇ ਹਾਂ ਕਿ ਦਮਿਤ ਸਿਮਰਿਤੀਆਂ ਅਤਿ ਨਾਟਕੀ ਢੰਗ ਨਾਲ ਗਤੀਸ਼ੀਲ ਬਿੰਬਾਂ ਦਾ ਰੂਪ ਧਾਰ ਸਾਕਾਰ ਆ ਹੁੰਦੀਆਂ ਹਨ। ਮਨੋਰੋਗਾਂ ਦੇ ਚਿੰਨ੍ਹ ਵੀ (ਜਿਨ੍ਹਾਂ ਰਾਹੀਂ ਦਮਿਤ ਇੱਛਾਵਾਂ ਤੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ) ਕਿਰਿਆਸ਼ੀਲ ਰੂਪ ਵਾਲੇ ਹੀ ਹੁੰਦੇ ਹਨ। ਕਿਰਿਆਤਮਕਤਾ ਹੀ ਅਚੇਤਨ ਦੀ ਬੋਲੀ ਹੈ ਤੇ ਇਹ ਕਿਰਿਆਤਮਕਤਾ ਆਮ ਤੌਰ ਤੇ ਬਿੰਬਾਂ-ਸੰਕੇਤਾਂ ਦੇ ਰੂਪ ਵਿਚ ਹੀ ਪ੍ਰਗਟ ਹੁੰਦੀ ਹੈ*। ਇਸ ਪੱਖੋਂ ਸਾਹਿਤ ਅਤੇ ਕਲਾ ਸਿਰਜਨਾ ਵਿਚ ਵੀ ਅਚੇਤਨ ਦਾ ਆਪਣਾ ਸੀਰ ਹੁੰਦਾ ਹੈ। ਅਚੇਤਨ ਦੇ ਇਸ ਭਾਗ ਕਰਕੇ ਹੀ ਕਲਾਕਾਰ ਜਾਂ ਕਵੀ ਨੂੰ ਆਪਣੀ ਸਿਰਜਨਾ ਉਪਰ ਬੜੀ ਵਾਰ ਆਪ ਹੀ ਹੈਰਾਨੀ ਹੁੰਦੀ ਹੈ। ਉਸ ਦਾ ਸਾਧਾਰਨ (ਚੇਤਨ) ਜੀਵਨ ਉਸ ਪੱਧਰ ਦਾ ਨਹੀਂ ਹੁੰਦਾ ਜਿਸ ਪੱਧਰ ਦਾ ਉਸ ਦਾ ਰਚਨਾਤਮਕ (ਅਚੇਤਨ) ਜੀਵਨ ਹੁੰਦਾ ਹੈ। ਪਰ ਕਵੀ ਜਾਂ ਕਲਾਕਾਰ ਕੇਵਲ ਉਹੋ ਹੀ ਵਿਅਕਤੀ ਹੋ ਸਕਦਾ ਹੈ ਜਿਸ ਦਾ ਅਚੇਤਨ ਰਚਨਾਤਮਕ ਹੋਵੇ।

ਇਕ ਹੋਰ ਗੱਲ ਜੋ ਅਚੇਤਨ ਦੇ ਸੁਭਾਅ ਦੀ ਬੜੀ ਵਿਚਿੱਤਰ ਹੈ ਉਹ ਇਹ ਹੈ ਕਿ ਇਹ ਸਮੇ ਤੇ ਸਥਾਨ ਦਾ ਬਿਲਕੁਲ ਧਿਆਨ ਨਹੀਂ ਕਰਦਾ। ਇਸ ਵਿਚ ਵਿਚਾਰਾਂ ਤੇ ਭਾਵਨਾਵਾਂ ਨੂੰ ਭੂਤ, ਭਵਿੱਖ ਤੇ ਵਰਤਮਾਨ ਦਾ ਨਿਖੇੜਾ ਪ੍ਰਾਪਤ ਨਹੀਂ ਹੁੰਦਾ। ਇਹ ਤਿੰਨੇ ਕਾਲ ਬੜੀ ਵਾਰ ਰਲਗੱਡ ਮਿਲਦੇ ਹਨ। ਇਥੇ ਕਈ ਵਾਰੀ ਇਕ ਕਾਲ ਬਦਲ ਕੇ ਝੱਟ ਦੂਜਾ ਕਾਲ ਵੀ ਬਣ

*ਅਚੇਤਨ ਦੀ ਕਲਾਤਮਿਕਤਾ ਬਾਰੇ ਅਸੀਂ ਵਿਸਥਾਰ ਨਾਲ ਅੱਗੇ ਚਲ ਕੇ ਵਿਚਾਰ ਕਰਾਂਗੇ।

ਜਾਂਦਾ ਹੈ। ਸੁਪਨਿਆਂ ਵਿਚ ਕਈ ਵਾਰੀ ਤੁਸਾਂ ਵੇਖਿਆ ਹੋਣਾ ਹੈ ਕਿ ਭਵਿੱਖ ਦੀਆਂ ਚਿੰਤਾਵਾਂ ਹਾਲ ਦੀਆਂ ਘਟਨਾਵਾਂ ਬਣ ਕੇ ਆ ਵਿਦਮਾਨ ਹੁੰਦੀਆਂ ਹਨ। ਗੁਜ਼ਰੇ ਹੋਏ ਸਮੇਂ ਦੀਆਂ ਗੱਲਾਂ ਬੜੀ ਵਾਰ ਆਉਂਦੇ ਸਮੇ ਦੀਆਂ ਸੰਭਾਵਨਾਵਾਂ ਹੋ ਕੇ ਟਕਰਦੀਆਂ ਹਨ। ਕਈ ਵਾਰੀ ਇਕੋ ਘਟਨਾ ਇੱਕੋ ਵੇਲੇ ਵਾਪਰੀ ਹੋਈ, ਵਾਪਰਦੀ ਪਈ ਤੇ ਵਾਪਰਨ ਵਾਲੀ ਵੀ ਜਾਪਦੀ ਹੈ। ਇਸ ਹਾਲਤ ਵਿਚ ਸਮੇ ਦਾ ਸੰਘਣਨ *(ਕਾਂਡੈਨਸੇਸ਼ਨ)* ਹੋਇਆ ਪ੍ਰਤੀਤ ਹੁੰਦਾ ਹੈ। ਇਵੇਂ ਹੀ ਕਈ ਵਾਰ ਥਾਵਾਂ ਦਾ ਵੀ ਸੰਘਣਨ ਹੋ ਜਾਂਦਾ ਹੈ। ਕੋਈ ਘਟਨਾ ਜੋ ਹੁਣੇ ਬਾਜ਼ਾਰ ਵਿਚ ਹੋ ਰਹੀ ਜਾਪਦੀ ਸੀ, ਹੁਣੇ ਘਰ ਵਿਚ ਵਰਤ ਰਹੀ ਪ੍ਰਤੀਤ ਹੋਣ ਲਗਦੀ ਹੈ। ਕਈ ਵਾਰ ਕਿਸੇ ਘਟਨਾ ਦੇ ਖੇਤਰ ਇੱਕੋ ਵੇਲੇ ਇਕ ਤੋਂ ਵਧੀਕ ਸ਼ਹਿਰਾਂ ਵਿਚ ਵਾਪਰ ਰਿਹਾ ਲਗਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਅਚੇਤਨ ਦੇਸ ਤੇ ਕਾਲ ਦੇ ਬੰਧਨਾਂ ਤੋਂ ਨਿਆਰਾ ਹੁੰਦਾ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਗਿਆ ਹੋਵੇਗਾ ਕਿ ਭਾਵੇਂ ਚੇਤਨ ਤੇ ਅਚੇਤਨ ਇੱਕੋ ਮਨ ਦੀਆਂ ਦੋ ਅਵਸਥਾਵਾਂ ਹਨ, ਇਹਨਾਂ ਦੇ ਸੁਭਾਅ ਤੇ ਗੁਣ ਵੱਖੋ ਵੱਖਰੇ ਹਨ। ਭਾਵੇਂ ਅਚੇਤਨ ਦੀਆਂ, ਪੁਰਾਤਨ ਦਰਸ਼ਨਿਕਾਂ ਨੇ, ਕਈ ਪਰਿਭਾਸ਼ਾਵਾਂ ਕੀਤੀਆਂ ਹਨ, ਅਸੀਂ ਆਧੁਨਿਕ ਮਨੋਵਿਗਿਆਨੀਆਂ ਦੁਆਰਾ ਸਿੱਧ ਕੀਤੇ ਜਿਸ ਅਚੇਤਨ ਦੀ ਗਲ ਕਰ ਰਹੇ ਹਾਂ, ਉਹ ਇਕ ਵਿਸ਼ੇਸ਼ ਮਨੋਵਿਗਿਆਨਕ ਹੋਂਦ ਹੈ ਜੋ ਦਮਿਤ ਵਿਸਿਮਰਿਤੀਆਂ ਤੇ ਇੱਛਾਵਾਂ ਦਾ ਕਿਰਿਆਸ਼ੀਲ ਅਖਾੜਾ ਹੈ। ਇਥੇ ਅਰਾਜਕਤਾ ਪ੍ਰਧਾਨ ਹੈ ਤੇ ਵਾਸਤਵਿਕਤਾ ਦੇ ਨੇਮ ਦੀ ਥਾਂ ਦੁੱਖ-ਸੁੱਖ ਦਾ ਨੇਮ ਪਾਲਿਆ ਜਾਂਦਾ ਹੈ। ਇਥੇ ਹਰ ਪ੍ਰਵਿਰਤੀ ਆਪਣੀ ਤਤਕਾਲ ਪੂਰਤੀ ਲਈ ਜਤਨਸ਼ੀਲ ਰਹਿੰਦੀ ਹੈ। ਦੇਸ ਕਾਲ ਦੇ ਬੰਧਨ ਏਥੇ ਕੋਈ ਮਹੱਤਾ ਨਹੀਂ ਰੱਖਦੇ, ਤੇ ਹਰ ਘਟਨਾ ਤਰਕ ਹੀਣ, ਉਚਿਤ-ਅਨੁਚਿਤ ਦੀ ਤਮੀਜ਼ ਤੋਂ ਨਾਬਰ, ਬਾਹਰਲੇ ਅਸਰਾਂ ਤੋਂ ਅਭਿੱਜ ਹੋ ਕੇ ਵਰਤਦੀ ਹੈ। ਅਜਿਹਾ ਮਾਨਸਿਕ ਪੱਧਰ, ਜਿਥੋਂ ਦੀ ਬੋਲੀ ਕਿਰਿਆਸ਼ੀਲ ਬਿੰਬਾਵਲੀ ਹੈ, ਤੇ ਜੋ ਕਦੇ ਕਦੇ ਉੱਦਾਤ ਰੂਪ ਵਿਚ ਚੇਤਨ ਵਿਚ ਪ੍ਰਗਟ ਹੁੰਦਾ ਹੈ ਅਜੋਕੀ ਮਨੋਵਿਗਿਆਨਕ ਭਾਸ਼ਾਵਲੀ ਵਿਚ ਅਚੇਤਨ ਅਖਵਾਉਂਦਾ ਹੈ।

# 4.
# ਮਨੁੱਖੀ ਸ਼ਖ਼ਸੀਅਤ ਦੇ ਤਿੰਨ ਪੱਖ

ਅਸਾਂ ਹੁਣ ਤਕ ਅਚੇਤਨ ਬਾਰੇ ਜੋ ਕੁਝ ਵਿਚਾਰਿਆ ਹੈ ਉਸ ਤੋਂ ਸਿੱਧ ਹੁੰਦਾ ਹੈ ਕਿ ਇਹ ਮਨੁੱਖੀ ਮਨ ਦਾ ਇਕ ਵੱਡਾ ਤੇ ਮਹੱਤਵਪੂਰਨ ਭਾਗ ਹੈ। ਇਸ ਤੋਂ ਇਹ ਅਨੁਮਾਨ ਵੀ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਮਨੁੱਖੀ ਸ਼ਖ਼ਸੀਅਤ ਵਿਚ ਵੀ ਅਚੇਤਨ ਦਾ ਬੜਾ ਵੱਡਾ ਦਖ਼ਲ ਹੋਵੇਗਾ।

ਫ਼੍ਰਾਇਡ ਦੀ ਕੀਤੀ ਵਿਆਖਿਆ ਅਨੁਸਾਰ ਮਨੁੱਖੀ ਸ਼ਖ਼ਸੀਅਤ ਦੇ ਤਿੰਨ ਪੱਖ ਹਨ : ਇੱਦ,ਹਉਂ, ਤੇ ਪਰਾਹਉਂ। ਇਹਨਾਂ ਵਿਚੋਂ ਇੱਦ ਨੂੰ ਤਾਂ ਉਹ ਨਿਰੋਲ ਅਚੇਤਨ ਹੀ ਪਰਵਾਨਦਾ ਹੈ ਤੇ ਰਹਿੰਦੇ ਦੋ ਪੱਖਾਂ ਨੂੰ ਵੀ ਅਚੇਤਨ ਵਿਚੋਂ ਹੀ ਵਿਗਸਿਆ ਮੰਨਦਾ ਹੈ।

**ਇੱਦ –**

'ਇੱਦ' ਮਨੁੱਖੀ ਸ਼ਖ਼ਸੀਅਤ ਦਾ ਉਹ ਭਾਗ ਹੈ ਜਿਸ ਨੂੰ ਉਸ ਦਾ ਮੁਢਲਾ ਖ਼ਾਸਾ ਮੰਨਿਆ ਜਾ ਸਕਦਾ ਹੈ। ਮਨੁੱਖ ਦੀਆਂ ਆਦਿਮ ਪ੍ਰਵਿਰਤੀਆਂ ਇਸੇ ਵਿਚ ਵਸਦੀਆਂ ਹਨ। ਅੰਦਰੋਂ ਉਠੀ ਜਾਂ ਬਾਹਰੋਂ ਮਿਲੀ ਉਤੇਜਨਾ ਸਦਕੇ ਵਿਅਕਤੀ ਦੇ ਅੰਦਰ ਤਣਾਅ ਪੈਦਾ ਹੁੰਦੇ ਹਨ। ਇਨ੍ਹਾਂ ਤਣਾਆਂ ਨੂੰ ਦੂਰ ਕਰਨ ਜਾਂ ਇਨ੍ਹਾਂ ਦਾ ਜ਼ੋਰ ਘਟਾਉਣ ਦਾ ਜਤਨ ਹੀ ਇੱਦ ਦੀ ਮੁਖ ਪ੍ਰਕਿਰਿਆ ਹੈ। ਤਣਾਅ, ਦੁੱਖ ਦਾ ਅਹਿਸਾਸ ਪੈਦਾ ਕਰਦੇ ਹਨ, ਤੇ ਇਹਨਾਂ ਦੀ ਨਿਵਿਰਤੀ ਸੁਖ ਦਾ ਅਹਿਸਾਸ ਪੈਦਾ ਕਰਦੀ ਹੈ। ਇੱਦ, ਦੁਖ-ਨਿਵਿਰਤੀ ਜਾਂ ਸੁਖ-ਪ੍ਰਾਪਤੀ ਦੇ ਨੇਮ ਅਨੁਸਾਰ ਹੀ ਆਪਣੀ ਕਿਰਿਆ ਸਾਧਦੀ ਹੈ।

ਜਿਨ੍ਹਾਂ ਤਣਾਵਾਂ ਦੀ ਅਸਾਂ ਗੱਲ ਕੀਤੀ ਹੈ, ਭੁੱਖ ਉਹਨਾਂ ਦੀ ਇਕ ਮਿਸਾਲ ਹੈ। ਬੱਚੇ ਨੂੰ ਜਦ ਭੁੱਖ ਲਗਦੀ ਹੈ ਤਾਂ ਉਸ ਦੇ ਤਣਾਅ ਬੱਚੇ ਨੂੰ ਔਖਿਆਂ ਕਰਦੇ ਹਨ। ਤਦੇ ਉਹ ਰੋਂਦਾ ਹੈ। ਜਦੋਂ ਤਕ ਬੱਚੇ ਨੂੰ ਦੁੱਧ ਨਾ ਮਿਲੇ ਇਹ ਤਣਾਅ ਬਣੇ ਰਹਿੰਦੇ ਹਨ ਤੇ ਬੱਚਾ ਰੋ ਰੋ ਕੇ ਨਿਢਾਲ ਹੋਈ ਜਾਂਦਾ ਹੈ। ਜਿੱਚਰ ਉਸ ਨੂੰ ਦੁੱਧ ਨਾ ਮਿਲੇ ਉਸ ਅੰਦਰ ਬੇਵੱਸ ਨਿਰਾਸਤਾ ਦਾ ਅਹਿਸਾਸ ਬਣਿਆ ਰਹਿੰਦਾ ਹੈ। ਬੇਵੱਸੀ ਦੇ ਅਜਿਹੇ ਅਹਿਸਾਸਾਂ ਰਾਹੀਂ ਹੀ ਇੱਦ ਦਾ ਵਿਗਾਸ ਹੁੰਦਾ ਹੈ।

ਭੁੱਖ ਤੋਂ ਪੈਦਾ ਹੋਇਆ ਤਣਾਅ ਭੋਜਨ ਨਾਲ ਹੀ ਮਿਟਦਾ ਹੈ। ਪਰ ਭੋਜਨ ਦੀ ਪ੍ਰਾਪਤੀ ਇੱਦ ਦੇ ਅਖ਼ਤਿਆਰ ਵਿਚ ਨਹੀਂ ਹੁੰਦੀ। ਇਸ ਬੇਵੱਸੀ ਕਾਰਨ, ਇੱਦ, ਭੋਜਨ ਦੀ ਥਾਂ ਭੋਜਨ ਦੀ ਸਿਮਰਿਤੀ ਨਾਲ ਤਸੱਲੀ ਕਰਨ ਲੱਗਦੀ ਹੈ, ਤੇ ਭੋਜਨ ਦੇ ਸਿਮਰਿਤੀ-ਬਿੰਬ ਨਾਲ ਹੀ ਭੁੱਖ ਦੇ ਤਣਾਅ ਦੀ ਨਿਵਿਰਤੀ ਕਰਨ ਦਾ ਜਤਨ ਕਰਦੀ ਹੈ। ਇਉਂ ਇੱਦ ਪਦਾਰਥਾਂ ਦੀ ਥਾਂ ਉਹਨਾਂ

ਦੇ ਸਿਮਰਿਤੀ-ਬਿੰਬ ਜਗਾ ਕੇ ਇਕ ਤਰ੍ਹਾਂ ਦੀ ਸੰਤੁਸ਼ਟੀ ਪ੍ਰਾਪਤ ਕਰਦੀ ਹੈ। ਇੱਦ ਦੀ ਇਸੇ ਪ੍ਰਕਿਰਿਆ ਕਾਰਨ ਭੁੱਖੇ ਮਨੁੱਖ ਨੂੰ ਭੋਜਨ ਦੇ ਸੁਪਨੇ ਆਉਂਦੇ ਹਨ, ਤੇ ਕਾਮ-ਉਤੇਜਿਤ ਬੰਦੇ ਨੂੰ ਕਾਮ-ਕ੍ਰਿਆ ਦੇ। ਇਸੇ ਤੋਂ ਹੀ ਫ੍ਰਾਇਡ ਨੇ ਹਰ ਸੁਪਨੇ ਵਿਚ ਇੱਛਾ-ਪੂਰਤੀ ਦਾ ਜਤਨ ਪਛਾਣਿਆ ਹੈ। ਉਸ ਅਨੁਸਾਰ ਸਾਨੂੰ ਓਸੇ ਵਸਤ ਦੇ ਸੁਪਨੇ ਆਉਂਦੇ ਹਨ, ਜਿਸ ਦੀ ਸਾਨੂੰ ਇੱਛਾ ਹੁੰਦੀ ਹੈ।

ਇੱਦ ਅੰਦਰ ਸ਼ਖ਼ਸੀਅਤ ਦੀਆਂ ਉਹਨਾਂ ਸਮਰਥਾਵਾਂ ਦਾ ਵਾਸਾ ਹੁੰਦਾ ਹੈ ਜੋ ਜਨਮ ਤੋਂ ਹੀ ਕ੍ਰਿਆਵਾਨ ਹੁੰਦੀਆਂ ਹਨ। ਇਉਂ ਇੱਦ ਨੂੰ ਜਨਮ ਸਾਰ ਦੀ ਅੰਦਰਲੀ ਹਕੀਕਤ ਮੰਨਿਆ ਜਾ ਸਕਦਾ ਹੈ, ਇਸ ਨੂੰ ਨਿੱਜੀ ਅਨੁਭਵ ਤੋਂ ਪੂਰਬਲਾ ਕੋਰਾ ਮਾਨਸਿਕ ਪਟ ਕਹੀਏ ਤਾਂ ਅਨੁਚਿਤ ਨਹੀਂ ਹੋਵੇਗਾ। ਜਾਪਦਾ ਹੈ, ਜਿਹੜੇ ਅਨੁਭਵ ਮਨੁੱਖੀ ਮਨ ਵਿਚ ਪੀੜ੍ਹੀਓ ਪੀੜ੍ਹੀ ਵਾਪਰਦੇ ਤੁਰੇ ਆਉਂਦੇ ਹਨ, ਉਹ ਇੱਦ ਅੰਦਰ ਪੱਕੇ ਤੌਰ ਤੇ ਜੜੇ ਹੁੰਦੇ ਹਨ। ਇਹੋ ਨਿੱਜੀ ਅਨੁਭਵਾਂ ਦੀ ਭੂਮਿਕਾ ਬਣਦੇ ਹਨ।

ਇੱਦ ਦਾ ਸਰੂਪ ਜਾਤੀ ਇਤਿਹਾਸ ਦੇ ਪੱਖੋਂ ਤਾਂ ਪ੍ਰਾਚੀਨ ਹੈ ਹੀ, ਨਿੱਜੀ ਜ਼ਿੰਦਗੀ ਵਿਚ ਵੀ ਇਹੋ ਵਿਅਕਤੀ ਦੀ ਮੁੱਢਲੀ ਅਵਸਥਾ ਹੁੰਦੀ ਹੈ। ਇਹੋ ਉਹ ਨੀਂਹ ਹੈ ਜਿਸ ਉੱਪਰ ਸ਼ਖ਼ਸੀਅਤ ਦਾ ਕਿਲ੍ਹਾ ਉਸਰਦਾ ਹੈ। ਜ਼ਿੰਦਗੀ ਭਰ ਇੱਦ ਦਾ ਸੁਭਾਅ ਬਚਗਾਨਾ ਹੀ ਬਣਿਆ ਰਹਿੰਦਾ ਹੈ। ਇਹ ਕਿਸੇ ਤਣਾਅ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਤੇ ਆਪਣੇ ਅੰਦਰੋਂ ਉਪਜੀਆਂ ਇੱਛਾਵਾਂ ਦੀ ਤਤਕਾਲ ਪੂਰਤੀ ਚਾਹੁੰਦੀ ਹੈ। ਇਉਂ ਇਸ ਦਾ ਸੁਭਾਅ ਵੇਗੀ, ਤਰਕਹੀਣ, ਸੁਆਰਥੀ ਤੇ ਸੁਖ-ਇੱਛਕ ਹੁੰਦਾ ਹੈ। ਇਉਂ ਸਮਝੋ, ਜਿਵੇਂ ਇੱਦ, ਵਿਅਕਤਿਤਵ ਦਾ ਵਿਗੜਿਆ ਹੋਇਆ ਬੱਚਾ ਹੁੰਦਾ ਹੈ।

ਇੱਦ ਅੰਦਰ ਸਰਬ-ਸ਼ਕਤੀਮਾਨਤਾ ਦਾ ਇਕ ਅਜੀਬ ਜਿਹਾ ਲਛੱਣ ਵੀ ਨਜ਼ਰ ਆਉਂਦਾ ਪ੍ਰਤੀਤ ਹੁੰਦਾ ਹੈ। ਇਹ ਇਸ ਲਈ , ਕਿਉਂਕਿ ਇਸ ਪਾਸ ਕਲਪਨਾ, ਸੁਪਨਿਆਂ ਤੇ ਭਰਮਾਂ ਰਾਹੀਂ ਆਪਣੀਆਂ ਇੱਛਾਵਾਂ ਨੂੰ ਪੂਰਿਆਂ ਕਰ ਲੈਣ ਦੀ ਸਮਰਥਾ ਹੁੰਦੀ ਹੈ। ਇਸ ਦੀ ਵਿਸ਼ਾਲਤਾ ਸਾਗਰ ਵਰਗੀ ਹੁੰਦੀ ਹੈ ਕਿਉਂਕਿ ਸਾਗਰ ਵਾਂਗ ਸਭੋ ਕੁਝ ਇਸ ਦੇ ਅੰਦਰ ਸਮਾਇਆ ਹੁੰਦਾ ਹੈ।

• ਫ੍ਰਾਇਡ ਅਨੁਸਾਰ, ਇੱਦ ਸ਼ਖ਼ਸੀਅਤ ਦਾ ਉਹ ਗੁਪਤ ਤੇ ਅਗੰਮ ਭਾਗ ਹੈ ਜਿਸ ਬਾਰੇ ਸਾਨੂੰ ਕੇਵਲ ਉਹੋ ਕੁਝ ਪਤਾ ਲੱਗ ਸਕਦਾ ਹੈ, ਜੋ ਸੁਪਨਿਆਂ ਤੇ ਮਾਨਸਿਕ ਰੋਗਾਂ ਦੇ ਚਿੰਨ੍ਹਾਂ ਦੇ ਅਧਿਐਨ ਤੋਂ ਸਾਡੇ ਪੱਲੇ ਪਿਆ ਹੈ। ਸਾਡੀਆਂ ਆਵੇਗੀ ਕਿਰਿਆਵਾਂ ਵਿਚ ਵੀ ਇਸ ਦਾ ਝਲਕਾਰਾ ਵੱਜਦਾ ਪ੍ਰਤੀਤ ਹੁੰਦਾ ਹੈ। ਜਦੋਂ ਕੋਈ ਬੰਦਾ ਰੋਹ ਵਿਚ ਆ ਕੇ ਥਾਲੀ ਫਰਸ਼ ਤੇ ਪਟਕਾ ਮਾਰਦਾ ਹੈ, ਜਾਂ ਈਰਖਾ ਦਾ ਮਾਰਿਆ ਕਿਸੇ ਦਾ ਪੈਰ ਮਿੱਧ ਕੇ ਲੰਘ ਜਾਂਦਾ ਹੈ ਜਾਂ ਕਾਮਾਤੁਰ ਹੋਇਆ ਜਬਰ-ਜਨਾਹ ਤੇ ਉੱਤਰ ਖਲੋਂਦਾ ਹੈ ਤਾਂ ਉਹ ਇੱਦ ਦੀ ਸ਼ਕਤੀ ਦੇ ਅਧੀਨ

ਹੀ ਵਿਚਰ ਰਿਹਾ ਹੁੰਦਾ ਹੈ। ਇਵੇਂ ਹੀ ਜਦੋਂ ਕੋਈ ਹਵਾਈ ਕਿਲ੍ਹੇ ਉਸਾਰਦਾ ਜਾਂ ਮਨ ਦੇ ਲੱਡੂ ਭੋਰਦਾ ਹੈ ਤਾਂ ਇੱਦ ਦੇ ਹੱਥਾਂ ਵਿਚ ਹੀ ਖੇਡ ਰਿਹਾ ਹੁੰਦਾ ਹੈ।

ਇੱਦ ਦਾ ਕਰਮ ਸੋਚਣਾ ਵਿਚਾਰਨਾ ਨਹੀਂ, ਇਹ ਤਾਂ ਕੇਵਲ ਇੱਛਾ ਕਰਨ ਤੇ ਉਸ ਦੀ ਪੂਰਤੀ ਲਈ ਯਤਨ ਕਰਨ ਦਾ ਕੰਮ ਹੀ ਕਰਦੀ ਹੈ। ਤੇ ਇੱਛਾ ਦੀ ਪੂਰਤੀ ਵੀ ਇਸ ਨੂੰ ਤਤਕਾਲ ਤੇ ਹਰ ਹਾਲ ਦਰਕਾਰ ਹੁੰਦੀ ਹੈ।

## ਹਉਂ -

ਇੱਦ ਜਦੋਂ ਬਾਹਰਲੇ ਸੰਸਾਰ ਦੀ ਹਕੀਕਤ ਨਾਲ ਸੰਪਰਕ ਵਿਚ ਆਉਂਦੀ ਹੈ ਤਾਂ ਉਸ ਨਾਲ ਜੂਝਣ-ਵਰਤਣ ਲਈ ਆਪਣਾ ਹੀ ਇਕ ਅੰਗ ਰਾਖਵਾਂ ਕਰਕੇ ਉਸ ਦਾ ਉਚੇਚਾ ਵਿਕਾਸ਼ ਕਰ ਲੈਂਦੀ ਹੈ। ਇਸ ਭਾਗ ਦੀਆਂ ਜੜ੍ਹਾਂ ਤਾਂ ਭਾਵੇਂ ਅਚੇਤਨ (ਇੱਦ) ਵਿਚ ਹੁੰਦੀਆਂ ਹਨ, ਵਿਕਾਸ਼ ਰਾਹੀਂ ਇਸ ਦਾ ਬਹੁਤਾ ਹਿੱਸਾ ਚੇਤਨ ਜਾਂ ਅਵਚੇਤਨ ਹੋ ਜਾਂਦਾ ਹੈ।




ਚਿੱਤ੍ਰ ਨੰ. 6:ਇੱਦ, ਹਉਂ ਤੇ ਪਰਾਹਉਂ ਦਾ ਚੇਤਨ, ਅਵਚੇਤਨ ਤੇ ਅਚੇਤਨ ਨਾਲ ਸੰਬੰਧ

ਇੱਦ ਤਾਂ ਨਿਰੀ ਇੱਛਾ ਹੀ ਕਰ ਸਕਦੀ ਹੈ; ਪਰ ਨਿਰੀ ਇੱਛਾ ਨਾਲ ਭੁੱਖੇ ਨੂੰ ਰੋਟੀ ਨਹੀਂ ਮਿਲ ਸਕਦੀ। ਨਾ ਹੀ ਕਾਮਾਤੁਰ ਬੰਦੇ ਨੂੰ ਸੰਗੀ ਹੀ ਮਿਲ ਸਕਦਾ ਹੈ। ਵੇਖਿਆ ਜਾਵੇ ਤਾਂ ਇਹਨਾਂ ਇੱਛਾਵਾਂ ਤੋਂ ਕੇਵਲ ਆਵੇਗੀ ਵਿਹਾਰ ਹੀ ਉਤਪੰਨ ਹੋ ਸਕਦਾ ਹੈ। ਪਰ ਆਵੇਗੀ ਵਿਹਾਰ ਤਾਂ ਦੰਡ ਦਾ ਹੀ ਭਾਗੀ ਬਣਦਾ ਹੈ। ਜੇਕਰ ਮੈਂ ਕਿਸੇ ਦੀ ਰੋਟੀ ਖੋਹ ਲਵਾਂ ਜਾਂ ਕਿਸੇ ਦੀ ਇਸਤ੍ਰੀ ਨੂੰ ਆਪਣੀ ਕਾਮਾਤੁਰਤਾ ਦਾ ਸ਼ਿਕਾਰ ਜਾ ਬਣਾਵਾਂ ਤਾਂ ਸਮਾਜ ਵਲੋਂ ਸਜ਼ਾਵਾਰ

ਹੋਵਾਂਗਾ। ਇਉਂ ਸੁੱਖ ਦੀ ਪ੍ਰਾਪਤੀ ਲਈ ਕੀਤੀ ਇੱਛਾ ਦੁੱਖ ਦਾ ਕਾਰਨ ਬਣ ਜਾਂਦੀ ਹੈ। ਇਸ ਲਈ ਇੱਦ ਵਾਸਤੇ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਬਾਹਰਲੀ ਹਕੀਕਤ ਨਾਲ ਵੀ ਜਾਣਕਾਰੀ ਬਣਾਵੇ। ਫਿਰ ਇਹ ਜਾਂ ਤਾਂ ਇਸ ਹਕੀਕਤ ਉਪਰ ਹਾਵੀ ਹੋ ਕੇ, ਜਾਂ ਉਸ ਅਨੁਸਾਰ ਆਪਣੀਆਂ ਇੱਛਾਵਾਂ ਨੂੰ ਢਾਲ ਕੇ, ਸੰਸਾਰ ਪਾਸੋਂ ਉਹ ਕੁਝ ਪ੍ਰਾਪਤ ਕਰਦੀ ਹੈ ਜਿਸ ਦੀ ਇਸ ਨੂੰ ਇੱਛਾ ਹੁੰਦੀ ਹੈ। ਇਸੇ ਜ਼ਰੂਰਤ ਸਦਕਾ ਇੱਦ ਆਪਣੇ ਆਪ ਵਿਚੋਂ ਇਕ ਵੱਖਰੇ ਮਾਨਸਿਕ ਢਾਂਚੇ 'ਹਉਂ" ਦਾ ਨਿਖੇੜਾ ਤੇ ਨਿਰਮਾਣ ਕਰਦੀ ਹੈ। ਇਹ ਹਉਂ ਇਕ ਪਾਸੇ ਤਾਂ ਇੱਦ ਨੂੰ ਨਿਯੰਤ੍ਰਣ ਵਿਚ ਬੰਨ੍ਹਦੀ ਹੈ ਤਾਂ ਦੂਜੇ ਪਾਸੇ 'ਪਰਾਹਉਂ'* ਨੂੰ ਸਹੀ ਟਿਕਾਣੇ ਸਿਰ ਰਖਦੀ ਹੈ। ਇਉਂ ਇਹ ਸਮੁੱਚੀ ਸ਼ਖ਼ਸੀਅਤ ਦੀਆਂ ਲੋੜਾਂ ਤੇ ਹਿਤਾਂ ਅਨੁਸਾਰ ਬਾਹਰਲੀ ਹਕੀਕਤ ਨਾਲ ਵਰਤਦੀ ਹੈ। ਜੇਕਰ ਇਹ ਆਪਣੀਆਂ ਕਿਰਿਆਵਾਂ ਨੂੰ ਸੁਘੜਤਾ ਤੇ ਸਲੀਕੇ ਨਾਲ ਨਿਭਾਵੇ ਤਾਂ ਸ਼ਖ਼ਸੀਅਤ ਵਿਚ ਇਕਸੁਰਤਾ ਤੇ ਅਡੋਲਤਾ ਵਰਤਦੀ ਹੈ। ਪਰ ਜੇ ਇਹ ਆਪਣੇ ਫਰਜ਼ ਤੋਂ ਕੋਤਾਹੀ ਕਰ ਦੇਵੇ ਤਦ ਜਾਂ ਤਾਂ ਇਸ ਉਪਰ ਇੱਦ ਹਾਵੀ ਹੋ ਸਕਦੀ ਹੈ ਜਾਂ ਪਰਾਹਉਂ। ਇਉਂ ਸ਼ਖ਼ਸੀਅਤ ਅਸਥਿਰ ਤੇ ਡੁਲਾਇਮਾਨ ਹੋ ਜਾਂਦੀ ਹੈ।

ਜਿਵੇਂ ਇੱਦ ਦਾ ਵਿਹਾਰਕ ਨੇਮ ਸੁੱਖ-ਪ੍ਰਾਪਤੀ ਦਾ ਨੇਮ ਹੈ, ਹਉਂ ਦਾ ਵਿਹਾਰਕ ਨੇਮ ਵਾਸਤਵਿਕਤਾ ਦਾ ਨੇਮ ਹੈ। ਵਾਸਤਵਿਕਤਾ ਉਹ ਹੈ, ਜਿਸ ਦੀ ਹੋਂਦ ਹੈ। ਇਸ ਲਈ ਹਉਂ ਇੱਦ ਦੀਆਂ ਇੱਛਾਵਾਂ ਦੀ ਪੂਰਤੀ ਲਈ, ਖ਼ਿਆਲੀ ਕਿਲੇ ਉਸਾਰ ਕੇ ਨਹੀਂ, ਵਾਸਤਵਿਕ ਪਦਾਰਥਾਂ ਦੀ ਪ੍ਰਾਪਤੀ ਦਾ ਜਤਨ ਕਰਦੀ ਹੈ, ਤੇ ਜਦੋਂ ਤੀਕ ਉਹ ਪਦਾਰਥ ਪ੍ਰਾਪਤ ਨਹੀਂ ਹੋ ਜਾਂਦੇ ਜਿਹੜੇ ਇਸ ਦੇ ਤਣਾਵਾਂ ਦੀ ਨਿਵਿਰਤੀ ਕਰ ਸਕਣ, ਉਦੋਂ ਤੀਕ ਇਹ ਆਪਣੀ ਇੱਛਾ ਦੀ ਪੂਰਤੀ ਨੂੰ ਮੁਲਤਵੀ ਕਰੀ ਰਖਦੀ ਹੈ। ਇਸੇ ਹਉਂ ਦੇ ਵਰਤਾਰ੍ਹੇ ਰਾਹੀਂ ਬੱਚੇ ਨੂੰ ਇਹ ਸਿਖਣਾ ਪੈਂਦਾ ਹੈ ਕਿ ਹਰਿਕ ਸ਼ੈ ਮੂੰਹ ਵਿਚ ਨਹੀਂ ਪਾਈ ਜਾਂਦੀ। ਉਸ ਨੂੰ ਭੋਜਨ ਦੀ ਪਛਾਣ ਸਿਖਣੀ ਪੈਂਦੀ ਹੈ, ਤੇ ਜਦੋਂ ਤਕ ਖਾਸ ਪਦਾਰਥ ਪ੍ਰਾਪਤ ਨਾ ਹੋ ਜਾਵੇ ਖਾਣ ਦਾ ਅਮਲ ਉਸ ਨੂੰ ਮੁਲਤਵੀ ਕਰਨਾ ਪੈਂਦਾ ਹੈ। ਜੋ ਬੱਚਾ ਇਹ ਸਭ ਕੁਝ ਸਿਖਦਾ ਨਹੀਂ, ਉਸ ਨੂੰ ਅਵੱਸ਼ ਕਿਸੇ ਦੁਖਦਾਈ ਅਨੁਭਵ ਥਾਣੀ ਲੰਘਣਾ ਪੈਂਦਾ ਹੈ।

ਆਪਣੀਆਂ ਕ੍ਰਿਆਵਾਂ ਨੂੰ ਇਸ ਤਰ੍ਹਾਂ ਮੁਲਤਵੀ ਕਰਨ ਨਾਲ ਹਉਂ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਉਦੋਂ ਤਕ ਅੰਦਰਲੇ ਤਣਾਵਾਂ ਨੂੰ ਬਰਦਾਸ਼ਤ ਕਰੀ ਜਾਵੇ ਜਦ ਤਕ ਕਿ ਲੋੜੀਂਦੀ ਤੇ ਮੁਨਾਸਬ ਪ੍ਰਾਪਤੀ ਰਾਹੀਂ ਇਹਨਾਂ ਤਣਾਵਾਂ ਦੀ ਮੁਕਤੀ ਦਾ ਸਾਧਨ ਨਹੀਂ ਨਿਕਲ ਆਉਂਦਾ।

ਵਾਸਤਵਿਕਤਾ-ਨੇਮ ਦੀ ਸਥਾਪਤੀ ਨਾਲ ਸੁੱਖ-ਪ੍ਰਾਪਤੀ ਦੇ ਨੇਮ ਨੂੰ ਤਲਾਂਜਲੀ ਨਹੀਂ ਮਿਲ ਜਾਂਦੀ। ਸੁੱਖ-ਪ੍ਰਾਪਤੀ ਨੂੰ, ਵਕਤੀ ਤੌਰ ਤੇ, ਹਕੀਕਤ ਦੇ ਹਿਤਾਂ ਕਾਰਨ ਪਿੱਛੇ ਹੀ

---

* 'ਪਰਾਹਉਂ" ਦਾ ਵਰਨਣ ਅੱਗੇ ਚਲ ਕੇ ਕਰਾਂਗੇ

ਪਾਇਆ ਜਾਂਦਾ ਹੈ। ਵਾਸਤਵਿਕਤਾ-ਨੇਮ ਓੜਕ ਸੁੱਖ-ਪ੍ਰਾਪਤੀ ਦੇ ਨੇਮ ਅੱਗੇ ਆਤਮ-ਸਮਰਪਣ ਹੀ ਕਰਦਾ ਹੈ। ਥੋੜੇ ਚਿਰ ਲਈ ਬੰਦਾ ਹਕੀਕਤ ਦਾ ਪਾਸਾਰ ਪਛਾਣਨ ਹਿੱਤ ਦੁੱਖ ਵੀ ਝਲ ਲੈਂਦਾ ਹੈ।

.ਦੋਂ ਵੀ ਕੋਈ ਬੰਦਾ ਕੋਈ ਯੋਜਨਾ ਆਰੰਭ ਕਰਦਾ ਹੈ ਤਾਂ ਪਹਿਲਾਂ ਹਕੀਕਤ ਦੀ ਜਾਂਚ ਕਰਦਾ ਹੈ। ਜੇਕਰ ਉਸ ਦੀ ਜਾਂਚ ਖਰੀ ਨਾ ਨਿਕਲੇ ਅਤੇ ਲੋੜੀਂਦੇ ਪਦਾਰਥ ਦੀ ਪ੍ਰਾਪਤੀ ਹੋਂਦੀ ਨਜ਼ਰ ਨਾ ਹੋਵੇ ਤਾਂ ਉਹ, ਉਹ ਯੋਜਨਾ ਤਿਆਗ ਕੇ, ਕੋਈ ਦੂਸਰੀ ਯੋਜਨਾ ਅਖ਼ਤਿਆਰ ਕਰ ਲੈਂਦਾ ਹੈ। ਇਸ ਅਮਲ ਨੂੰ ਉਹ ਉਦੋਂ ਤੀਕ ਦੁਹਰਾਈ ਜਾਂਦਾ ਹੈ ਜਦੋਂ ਤਕ ਕਿ ਲੋੜੀਂਦਾ ਹਲ ਨਿਕਲ ਨਾ ਆਵੇ।

ਇਸ ਲੇਖੇ ਇਹ ਕਿਹਾ ਜਾ ਸਕਦਾ ਹੈ ਕਿ ਹਉਂ ਸਾਡੀ ਆਤਮ-ਚੇਤਨ ਬੁੱਧੀ ਹੈ। ਇਹ ਸਾਡੀ ਮੁਖ ਸ਼ਾਸਕ ਤੇ ਮੁਖ ਸੰਚਾਲਕ ਹੈ। ਇਸ ਦੇ ਪ੍ਰਭਾਵ ਹੇਠ ਪ੍ਰਤੱਖ-ਬੋਧ ਦੀਆਂ ਉਹਨਾਂ ਸੂਖਮ ਸਮਰਥਾਵਾਂ - ਨਿਰਣਾ, ਵਿਵੇਚਨਾ ਆਦਿ - ਦਾ ਵਿਕਾਸ ਹੁੰਦਾ ਹੈ ਜਿਨ੍ਹਾਂ ਰਾਹੀਂ ਬਾਹਰਲੇ ਸੰਸਾਰ ਨੂੰ ਵਧੇਰੇ ਪ੍ਰਬੀਨਤਾ ਨਾਲ ਸਮਝਿਆ ਜਾ ਸਕਦਾ ਹੈ। ਹਉਂ ਸਾਰੇ ਸੰਸਾਰ ਉਪਰ ਇਕ ਕਾਹਲੀ ਨਜ਼ਰ ਮਾਰ ਕੇ ਝੱਟ ਵਾਤਾਵਰਣ ਦੇ ਉਸ ਹਿੱਸੇ ਦੀ ਚੋਣ ਕਰ ਲੈਂਦੀ ਹੈ ਜਿਹੜਾ ਉਸ ਦੀ ਤਤਕਾਲੀ ਲੋੜ ਦੀ ਪੂਰਤੀ ਕਰ ਸਕੇ, ਜਾਂ ਉਸ ਦੀ ਵਕਤੀ ਸਮੱਸਿਆ ਦਾ ਹੱਲ ਜੁਟਾਂਦਾ ਹੋਵੇ। ਹਉਂ ਦੇ ਸ਼ਾਸਨੀ ਪ੍ਰਬੰਧ ਹੇਠ ਗਿਆਨ ਇੰਦਰਿਆਂ ਤੋਂ ਪ੍ਰਾਪਤ ਹੋਇਆ ਗਿਆਨ ਚਿੰਤਨ ਦੇ ਹਵਾਲੇ ਕੀਤਾ ਜਾਂਦਾ ਹੈ ਜੋ ਵਿਚਾਰ ਕੇ ਉਸ ਤੋਂ ਉਚਿਤ ਲਾਭ ਉਠਾਉਂਦਾ ਹੈ। ਫਿਰ ਭਵਿੱਖ ਦੇ ਲਾਭ ਹਿੱਤ ਇਸ ਗਿਆਨ ਨੂੰ ਸਿਮਰਿਤੀ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ। ਸਿਮਰਿਤੀ, ਆਉਂਦੇ ਸਮੇ ਵਿਚ ਇਸ ਗਿਆਨ ਨੂੰ ਵਰਤਣ ਲਈ ਆਪਣੇ ਅੰਦਰ ਸਾਂਭ ਕੇ ਰੱਖ ਲੈਂਦੀ ਹੈ। ਸਿਮਰਿਤੀ ਦੀ ਸਮਰਥਾ ਵਧਾਉਣ ਲਈ ਗਿਆਨ ਦੇ ਤੱਥਾਂ ਵਿਚਾਲੇ ਸੰਬੰਧ ਭਾਲੇ ਜਾਂਦੇ ਹਨ। ਇਹਨਾਂ ਸੰਬੰਧਾਂ ਨੂੰ ਸਾਂਭਣ ਹਿਤ ਚਿੰਨ੍ਹਾਂ ਦਾ ਇਕ ਸਿਲਸਿਲਾ ਘੜਿਆ ਜਾਂਦਾ ਹੈ ਜਿਸ ਨੂੰ ਅਸੀਂ ਭਾਸ਼ਾ ਕਹਿੰਦੇ ਹਾਂ। ਇਉਂ ਸਾਡਾ ਇੰਦਰਿਆਵੀ ਗਿਆਨ, ਪ੍ਰਤੱਖ ਬੋਧ, ਚਿੰਤਨਾ, ਸਿਮਰਿਤੀ ਤੇ ਭਾਸ਼ਾ ਸਭ ਹਉਂ ਦੇ ਸ਼ਾਸਨੀ ਪ੍ਰਬੰਧ ਵਿਚ ਬੱਝੇ ਪ੍ਰਤੀਤ ਹੁੰਦੇ ਹਨ ਤੇ ਉਸ ਦੇ ਹਿਤਾਂ ਦਾ ਪਾਣੀ ਭਰਦੇ ਹਨ।

ਹਉਂ ਵੀ ਇੱਦ ਵਾਂਗ ਹਵਾਈ ਕਿਲੇ ਜ਼ਰੂਰ ਉਸਾਰਦੀ ਹੈ। ਪਰ ਜਿਥੇ ਇੱਦ ਕਲਪਨਾ ਤੇ ਯਥਾਰਥ ਵਿਚਾਲੇ ਅੰਤਰ ਨਹੀਂ ਕਰ ਸਕਦੀ, ਹਉਂ ਇਹ ਨਿਖੇੜਾ ਕਰ ਲੈਂਦੀ ਹੈ। ਜਦੋਂ ਜਦੋਂ ਵੀ ਹਉਂ ਹਕੀਕਤ ਦੀਆਂ ਗੰਭੀਰ ਸਮੱਸਿਆਵਾਂ ਤੋਂ ਵਿਹਲੀ ਹੁੰਦੀ ਹੈ ਤਾਂ ਉਹ ਵੀ ਕਲਪਨਾ ਦੀਆਂ ਤਰੰਗਾਂ ਵਿਚੋਂ ਮਨੋਰੰਜਨ ਭਾਲਦੀ ਹੈ। ਇਹ ਤਾਂ ਮਨੋਰੰਜਨ ਹਿਤ ਹੀ ਉਹਨਾਂ ਵਿਚ ਵਿਚਰਦੀ ਹੈ; ਇੱਦ ਵਾਂਗ ਉਹਨਾਂ ਵਿਚ ਗੁਆਚ ਨਹੀਂ ਜਾਂਦੀ।

ਹਉਂ ਲਾਭ-ਹਾਣ ਦੀ ਭਾਸ਼ਾ ਵਿਚ ਸੋਚਦੀ ਹੈ। ਇਹ ਭਲੇ-ਬੁਰੇ ਦੀ ਵਿਚਾਰ ਵਿਚ ਨਹੀਂ

ਪੈਂਦੀ। ਹਾਣ-ਲਾਭ ਸੋਚਦਿਆਂ ਵੀ ਇਹ ਸਮਾਜਕ ਯਥਾਰਥ ਤੇ ਬਾਹਰਲੀ ਹਕੀਕਤ ਨੂੰ ਧਿਆਨ ਵਿਚ ਰਖਦੀ ਹੈ।

ਸੰਖੇਪ ਵਿਚ 'ਹਉਂ' ਸ਼ਖ਼ਸੀਅਤ ਦਾ ਚੇਤਨ ਤੇ ਵਿਚਾਰਸ਼ੀਲ ਭਾਗ ਹੈ ਜੋ ਬਾਹਰਲੀ ਹਕੀਕਤ ਨੂੰ ਜਾਂਚਦਾ ਤੇ ਵਿਅਕਤੀ ਦੇ ਹਿਤਾਂ ਬਾਰੇ ਲਾਭ-ਹਾਣ ਦੀ ਭਾਸ਼ਾ ਰਾਹੀਂ ਸੋਚਦਾ ਹੈ। ਸਾਡੇ ਸਾਧਾਰਨ ਜੀਵਨ ਉਪਰ ਬਹੁਤ ਕਰ ਇਸੇ ਦਾ ਸ਼ਾਸਨ ਰਹਿੰਦਾ ਹੈ।

**ਪਰਾਹਉਂ-**

'ਪਰਾਹਉਂ' ਜੋ ਫ਼੍ਰਾਇਡੀ ਸਿੱਧਾਂਤ ਅਨੁਸਾਰ ਮਨੁੱਖੀ ਸ਼ਖ਼ਸੀਅਤ ਦਾ ਤੀਸਰਾ ਭਾਗ ਹੈ, ਸਾਡੇ ਮਨ ਦਾ ਨੈਤਿਕ ਜਾਂ ਸਦਾਚਾਰਕ ਅੰਗ ਹੈ। ਇਹ ਭਲੇ ਤੇ ਬੁਰੇ ਦੀ ਤਮੀਜ਼ ਪਛਾਣਦਾ ਹੈ। ਮਾਪਿਆਂ ਵਲੋਂ ਮਿਲਦੀ ਸਿੱਖਿਆ ਦੇ ਪ੍ਰਭਾਵ ਹੇਠ ਇਹ ਹਉਂ ਵਿਚੋਂ ਨਿਖੜਨਾ ਸ਼ੁਰੂ ਕਰਦਾ ਹੈ। ਹੌਲੀ ਹੌਲੀ ਮਾਪਿਆਂ ਵਲੋਂ ਪ੍ਰਾਪਤ ਹੋਣ ਵਾਲੀ ਸਦਾਚਾਰਕ ਨੇਮਾਵਲੀ ਬੱਚੇ ਦੇ ਆਪਣੇ ਅੰਦਰੋਂ ਬੋਲਣ ਲੱਗਦੀ ਹੈ। ਇਉਂ ਬੱਚੇ ਦੀ ਆਪਣੀ ਨੇਮਾਵਲੀ ਸਥਾਪਿਤ ਹੋਣ ਲੱਗਦੀ ਹੈ। ਮਾਪਿਆਂ ਦੇ ਅਧਿਕਾਰ ਨੂੰ ਆਪਣੇ ਅੰਦਰ ਵਸਾ ਲੈਣ ਨਾਲ ਬੱਚਾ ਆਪਣੇ ਵਿਹਾਰ ਨੂੰ ਉਹਨਾਂ ਦੀ ਹਿਦਾਇਤ ਅਨੁਸਾਰ ਢਾਲਣ ਦੇ ਸਮਰਥ ਹੋ ਜਾਂਦਾ ਹੈ। ਇਉਂ ਕਰਨ ਨਾਲ ਹੀ ਉਹ ਉਨ੍ਹਾਂ ਦੀ ਪ੍ਰਸੰਨਤਾ ਦਾ ਅਧਿਕਾਰੀ ਹੁੰਦਾ ਹੈ ਤੇ ਉਹਨਾਂ ਦੀ ਅਪ੍ਰਸੰਨਤਾ ਤੋਂ ਬਚ ਸਕਦਾ ਹੈ। ਦੂਜੇ ਸ਼ਬਦਾਂ ਵਿਚ ਇੱਦ ਦੇ ਸੁੱਖ-ਪ੍ਰਾਪਤੀ ਦੇ ਨੇਮ ਤੇ ਹਉਂ ਦੇ ਵਾਸਤਵਿਕਤਾ ਦੇ ਲੇਖੇ ਤੋਂ ਉਪਰ ਬੱਚਾ ਭਲੇ ਬੁਰੇ ਦੀ ਤਮੀਜ਼ ਦੇ ਨੇਮ ਦਾ ਪਾਲਨਾ ਵੀ ਸਿੱਖਦਾ ਹੈ। ਮਨੁੱਖ ਦਾ ਬੱਚਾ ਇਤਨੇ ਲੰਮੇ ਅਰਸੇ ਲਈ ਮਾਪਿਆਂ ਉਪਰ ਨਿਰਭਰ ਹੋਇਆ ਰਹਿੰਦਾ ਹੈ ਕਿ 'ਪਰਾਹਉਂ' ਦੀ ਸੰਰਚਨਾ ਅਵੱਸ਼ਕ ਹੋ ਜਾਂਦੀ ਹੈ।

ਇਸ ਵਿਧੀ ਨਾਲ ਹੋਂਦ ਵਿਚ ਆਈ ਤੇ ਵਿਗਸੀ ਪਰਾਹਉਂ ਮਾਨਵੀ ਆਦਰਸ਼ਾਂ, ਸਦਾਚਾਰਕ ਕੀਮਤਾਂ, ਰਹਿਤ-ਮਰਯਾਦਾ, ਉਚੇਰੇ ਮਨੋਭਾਵਾਂ, ਤੇ ਆਤਮ-ਪੜਚੋਲ ਦਾ ਸੋਮਾ ਬਣਦੀ ਹੈ। ਇਹ ਸਾਡੀਆਂ ਪਸ਼ੂ-ਬਿਰਤੀਆਂ ਨੂੰ ਬੰਨ੍ਹ ਕੇ ਰਖਦੀ ਹੈ ਤੇ ਇਉਂ ਸਮਾਜ, ਸੰਸਕ੍ਰਿਤੀ ਤੇ ਪਰੰਪਰਾ ਦੀ ਸੰਭਾਲ ਦਾ ਮਾਧਿਅਮ ਬਣਦੀ ਹੈ। 'ਪਰਾਹਉਂ' ਹਉਂ ਦਾ ਉਹ ਭਾਗ ਹੈ ਜੋ ਮਾਪਿਆਂ ਵਲੋਂ ਮਿਲਦੀ ਹਟਕਣਾ, ਹੋੜਨਾ, ਵਰਜਣਾ ਤੇ ਉਹਨਾਂ ਵੱਲੋਂ ਮਿਲ ਸਕਣ ਵਾਲੇ ਦੰਡ ਨੂੰ ਆਪਣੇ ਅੰਦਰ ਵਸਾ ਕੇ ਮਾਪਿਆਂ ਦਾ ਫਰਜ਼ ਆਪ ਪੂਰਿਆਂ ਕਰਦਾ ਹੈ। ਇਸ ਦੀ ਕ੍ਰਿਆ ਵਧੇਰੇ ਕਰਕੇ ਅਚੇਤਨ ਹੁੰਦੀ ਹੈ; ਪਰ ਜਦ ਸਾਨੂੰ ਇਸ ਦਾ ਚੇਤਨ ਆਭਾਸ ਹੁੰਦਾ ਹੈ ਉਸ ਅਵਸਥਾ ਨੂੰ 'ਜ਼ਮੀਰ' ਕਿਹਾ ਜਾਂਦਾ ਹੈ।

ਫ਼੍ਰਾਇਡ 'ਪਰਾਹਉਂ' ਦੇ ਦੋ ਭਾਗ ਮੰਨਦਾ ਹੈ – ਇਕ 'ਹਉਂ-ਆਦਰਸ਼' ਤੇ ਦੂਜਾ 'ਜ਼ਮੀਰ'। ਬੱਚੇ ਦੀ ਸੋਚ ਅਨੁਸਾਰ ਉਸ ਦੇ ਮਾਪੇ ਜਿਹੜੀਆਂ ਗੱਲਾਂ ਨੂੰ ਸਦਾਚਾਰਕ ਤੌਰ ਤੇ ਚੰਗੀਆਂ ਸਮਝਦੇ ਹਨ, ਉਹਨਾਂ ਮੁਤਾਬਕ ਹੀ ਬੱਚੇ ਦਾ 'ਹਉਂ-ਆਦਰਸ਼' ਢਲਦਾ ਹੈ। ਬੱਚੇ ਦਾ ਜੋ

ਵਿਹਾਰ ਮਾਪਿਆਂ ਦੇ ਟੀਚੇ ਦੇ ਅਨੁਕੂਲ ਹੁੰਦਾ ਹੈ, ਉਸ ਲਈ ਉਹ ਮਾਪਿਆਂ ਦੀ ਪ੍ਰਸੰਸਾ ਦਾ ਪਾਤਰ ਬਣਦਾ ਹੈ ਜਾਂ ਉਹਨਾਂ ਵਲੋਂ ਕਿਸੇ ਇਨਾਮ ਦਾ ਹੱਕਦਾਰ। ਐਸਾ ਵਿਹਾਰ ਉਸ ਦੇ 'ਹਉਂ-ਆਦਰਸ਼' ਦੇ ਨਕਸ਼ੇ ਵਿਚ ਸ਼ਾਮਿਲ ਹੋ ਜਾਂਦਾ ਹੈ। ਮਿਸਾਲ ਦੇ ਤੌਰ ਤੇ ਜੇਕਰ ਮਾਪੇ ਬੱਚੇ ਨੂੰ ਸਫਾਈ ਰੱਖਣ ਕਾਰਨ ਸਲਾਹੁੰਦੇ ਹੋਣ ਜਾਂ ਉਸ ਨੂੰ ਕਿਸੇ ਪ੍ਰਕਾਰ ਦੇ ਪ੍ਰਤਿਫਲ ਦੇਂਦੇ ਹੋਣ ਤਾਂ ਸਫਾਈ ਦਾ ਗੁਣ ਉਸ ਦੇ 'ਹਉਂ-ਆਦਰਸ਼' ਵਿਚ ਸ਼ਾਮਿਲ ਹੋ ਜਾਵੇਗਾ।

ਇਸ ਦੇ ਟਾਕਰੇ ਤੇ 'ਜ਼ਮੀਰ' ਉਹਨਾਂ ਗੱਲਾਂ ਮੁਤਾਬਕ ਢਲਦੀ ਹੈ ਜਿਨ੍ਹਾਂ ਨੂੰ ਬੱਚੇ ਦੇ ਵਿਚਾਰ ਅਨੁਸਾਰ ਉਸ ਦੇ ਮਾਪੇ ਭੈੜਾ ਸਮਝਦੇ ਹਨ ਤੇ ਜਿਨ੍ਹਾਂ ਕਾਰਨ ਉਹ ਉਸ ਦੀ ਨਖੇਧੀ ਕਰਦੇ ਜਾਂ ਉਸ ਨੂੰ ਦੰਡ ਦੇਂਦੇ ਹਨ। ਮਿਸਾਲ ਦੇ ਤੌਰ ਤੇ ਜੇਕਰ ਉਸ ਨੂੰ ਗੰਦ ਖਿਲਾਰਨ ਕਾਰਨ ਕਈ ਵਾਰ ਝਾੜਿਆ-ਝੰਭਿਆ ਗਿਆ ਹੋਵੇ ਤਾਂ ਗੰਦਗੀ ਉਸ ਨੂੰ ਔਗੁਣ ਜਾਪਣ ਲੱਗ ਪਵੇਗੀ ਤੇ ਉਸ ਦੀ 'ਜ਼ਮੀਰ' ਗੰਦ ਖਿਲਾਰਨ 'ਤੇ ਆਪੇ ਉਸ ਨੂੰ ਲਾਅਨਤਾਂ ਪਾਉਣ ਲੱਗ ਪਵੇਗੀ। ਦਰਅਸਲ 'ਹਉਂ-ਆਦਰਸ਼' ਤੇ 'ਜ਼ਮੀਰ' ਇਕੋ ਹੀ ਸਦਾਚਾਰਕ ਸਿੱਕੇ ਦਾ ਸਿੱਧਾ ਤੇ ਪੁੱਠਾ ਪਾਸਾ ਹਨ।

ਮਾਪਿਆਂ ਵਾਂਗ 'ਪਰਾਹਉਂ' ਵੀ ਆਪਣੇ ਕੰਮਾਂ ਨੂੰ ਇਨਾਮ ਤੇ ਸਜ਼ਾ ਰਾਹੀਂ ਹੀ ਲਾਗੂ ਕਰਦੀ ਹੈ। ਇਨਾਮ ਜਾਂ ਦੰਡ ਇਹ 'ਹਉਂ' ਨੂੰ ਦੇਂਦੀ ਹੈ ਜਿਸ ਨੂੰ ਉਹ ਚੰਗੇ-ਮੰਦੇ ਕਰਮਾਂ ਦਾ ਜ਼ਿੰਮੇਵਾਰ ਠਹਿਰਾਉਂਦੀ ਹੈ, ਕਿਉਂਜੁ ਵਿਅਕਤੀ ਦੇ ਕਰਮਾਂ ਉਪਰ 'ਹਉਂ' ਦਾ ਅਧਿਕਾਰ ਹੁੰਦਾ ਹੈ। ਜੇਕਰ ਉਸ ਦੇ ਕਰਮ ਸਦਾਚਾਰਕ ਟੀਚੇ ਤੇ ਪੂਰੇ ਉਤਰਦੇ ਹੋਣ ਤਾਂ 'ਪਰਾਹਉਂ' ਉਸ 'ਹਉਂ' ਦੀ ਪ੍ਰਸੰਸਾ ਕਰਦੀ ਹੈ। 'ਹਉਂ' ਇਹ ਪ੍ਰਸੰਸਾ 'ਆਤਮ ਗੌਰਵ' ਜਾਂ ਅਭਿਮਾਨ ਦੇ ਰੂਪ ਵਿਚ ਅਨੁਭਵ ਕਰਦੀ ਹੈ। ਇਹ ਜ਼ਰੂਰੀ ਨਹੀਂ ਕਿ ਕੋਈ ਕੰਮ ਹਉਂ ਨੇ ਸਚੀ ਮੁੱਚੀ ਕਰ ਹੀ ਲਿਆ ਹੋਵੇ ਤਾਂ ਹੀ ਉਸ ਨੂੰ ਇਨਾਮ ਜਾਂ ਦੰਡ, ਪ੍ਰਸੰਸਾ ਜਾਂ ਅਪ੍ਰਸੰਸਾ ਮਿਲਦੀ ਹੈ। ਪਰਾਹਉਂ ਦੀ ਨਜ਼ਰ ਵਿਚ ਵਿਚਾਰ ਤੇ ਕਰਮ ਇਕੋ ਦਰਜਾ ਰਖਦੇ ਹਨ। ਜੇਕਰ ਹਉਂ ਨੇ ਕਿਸੇ ਕਰਮ ਕਰਨ ਦਾ ਇਰਾਦਾ ਹੀ ਕੀਤਾ ਹੋਵੇ ਤਾਂ ਪਰਾਹਉਂ ਦੀ ਨਜ਼ਰ ਵਿਚ ਇਹ ਗੱਲ ਕੰਮ ਕਰ ਚੁੱਕਣ ਬਰਾਬਰ ਹੀ ਹੁੰਦੀ ਹੈ। ਜਿਸ ਗੁਣ ਵਿਚ ਪਰਾਹਉਂ ਤੇ ਇੱਦ ਇਕ ਦੂਜੇ ਨਾਲ ਰਲਦੇ ਮਿਲਦੇ ਹਨ, ਉਹ ਇਹ ਹੈ ਕਿ ਇਹ ਦੋਵੇਂ ਅੰਦਰਲੇ ਤੇ ਬਾਹਰਲੇ - ਆਤਮਨਿਸ਼ਠ ਤੇ ਵਸਤੂਨਿਸ਼ਠ - ਵਿਚਾਲੇ ਕੋਈ ਫਰਕ ਨਹੀਂ ਸਮਝਦੇ।

ਕਈ ਵਾਰੀ ਕੋਈ ਬੰਦਾ ਜੋ ਵੇਖਣ ਵਿਚ ਬੜੀ ਪਾਰਸਾਈ ਵਾਲੀ ਜ਼ਿੰਦਗੀ ਬਿਤੀਤ ਕਰ ਰਿਹਾ ਹੁੰਦਾ ਹੈ, ਅੰਦਰੋਂ ਆਪਣੀ ਜ਼ਮੀਰ ਦੀਆ ਚੋਭਾਂ ਸਹਿ ਰਿਹਾ ਹੁੰਦਾ ਹੈ ਕਿਉਂਕਿ ਪਰਾਹਉਂ ਤਾਂ ਹਉਂ ਨੂੰ ਗੰਦੇ ਵਿਚਾਰ ਸੋਚਣ ਦੀ ਵੀ ਸਜ਼ਾ ਦੇਂਦਾ ਹੈ।

ਹੁਣ ਪ੍ਰਸ਼ਨ ਉੱਠਦਾ ਹੈ, ਪਰਾਹਉਂ ਕਿਹੜੇ ਇਨਾਮ ਤੇ ਕੈਸੀ ਸਜ਼ਾ ਦੇ ਸਕਦੀ ਹੈ? ਇਹ ਇਨਾਮ ਤੇ ਸਜ਼ਾਵਾਂ ਵੀ ਮਾਪਿਆਂ ਦੇ ਪ੍ਰਤਿਫਲ ਤੇ ਦੰਡ ਵਾਂਗ ਮਾਨਸਿਕ ਵੀ ਹੋ ਸਕਦੀਆਂ

ਹਨ, ਪਦਾਰਥਕ ਵੀ। ਮਾਪਿਆਂ ਵੱਲੋਂ ਪਦਾਰਥਕ ਇਨਾਮ ਬੱਚੇ ਲਈ ਖਿਡਾਉਣੇ, ਸੈਰ, ਮਿਠਾਈ ਜਾਂ ਚੁੰਮਣ ਆਦਿ ਦੇ ਰੂਪ ਵਿਚ ਹੁੰਦੇ ਹਨ। ਪਰਾਹਉਂ ਵੀ ਹਉਂ ਨੂੰ ਚੰਗੇ ਕੰਮ ਕਰਨ ਉਪਰੰਤ ਕਹਿ ਸਕਦੀ ਹੈ, "ਤੂੰ ਕਾਫੀ ਚਿਰ ਚੰਗੇ ਕੰਮਾਂ ਵਿਚ ਲਾਇਆ ਹੈ, ਚਲ ਹੁਣ ਰਤਾ ਕੁ ਐਸ਼ ਕਰ ਲੈ।" ਲਗਾਤਾਰ ਮਿਹਨਤ ਮਗਰੋਂ ਛੁੱਟੀ ਇਸੇ ਤਰ੍ਹਾਂ ਦਾ ਇਕ ਇਨਾਮ ਹੈ। ਇਵੇਂ ਹੀ ਹਫਤੇ ਦੇ ਹਫਤੇ ਕਿਰਸ ਕਰ ਚੁੱਕਣ ਮਗਰੋਂ ਮਨੋਰੰਜਨ ਤੇ ਚਾਰ ਪੈਸੇ ਖਰਚ ਸਕਣ ਦੀ ਖੁੱਲ ਵੀ ਇਕ ਪ੍ਰਕਾਰ ਦਾ ਇਨਾਮ ਹੈ। ਇਥੋਂ ਤੱਕ ਵੀ ਹੋ ਸਕਦਾ ਹੈ ਕਿ ਪਰਾਹਉਂ ਹਉਂ ਨੂੰ ਕਿਸੇ ਚੰਗੇ ਕੰਮ ਦੇ ਨਿਸ਼ਾਨੇ ਵਜੋਂ ਕਾਮ-ਤ੍ਰਿਪਤੀ ਦੀ ਆਗਿਆ ਵੀ ਦੇ ਦੇਵੇ।

ਸਦਾਚਾਰਕ ਉਲੰਘਣਾ ਕਰਨ ਵਾਲਿਆਂ ਨੂੰ ਪਰਾਹਉਂ ਕੁਝ ਇਸ ਤਰ੍ਹਾਂ ਕਹਿੰਦੀ ਹੈ, 'ਤੂੰ ਬੜੇ ਭੈੜੇ ਕੰਮ ਕਰਦਾ ਰਿਹਾ ਹੈਂ, ਫਲ ਸਰੂਪ ਤੇਰੇ ਨਾਲ ਜ਼ਰੂਰ ਕੋਈ ਦੁਰਘਟਨਾ ਵਾਪਰੇਗੀ।' ਮਨੁੱਖੀ ਮਨ ਦੀ ਇਸ ਸੂਖਮ ਕ੍ਰਿਆ ਕਾਰਨ ਹੀ ਕਈ ਲੋਕ ਦੁਰਘਟਨਾਵਾਂ ਨੂੰ ਆਪ ਸੱਦਾ ਦੇਂਦੇ ਹਨ। ਐਸੇ ਲੋਕ ਬਾਰ ਬਾਰ ਦੁਰਘਟਨਾਵਾਂ ਦਾ ਸ਼ਿਕਾਰ ਜਾ ਹੁੰਦੇ ਹਨ, ਬੀਮਾਰ ਪੈ ਜਾਂਦੇ ਹਨ ਜਾਂ ਆਪਣਾ ਮਾਲੀ ਨੁਕਸਾਨ ਕਰਦੇ ਰਹਿੰਦੇ ਹਨ। ਇਉਂ ਉਹ ਆਪੋ ਆਪਣੇ ਕੁਕਰਮਾਂ ਦੀ ਸਜ਼ਾ ਆਪਣੇ ਆਪ ਨੂੰ ਦੇਂਦੇ ਫਿਰਦੇ ਹਨ। ਆਤਮਘਾਤ ਇਸੇ ਪ੍ਰਕਾਰ ਦੀ ਓੜਕ ਦੀ ਦੁਰਘਟਨਾ ਹੈ - ਤੇ ਇਹ ਸਜ਼ਾ ਵੀ ਕਿਸੇ ਕੁਕਰਮ ਮਗਰੋਂ ਕੋਈ ਵਿਅਕਤੀ ਆਪਣੀ ਜ਼ਮੀਰ ਦੇ ਦੁੱਖੋਂ ਆਪਣੇ ਆਪ ਨੂੰ ਦੇ ਸਕਦਾ ਹੈ। ਇਸ ਤੋਂ ਛੋਟੀਆਂ ਮਿਸਾਲਾਂ ਦੀ ਵੀ ਕੋਈ ਘਾਟ ਨਹੀਂ। ਮੈਨੂੰ ਇਕ ਸਾਧੂ ਚੇਤੇ ਆ ਗਿਆ ਹੈ ਜਿਸ ਨੇ ਆਪਣੀ ਹੀ ਸ਼ਰਧਾਲੂ ਕਿਸੇ ਇਸਤ੍ਰੀ ਨਾਲ ਭੋਗ ਕਰਨ ਮਗਰੋਂ ਆਪਣਾ ਲਿੰਗ ਆਪ ਕੱਟ ਸੁਟਿਆ। ਇਵੇਂ ਹੀ ਮੇਰਾ ਇਕ ਮਰੀਜ਼ ਆਪਣੀ ਘਰਵਾਲੀ ਨੂੰ ਘਰੋਂ ਕੱਢਣ ਮਗਰੋਂ ਆਪ ਸਿੱਧਾ ਕੰਧ ਵਿਚ ਜਾ ਵੱਜਾ।

ਪਰਾਹਉਂ ਜਿਨ੍ਹਾਂ ਮਾਨਸਿਕ ਇਨਾਮਾਂ ਜਾਂ ਸਜ਼ਾਵਾਂ ਦੀ ਵਰਤੋਂ ਕਰਦੀ ਹੈ, ਉਹਨਾਂ ਵਿਚ ਇਕ ਪਾਸੇ ਜੇ ਅਭਿਮਾਨ ਜਾਂ ਗੌਰਵ ਦੇ ਭਾਵ ਹਨ, ਤਾਂ ਦੂਜੇ ਪਾਸੇ ਗੁਨਾਹ ਜਾਂ ਦੋਸ਼ੀ ਹੋਣ ਜਹੇ ਹੀਣਤਾ ਦੇ ਭਾਵ ਵੀ ਹਨ। ਸਾਡੀ ਹਉਂ ਚੰਗਾ ਕੰਮ ਕਰ ਆਈ ਹੋਵੇ, ਜਾਂ ਨੇਕ ਵਿਚਾਰਾਂ ਵਿਚ ਪ੍ਰਵੇਸ਼ ਕਰ ਰਹੀ ਹੋਵੇ ਤਾਂ ਸ੍ਵੈ-ਅਭਿਮਾਨ ਨਾਲ ਖਿੜ ਉਠਦੀ ਹੈ। ਪਰ ਜੇ ਇਹ ਕਿਸੇ ਮੰਦ-ਵਾਸਨਾ ਦਾ ਸ਼ਿਕਾਰ ਹੋ ਗਈ ਹੋਵੇ ਤਾਂ ਆਪਣੇ ਆਪ ਵਿਚ ਲੱਜਿਤ ਤੇ ਘਟੀਆ ਮਹਿਸੂਸ ਕਰਨ ਲਗਦੀ ਹੈ। ਅਭਿਮਾਨ ਦੀ ਭਾਵਨਾ ਆਪਾ ਪਿਆਰਨ ਦੇ ਤੁਲ ਹੈ, ਤੇ ਹੀਣਤਾ ਦੀ ਭਾਵਨਾ ਆਪਾ ਧ੍ਰਿਕਾਰਨ ਦੇ ਤੁੱਲ!

ਪਰਾਹਉਂ ਮਨੁੱਖੀ ਸ਼ਖ਼ਸੀਅਤ ਵਿਚ ਉਹਨਾਂ ਪਿਤਾ-ਪੁਰਖੀ ਕਦਰਾਂ, ਸਮਾਜਿਕ ਆਦਰਸ਼ਾਂ ਤੇ ਸਭਿਆਚਾਰਕ ਕੀਮਤਾਂ ਦੀ ਪ੍ਰਤਿਨਿੱਧਤਾ ਕਰਦੀ ਹੈ ਜੋ ਮਾਪਿਆਂ ਵਲੋਂ ਬੱਚਿਆਂ ਨੂੰ ਵਿਰਸੇ ਵਿਚ ਮਿਲਦੀਆਂ ਹਨ। ਇਸ ਨਾਤੇ ਬੱਚੇ ਦੀ ਪਰਾਹਉਂ ਉਸ ਦੇ ਮਾਪਿਆਂ ਦੇ ਆਪਣੇ ਆਚਰਣ ਦਾ ਪ੍ਰਤਿਬਿੰਬ ਨਹੀਂ ਹੁੰਦੀ ਸਗੋਂ ਉਹਨਾਂ ਵਲੋਂ ਦਰਸਾਏ ਗਏ ਆਦਰਸ਼ਾਂ ਅਨੁਸਾਰ ਢਲਦੀ ਹੈ। ਬੱਚੇ ਦੀ ਪਰਾਹਉਂ ਉਸ ਦੇ ਮਾਪਿਆਂ ਦੀ ਪਰਾਹਉਂ ਦਾ ਪ੍ਰਤਿਬਿੰਬ ਹੁੰਦੀ ਹੈ। ਮਾਪਿਆਂ ਤੋਂ ਛੁੱਟ

ਹੋਰ ਵਿਅਕਤੀਆਂ ਤੇ ਸਮਾਜਿਕ ਸੰਸਥਾਵਾਂ ਦਾ ਵੀ ਪਰਾਹਉਂ ਦੇ ਵਿਕਾਸ ਵਿਚ ਹੱਥ ਹੁੰਦਾ ਹੈ। ਅਧਿਆਪਕ, ਉਪਦੇਸ਼ਕ, ਗੁਰੂ, ਮੁਨਸਫ, ਕੋਤਵਾਲ ਤੇ ਹਰ ਉਹ ਵਿਅਕਤੀ ਜੋ ਬੱਚੇ ਉਪਰ ਅਧਿਕਾਰ ਰਖਦਾ ਹੈ ਉਸ ਦੀ ਪਰਾਹਉਂ ਨੂੰ ਘੜਨ ਵਿਚ ਹਿੱਸਾ ਪਾਉਂਦਾ ਹੈ। ਪਰ ਮੁੱਢ ਸਦਾ ਮਾਪੇ ਹੀ ਬੰਨ੍ਹਦੇ ਹਨ।

## ਦੋ ਸਿੱਧਾਂਤਾਂ ਦਾ ਸੰਘਣਨ

1923 ਤੋਂ ਪਹਿਲਾਂ ਵਿਅਕਤਿਤਵ ਬਾਰੇ ਫ਼੍ਰਾਇਡੀ ਸਿੱਧਾਂਤ ਕੇਵਲ ਚੇਤਨ-ਅਵਚੇਤਨ-ਅਚੇਤਨ ਦੀ ਪ੍ਰਣਾਲੀ ਦਾ ਸਿੱਧਾਂਤ ਸੀ। 1923 ਤੋਂ ਮਗਰੋਂ ਇਸ ਸਿੱਧਾਂਤ ਦੇ ਨਾਲ ਨਾਲ ਉਸ ਨੇ ਇੱਦ-ਹਉਂ-ਪਰਹਾਉਂ ਦੀ ਪ੍ਰਣਾਲੀ ਨੂੰ ਜੋੜ ਦਿੱਤਾ। ਇਹਨਾਂ ਦੋਹਾਂ ਪ੍ਰਣਾਲੀਆਂ ਦੇ ਪਰਸਪਰ ਸੰਬੰਧ ਨੂੰ ਉਪਰ ਇਕ ਚਿਤ੍ਰ ਰਾਹੀਂ ਪੇਸ਼ ਕੀਤਾ ਗਿਆ ਹੈ (ਰੇਖਾ ਚਿਤ੍ਰ ਨੰ: 6)

ਇੱਦ ਨਿੱਪਟ ਅਚੇਤਨ ਹੈ; ਪਰ ਵਿਹਾਰ-ਨਿਯੰਤ੍ਰਣ ਦੇ ਉਪਕਰਣ ਹਉਂ ਤੇ ਪਰਾਹਉਂ ਇਸ ਵਿਚੋਂ ਵਿਕਾਸ਼ ਕਰਦੇ ਹਨ। ਇਹਨਾਂ ਦਾ ਪਾਸਾਰ ਚੇਤਨ, ਅਵਚੇਤਨ ਤੇ ਅਚੇਤਨ ਤਿੰਨਾਂ ਵਿਚ ਪਸਰਿਆ ਹੁੰਦਾ ਹੈ। ਹਉਂ ਤੇ ਪਰਾਹਉਂ ਇੱਦ ਪਾਸੋਂ ਹੀ ਸ਼ਕਤੀ ਪ੍ਰਾਪਤ ਕਰਦੇ ਹਨ। ਇੱਦ ਪਾਸ ਦੋ ਪ੍ਰਕਾਰ ਦੀ ਵਿਸ਼ੇਸ਼ ਸ਼ਕਤੀ ਹੁੰਦੀ ਹੈ : ਇਕ ਜੀਵਨ-ਪ੍ਰਵ੍ਰਿਤੀ (ਲਾਈਫ ਇਨਸਟਿੰਕਟ) ਦੀ ਤੇ ਦੂਜੀ ਮਰਨ-ਪ੍ਰਵ੍ਰਿਤੀ (ਡੈਥ ਇਨਸਟਿੰਕਟ)। ਜੀਵਨ-ਪ੍ਰਵ੍ਰਿਤੀ ਨੂੰ ਫ਼੍ਰਾਇਡ ਸੁੱਖ-ਪ੍ਰਾਪਤੀ-ਨੇਮ ਦੇ ਨਿਯੰਤ੍ਰਣ ਅਧੀਨ ਮੰਨਦਾ ਹੈ। ਇਸੇ ਨਿਯੰਤ੍ਰਣ ਅੰਦਰ ਸਾਡੀ ਕਾਮ-ਪ੍ਰਵ੍ਰਿਤੀ ਵੀ ਹੈ। ਇਹਨਾਂ ਦੋਨਾਂ ਪ੍ਰਵ੍ਰਿਤੀਆਂ ਸਦਕਾ ਹੀ ਜੀਵਨ ਦੀ ਰੌਂ ਤੁਰਦੀ ਹੈ। ਇਕ ਹੋਰ ਵੀ ਅਚੇਤਨ ਨੇਮ ਹੈ ਜਿਸ ਨੂੰ ਫ਼੍ਰਾਇਡ ਨੇ ਸੁੱਖ-ਪ੍ਰਾਪਤੀ-ਨੇਮ ਤੋਂ ਵੀ ਪੂਰਬਲਾ ਮੰਨਿਆ ਹੈ। ਇਹ 'ਦੁਹਰਾਓ-ਮਜਬੂਰੀ' ਦਾ ਨੇਮ ਹੈ। ਇਸ ਅਨੁਸਾਰ ਸਾਡੇ ਅੰਦਰ ਪੂਰਬਲੇ ਅਨੁਭਵਾਂ ਤੇ ਘਟਨਾਵਾਂ ਨੂੰ ਦੁਹਰਾਉਣ ਦਾ ਰੁਝਾਣ ਹੁੰਦਾ ਹੈ – ਭਾਵੇਂ ਉਸ ਤੋਂ ਕੋਈ ਲਾਭ ਹੋਵੇ ਜਾਂ ਨਾ। ਇਸ ਨੇਮ ਦੇ ਮੁਤਾਬਕ ਅਸੀਂ ਆਪਣੇ ਵੇਦਨਾ-ਜਨਕ ਅਨੁਭਵਾਂ ਤੇ ਪ੍ਰਸਥਿਤੀਆਂ ਨੂੰ ਵੀ ਆਪਣੀ ਜ਼ਿੰਦਗੀ ਵਿਚ ਦੁਹਰਾਈ ਜਾਂਦੇ ਹਾਂ। ਇਹ ਨੇਮ ਸੁਖ-ਪ੍ਰਾਪਤੀ ਦੇ ਨੇਮ ਨੂੰ ਉਲੰਘ ਕੇ ਸਾਡੇ ਅੰਦਰੋਂ ਮਰਨ-ਪ੍ਰਵ੍ਰਿਤੀ, ਘਾਤਕ-ਪ੍ਰਵ੍ਰਿਤੀ ਤੇ ਆਕ੍ਰਮਣ-ਪ੍ਰਵ੍ਰਿਤੀ ਆਦਿ ਜਹੇ ਰੁਝਾਣ ਪੈਦਾ ਕਰਦੀ ਹੈ। ਇਸੇ ਨੇਮ ਅਨੁਸਾਰ ਕੋਈ ਜੀਵ ਆਪਣੇ ਆਪ ਨੂੰ ਆਪਣੀ ਪੂਰਬਲੀ ਜੜ ਅਵਸਥਾ ਵਿਚ ਤਹਿਵੀਲ ਕਰਨ ਦੀ ਮਜਬੂਰੀ ਝਾਗ ਸਕਦਾ ਹੈ। ਆਤਮ-ਘਾਤ ਇਸੇ ਪ੍ਰਵ੍ਰਿਤੀ ਦਾ ਓੜਕੀ ਪਰਿਣਾਮ ਹੁੰਦਾ ਹੈ।

# 5.
# ਅਚੇਤਨ ਦੀ ਗਤੀਸ਼ੀਲਤਾ

ਸਾਡੇ ਮਨ ਅੰਦਰ ਅਨੇਕਾਂ ਕਾਮਨਾਵਾਂ, ਇੱਛਾਵਾਂ ਤੇ ਪ੍ਰਵਿਰਤੀਆਂ ਕੰਮ ਕਰਦੀਆਂ ਹਨ। ਕਿਸੇ ਵੇਲੇ ਵੀ ਇਹਨਾਂ ਸਭਨਾਂ ਦੀ ਇਕਸਾਥ ਪੂਰਤੀ ਸੰਭਵ ਨਹੀਂ ਹੁੰਦੀ। ਪਰ, ਇਹ ਸੱਭੇ ਆਪਣੀ ਤ੍ਰਿਪਤੀ ਲਈ ਜਤਨਸ਼ੀਲ ਹੋਈਆਂ ਰਹਿੰਦੀਆਂ ਹਨ। ਇਸੇ ਲਈ ਇਹਨਾਂ ਵਿਚਾਲੇ ਕਿਸੇ ਨਾ ਕਿਸੇ ਤਰ੍ਹਾਂ ਦਾ ਪਰਸਪਰ ਸੰਘਰਸ਼ ਬਣਿਆ ਰਹਿਣਾ ਸੁਭਾਵਕ ਹੈ। ਇਹ ਭਾਵੁਕ ਸੰਘਰਸ਼ ਮਨੁੱਖੀ ਮਨ ਦਾ ਇਕ ਬੁਨਿਆਦੀ ਅਨੁਭਵ ਹੈ।

ਇਹਨਾਂ ਪ੍ਰਵਿਰਤੀਆਂ ਆਦਿ ਦੇ ਆਪਸੀ ਪਰਸਪਰ ਸੰਘਰਸ਼ ਤੋਂ ਛੁੱਟ ਉਹਨਾਂ ਦਾ ਵਿਰੋਧ ਬਾਹਰਲੀ ਹਕੀਕਤ ਨਾਲ ਵੀ ਤੇ ਸਮਾਜਕ ਪ੍ਰਸਥਿਤੀਆਂ ਨਾਲ ਵੀ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਦੇ ਸੰਘਰਸ਼ ਨੂੰ ਇਕ ਹੋਰ ਪ੍ਰਕਰਣ ਵਿਚ ਵੀ ਰਖ ਕੇ ਸਮਝਿਆ ਜਾ ਸਕਦਾ ਹੈ। ਇਹ ਸੰਘਰਸ਼ 'ਇੱਦ' ਦੀਆਂ ਮੌਲਕ ਪ੍ਰਵਿਰਤੀਆਂ ਦੇ ਜ਼ਮੀਰ (ਤੇ ਪਰਾਹਉਂ) ਦੀ ਆਵਾਜ਼ ਨਾਲ ਟਕਰਾਅ 'ਚੋਂ ਉਪਜਦਾ ਹੈ। 'ਹਉਂ' ਇਹਨਾਂ ਦੋਹਾਂ ਵਿਚਾਲੇ ਕੇਵਲ ਮਧਿਅਸਥ ਹੀ ਨਹੀਂ ਬਣਦੀ, ਉਹਨਾਂ ਦਾ ਰਣ-ਖੇਤਰ ਵੀ ਬਣਦੀ ਹੈ। ਇਉਂ ਮਾਨਸਿਕ ਸੰਘਰਸ਼ ਜਾਂ ਅੰਤਰਦਵੰਦ ਸਾਡੀ ਨਿੱਤ ਦੀ ਤਕਦੀਰ ਹੈ। ਪ੍ਰੇਰਣਾਵਾਂ ਦਾ ਆਪਸੀ ਘੋਲ ਤੇ ਅਚੇਤ ਇੱਛਾਵਾਂ ਦੇ ਚੇਤਨ ਥਾਣੀਂ ਆਪਣੀ ਪੂਰਤੀ ਪ੍ਰਾਪਤ ਕਰਨ ਦੇ ਜਤਨ ਇਸੇ ਸੰਘਰਸ਼ ਦੇ ਹੀ ਸਰੂਪ ਹਨ। ਫਿਰ ਵੀ ਹਰ ਬੰਦਾ ਇਸ ਤਰ੍ਹਾਂ ਦੇ ਸੰਘਰਸ਼ ਜਾਂ ਅੰਤਰ-ਦਵੰਦ ਤੋਂ ਛੁਟਕਾਰਾ ਚਾਹੁੰਦਾ ਹੈ। ਇਹ ਇਸ ਲਈ ਕਿਉਂਕਿ ਮਾਨਸਕ ਸੰਘਰਸ਼ ਵਿਚੋਂ ਚਿੰਤਾ ਉਪਜਦੀ ਹੈ, ਤੇ ਚਿੰਤਾ ਨੂੰ ਜਰਨਾ ਸੌਖਾ ਨਹੀਂ ਹੁੰਦਾ। ਇਹ ਬੜਾ ਦੁਖਦਾਈ ਅਨੁਭਵ ਹੁੰਦਾ ਹੈ ਤੇ ਬੜੀ ਵਾਰ ਸਾਡੇ ਮਾਨਸਿਕ ਸੰਤੁਲਨ ਨੂੰ ਵੀ ਵਿਗਾੜ ਦੇਂਦਾ ਹੈ। ਇਉਂ ਸਾਡੀ ਅਡੋਲਤਾ ਵਿੱਛਿਨ ਹੋ ਜਾਂਦੀ ਹੈ।

ਮਾਨਸਿਕ ਸੰਘਰਸ਼ ਚੇਤਨ ਵੀ ਹੋ ਸਕਦਾ ਹੈ, ਅਚੇਤ ਵੀ। ਇਹ ਅਚੇਤ ਸੰਘਰਸ਼ ਹੀ ਹੈ ਜੋ ਸਾਡੇ ਮਾਨਸਿਕ ਸੰਤੁਲਨ ਉਪਰ ਵਧੇਰੇ ਅਸਰ ਅੰਦਾਜ਼ ਹੁੰਦਾ ਹੈ। ਇਸ ਦੀ ਰੋਗਾਤਮਕ ਮਹੱਤਾ ਬੜੀ ਘਣੀ ਹੁੰਦੀ ਹੈ। ਇਸ ਲਈ ਇਸ ਦੇ ਸਮਾਧਾਨ ਲਈ ਕਈ ਪ੍ਰਕਾਰ ਦੀਆਂ ਅਚੇਤਨ ਮਨੋਵਿਧੀਆਂ ਕਿਰਿਆਸ਼ੀਲ ਹੁੰਦੀਆਂ ਹਨ। ਇਹਨਾਂ ਮਨੋਵਿਧੀਆਂ ਦੀ ਵਰਤੋਂ ਅਚੇਤਨ ਨੂੰ ਇਕ ਵਿਚਿਤ੍ਰ ਗਤੀਸ਼ੀਲਤਾ ਪ੍ਰਦਾਨ ਕਰਦੀ ਹੈ। ਅਚੇਤ ਮਨੋਵਿਧੀਆਂ ਦੀ ਅਜਿਹੀ ਕਿਰਿਆਸ਼ੀਲਤਾ ਦਾ ਗਿਆਨ ਚੇਤਨ ਨੂੰ ਨਹੀਂ ਹੁੰਦਾ। ਇਹਨਾਂ ਉਪਾਵਾਂ ਅਥਵਾ ਮਾਨਸਿਕ ਕ੍ਰਿਆ-ਵਿਧੀਆਂ ਬਾਰੇ ਅਸੀਂ ਕੁਝ ਵਿਸਥਾਰ ਨਾਲ ਵਿਚਾਰ ਕਰਦੇ ਹਾਂ।

## 1. ਦਮਨ:

ਇਸ ਤੋਂ ਪਹਿਲੇ ਇਹ ਗੱਲ ਅਸਾਂ ਕਈ ਵਾਰ ਦੁਹਰਾਈ ਹੈ ਕਿ ਅਚੇਤਨ ਅੰਦਰ ਦਮਿਤ ਇੱਛਾਵਾਂ ਬੰਦ ਪਈਆਂ ਹੁੰਦੀਆਂ ਹਨ ਪਰ ਅਜੇ ਤਕ ਅਸਾਂ 'ਦਮਨ' ਦੀ ਕ੍ਰਿਆ-ਵਿਧੀ ਬਾਰੇ ਨਿੱਠ ਕੇ ਵਿਚਾਰ ਨਹੀਂ ਕੀਤੀ। ਮਨ ਦੀਆਂ ਅਚੇਤਨ ਕ੍ਰਿਆ-ਵਿਧੀਆਂ ਵਿਚੋਂ 'ਦਮਨ' ਉਚੇਚੇ ਮਹੱਤਵ ਵਾਲੀ ਵਿਧੀ ਹੈ। ਦਮਨ *(ਰਿਪ੍ਰੈਸ਼ਨ)* ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਫ੍ਰਾਇਡ ਨੇ ਹੀ ਕੀਤੀ, ਤੇ ਇਸ ਦੇ ਉਚੇਰੇ ਮਹੱਤਵ ਵਲ ਸਾਡਾ ਧਿਆਨ ਵੀ ਉਸ ਨੇ ਦਿਵਾਇਆ। ਉਸ ਨੂੰ ਦਮਨ ਦੀ ਪ੍ਰਕਿਰਿਆ ਬਾਰੇ ਗਿਆਨ ਮਨੋਰੋਗੀਆਂ ਦਾ ਇਲਾਜ ਕਰਦਿਆਂ ਹੋਇਆ। ਇਕ ਵਾਰ ਉਹ ਹਿਸਟੀਰੀਆ ਦੇ ਕਿਸੇ ਰੋਗੀ ਦਾ ਇਲਾਜ ਕਰ ਰਿਹਾ ਸੀ। ਕਿਸੇ ਮਾਨਸਿਕ ਚੋਟ ਕਾਰਣ ਉਸ ਨੂੰ ਆਪਣੀ ਜ਼ਿੰਦਗੀ ਦੀਆਂ ਕਈ ਸਾਰੀਆਂ ਘਟਨਾਵਾਂ ਵਿਸਰ ਗਈਆਂ ਹੋਈਆਂ ਸਨ। ਉਹਨਾਂ ਬਾਰੇ ਉਸ ਨੂੰ ਭੋਰਾ ਜਿੰਨਾ ਚੇਤਾ ਵੀ ਨਹੀਂ ਸੀ। ਪਰ ਜਦੋਂ ਮਨੋਵਿਸ਼ਲੇਸ਼ਣ ਰਾਹੀਂ ਫ੍ਰਾਇਡ ਨੇ ਉਸ ਦਾ ਇਲਾਜ ਕਰਨਾ ਸ਼ੁਰੂ ਕੀਤਾ ਤੇ ਸੁਤੰਤ੍ਰ-ਸੰਬੰਧ ਰਾਹੀਂ ਉਸ ਦੀਆਂ ਸਿਮਰਿਤੀਆਂ ਨੂੰ ਝੰਝੋੜਿਆ ਤਾਂ ਉਸਦੀਆਂ ਉਹ ਭੁੱਲੀਆਂ ਵਿਸਰੀਆਂ ਯਾਦਾਂ ਮੁੜ ਸੁਰਜੀਤ ਹੋ ਗਈਆਂ। ਫ੍ਰਾਇਡ ਲਈ ਇਹ ਨਤੀਜਾ ਕਢਣਾ ਸੁਭਾਵਕ ਸੀ ਕਿ ਉਹ ਸਿਮਰਿਤੀਆਂ ਕਿਤੇ ਗੁਆਚੀਆਂ ਨਹੀਂ ਸਨ, ਸਗੋਂ ਅਚੇਤਨ ਵਿਚ ਦੱਬੀਆਂ ਕਿਤੇ ਪਈਆਂ ਰਹੀਆਂ ਸਨ। ਤਦ ਉਸ ਨੇ ਇਹ ਸਿੱਧਾਂਤ ਕਾਇਮ ਕੀਤਾ ਕਿ ਜਿਹੜੀਆਂ ਯਾਦਾਂ ਸਾਨੂੰ ਦੁਖਦਾਈ ਲਗਦੀਆਂ ਹਨ ਉਨ੍ਹਾਂ ਨੂੰ ਚੇਤਨ ਵਿਚ ਰੱਖਣ ਨਾਲ ਅਸੀਂ ਆਪਣਾ ਦੁੱਖ ਹੀ ਕਾਇਮ ਰਖ ਸਕਦੇ ਹਾਂ। ਐਸੀ ਦੁਖਿਦ ਅਵਸਥਾ ਤੋਂ ਅਸੀਂ ਤਾਂ ਹੀ ਬਚ ਸਕਦੇ ਹਾਂ ਜੇਕਰ ਇਹਨਾਂ ਸਿਮਰਿਤੀਆਂ ਨੂੰ ਚੇਤਨ ਵਿਚੋਂ ਕੱਢ, ਅਚੇਤਨ ਵਿਚ ਦੱਬ ਦੇਈਏ। ਉਸ ਪ੍ਰਕਿਰਿਆ ਨੂੰ ਜਿਸ ਰਾਹੀਂ ਦੁਖਦਾਈ ਸਿਮਰਿਤੀਆਂ ਨੂੰ ਚੇਤਨ ਵਿਚੋਂ ਦੇਸ-ਬਦਰ ਕਰਕੇ ਅਚੇਤਨ ਵਿਚ ਧੱਕਿਆ ਜਾਂਦਾ ਹੈ ਉਸ ਨੇ ਦਮਨ (ਰੀਪ੍ਰੈਸ਼ਨ) ਦਾ ਨਾਮ ਦਿਤਾ। ਇਹ ਪ੍ਰਕਿਰਿਆ ਚੇਤਨ ਤੌਰ ਤੇ ਨਹੀਂ ਵਾਪਰਦੀ। ਇਹ ਆਪ ਵੀ ਇਕ ਅਚੇਤਨ ਪ੍ਰਕਿਰਿਆ ਹੈ। ਜੇਕਰ ਚੇਤਨ ਤੌਰ ਤੇ ਅਸੀਂ ਕਿਸੇ ਵਿਚਾਰ ਨੂੰ ਭੁੱਲਣ ਜਾਂ ਦਿਮਾਗ਼ ਵਿਚੋਂ ਕੱਢਣ ਦਾ ਜਤਨ ਕਰਦੇ ਹਾਂ ਤਾਂ ਐਸੀ ਪ੍ਰਕਿਰਿਆਂ ਨੂੰ ਦਮਨ ਨਹੀਂ, ਦਲਨ *(ਸਪ੍ਰੈਸ਼ਨ)* ਕਹਿੰਦੇ ਹਾਂ।

ਦਮਨ ਤੇ ਦਲਨ ਵਿਚਲਾ ਬੁਨਿਆਦੀ ਨਿਖੇੜਾ ਸਾਨੂੰ ਸਮਝ ਲੈਣਾ ਚਾਹੀਦਾ ਹੈ। ਦਲਨ ਦਾ ਅਰਥ ਹੈ ਅਣਚਾਹੇ, ਤੇ ਘ੍ਰਿਣਿਤ ਵਿਚਾਰਾਂ ਤੇ ਸੰਵੇਗਾਂ ਨੂੰ ਭੁਲ ਜਾਣ ਦੀ ਚੇਤਨ ਕੋਸ਼ਿਸ਼। ਦਲਨ, ਇਸ ਨਾਤੇ, ਇਕ ਚੋਣਾਤਮਕ ਪ੍ਰਕਿਰਿਆ ਹੈ। ਜਿਸ ਗਲ ਨੂੰ ਅਸੀਂ ਭੁਲਾ ਦੇਣਾ ਚਹੁੰਦੇ ਹਾਂ ਉਸ ਨੂੰ ਮਨ ਵਿਚੋਂ ਕੱਢ ਦੇਣ ਦਾ ਜਤਨ ਕਰਦੇ ਹਾਂ। ਪਰ ਦਮਨ ਵਿਚ ਐਸੀ ਕੋਈ ਚੇਤਨ ਚੋਣਕਾਰੀ ਨਹੀਂ ਹੁੰਦੀ। ਜਦੋਂ ਵੀ ਕੋਈ ਅਚੇਤਨ ਪ੍ਰੇਰਣਾ ਸਾਡੇ ਅੰਦਰ ਚਿੰਤਾ ਜਗਾਉਂਦੀ ਹੈ ਤਾਂ ਉਸ ਨੂੰ ਚੇਤਨ ਵਿਚ ਪਹੁੰਚਣ ਤੋਂ ਪਹਿਲਾਂ ਹੀ ਅਚੇਤਨ ਵਿਚ ਦਬਾ ਲਿਆ ਜਾਂਦਾ ਹੈ। ਇਸ ਤੋਂ ਛੁੱਟ ਜਦੋਂ ਕੋਈ ਚੇਤਨ ਇੱਛਾ ਵੀ ਸਾਡੇ ਅੰਦਰ ਸੰਘਰਸ਼ ਪੈਦਾ ਕਰਦੀ ਤੇ ਚਿੰਤਾ ਦਾ ਕਾਰਨ

ਬਣਦੀ ਹੈ ਤਾਂ ਵੀ ਅਚੇਤਨ ਉਸ ਨੂੰ ਅਡੋਲ ਸਾਡੇ ਚੇਤਨ ਵਿਚੋਂ ਕੱਢ ਕੇ ਆਪਣੇ ਅੰਦਰ ਸਮੋ ਲੈਂਦਾ ਹੈ। ਇਹਨਾਂ ਦੋਨਾਂ ਹਾਲਤਾਂ ਵਿਚ ਦਮਨ ਦੀ ਪ੍ਰਕਿਰਿਆ ਕਿਰਿਆਸ਼ੀਲ ਹੁੰਦੀ ਹੈ। ਪਹਿਲੀ ਹਾਲਤ ਵਿਚ ਅਚੇਤ ਪ੍ਰੇਰਣਾ ਨੂੰ ਚੇਤਨ ਵਿਚ ਆਉਣ ਤੋਂ ਵਰਜ ਲਿਆ ਜਾਂਦਾ ਹੈ। ਦੂਜੀ ਵਿਚ ਇਕ ਵਾਰ ਚੇਤਨ ਹੋ ਚੁੱਕੀ ਪ੍ਰੇਰਣਾ ਨੂੰ ਦੁਬਾਰੇ ਅਚੇਤਨ ਵਿਚ ਦਬਾ ਲਿਆ ਜਾਂਦਾ ਹੈ। ਇਸ ਪਿਛਲੇਰੀ ਪ੍ਰਕਿਰਿਆ ਨੂੰ ਦੁਜੈਲਾ ਦਮਨ ਕਿਹਾ ਜਾਂਦਾ ਹੈ।




ਚਿਤ੍ਰ ਨੰ. 7 : ਮੁੱਢਲਾ ਅਤੇ ਦੂਜੈਲਾ ਦਮਨ

[ਮੁਢਲੇ ਦਮਨ ਵਿਚ ਅਚੇਤਨ ਵਿਚੋਂ ਉਠਦੀਆਂ ਪ੍ਰਵਿਰਤੀਆਂ ਨੂੰ ਚੇਤਨ ਵਿਚ ਉਭਰਨ ਦੀ ਆਗਿਆ ਨਹੀਂ ਹੁੰਦੀ, ਉਭਰਨ ਤੋਂ ਪਹਿਲਾਂ ਹੀ ਉਹ ਦਬਾ ਦਿੱਤੀਆ ਜਾਂਦੀਆਂ ਹਨ।
ਦੁਜੈਲੇ ਦਮਨ ਵਿਚ ਇਕ ਵਾਰ ਤਾਂ ਉਹ ਚੇਤਨ ਵਿਚ ਉਭਰ ਆਉਂਦੀਆਂ ਹਨ ਪਰ ਸਮਾਜਕ ਵਰਜਨਾਵਾਂ ਦੇ ਕਾਰਨ ਦੁਬਾਰੇ ਉਨ੍ਹਾਂ ਦਾ ਦਮਨ ਕਰ ਦਿੱਤਾ ਜਾਂਦਾ ਹੈ।]

ਮੁਢਲੇ ਦਮਨ ਕਾਰਨ ਹੀ 'ਇੱਦ' ਦਾ ਇਕ ਵੱਡਾ ਭਾਗ ਹਮੇਸ਼ਾ ਲਈ ਅਚੇਤਨ ਰਹਿੰਦਾ ਹੈ। ਇਸ ਮੁਢਲੇ ਦਮਨ ਦਾ ਮੂਲ ਉਹ ਦੁਖਦਾਈ ਜਾਤੀ ਅਨੁਭਵ ਹਨ ਜੋ ਵਿਅਕਤੀ ਦੀ ਆਪਣੀ ਮਾਨਸਿਕਤਾ ਵਿਚ ਢਲ ਚੁਕੇ ਹੁੰਦੇ ਹਨ। ਮਿਸਾਲ ਦੇ ਤੌਰ ਤੇ ਵਰਜਿਤ ਭੋਗ ਦੀ

ਕਰੜੀ ਸਮਾਜਕ ਨਿਖੇਧੀ ਮਾਤਾ (ਅਥਵਾ ਪਿਤਾ) ਜਾਂ ਭੈਣ (ਅਥਵਾ ਭਰਾ) ਨਾਲ ਭੋਗ ਕਰਨ ਦੀ ਅਚੇਤ, ਪਰ, ਬਲਵਾਨ ਮਨੁੱਖੀ ਇੱਛਾ ਉਪਰ ਹੀ ਆਧਾਰਿਤ ਹੈ। ਅਜੇਹੀ ਇੱਛਾ ਦੇ ਪ੍ਰਗਟਾਵੇ ਨੂੰ ਮਾਪੇ ਕਰੜੇ ਦੰਡ ਨਾਲ ਦਬਾਉਂਦੇ ਆਏ ਹਨ। ਮਨੁੱਖ-ਮਾਤ੍ਰ ਦੇ ਇਤਿਹਾਸ ਵਿਚ ਬਾਰ ਬਾਰ ਐਸੀ ਸਜ਼ਾ ਦਿੱਤੇ ਜਾਣ ਕਾਰਨ ਹੀ ਇਹ ਵਰਜਨਾ ਮਨੁੱਖੀ ਸੁਭਾਅ ਵਿਚ ਢਲ ਗਈ। ਹੁਣ ਮਨੁੱਖ ਦੀ ਹਰ ਨਵੀਂ ਪੀੜ੍ਹੀ ਨੂੰ ਨਵੇਂ ਸਿਰਿਓਂ ਐਸੀ ਇੱਛਾ ਦਾ ਦਮਨ ਨਹੀਂ ਕਰਨਾ ਪੈਂਦਾ ਸਗੋਂ ਇਹ ਮੁਢਲਾ ਦਮਨ ਉਸ ਨੂੰ ਵਿਰਾਸਤ ਵਿਚ ਹੀ ਮਿਲ ਜਾਂਦਾ ਹੈ। ਪਰ, ਇਸ ਤੋਂ ਇਕ ਗੱਲ ਤਾਂ ਸਿੱਧ ਹੁੰਦੀ ਹੈ ਕਿ ਵਰਜਿਤ ਭੋਗ ਦੀ ਪ੍ਰਚਲਿਤ ਕਰੜੀ ਨਿਖੇਧੀ ਇਹੋ ਸੰਕੇਤ ਦਿੰਦੀ ਹੈ ਕਿ ਮਨੁੱਖੀ ਮਨ ਵਿਚ ਵਰਜਿਤ ਵਸਤ ਲਈ ਕਿਤਨੀ ਬਲਵਾਨ ਇੱਛਾ ਹੋਣੀ ਹੈ। ਅਜਿਹੀਆਂ ਵਿਆਪਕ ਪ੍ਰਵਿਰਤਿਕ ਪ੍ਰੇਰਣਾਵਾਂ ਜੇਕਰ ਸਮਾਜਕ ਵਰਜਨਾ ਦੇ ਬਾਵਜੂਦ ਸਾਡੇ ਅੰਦਰ ਕੋਈ ਹਿਲਜੁਲ ਨਹੀਂ ਪੈਦਾ ਕਰਦੀਆਂ, ਤਾਂ ਇਸੇ ਲਈ ਕਿ ਉਹਨਾਂ ਨੂੰ ਚੇਤਨ ਵਿਚ ਆਉਣੋਂ ਅਗੇਤ ਹੀ ਅਚੇਤਨ ਨੇ ਨੱਪ ਲਿਆ ਹੁੰਦਾ ਹੈ। ਇਸ ਲਈ ਸਾਨੂੰ ਉਨ੍ਹਾਂ ਦਾ ਗਿਆਨ ਨਹੀਂ ਹੁੰਦਾ। ਤੇ ਇਹ ਇਕ ਮਾਨਸਿਕ ਨੇਮ ਹੈ ਕਿ ਜਿਸ ਚੀਜ਼ ਦਾ ਸਾਨੂੰ ਗਿਆਨ ਨਹੀਂ ਹੁੰਦਾ, ਅਸੀਂ ਸਮਝ ਲੈਂਦੇ ਹਾਂ, ਉਹ ਸਾਨੂੰ ਹਾਨੀ ਨਹੀਂ ਪੁਚਾ ਸਕਦੀ।

ਦੁਜੈਲਾ ਦਮਨ, ਜੋ ਨਿਰੋਲ ਨਿੱਜੀ ਪੱਧਰ ਦਾ ਦਮਨ ਹੈ (ਤੇ ਹੁਣ ਤੋਂ ਅਸੀਂ ਕੇਵਲ ਇਸੇ ਨੂੰ ਹੀ 'ਦਮਨ' ਕਹਾਂਗੇ), ਕਿਸੇ ਖ਼ਤਰਨਾਕ ਸਿਮਰਿਤੀ, ਵਿਚਾਰ ਜਾਂ ਸੰਵੇਦਨਾ ਨੂੰ ਚੇਤਨਾ ਤੋਂ ਬੇਦਖ਼ਲ ਕਰ ਕੇ, ਇਸ ਦੇ ਪ੍ਰਗਟਾਓ ਦੇ ਵਿਰੁੱਧ ਇਕ ਡੱਕਾ ਲਗਾ ਦਿੰਦਾ ਹੈ। ਦਮਨ ਦੇ ਕਾਰਨ ਕਈ ਵਾਰ ਕੋਈ ਬੰਦਾ ਸਾਹਮਣੇ ਪਈ ਚੀਜ਼ ਨੂੰ ਵੀ ਵੇਖ ਨਹੀਂ ਸਕਦਾ, ਜਾਂ ਠੀਕ ਨਹੀਂ ਵੇਖਦਾ। ਜੋ ਕੁਝ ਪ੍ਰਤੱਖ ਸਾਹਮਣੇ ਪਿਆ ਹੈ ਉਹ ਉਸ ਨੂੰ ਕੁਝ ਹੋਰ ਹੀ ਭਾਸਣ ਲਗਦਾ ਹੈ। ਦੂਜੇ ਸ਼ਬਦਾਂ ਵਿਚ ਦਮਨ ਪਾਸ ਇੰਦਰਿਆਵੀ ਗਿਆਨ ਨੂੰ ਵੀ ਬਦਲ ਦੇਣ ਦੀ ਯੋਗਤਾ ਹੈ। ਕਿਸੇ ਖ਼ਤਰਨਾਕ ਵਸਤੂ ਦੀ ਸੰਵੇਦਨਾ ਤੋਂ ਜੋ ਚਿੰਤਾ ਉਪਜ ਸਕਦੀ ਹੈ ਦਮਨ ਆਪਣੇ ਡੱਕੇ ਨਾਲ ਸਾਨੂੰ ਉਸ ਤੋਂ ਵੀ ਬਚਾ ਲੈਂਦਾਂ ਹੈ। ਅਜਿਹੀਆਂ ਸਿਮਰਿਤੀਆਂ ਉਪਰ ਵੀ ਦਮਨ ਇਸੇ ਤਰ੍ਹਾਂ ਅਸਰ-ਅੰਦਾਜ਼ ਹੁੰਦਾ ਹੈ ਜੋ ਕਿਸੇ ਦੁਖਦਾਈ ਘਟਨਾ ਨਾਲ ਸੰਬੰਧਿਤ ਹੁੰਦੀਆਂ ਹਨ। ਦਮਨ ਆਮ ਤੌਰ ਤੇ ਇਕੱਲੀ ਦੁਕੱਲੀ ਸਿਮਰਿਤੀ ਨੂੰ ਹੀ ਨਹੀਂ ਦਬਾਂਦਾ ਸਗੋਂ ਸਿਮਰਿਤੀਆਂ ਦੇ ਇਕ ਐਸੇ ਸਮੂਹ ਨੂੰ ਵੀ ਦਬਾ ਲੈਂਦਾ ਹੈ ਜਿਸ ਵਿਚ ਚਿੰਤਾਜਨਕ ਸਿਮਰਿਤੀ ਨਾਲ ਸੰਬੰਧਤ ਹੋਰ ਸਿਮਰਿਤੀਆਂ ਵੀ ਮੌਜੂਦ ਹੋਣ। ਇਹ ਇਸ ਲਈ ਤਾਂ ਜੁ ਉਹ ਖ਼ਤਰਨਾਕ ਸਿਮਰਿਤੀ ਕਿਸੇ ਹੀਲੇ ਵੀ ਚੇਤਨ ਵਿਚ ਦਾਖ਼ਲ ਨਾ ਹੋ ਸਕੇ।

ਦਮਨ ਦੀ ਪ੍ਰਕਿਰਿਆ ਸ਼ਖ਼ਸੀਅਤ ਦੇ ਸਾਵੇਂ ਵਿਕਾਸ ਲਈ ਅਤਿ ਲੋੜੀਂਦੀ ਹੈ। ਕਿਸੇ ਹੱਦ ਤਕ ਹਰ ਕੋਈ ਇਸ ਪ੍ਰਕਿਰਿਆ ਦੀ ਵਰਤੋਂ ਕਰਦਾ ਹੈ। ਪਰ ਕਈ ਲੋਕ ਖ਼ਤਰੇ ਨੂੰ ਨਜਿੱਠਣ ਦੇ ਹੋਰ ਵਸੀਲੇ ਛੋੜ ਕੇ ਕੇਵਲ ਦਮਨ ਉਪਰ ਹੀ ਨਿਰਭਰ ਕਰਨ ਲੱਗ ਪੈਂਦੇ ਹਨ। ਇਹਨਾਂ ਲੋਕਾਂ ਦੀ ਸ਼ਖ਼ਸੀਅਤ ਦਮਿਤ ਸ਼ਖ਼ਸੀਅਤ ਹੁੰਦੀ ਹੈ। ਐਸੀ ਸ਼ਖ਼ਸੀਅਤ ਦਾ ਸੰਸਾਰ

ਨਾਲ ਬੜਾ ਸੀਮਿਤ ਸੰਪਰਕ ਹੁੰਦਾ ਹੈ। ਇਹ ਲੋਕ ਦੁਨੀਆਂ ਤੋਂ ਵੱਖਰੇ ਅਲਿਚਕਵੇਂ ਸੁਭਾ ਵਾਲੇ ਬੇਲੋਚ ਵਿਅਕਤੀ ਹੁੰਦੇ ਸਨ।

ਕਈ ਵਾਰੀ ਦਮਨ ਦੀ ਪ੍ਰਕਿਰਿਆ ਕਾਰਨ ਸਰੀਰ ਦੀਆਂ ਸਾਧਾਰਨ ਕਿਰਿਆਵਾਂ ਵਿਚ ਵੀ ਵਿਗਾੜ ਪੈਦਾ ਹੋ ਜਾਂਦਾ ਹੈ। ਕਈ ਵਿਅਕਤੀ ਕਾਮ ਪ੍ਰਵਿਰਤੀ ਤੋਂ ਇਤਨਾ ਡਰਦੇ ਹਨ ਕਿ ਉਹਨਾਂ ਦੀ ਇਸ ਪ੍ਰਵਿਰਤੀ ਦਾ ਦਮਨ ਹੋ ਜਾਂਦਾ ਹੈ ਤੇ ਉਹ ਇਸ ਦੇ ਅਸਰ ਹੇਠ ਨਾਮਰਦ ਹੋਏ ਜਾਪਦੇ ਹਨ। ਕਈ ਵਾਰ ਦਮਨ ਕਾਰਨ ਹਿਸਟੀਰੀਆਵੀ ਅੰਨ੍ਹਾਪਣ ਜਾਂ ਅੰਗ ਮਾਰ ਵੀ ਵਾਪਰ ਜਾਂਦਾ ਹੈ। ਹਿਸਟੀਰੀਆਵੀ ਅੰਨ੍ਹੇਪਣ ਵਿਚ ਚੰਗੀਆਂ ਭਲੀਆਂ ਅੱਖਾਂ ਹੁੰਦਿਆਂ ਸੰਦਿਆਂ ਵੀ ਵਿਅਕਤੀ ਨੂੰ ਦਿਸਦਾ ਕੁਝ ਨਹੀਂ। ਹਿਸਟੀਰੀਆਵੀ ਅੰਗਮਾਰ ਵਿਚ ਮਾਰੇ ਹੋਏ ਅੰਗ (ਲੱਤ, ਬਾਂਹ ਜਾ ਅੱਧਾ ਪਾਸਾ) ਦੇ ਪੱਠੇ ਬਿਲਕੁਲ ਠੀਕ ਠਾਕ ਹੁੰਦੇ ਹਨ, ਪਰ ਦਮਨ ਦੀ ਪ੍ਰਕਿਰਿਆ ਉਹਨਾਂ ਨੂੰ ਹਿਲਣ ਜੁਲਣ ਤੋਂ ਵਰਜੀ ਰਖਦੀ ਹੈ। ਦਮਨ ਕਾਰਨ ਹੋਰ ਵੀ ਕਈ ਪ੍ਰਕਾਰ ਦੇ ਮਨੋ-ਸਰੀਰਕ ਰੋਗ ਉਤਪੰਨ ਹੋ ਸਕਦੇ ਹਨ।

ਇਥੇ ਇਕ ਪ੍ਰਸ਼ਨ ਉਠਾਲਣਾ ਅਨੁਚਿਤ ਨਹੀਂ ਹੋਵੇਗਾ – ਕਿ ਆਖ਼ਰ ਦਮਿਤ ਪ੍ਰੇਰਨਾਵਾਂ ਦਾ ਅੰਜਾਮ ਕੀ ਹੁੰਦਾ ਹੈ? ਇਹ ਪ੍ਰੇਰਨਾਵਾਂ ਜਾਂ ਤਾਂ ਬਣੀਆਂ ਰਹਿੰਦੀਆਂ ਹਨ ਤੇ ਕਾਇਮ ਤੁਰੀ ਜਾਂਦੀਆਂ ਹਨ, ਜਾਂ ਫਿਰ ਸਭ ਰੋਕਾਂ ਬੰਨੇ ਤੋੜ ਤਾੜ ਕੇ ਚੇਤਨ ਵਿਚ ਜਾ ਧੱਸਦੀਆਂ ਹਨ। ਪਿਛਲੇਰੀ ਪ੍ਰਸਥਿਤੀ ਦੀ ਇਕ ਮਿਸਾਲ ਲਿੰਗ ਪ੍ਰਵਿਰਤੀ ਦੀ ਹੈ। ਬਚਪਨ ਵਿਚ ਹੀ ਰੋਕੂ ਦਬਾਵਾਂ ਕਾਰਨ ਇਸ ਪ੍ਰਵਿਰਤੀ ਦਾ ਬੜਾ ਕਰੜਾ ਦਮਨ ਹੋ ਜਾਂਦਾ ਹੈ। ਪਰ ਕਿਸ਼ੋਰ ਅਵਸਥਾ ਵਿਚ ਲਿੰਗ ਕਾਮਨਾ ਦੇ ਬਾਹਲੇ ਜੋਸ਼ ਕਾਰਨ ਸਭ ਰੋਕਾਂ ਆਮ ਤੌਰ ਤੇ ਟੁੱਟ ਫੁੱਟ ਜਾਂਦੀਆਂ ਹਨ ਤੇ ਲਿੰਗ ਕਾਮਨਾਵਾਂ ਚੇਤਨ ਵਿਚ ਆ ਅੱਡਾ ਜਮਾਉਂਦੀਆਂ ਹਨ।

ਜਦੋਂ ਵੀ ਦਮਨ ਦੀ ਰੋਕ ਟੁੱਟਦੀ ਹੈ ਤਾਂ ਰੁਕੀ ਹੋਈ ਸੱਤਾ ਬੜੇ ਜ਼ੋਰ ਨਾਲ ਬਾਹਰ ਨਿਕਲਦੀ ਹੈ। ਉਸੇ ਤਰ੍ਹਾਂ ਜਿਸ ਤਰ੍ਹਾਂ ਕਿਸੇ ਗੇਂਦ ਨੂੰ ਦਬਾ ਰੱਖੀਏ ਤਾਂ ਛੱਡਣ ਉਤੇ ਉਹ ਬੜੇ ਜ਼ੋਰ ਨਾਲ ਬੁੜ੍ਹਕਦੀ ਹੈ।

ਜਿਤਨਾ ਚਿਰ ਦਮਨ ਦੀ ਪ੍ਰਕਿਰਿਆ ਜਾਰੀ ਰਹਿੰਦੀ ਹੈ, ਇਹ ਪਰਖਣ ਦਾ ਅਵਸਰ ਹੀ ਨਹੀਂ ਲੈਣ ਦੇਂਦੀ ਕਿ ਖ਼ਤਰਾ ਟਲ ਗਿਆ ਹੈ ਕਿ ਨਹੀਂ। ਇਹੋ ਕਾਰਨ ਹੈ ਕਿ ਕਈ ਵਾਰ ਖ਼ਤਰਾ ਟਲ ਜਾਣ ਉਪਰੰਤ ਵੀ ਦਮਨ ਬਣਿਆ ਰਹਿੰਦਾ ਹੈ। ਇਸੇ ਕਾਰਨ ਬਚਪਨ ਵਿਚ ਪੈਦਾ ਹੋਏ ਡਰਾਂ-ਤੌਖਲਿਆਂ ਦੀ ਖ਼ਾਸੀ ਰਹਿੰਦ-ਖੂੰਹਦ ਅਸੀਂ ਵੱਡੀ ਉਮਰੇ ਵੀ ਚੁੱਕੀ ਫਿਰਦੇ ਹਾਂ।

ਬਚਪਨ ਵਿਚ ਦਮਨ ਦੀ ਪ੍ਰਕਿਰਿਆ ਖ਼ਾਸ ਜ਼ਰੂਰੀ ਹੁੰਦੀ ਹੈ ਇਸ ਲਈ ਕਿ ਇਹ ਨਵਜਾਤ 'ਹਉਂ' ਦੀ 'ਇੱਦ' ਦੇ ਹਮਲਿਆਂ ਤੋਂ, ਰੱਖਿਆ ਕਰਦੀ ਹੈ। ਪਰ ਜਿਉਂ ਜਿਉਂ ਅਸੀਂ ਉਮਰ ਵਿਚ ਵਡੇਰੇ ਹੁੰਦੇ ਹਾਂ, 'ਹਉਂ' ਦੀਆਂ ਅਪ੍ਰਗਟ ਸ਼ਕਤੀਆਂ ਪ੍ਰਗਟ ਹੋਣ ਲੱਗਦੀਆਂ ਹਨ ਤੇ ਅਸੀਂ ਵਧੇਰੇ ਸੋਚਵਾਨ ਢੰਗਾਂ ਨਾਲ ਤੌਖਲਿਆਂ-ਚਿੰਤਾਵਾਂ ਨੂੰ ਨਜਿੱਠਣ ਦੇ ਸਮਰਥ ਹੋ ਜਾਂਦੇ

ਹਾਂ। ਇਸ ਲਈ, ਜਿਉਂ ਜਿਉਂ 'ਹਉਂ' ਦਾ ਵਿਕਾਸ ਹੁੰਦਾ ਹੈ, ਦਮਨ ਦੀ ਲੋੜ ਘਟੀ ਜਾਂਦੀ ਹੈ।

## 2. ਆਰੋਪਣ

ਇਕ ਹੋਰ ਸਰਬ-ਵਿਆਪਕ ਮਾਨਸਿਕ ਕ੍ਰਿਆ-ਵਿਧੀ ਆਰੋਪਣ ਦੀ ਵਿਧੀ ਹੈ। ਆਰੋਪਣ ਦਾ ਅਰਥ ਹੈ ਆਪਣੇ ਦੋਸ਼ਾਂ ਤੇ ਊਣਤਾਈਆਂ ਲਈ ਦੂਜਿਆਂ ਨੂੰ ਜ਼ਿੰਮੇਂਵਾਰ ਠਹਿਰਾਉਣਾ। ਵਿਦਿਆਰਥੀ ਪ੍ਰੀਖਿਆ ਵਿਚ ਫੇਲ੍ਹ ਹੋ ਜਾਂਦਾ ਹੈ ਤਾਂ ਪ੍ਰੀਖਿਆਕਾਰ ਨੂੰ ਦੋਸ਼ ਦੇਂਦਾ ਹੈ ਜਾਂ ਆਪਣੀ ਆਰਥਕ ਤੰਗੀ ਨੂੰ। ਕਈ ਆਚਰਣ-ਹੀਨ ਲੋਕ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਦੋਸ਼ ਦੇਂਦੇ ਹਨ। ਇਹ ਆਰੋਪਣ ਦੀਆਂ ਮਿਸਾਲਾਂ ਹਨ।




ਚਿਤ੍ਰ ਨੰ. 8 : ਆਰੋਪਣ ਵਿਧੀ

[ 'ਗ' ਉਹ ਔਗੁਣ ਹੈ ਜੋ ਲੋਕਾਂ ਨੇ ਇਕ ਵਿਅਕਤੀ ਵਿਸ਼ੇਸ਼ ਵਿਚ ਵੇਖਿਆ। ਪਰ ਇਹ ਦਮਿਤ ਹੋ ਕੇ ਉਸ ਦੇ ਅਚੇਤਨ ਵਿਚ ਚਲਾ ਜਾਂਦਾ ਹੈ ਤੇ ਫਿਰ 'ਖ' ਬਣ ਕੇ ਬਾਹਰ ਨਿਕਲਦਾ ਹੈ। ਹੁਣ 'ਖ' ਉਹ ਔਗੁਣ ਹੈ ਜੋ ਇਹ ਵਿਅਕਤੀ ਦੂਜਿਆਂ ਵਿਚ ਵੇਖਦਾ ਹੈ।]

ਆਪਣੇ ਦੋਸ਼ ਦੂਜਿਆਂ ਤੇ ਮੜ੍ਹ ਕੇ ਅਸੀਂ ਇਕ ਵਿਚਿਤ੍ਰ ਸ਼ਾਂਤੀ ਪ੍ਰਤੀਤ ਕਰਦੇ ਹਾਂ। ਆਰੋਪਣ ਕੇਵਲ ਦੂਜੇ ਵਿਅਕਤੀਆਂ ਤੇ ਹੀ ਨਹੀਂ, ਬਾਹਰ ਦੀਆਂ ਸਥਿਤੀਆਂ ਤੇ ਵੀ ਕੀਤਾ ਜਾਂਦਾ ਹੈ। ਖਿਲਾੜੀ ਪਾਸੋਂ ਗੇਂਦ ਛੁੱਟ ਜਾਂਦਾ ਹੈ ਤਾਂ ਉਹ ਆਪਣੀ ਹਾਕੀ ਜ਼ਮੀਨ ਤੇ ਪਟਕਾ ਮਾਰਦਾ ਹੈ, ਜਿਵੇਂ ਦੋਸ਼ ਹਾਕੀ ਦਾ ਸੀ। 'ਡਿੱਗੇ ਖੋਤੀ ਤੋਂ ਗੁੱਸਾ ਘੁਮਿਆਰ ਤੇ' – ਇਸ ਲੋਕੋਕਤੀ ਵਿਚ ਆਰੋਪਣ ਦਾ ਸੱਚ ਸਾਂਭਿਆ ਪਿਆ ਹੈ।

ਆਰੋਪਣ ਦੀ ਵਿਧੀ ਦਰਅਸਲ ਆਪਣੇ ਔਗੁਣਾਂ ਤੇ ਕਰਤੂਤਾਂ ਦਾ ਇਲਜ਼ਾਮ ਹੋਰਨਾ ਸਿਰ ਧਰ ਕੇ ਆਪ ਸੁੱਖ ਮਹਿਸੂਸ ਕਰਨ ਦਾ ਅਚੇਤ ਢੰਗ ਹੈ। ਇਸ ਨਾਤੇ ਇਸ ਪ੍ਰਕਿਰਿਆ ਵਿਚ ਵੀ ਸੁੱਖ-ਦੁੱਖ ਦੇ ਨੇਮ ਦੀ ਹੀ ਵਰਤੋਂ ਹੁੰਦੀ ਦਿਸਦੀ ਹੈ। ਜਾਂ ਇਉਂ ਕਹੀਏ ਕਿ ਇਹ ਆਪਣੇ ਆਪ ਨੂੰ ਸੁਖਾਵਾਂ ਧੋਖਾ ਦੇਣ ਦਾ ਇਕ ਢੰਗ ਹੈ। ਇਸ ਆਤਮ-ਭੁਲਾਵੇ ਨਾਲ ਵਿਅਕਤੀ ਆਪਣੇ ਆਪ ਨੂੰ ਦੋਸ਼-ਮੁਕਤ ਵੇਖਦਾ ਤੇ ਹੋਰਨਾਂ ਉਪਰ ਉਸ ਦਾ ਪਰਛਾਵਾਂ ਪਾ ਕੇ ਉਨ੍ਹਾਂ ਨੂੰ ਉਸ ਦਾ ਜ਼ਿੰਮੇਵਾਰ ਠਹਿਰਾਉਂਦਾ ਹੈ। ਇਉਂ ਕਰਨ ਨਾਲ ਉਸ ਵਿਅਕਤੀ ਨੂੰ ਅਪਰਾਧ-ਭਾਵਨਾ ਤੋਂ ਮੁਕਤੀ ਮਿਲ ਜਾਂਦੀ ਹੈ। ਇਉਂ ਆਰੋਪਣ ਇਕ ਸੁਰੱਖਿਆਤਮਕ ਵਿਧੀ ਹੈ ਜਿਸ ਰਾਹੀਂ ਹਉਂ ਆਪਣੀਆਂ ਵਰਜਿਤ ਇਛਾਵਾਂ ਨੂੰ ਬਾਹਰਲੇ ਸੰਸਾਰ ਉਪਰ ਥੋਪ ਸਕਦਾ ਹੈ। ਕਿਸੇ ਨੌਜਵਾਨ ਲੜਕੇ ਦੇ ਦਿਲ ਵਿਚ ਕਿਸੇ ਲੜਕੀ ਲਈ ਖਿੱਚ ਪੈਦਾ ਹੁੰਦੀ ਹੈ ਤਾਂ ਉਹ ਆਪਣੇ ਕਿਸੇ ਹਮਜੋਲੀ ਨਾਲ ਉਸ ਦੀ ਗੱਲ ਕਰਦਿਆਂ ਇਉਂ ਕਹਿੰਦਾ ਹੈ ਕਿ 'ਯਾਰ, ਫਲਾਣੀ ਲੜਕੀ ਮੇਰੇ ਵੱਲ ਵੇਖਦੀ ਹੈ।' ਮੇਰੀ ਇਕ ਮਰੀਜ਼ ਜੋ ਵਿਆਮੋਹ *(ਪੈਰਾਨੌਇਆ)* ਦੇ ਰੋਗ ਵਿਚ ਗ੍ਰਸੀ ਹੋਈ ਸੀ, ਇਕ ਦਿਨ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਗਈ। ਉਥੋਂ ਪਰਤੀ ਤਾਂ ਬਾਹਰ ਆ ਕੇ ਉੱਚੀ ਉੱਚੀ ਬੋਲਣ ਲੱਗ ਪਈ, 'ਇਹਨਾਂ ਲੋਕਾਂ ਏਡੇ ਪਵਿੱਤਰ ਅਸਥਾਨ ਨੂੰ ਕਲੰਕਤ ਕੀਤਾ ਹੋਇਐ। ਸੇਵਾਦਾਰ ਹਨ ਤਾਂ ਉਹ ਔਰਤਾਂ ਨੂੰ ਤਾੜਦੇ ਹਨ, ਗ੍ਰੰਥੀ ਹਨ ਤਾਂ ਉਹ ਔਰਤਾਂ ਵੱਲ ਅੱਖਾਂ ਪਾੜ ਪਾੜ ਵੇਖਦੇ ਹਨ, ਰਾਗੀ ਹਨ ਤਾਂ ਉਹ ਤੀਵੀਆਂ ਵੱਲ ਇਸ਼ਾਰੇ ਕਰਦੇ ਹਨ। ਯਾਤਰੂ ਵੀ ਜੋ ਬੀਬੀਆਂ ਦਾੜ੍ਹੀਆਂ ਲੈ ਕੇ ਆਉਂਦੇ ਹਨ, ਉਹ ਵੀ ਮੁਸ਼ਟੰਡਿਆਂ ਵਾਂਗ ਮੁੱਛਾਂ ਤੇ ਹੱਥ ਫੇਰਦੇ ਤੇ ਅੱਖਾਂ ਮਾਰਦੇ ਲੰਘਦੇ ਹਨ।' ਦਰ ਅਸਲ ਉਹ ਆਪ ਢਲਦੀ ਉਮਰ ਦੇ ਇਕ ਮਾਨਸਿਕ ਰੋਗ ਦਾ ਸ਼ਿਕਾਰ ਸੀ। ਅਚੇਤ ਤੌਰ ਤੇ ਉਹ ਆਪਣੇ ਤੁਰੇ ਆਉਂਦੇ ਬੁਢੇਪੇ ਨੂੰ ਸ੍ਵੀਕਾਰ ਨਹੀਂ ਸੀ ਕਰ ਰਹੀ। ਉਸ ਦੀ ਅਚੇਤ ਲਾਲਸਾ ਜੁਆਨੀ ਕਾਇਮ ਰੱਖਣ ਤੇ ਲੋਕਾਂ ਦੀਆਂ ਨਜ਼ਰਾਂ ਦਾ ਕੇਂਦਰ ਬਣੇ ਰਹਿਣ ਦੀ ਸੀ। ਪਰ ਆਪਣੀ ਇਸ ਅਚੇਤ ਇੱਛਾ ਦਾ ਪ੍ਰਗਟਾਵਾ ਉਸ ਨੂੰ ਲੋਕਾਂ ਦੀਆਂ ਨਿਗਾਹਾਂ ਵਿਚ ਦਿਸ ਰਿਹਾ ਸੀ। ਦਰ ਅਸਲ ਜੋ ਵਿਅਕਤੀ ਆਪਣੀਆਂ ਸਦਾਚਾਰਕ ਜਾਂ ਕਾਮ ਰੁਚੀਆਂ ਤੋਂ ਡਰਦਾ ਹੈ, ਉਹ ਹੋਰਨਾਂ ਉਪਰ ਉਹਨਾਂ ਰੁਚੀਆਂ ਦਾ ਇਲਜ਼ਾਮ ਥੋਪ ਕੇ ਆਪਣੇ ਆਪ ਨੂੰ ਇਸ ਦੀ ਚਿੰਤਾ ਤੋਂ ਕਿਸੇ ਹੱਦ ਤਕ ਮੁਕਤ ਕਰਨ ਦਾ ਜਤਨ ਕਰਦਾ ਹੈ। ਜਿਸ ਨੂੰ ਆਪਣੀ ਜ਼ਮੀਰ ਦੁਖੀ ਕਰਦੀ ਹੈ, ਆਰੋਪਣ ਰਾਹੀਂ ਉਹ ਆਪਣੇ ਆਪ ਨੂੰ ਇਹ ਧਰਵਾਸ ਦੇਂਦਾ ਹੈ ਕਿ ਲੋਕ ਉਸ ਨੂੰ ਦੁਖੀ ਕਰ ਰਹੇ ਹਨ, ਉਸ ਦੀ ਆਪਣੀ ਆਤਮਾ ਨਹੀਂ।

ਜਿਸ ਵਿਅਕਤੀ ਅੰਦਰ 'ਪਰਾਹਉਂ' ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ ਹੁੰਦੀ, ਜਾਂ ਮਨੋਰੋਗ ਕਾਰਨ ਵਿਛਿੰਨ ਹੋ ਗਈ ਹੁੰਦੀ ਹੈ, ਉਹ ਸਹਿਵਨ ਹੀ ਆਪਣੀਆਂ ਅਪਰਾਧੀ-ਭਾਵਨਾਵਾਂ ਨੂੰ ਦੂਸਰਿਆਂ ਉਪਰ ਥੋਪ ਦੇਂਦਾ ਹੈ। ਅਸਲ ਵਿਚ ਜਿਵੇਂ ਅਸਾਂ ਅੱਗੇ ਵਿਚਾਰਿਆ ਹੈ, 'ਪਰਾਹਉਂ' ਮਾਪਿਆਂ ਵਲੋਂ ਮਿਲੇ ਹੋੜਨ-ਹਟਕਣ, ਝਾੜ-ਝੰਬ, ਪ੍ਰਸੰਸਾ-ਅਪ੍ਰਸੰਸਾ, ਇਨਾਮ ਤੇ ਦੰਡ ਆਦਿ ਤੋਂ ਬਣਦੀ ਤੇ ਵਿਗਸਦੀ ਹੈ। ਇਸ ਨਾਤੇ ਜੋ ਪ੍ਰਤਿਬੰਧ ਕਦੇ ਬਾਹਰਲੇ ਸਨ,

ਮਗਰੋਂ ਅੰਦਰਲੀ ਵਰਜਨਾ ਬਣ ਜਾਂਦੇ ਹਨ। ਇਹ ਅੰਦਰਲੀ ਰੋਕ ਦੁਬਾਰੇ ਬਾਹਰ ਵੀ ਪ੍ਰਤਿਬਿੰਬਿਤ ਹੋ ਸਕਦੀ ਹੈ। ਇਉਂ ਆਰੋਪਣ ਵਿਧੀ ਦੀ ਮਨੋਰਚਨਾ ਹੁੰਦੀ ਹੈ।

### 3. ਆਤਮੀਕਰਣ

ਇਕ ਹੋਰ ਮਨੋਵਿਧੀ ਜਿਸ ਦੀ ਪ੍ਰਕਿਰਿਆ ਆਰੋਪਣ ਦੇ ਉਲਟ ਜਾਪਦੀ ਹੈ ਆਤਮੀਕਰਣ ਦੀ ਵਿਧੀ ਹੈ। ਆਰੋਪਣ ਵਿਚ ਆਪਣੇ ਅੰਦਰ ਵਾਪਰਦੇ ਨੂੰ ਬਾਹਰ ਥੋਪਦੇ ਹਾਂ; ਆਤਮੀਕਰਣ ਵਿਚ ਬਾਹਰ ਵਾਪਰਦੇ ਨੂੰ ਅਚੇਤ ਹੀ ਆਪਣੇ ਅੰਦਰ ਧਾਰ ਲੈਂਦੇ ਹਾਂ। ਇਉਂ ਆਤਮੀਕਰਣ ਹੋਰਨਾਂ ਦੇ ਗੁਣ-ਸੁਭਾਅ ਨੂੰ ਆਪਣੀ ਸ਼ਖ਼ਸੀਅਤ ਦਾ ਭਾਗ ਬਨਾਉਣ ਦੀ ਵਿਧੀ ਹੈ। ਜੋ ਬੰਦਾ




ਚਿਤ੍ਰ ਨੰ. 9 : ਆਤਮੀਕਰਣ

[ਦੂਜਿਆਂ ਦੇ ਗੁਣਾਂ ਆਦਿ (ਕ) ਨੂੰ ਅਪਣੀ ਕਲਪਨਾ ਵਿਚ ਆਪਣਾ ਭਾਗ (ਖ) ਮਿਥ ਲੈਣਾ ਜੋ ਦਰਅਸਲ ਆਪਣਾ ਭਾਗ ਨਹੀਂ, ਤੇ ਜੋ ਦਰਅਸਲ ਆਪਣੀ ਸ਼ਖ਼ਸੀਅਤ ਤੋਂ ਬਾਹਰ ਦੀ ਵਸਤ (ਗ) ਹਨ।]

ਸਫਲਤਾ ਨਾਲ ਕਿਸੇ ਹੋਰ ਦੇ ਗੁਣਾਂ ਦਾ ਆਤਮੀਕਰਣ ਕਰ ਲੈਂਦਾ ਹੈ, ਉਹ ਉਸੇ ਵਰਗਾ ਹੋ ਜਾਂਦਾ ਹੈ। ਤਦੇ ਤਾਂ ਕਿਹਾ ਗਿਆ ਹੈ, "ਜੇਹਾ ਸੇਵੈ ਤੇਹੋ ਹੋਵੈ" (ਆਦਿ ਗ੍ਰੰਥ: ਪੰਨਾ 549)।

ਬੱਚੇ, ਗੁਣ ਸੁਭਾਅ ਤੇ ਆਦਤਾਂ ਵਿਚ ਮਾਪਿਆਂ ਤੇ ਕਿਉਂ ਜਾਂਦੇ ਹਨ? ਇਸ ਦਾ ਇਕ ਕਾਰਨ ਤਾਂ ਜ਼ਰੂਰ ਸਰੀਰਕ ਵਿਰਸਾ ਹੈ, ਪਰ, ਦੂਜਾ ਵੱਡਾ ਕਾਰਨ ਇਹ ਹੈ ਕਿ ਉਹ ਮਾਪਿਆਂ ਦੇ ਗੁਣ ਸੁਭਾਅ ਤੇ ਆਦਤਾਂ ਦਾ ਆਤਮੀਕਰਣ ਕਰਦੇ ਹਨ। ਦੂਜਿਆਂ ਦੇ ਸੁਭਾਅ ਵਾਂਗ ਆਪਣਾ ਸੁਭਾਅ ਢਾਲਣਾ ਸ਼ਖ਼ਸੀਅਤ ਦੇ ਵਿਕਾਸ ਦੀ ਇਕ ਪ੍ਰਧਾਨ ਵਿਧੀ ਹੈ ਜਿਸ ਦਾ ਮੂਲਾਧਾਰ ਆਤਮੀਕਰਣ ਹੈ।

ਆਤਮੀਕਰਣ ਉਹ ਅਚੇਤ ਮਾਨਸਿਕ ਕ੍ਰਿਆਵਿਧੀ ਹੈ ਜਿਸ ਦੁਆਰਾ ਪਿਆਰੇ ਜਾਂ ਦੁਪਿਆਰੇ ਪਦਾਰਥਾਂ ਦਾ ਸੰਕੇਤਕ ਤੌਰ ਤੇ ਅੰਦਰ ਵਾਸਾ ਕਰ ਲਿਆ ਜਾਂਦਾ ਹੈ।

ਪਿਆਰ ਤੇ ਨਫ਼ਰਤ ਦੋਨੋਂ ਪ੍ਰਕਾਰ ਦੇ ਭਾਵ ਆਰੋਪਣ ਨਾਲ ਬਾਹਰ ਤੇ ਆਤਮੀਕਰਣ ਨਾਲ ਅੰਦਰ ਵੱਸਾ ਲਏ ਜਾਂਦੇ ਹਨ। ਰੋਗਾਤਮਕ ਉਦਾਸੀ ਦਾ ਕਾਰਨ ਆਤਮੀਕਰਣ ਹੀ ਹੁੰਦਾ ਹੈ। ਜਦੋਂ ਕਿਸੇ ਨੂੰ ਆਪਣੇ ਕਿਸੇ ਪਿਆਰੇ ਪਾਸੋਂ ਮਾਯੂਸੀ ਹੋਵੇ ਤਾਂ ਉਹ ਉਸ ਨੂੰ ਦੰਡ ਦੇਣ ਦੀ ਥਾਂ, ਆਤਮੀਕਰਣ ਕਾਰਨ, ਆਪਣੇ ਆਪ ਨੂੰ ਦੰਡ ਦੇਣ ਤੇ ਤੁਲ ਪੈਂਦਾ ਹੈ। ਬੱਚਾ ਫ਼ੇਲ੍ਹ ਹੋ ਜਾਵੇ ਤਾਂ ਮਾਂ ਆਪਣੇ ਸਿਰ ਤੇ ਦੁਹੱਥੜ ਮਾਰਦੀ ਹੈ। ਕਿਸੇ ਦਾ ਪ੍ਰੇਮੀ ਜਾਂ ਪ੍ਰੇਮਿਕਾ ਬੇਵਫ਼ਾਈ ਕਰ ਜਾਵੇ, ਤਾਂ ਉਸ ਨੂੰ ਦੰਡ ਦੇਣ ਦੀ ਥਾਂ ਉਹ ਵਿਅਕਤੀ ਆਪ ਆਤਮਘਾਤ ਤਕ ਕਰਨ ਤੇ ਉਤਰ ਆਉਂਦਾ ਹੈ। ਇਉਂ ਆਤਮੀਕਰਣ ਦੀ ਵਿਧੀ ਉਦਾਸੀ ਰੋਗ ਦੀ ਉਤਪਤੀ ਵਿਚ ਭਰਵਾਂ ਸੀਰ ਪਾਉਂਦੀ ਪ੍ਰਤੀਤ ਹੁੰਦੀ ਹੈ।

# 6.
# ਅਚੇਤਨ ਦੀ ਗਤੀਸ਼ੀਲਤਾ-2

**ਪ੍ਰਤਿਗਮਨ :**

ਕਿਸੇ ਅਸਾਧਾਰਨ ਮਾਨਸਿਕ ਤਣਾਓ ਦੇ ਕਾਰਨ ਕਈ ਵਾਰ ਕੋਈ ਜੀਅ ਕਿਸੇ ਐਸੇ ਪੂਰਬਲੇ ਵਿਕਾਸ-ਪੜਾ ਵਲ ਅਚੇਤ ਹੀ ਪਰਤ ਪੈਂਦਾ ਹੈ ਜਿਸ ਉੱਤੇ ਕਦੇ ਉਸ ਨੇ ਸੁਰਖਿਆ ਪ੍ਰਤੀਤ ਕੀਤੀ ਹੋਵੇ। ਇਸ ਪ੍ਰਕਾਰ, ਮਨੁੱਖੀ ਵਿਹਾਰ ਦੇ ਕਿਸੇ ਚਿਰ-ਛੋੜੇ ਵਿਕਾਸ-ਪੱਧਰ ਤਕ ਅਚੇਤ ਹੀ ਪਰਤ ਪੈਣ ਦੀ ਪ੍ਰਕਿਰਿਆ ਦਾ ਨਾਮ ਪ੍ਰਤਿਗਮਨ ਹੈ। ਸੁਰਖਿਆ ਦੀ ਪ੍ਰਾਪਤੀ ਤੋਂ ਇਲਾਵਾ ਜ਼ਿੰਮੇਵਾਰੀਆਂ ਤੋਂ ਬਚਾਓ ਵੀ ਇਸ ਦਾ ਮਨੋਰਥ ਹੋ ਸਕਦਾ ਹੈ। ਇਸ ਦਾ ਰੂਪ ਕਈ ਵਾਰੀ ਸੰਕੇਤਕ ਵੀ ਹੁੰਦਾ ਹੈ ਜੋ ਪ੍ਰਾਣੀ ਨੂੰ ਕਿਸੇ ਵਾਪਰ ਰਹੇ ਤਣਾਓ, ਦਵੰਦ, ਸੰਘਰਸ਼ ਜਾਂ ਜ਼ਿੰਮੇਵਾਰੀ ਤੋਂ ਸੁਬਕਦੋਸ਼ ਕਰਦਾ ਪ੍ਰਤੀਤ ਹੁੰਦਾ ਹੈ।




ਚਿਤ੍ਰ: ਨੰ: 10. ਪ੍ਰਤਿਗਮਨ

[ਵਿਕਾਸ ਵਿਚ ਕਿਸੇ ਅਸਾਧਾਰਣ ਮਾਨਸਿਕ ਤਣਾਓ ਦੇ ਆ ਜਾਣ ਪੁਰ ਵਿਕਾਸ ਦਿਸ਼ਾ ਪਰਤ ਜਾਂਦੀ ਹੈ ਤੇ ਵਿਹਾਰ ਕਿਸੇ ਪੂਰਬਲੇ ਵਿਕਾਸ-ਪੜਾ ਤਕ ਵਾਪਸ ਚਲਾ ਜਾਂਦਾ ਹੈ। ਬੜੀ ਵਾਰ ਇਹ ਪ੍ਰਤਿਗਮਨ ਸੰਕੇਤਕ ਰੂਪ ਵੀ ਧਾਰ ਲੈਂਦਾ ਹੈ।]

ਪ੍ਰਤਿਗਮਨ ਇਕ ਅਚੇਤਨ ਐਲਾਨ ਹੁੰਦਾ ਹੈ, ਇਹ ਆਖਦਾ ਕਿ "ਮੈਂ ਇਤਨੀ ਤੇਜ਼ ਚਾਲੇ ਨਹੀਂ ਚਲ ਸਕਦਾ।" ਇਸ ਲਈ ਵਿਅਕਤੀ ਮਾਨਸਿਕ ਤੌਰ ਤੇ (ਅਚੇਤ ਹੀ) ਪਿਛਲ ਚਾਲੇ ਕਿਸੇ ਪੂਰਬਲੇ ਵਿਹਾਰਕ ਢੰਗ ਵੱਲ ਪਰਤ ਪੈਂਦਾ ਹੈ ਜਿਸ ਰਾਹੀਂ ਉਸ ਨੂੰ ਨਵੇਂ ਹਾਲਾਤ

ਨਾਲ ਸਮਝੌਤਾ ਹੁੰਦਾ ਪ੍ਰਤੀਤ ਹੋਵੇ ਜਾਂ ਕਿਸੇ ਵੇਲੇ ਜਿਸ ਨੇ ਉਸ ਨੂੰ ਵਿਹਾਰਕ ਪੱਧਰ ਤੇ ਸਫਲਤਾ ਦਿੱਤੀ ਹੋਵੇ।

ਪ੍ਰਤਿਗਮਨ ਅੰਸ਼ਿਕ ਵੀ ਹੋ ਸਕਦਾ ਹੈ, ਮੁਕੰਮਲ ਵੀ। ਇਹ ਵਿਅਕਤਿਤਵ ਦੇ ਕਿਸੇ ਵੀ ਵਿਕਾਸ-ਪੜਾ ਤੀਕ ਹੋ ਸਕਦਾ ਹੈ। ਅਰਥ ਇਸ ਦਾ ਏਹੋ ਹੁੰਦਾ ਹੈ ਕਿ ਵਿਅਕਤੀ ਵਰਤਮਾਨ ਦੇ ਪ੍ਰੌੜ੍ਹ ਪੱਧਰ ਉਪਰ ਵਰਤਣ-ਵਿਚਰਨ ਦੀ ਯੋਗਤਾ ਤੋਂ ਵਿਰਵਾ ਹੈ। ਬਚਪਨ ਦੀਆਂ ਚਿਰੋਕਣੀਆਂ ਛੁਟ ਚੁਕੀਆਂ ਵਿਹਾਰ-ਕਿਰਿਆਵਾਂ ਦਾ ਮੁੜ ਜਾਗ ਪੈਣਾ ਇਸੇ ਪ੍ਰਕਿਰਿਆ ਦੇ ਵਾਪਰਨ ਦਾ ਸੂਚਕ ਹੁੰਦਾ ਹੈ। ਮੁੜ ਜਾਗੀਆਂ ਐਸੀਆਂ ਛੁੱਟੜ ਕਿਰਿਆਵਾਂ ਵਿਚ ਅੰਗੂਠਾ ਚੂਸਣਾ, ਬਿਸਤਰੇ ਵਿਚ ਪੇਸ਼ਾਬ ਕਰ ਦੇਣਾ ਆਦਿ ਸ਼ਾਮਿਲ ਹਨ। ਬਚਪਨ ਵਿਚ ਇਹਨਾ ਤੋਂ ਇਕ ਪ੍ਰਕਾਰ ਦੀ ਸੁਰਖਿਆ ਦਾ ਆਭਾਸ ਪ੍ਰਾਪਤ ਹੁੰਦਾ ਸੀ, ਜਾਂ ਕਿਸੇ ਤਰ੍ਹਾਂ ਦੇ ਸੁੱਖ ਦੀ ਪ੍ਰਾਪਤੀ ਹੁੰਦੀ ਸੀ। ਅੰਗੂਠਾ ਚੂਸਣਾ ਦੁੱਧ ਚੁੰਘਣ ਦਾ ਬਦਲ ਹੁੰਦਾ ਸੀ, ਤੇ ਦੁੱਧ ਦੀ ਗ਼ੈਰ-ਹਾਜ਼ਰੀ ਵਿਚ (ਭਾਵੇਂ ਝੂਠਾ ਹੀ) ਇਕ ਤਰ੍ਹਾਂ ਦਾ ਸੁੱਖ ਦੇਂਦਾ ਸੀ। ਬਿਸਤਰੇ ਵਿਚ ਪੇਸ਼ਾਬ ਕਰਨ ਮਗਰੋਂ ਮਾਂ ਦਾ ਧਿਆਨ ਤੇ ਉਸ ਦੀ ਮੌਜੂਦਗੀ ਦੀ ਸੁਰੱਖਿਆ ਪ੍ਰਾਪਤ ਹੁੰਦੀ ਸੀ। ਜੇਕਰ ਉਹ ਬੱਚੇ ਜੋ ਇਕ ਵਾਰ ਅੰਗੂਠਾ ਚੂਸਣ ਜਾਂ ਬਿਸਤਰਾ ਗਿੱਲਾ ਕਰਨ ਤੋਂ ਮੁਕਤ ਹੋ ਚੁਕੇ ਹੋਣ, ਕਿਸੇ ਮਾਨਸਿਕ ਤਣਾਓ ਕਾਰਨ ਦੁਬਾਰੇ ਇਹ ਕਿਰਿਆਵਾਂ ਸ਼ੁਰੂ ਕਰ ਦੇਣ ਤਾਂ ਉਹ ਪ੍ਰਤਿਗਮਨ ਕਰ ਰਹੇ ਹੁੰਦੇ ਹਨ।

ਪਹਿਲਾ ਬੱਚਾ ਆਮ ਤੌਰ ਤੇ ਮਾਂ ਬਾਪ ਦੇ ਧਿਆਨ ਦਾ ਮੁੱਖ ਕੇਂਦਰ ਹੁੰਦਾ ਹੈ। ਇਕ ਹੋਰ ਬੱਚੇ ਦੇ ਜਨਮ ਮਗਰੋਂ ਕੁਦਰਤੀ ਤੌਰ ਤੇ ਇਹ ਧਿਆਨ ਵੰਡਿਆ ਜਾਂਦਾ ਹੈ। ਪਰ ਪਹਿਲੇ ਬੱਚੇ ਲਈ ਇਹ ਗੱਲ ਅਸਹਿ ਹੋ ਸਕਦੀ ਹੈ। ਉਸ ਹਾਲਤ ਵਿਚ ਉਸ ਦੇ ਅੰਦਰ ਤਣਾਓ ਪੈਦਾ ਹੋਣਾ ਸੁਭਾਵਕ ਹੈ। ਆਪਣੇ ਸਹੋਦਰ ਨਾਲ ਸ਼ਰੀਕੇ ਦਾ ਤਣਾਓ ਉਸ ਨੂੰ ਵਾਪਸ ਅੰਗੂਠਾ ਚੂਸਣ ਜਾਂ ਬਿਸਤਰਾ ਗਿੱਲਾ ਕਰਨ ਦੇ ਛੁੱਟ ਚੁੱਕੇ ਵਿਹਾਰ ਵਲ ਪਰਤਾ ਸਕਦਾ ਹੈ। ਪ੍ਰਤਿਗਮਨ ਦੀ ਇਹ ਮਿਸਾਲ ਕਈ ਘਰਾਂ ਵਿਚ ਵਾਪਰਦੀ ਮਿਲਦੀ ਹੈ।

ਕਦੇ ਕਦੇ, ਪ੍ਰਤਿਗਮਨ ਰਾਹੀਂ ਪਰ-ਨਿਰਭਰਤਾ ਦੀ ਗੁਆਚੀ ਖ਼ੁਸ਼ੀ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਵੀ ਹੁੰਦੀ ਹੈ। ਮੇਰੀ ਇਕ ਮਰੀਜ਼ਾ ਜੋ ਕਿਸੇ ਸਕੂਲ ਵਿਚ ਅਧਿਆਪਕਾ ਸੀ ਅਚਨਚੇਤ ਇਕ ਦਿਨ ਪੜ੍ਹਾਂਦੇ ਪੜ੍ਹਾਂਦੇ ਤੁਤਲਾਉਣ ਲਗ ਪਈ। ਕਾਰਨ ਇਸ ਦਾ ਬੜਾ ਦਿਲਚਸਪ ਸੀ। ਓਦੋਂ ਉਸ ਨੂੰ ਇਹ ਸੂਚਨਾ ਮਿਲੀ ਸੀ ਕਿ ਉਸਨੂੰ ਸਕੂਲ ਦੀ ਪ੍ਰਿੰਸੀਪਲ ਬਨਾਉਣ ਦੀ ਤਜਵੀਜ ਹੋ ਰਹੀ ਹੈ। ਬੌਧਕ ਤੌਰ ਤੇ ਤਾਂ ਉਹ ਇਸ ਦੇ ਹਰ ਤਰ੍ਹਾਂ ਯੋਗ ਸੀ, ਪਰ ਉਹ ਇਸ ਜ਼ਿੰਮੇਵਾਰੀ ਨੂੰ ਸਵੀਕਾਰ ਕਰਨ ਵਲੋਂ ਮਨ ਹੀ ਮਨ ਹਿਚਕਿਚਾ ਰਹੀ ਸੀ। ਸੋ ਅਚੇਤ ਹੀ ਉਹ ਸ਼ਿਸ਼ੂ ਪੱਧਰ ਦੇ ਵਿਹਾਰ ਵਲ ਪ੍ਰਤਿਗਮਨ ਕਰ ਗਈ। ਦੋ ਕੁ ਮਹੀਨਿਆਂ ਦੇ ਮਾਨਸਿਕ ਇਲਾਜ ਮਗਰੋਂ ਇਕਾਇਕ ਉਸ ਅੰਦਰ ਇਕ ਅੰਤਰਸੋਝੀ ਬੇਦਾਰ ਆਣ ਹੋਈ। ਕਹਿਣ ਲਗੀ, "ਬਚਪਨ ਵਿਚ ਮੈਨੂੰ ਬੋਲਣ ਵਿਚ ਬੜੀ ਕਠਿਨਾਈ ਪੇਸ਼ ਆਈ ਸੀ। ਇਸ ਕਠਿਨਾਈ

ਵਲ ਪ੍ਰਤਿਗਮਨ ਇਸ ਗੱਲ ਦਾ ਸੂਚਕ ਸੀ ਕਿ ਮੈਂ ਅਜੇ ਵੀ ਆਪਣੇ ਆਪ ਕੋਲੋਂ ਪ੍ਰੌੜ੍ਹ ਜ਼ਿੰਮੇਵਾਰੀ ਦਾ ਭਾਰ ਚੁੱਕਣ ਦੀ ਆਸ ਨਹੀਂ ਸਾਂ ਰੱਖਦੀ। ਮੈਂ ਆਤਮ-ਨਿਰਭਰਤਾ ਤੋਂ ਹਟ ਕੇ ਪਰ-ਨਿਰਭਰਤਾ ਦੇ ਸੂਚਕ ਵਿਹਾਰ ਵੱਲ ਪਰਤ ਗਈ - ਭਾਵੇਂ ਓਦੋਂ ਮੈਨੂੰ ਪਤਾ ਨਹੀਂ ਸੀ, ਇਹ ਕੀ ਹੋ ਰਿਹਾ ਹੈ, ਤੇ ਕਿਉਂ ਹੋ ਰਿਹਾ ਹੈ !" ਇਸ ਅੰਤਰ-ਸੋਝੀ ਦੀ ਪ੍ਰਾਪਤੀ ਮਗਰੋਂ ਉਸ ਦੀ ਬੋਲਣੀ ਸਹੀ ਹੋ ਗਈ।

### ਰੂਪਾਂਤ੍ਰਣ

ਰੂਪ ਵਟਾ ਕੇ, ਕਿਸੇ ਮਾਨਸਿਕ ਸੰਘਰਸ਼ ਦਾ ਸਰੀਰਕ ਰੋਗ-ਚਿੰਨ੍ਹਾਂ ਵਿਚ ਪਰਿਵਰਤਿਤ ਹੋ ਜਾਣ ਦੀ ਪ੍ਰਕਿਰਿਆ ਨੂੰ ਰੂਪਾਂਤ੍ਰਣ ਕਹਿੰਦੇ ਹਨ। ਇਸ ਪ੍ਰਕਿਰਿਆ ਵਿਚ ਹੁੰਦਾ ਇਹ ਹੈ ਕਿ ਕੋਈ ਬਲਵਾਨ ਅਚੇਤ ਪ੍ਰਵਿਰਤਕ ਰੁਚੀ ਅਚੇਤਨ ਵਿਚੋਂ ਨਿਕਲ ਕੇ ਚੇਤਨ ਵਿਚ ਆਉਣ ਦਾ ਜਤਨ ਕਰਦੀ ਹੈ। ਪਰ, ਪਰਾਹਉਂ (ਜਾਂ ਜ਼ਮੀਰ) ਉਸ ਨੂੰ ਅਯੋਗ ਗਿਰਦਾਨ ਕੇ ਪੂਰੀ ਸ਼ਕਤੀ ਨਾਲ ਉਸ ਨੂੰ ਵਾਪਿਸ ਅਚੇਤਨ ਵਿਚ ਹੀ ਧੱਕ ਦੇਂਦੀ ਹੈ, ਅਰਥਾਤ ਉਸ ਦਾ ਪ੍ਰਤਿਗਮਨ ਕਰ ਦੇਂਦੀ ਹੈ। ਇਓਂ ਉਸ ਬੁਨਿਆਦੀ ਪ੍ਰਵਿਰਤੀ ਤੇ ਪਰਾਹਉਂ ਦੇ ਦਬਾਓ ਵਿਚਾਲੇ ਸੰਘਰਸ਼ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਕਿਸੇ ਵਿਸਫੋਟਕ ਭਾਵੁਕ ਘਟਨਾ ਕਾਰਨ ਇਹ ਦਮਿਤ ਪ੍ਰਵਿਰਤੀ ਚੇਤਨ ਵਿਚ ਉਭਰਨ ਦਾ ਜ਼ੋਰਦਾਰ ਜਤਨ ਕਰਦੀ ਹੈ। ਪਰ, ਪਰਾਹਉਂ, ਇਸ ਦੇ ਅਪ੍ਰਵਾਣਿਤ ਹੋਣ ਕਾਰਨ, ਇਸ ਨੂੰ ਆਪਣੇ ਸਪਸ਼ਟ ਰੂਪ ਵਿਚ ਪ੍ਰਗਟ ਹੋਣ ਦੀ ਅਜੇ ਵੀ ਆਗਿਆ ਨਹੀਂ ਦੇ ਸਕਦੀ। ਸੋ ਇਹ ਸੰਕੇਤਕ ਰੂਪ ਵਿਚ, ਕਿਸੇ ਰੋਗ-ਚਿੰਨ੍ਹ ਦਾ ਰੂਪ ਧਾਰਨ ਕਰਕੇ, ਪ੍ਰਗਟ ਹੋ ਜਾਂਦੀ ਹੈ। ਇਉਂ ਸਰੀਰਕ ਪੱਧਰ ਤੇ ਪ੍ਰਗਟ ਅਜਿਹਾ ਰੋਗ-ਚਿੰਨ੍ਹ ਮਾਨਸਿਕ ਪੱਧਰ ਤੇ ਵਾਪਰਦੇ ਅਚੇਤਨ ਸੰਘਰਸ਼ ਦਾ ਸੂਚਕ ਹੁੰਦਾ ਹੈ।

ਐਸੇ ਸਰੀਰਕ ਰੋਗ-ਚਿੰਨ੍ਹ ਕਈ ਪ੍ਰਕਾਰ ਦੇ ਹੋ ਸਕਦੇ ਹਨ। ਇਹ ਸਾਡੇ ਗਿਆਨ-ਇੰਦਰਿਆਂ ਦੀ ਕਿਰਿਆ ਵਿਚ ਰੋਕ ਰੁਕਾਵਟ ਜਾ ਵਿਗਾੜ ਵੀ ਪੈਦਾ ਕਰ ਸਕਦੇ ਹਨ। ਕਿਸੇ ਨੂੰ ਅੰਨ੍ਹਾਪਨ ਜਾਂ ਬੋਲਾਪਨ ਵਾਪਰ ਸਕਦਾ ਹੈ। ਹੱਥਾਂ ਵਿਚੋਂ ਸਪਰਸ਼ ਦੀ ਸ਼ਕਤੀ ਜਾਂ ਨਾਸਕਾ ਵਿਚੋਂ ਸੁੰਘਣ ਦੀ ਸ਼ਕਤੀ ਅਲੋਪ ਹੋ ਸਕਦੀ ਹੈ। ਦਰਦਾਂ, ਝਰਨਾਟਾਂ, ਝੁਣਝਣੀਆਂ, ਚੋਭਾਂ ਆਦਿ ਜਾਗ ਸਕਦੀਆਂ ਹਨ। ਗਿਆਨ ਇੰਦਰੀਆਂ ਵਾਂਗੂੰ ਕਰਮ ਇੰਦਰੀਆਂ ਦੀ ਕਿਰਿਆ ਵਿਚ ਵੀ ਵਿਗਾੜ ਪੈਦਾ ਹੋ ਸਕਦਾ ਹੈ। ਥੜ੍ਹੇ ਪੈ ਸਕਦੇ ਹਨ, ਅੰਗਮਾਰ ਜਾਂ ਫ਼ਾਲਿਜ ਹੋ ਸਕਦਾ ਹੈ, ਅਧਰੰਗ ਹੋ ਸਕਦਾ ਹੈ, ਅਵਾਜ਼ ਬੰਦ ਹੋ ਸਕਦੀ ਹੈ। ਇਨ੍ਹਾਂ ਤੋਂ ਇਲਾਵਾ ਕੰਬਣੀਆਂ ਜਾਗ ਸਕਦੀਆਂ ਹਨ, ਝੋਲਾ ਹੋ ਸਕਦਾ ਹੈ, ਝਟਕੇ ਲੱਗ ਸਕਦੇ ਹਨ। ਪੇਟ ਦੀਆਂ ਕੁਝ ਤਕਲੀਫ਼ਾਂ ਵੀ ਹੋ ਸਕਦੀਆਂ ਹਨ: ਉਪਰਛਲਾਂ ਆ ਸਕਦੀਆਂ ਹਨ, 'ਗੈਸ' ਪ੍ਰਤੀਤ ਹੋ ਸਕਦੀ ਹੈ, ਪੇਸ਼ਾਬ ਜਾਂ ਪਾਖ਼ਾਨਾ ਰੁਕ ਸਕਦਾ ਹੈ। ਇਹ ਨਹੀਂ ਕਿ ਅਜਿਹੇ ਸਭ ਵਿਗਾੜ ਰੂਪਾਂਤ੍ਰਣ-ਪ੍ਰਕਿਰਿਆ ਕਾਰਨ ਹੀ ਵਾਪਰਦੇ ਹਨ। ਪਰ ਰੂਪਾਂਤ੍ਰਣ ਪ੍ਰਕਿਰਿਆ ਕਾਰਨ ਵੀ ਅਜੇਹੇ ਵਿਗਾੜ ਪੈਦਾ ਹੋ ਸਕਦੇ ਹਨ।




ਚਿਤ੍ਰ ਨੰ: 11. ਰੂਪਾਂਤ੍ਰਣ

[ਇਕ ਬਲਵਾਨ ਪਰਿਵਰਤਿਕ ਰੁਚੀ, ਪਰਾਹਉਂ ਦੇ ਜ਼ੋਰਦਾਰ ਦਬਾਓ ਕਾਰਨ ਅਚੇਤਨ ਵਿਚ ਦਮਿਤ ਪਈ ਰਹਿੰਦੀ ਹੈ। ਪਰ ਕਿਸੇ ਵਿਸਫੋਟਕ ਭਾਵੁਕ ਘਟਨਾ ਦੇ ਵਾਪਰਨ ਤੇ ਚੇਤਨ ਵਿਚ ਨਿਕਲ ਆਉਂਦੀ ਹੈ। ਤਾਂ ਵੀ ਪਰਾਹਉਂ ਦੇ ਲਗਾਤਾਰ ਦਬਾਓ ਕਾਰਨ ਕਿਸੇ ਰੋਗ ਚਿੰਨ੍ਹ ਦਾ ਰੂਪ ਧਾਰ ਕੇ ਹੀ ਪ੍ਰਗਟ ਹੋ ਸਕਦੀ ਹੈ।]

ਮੇਰੇ ਇਕ ਮਰੀਜ਼ ਦੀ ਆਵਾਜ਼ ਚਲੀ ਗਈ। ਹੁਣ ਉਹ ਪੂਰੀ ਆਵਾਜ਼ ਨਾਲ ਬੋਲ ਨਹੀਂ ਸੀ ਸਕਦਾ ਕੇਵਲ ਹਲਕੀ ਜਹੀ ਫੁਸਰ ਫੁਸਰ ਹੀ ਕਰ ਸਕਦਾ ਸੀ। ਜਾਂ ਫਿਰ ਸੈਨਤਾਂ ਇਸ਼ਾਰਿਆਂ ਨਾਲ ਆਪਣੀ ਗੱਲ ਸਮਝਾ ਸਕਦਾ ਸੀ। ਇਹ ਤਕਲੀਫ ਉਸ ਨੂੰ ਉਸ ਦਿਨ ਸ਼ੁਰੂ ਹੋਈ ਜਿਸ ਦਿਨ ਉਸ ਨੂੰ ਇਕ ਅਦਾਲਤੀ ਸੰਮਨ ਪ੍ਰਾਪਤ ਹੋਇਆ। ਇਹ ਸੰਮਨ ਉਸ ਨੂੰ ਇਕ ਮੁਕੱਦਮੇ ਵਿਚ ਗਵਾਹੀ ਦੇਣ ਲਈ ਸੱਦਾ ਸੀ। ਮੁਕੱਦਮਾ ਉਸ ਦੇ ਇਕ ਮਿੱਤਰ ਦੇ ਵਿਰੁਧ ਸੀ, ਤੇ ਉਸ ਦੀ ਗਵਾਹੀ, ਜੇਕਰ ਉਹ ਸੱਚ ਬੋਲੇ, ਤਾਂ ਉਸ ਦੇ ਮਿੱਤਰ ਦੇ ਵਿਰੁਧ ਜਾ ਸਕਦੀ ਸੀ। ਸੋ ਉਹ ਇਕ ਸੰਕਟ ਵਿਚ ਫੱਸਿਆ ਜਾਪਦਾ ਸੀ, ਕਿਉਂਕਿ ਝੂਠ ਵੀ ਉਹ ਬੋਲਣਾ ਨਹੀਂ ਸੀ ਚਾਹੁੰਦਾ। ਉਸ ਦੇ ਇਸ ਮਾਨਸਿਕ ਸੰਕਟ ਨੇ ਅਚੇਤ ਹੀ ਆਪਣਾ ਸਮਾਧਾਨ ਢੂੰਡ ਲਿਆ ਸੀ। ਜਦ ਉਹ ਬੋਲ ਹੀ ਨਹੀਂ ਸੀ ਸਕਦਾ ਤਾਂ ਗਵਾਹੀ ਕਿਵੇਂ ਦੇ ਸਕਦਾ ? ਰੂਪਾਂਤ੍ਰਣ ਵਿਧੀ ਰਾਹੀਂ ਆਵਾਜ਼ ਦੇ ਚਲੇ ਜਾਣ ਕਾਰਨ ਉਹ ਇਸ ਜ਼ਿੰਮੇਵਾਰੀ ਤੋਂ, ਜਿਵੇਂ, ਮੁਕਤ ਹੋ ਗਿਆ ਜਾਪਦਾ ਸੀ। ਪਰ ਆਵਾਜ਼ ਦਾ ਚਲੇ ਜਾਣਾ ਸੰਕੇਤਕ ਢੰਗ ਨਾਲ ਉਸ ਦੇ ਮਾਨਸਿਕ ਸੰਘਰਸ਼ ਵਲ ਇਸ਼ਾਰਾ ਵੀ ਕਰੀ ਜਾਂਦਾ ਸੀ। ਉਹ ਕਹਿ ਰਿਹਾ ਜਾਪਦਾ ਸੀ ਕਿ "ਮੈਂ ਕੁਝ ਕਹਿਣਾ ਨਹੀਂ ਚਾਹੁੰਦਾ।"

ਇਕ ਹੋਰ ਮਰੀਜ਼ ਦੀ ਵਿਥਿਆ ਮੈਨੂੰ ਚੇਤੇ ਆਉਂਦੀ ਹੈ। ਉਹ ਇਕ ਸਮੁੰਦਰੀ ਬੇੜੇ ਦਾ

ਜਹਾਜ਼ਰਾਨ ਸੀ। ਵਹੁਟੀ ਉਸ ਦੀ ਬੜੀ ਸੁਨੱਖੀ ਮੁਟਿਆਰ ਸੀ। ਦੋਵੇਂ ਜੀ ਜਹਾਜ਼ ਦੇ ਸਾਰੇ ਅਮਲੇ ਵਿਚ ਹਰ-ਦਿਲ-ਅਜ਼ੀਜ਼ ਸਨ। ਇਕ ਦਿਨ ਉਸ ਜਹਾਜ਼ਰਾਨ ਨੇ ਆਪਣੀ ਵਹੁਟੀ ਨੂੰ ਤੇ ਆਪਣੇ ਇਕ ਮਿੱਤਰ ਨੂੰ ਇਕਲਵੰਝੇ ਖਲੋਤਿਆਂ ਗੱਲਾਂ ਕਰਦਿਆਂ ਵੇਖਿਆ। ਇਹ ਨਾ ਆਪਣੀ ਵਹੁਟੀ ਤੇ ਸ਼ੱਕ ਕਰਨਾ ਚਾਹੁੰਦਾ ਸੀ (ਜੋ ਹਮੇਸ਼ਾ ਵਫ਼ਾ ਪਾਲਦੀ ਆਈ ਸੀ) ਨਾ ਆਪਣੇ ਮਿੱਤਰ ਤੇ (ਜੋ ਵਿਸ਼ਵਾਸਜਨਕ ਆਚਰਨ ਦਾ ਮਾਲਕ ਸੀ), ਪਰ ਵੇਖੀ ਹੋਈ ਘਟਨਾ ਬਾਰ ਬਾਰ ਉਸ ਦੀਆਂ ਅੱਖਾਂ ਅੱਗੇ ਆਈ ਜਾਂਦੀ ਸੀ। ਤਾਂ ਹੀ ਜਾਣੋ, ਜਦ ਅਗਲੇ ਦਿਨ ਸਵੇਰੇ ਜਾਗਿਆ ਤਾਂ ਉਸ ਦੀਆਂ ਅੱਖਾਂ ਜ਼ੋਰ ਲਾਉਣ ਪੁਰ ਵੀ ਖੁਲ੍ਹਦੀਆਂ ਨਹੀਂ ਸਨ। ਕਈ ਚਿਰ ਦੀ ਕੋਸ਼ਿਸ਼ ਮਗਰੋਂ ਪਲ ਭਰ ਲਈ ਮਸਾਂ ਇਕ ਨਿੱਕੀ ਝੀਥ ਹੀ ਪਲਕਾਂ ਵਿਚਾਲੇ ਪੈਦਾ ਹੋ ਸਕੀ ਸੀ। ਇਸ ਜਹਾਜ਼ਰਾਨ ਦਾ ਅੰਦਰਲਾ ਸੰਕਟ ਤਾਂ ਸਪਸ਼ਟ ਸੀ। ਟੱਕਰ ਵਿਸ਼ਵਾਸ ਤੇ ਅਵਿਸ਼ਵਾਸ ਵਿਚਾਲੇ ਸੀ 'ਤੇ ਇਸ ਸੰਘਰਸ਼ ਦਾ ਸਮਾਧਾਨ ਸੰਕੇਤ ਰੂਪ ਵਿਚ (ਰੂਪਾਂਤ੍ਰਣ ਵਿਧੀ ਰਾਹੀਂ) ਅਚੇਤਨ ਨੇ 'ਅੱਖਾਂ ਨਾ ਖੁਲ੍ਹ ਸਕਣ' ਦੇ ਰੂਪ ਵਿਚ ਕਰ ਲਿਆ ਸੀ। ਅੱਖਾਂ ਦਾ ਨਾ ਖੁਲ੍ਹਣਾ, ਸੰਕੇਤਕ ਬੋਲੀ ਵਿਚ, ਕਈ ਕੁਝ ਇੱਕੋ ਵੇਲੇ ਆਖੀ ਜਾ ਰਿਹਾ ਸੀ : 'ਮੈਂ ਵੇਖਿਆ ਹੀ ਕੁਝ ਨਹੀਂ', 'ਮੇਰੀਆਂ ਅੱਖਾਂ ਨਾ ਹੀ ਖੁੱਲਣ ਤਾਂ ਹੀ ਚੰਗਾ'; 'ਮੈਂ ਵੇਖ ਕੇ ਵੀ ਅਣਡਿਠ ਕਰ ਰਿਹਾ ਹਾਂ' ਆਦਿ। ਜਦੋਂ ਇਲਾਜ ਰਾਹੀਂ, ਉਸ ਨੂੰ ਆਪਣੇ ਰੋਗ ਚਿੰਨ੍ਹ ਦੇ ਸੰਕੇਤਕ ਸੰਦੇਸ਼ ਦੀ ਸਮਝ ਆ ਗਈ ਤੇ ਇਹ ਵਿਆਖਿਆ ਉਸ ਨੇ ਮਨੋਂ ਪ੍ਰਵਾਨ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਸ ਦੀਆਂ ਅੱਖਾਂ ਖੁੱਲ੍ਹ ਗਈਆਂ - ਸੰਕੇਤਕ ਤੌਰ ਤੇ ਵੀ 'ਤੇ ਯਥਾਰਥਕ ਪੱਧਰ ਤੇ ਵੀ।

**ਸਥਾਨਾਂਤ੍ਰਣ**

ਸਥਾਨਾਂਤ੍ਰਣ ਉਹ ਮਾਨਸਿਕ ਵਿਧੀ ਹੈ ਜਿਸ ਰਾਹੀਂ ਕਿਸੇ ਵਸਤੂ ਜਾਂ ਘਟਨਾ ਨਾਲ ਜੁੜੇ ਭਾਵੁਕ ਅਨੁਭਵ ਉਸ ਨਾਲੋਂ ਨਿਖੜ ਕੇ ਕਿਸੇ ਹੋਰ ਵਸਤੂ ਜਾਂ ਸਥਿਤੀ ਨਾਲ ਜਾ ਜੁੜਦੇ ਹਨ। ਇਹ ਪ੍ਰਕਿਰਿਆ ਅਚੇਤਨ ਹੀ ਵਾਪਰਦੀ ਹੈ। ਇਸ ਰਾਹੀਂ ਕਿਸੇ ਦੁਖਦਾਈ ਭਾਵ ਨਾਲ ਸੰਬੰਧਤ ਘਟਨਾ ਤਾਂ ਚੇਤਨਾ ਵਿਚੋਂ ਬਰਖ਼ਾਸਤ ਹੋ ਜਾਂਦੀ ਹੈ, ਪਰ ਉਸ ਨਾਲ ਜੁੜੇ ਭਾਵ ਕਿਸੇ ਐਸੀ ਅਸੰਗਤ ਘਟਨਾ ਜਾਂ ਐਸੇ ਪਦਾਰਥ ਨਾਲ ਜਾ ਜੁੜਦੇ ਹਨ ਜਿਸ ਨਾਲ ਉਹਨਾਂ ਭਾਵਾਂ ਦੇ ਸੰਬੰਧਤ ਹੋਣ ਦੀ ਸੰਭਾਵਨਾ ਵਿਅਕਤੀ ਨੇ ਆਪ ਵੀ ਨਹੀਂ ਲਖੀ ਹੁੰਦੀ। ਜਿਨ੍ਹਾਂ ਵਸਤਾਂ ਜਾਂ ਸਥਿਤੀਆਂ ਨਾਲ ਇਹ ਭਾਵ ਆ ਜੁੜਦੇ ਹਨ, ਉਹਨਾਂ ਨਾਲ ਉਹ ਅਸੰਗਤ, ਓਪਰੇ ਤੇ ਬੇਦਲੀਲੇ ਲਗਦੇ ਹਨ। ਇਸ ਲਈ ਵਿਅਕਤੀ ਨੂੰ ਆਪ ਉਹਨਾਂ ਤੋਂ ਉਲਝਣ ਹੁੰਦੀ ਹੈ, ਫਿਰ ਵੀ ਉਹ ਉਹਨਾਂ ਨੂੰ ਤਿਆਗ ਨਹੀਂ ਸਕਦਾ। ਐਸਾ ਸਥਾਨਾਂਤ੍ਰਣ ਭੈ-ਰੋਗਾਂ *(ਫ਼ੋਬੀਆਜ਼)* ਪਿੱਛੇ ਆਮ ਵਰਤਦਾ ਹੈ।




ਚਿਤ੍ਰ ਨੰ: 12. ਸਥਾਨਾਂਤ੍ਰਣ ਵਿਧੀ

ੳ = ਭਾਵੁਕ ਘਟਨਾ (ਸ਼ਰਮਨਾਕ ਜਾਂ ਭੈਦਾਇਕ ਆਦਿ)
ਅ = ਸੰਬੰਧਤ ਭਾਵ (ਲੱਜਾ, ਭਉ ਆਦਿ)
ਅ' = ਮੁਕਤ ਭਾਵ
ੲ = ਮਾਸੂਮ ਵਿਚਾਰ ਜਾਂ ਘਟਨਾ
ੳ' = ਦਮਿਤ ਘਟਨਾ (ੳ ਵਾਸਤੇ ਵਿਸਿਮਰਿਤੀ)

ਇਕ ਨੌਜਵਾਨ ਸ਼ਾਦੀ ਤੋਂ ਪਹਿਲਾਂ ਆਪਣੇ ਮਾਪਿਆਂ ਨਾਲ ਰਹਿੰਦਾ ਸੀ ਤੇ ਬਹੁਤ ਕਰ ਉਹਨਾਂ ਉਪਰ ਨਿਰਭਰ ਰਖਦਾ ਸੀ। ਸ਼ਾਦੀ ਮਗਰੋਂ ਉਸ ਨੇ ਇਕ ਵਖਰਾ ਮਕਾਨ ਲੈ ਲਿਆ ਤੇ ਆਪਣਾ ਸਾਮਾਨ ਇਕ ਟਰੱਕ ਵਿਚ ਲਦਵਾ ਕੇ ਓਧਰ ਲਈ ਜਾਂਦਾ ਸੀ। ਆਪ ਅੱਗੇ ਡਰਾਈਵਰ ਨਾਲ ਬੈਠਾ ਹੋਇਆ ਸੀ। ਇਹ ਸੋਚ ਰਿਹਾ ਸੀ ਕਿ ਉਹ ਸਾਰੀਆਂ ਜ਼ਿੰਮੇਵਾਰੀਆਂ ਨੂੰ ਇਕੱਲਿਆਂ ਕਿਵੇਂ ਨਿਭਾ ਪਾਏਗਾ! ਇਕਾ ਇਕ ਉਸ ਦੇ ਅੰਦਰੋਂ ਬੜੀ ਘਬਰਾਹਟ ਜਾਗੀ ਤੇ ਉਹ ਚਿੱਲਾ ਕੇ ਡਰਾਈਵਰ ਨੂੰ ਕਹਿਣ ਲੱਗਾ, "ਟਰੱਕ ਰੋਕੋ, ਮੇਰਾ ਦਮ ਘੁਟ ਰਿਹਾ ਹੈ।" ਉਸ ਦਿਨ ਤੋਂ ਉਹ ਕਿਸੇ ਟਰੱਕ, ਬੱਸ, ਜਾਂ ਕਾਰ ਵਿਚ ਨਹੀਂ ਬੈਠ ਸਕਦਾ, ਉਸ ਦਾ ਦਮ ਘੁਟਣ ਲਗ ਪੈਂਦਾ ਸੀ। ਇਸ ਵਿਅਕਤੀ ਦਾ ਅਸਲ ਭੈ ਤਾਂ ਨਵੀਆਂ ਜ਼ਿੰਮੇਵਾਰੀਆਂ ਕਾਰਨ ਪੈਦਾ ਹੋਇਆ ਸੀ ਪਰ ਜਾ ਜੁੜਿਆ ਉਸ ਵਾਹਨ ਨਾਲ ਜਿਸ ਵਿਚ ਉਹ ਉਦੋਂ ਸਫ਼ਰ ਕਰ ਰਿਹਾ ਸੀ, ਜਿੱਥੇ ਇਹ ਭਉ ਪਹਿਲੀ ਵਾਰੀ ਉਤਪੰਨ ਹੋਇਆ। ਇਹ ਭੈ ਜ਼ਿੰਮੇਵਾਰੀਆਂ ਤੋਂ ਹਟ ਕੇ ਟਰੱਕ ਆਦਿ ਵਲ ਸਥਾਨਾਂਤ੍ਰਣ ਕਰ ਗਿਆ ਸੀ। ਅੱਗੇ ਕਦੇ ਇਸ ਵਿਅਕਤੀ ਨੂੰ ਬਸਾਂ, ਕਾਰਾਂ ਵਿਚ ਸਫ਼ਰ ਕਰਨ ਤੇ ਕੋਈ ਡਰ ਨਹੀਂ ਸੀ ਭਾਸਿਆ।

ਇਕ ਹੋਰ ਵਾਕਿਆ ਮੈਨੂੰ ਯਾਦ ਆ ਗਿਆ ਹੈ। ਪੰਝੀਆਂ ਛੱਬੀਆਂ ਵਰ੍ਹਿਆਂ ਦਾ ਇਕ ਨੌਜੁਆਨ ਇਕ ਦਿਨ ਮੇਰੇ ਪਾਸ ਆਇਆ ਤੇ ਕਹਿਣ ਲਗਾ, "ਮੈਂ ਬੜਾ ਕੋਮਲ-ਚਿੱਤ ਆਦਮੀ ਹਾਂ। ਕਿਸੇ ਦਾ ਦਿਲ ਦੁਖਾ ਕੇ ਰਾਜ਼ੀ ਨਹੀਂ। ਪਰ ਬਿਨਾਂ ਕਿਸੇ ਕਾਰਨ ਆਪਣੀ ਘਰ ਵਾਲੀ ਨਾਲ

ਝਗੜਦਾ ਰਹਿੰਦਾ ਹਾਂ। ਜੇਕਰ ਉਹ ਅੱਗੋਂ ਬੋਲ ਪਵੇ ਤਾਂ ਉਸ ਉਪਰ ਹੱਥ ਵੀ ਚੁੱਕ ਲੈਂਦਾ ਹਾਂ। ਪਿੱਛੋਂ ਪਛਤਾਉਂਦਾ ਹਾਂ, ਪਰ ਉਸ ਵੇਲੇ ਪਤਾ ਨਹੀਂ ਕੀ ਹੋ ਜਾਂਦਾ ਹੈ!" ਜਦੋਂ ਅਸਾਂ ਉਸ ਦੀ ਜ਼ਿੰਦਗੀ ਦੇ ਹਾਲਾਤ ਬਾਰੇ ਪੁੱਛ ਪੜਤਾਲ ਕੀਤੀ ਤਾਂ ਪਤਾ ਲਗਾ ਉਸ ਦੇ ਅਫ਼ਸਰ ਉਸ ਨਾਲ ਖ਼ੁਸ਼ ਨਹੀਂ। ਉਹ ਆਪ ਕਿਸੇ ਕੰਮ ਨੂੰ ਨਾਂਹ ਨਹੀਂ ਕਰ ਸਕਦਾ, ਸੋ ਅਫ਼ਸਰ ਇਸ ਨੂੰ ਕੰਮ ਨਾਲ ਲੱਦੀ ਰਖਦੇ ਹਨ। ਪਰ ਇਹ ਓਵਰਟਾਈਮ ਲਗਾ ਕੇ ਵੀ ਇਤਨਾ ਕੰਮ ਮੁਕਾ ਨਹੀਂ ਸਕਦਾ। ਸੋ ਫਿਟਕਾਰਾਂ ਖਾਂਦਾ ਹੈ। ਉਹਨਾਂ ਨੂੰ ਤੇ ਇਹ ਕੁਝ ਆਖ ਨਹੀਂ ਸਕਦਾ। ਭਰਿਆ ਪੀਤਾ ਜਦੋਂ ਘਰ ਪਹੁੰਚਦਾ ਹੈ ਤਾਂ ਨਿੱਕੀ ਨਿੱਕੀ ਗੱਲ ਉਤੇ ਘਰ ਵਾਲੀ ਨਾਲ ਖਿੱਝਣ, ਖਹਿਬੜਨ ਲਗ ਪੈਂਦਾ ਹੈ। ਪ੍ਰਤੱਖ ਸੀ ਕਿ ਇਹ 'ਕੋਮਲ-ਚਿੱਤ' ਬੰਦਾ ਜੋ ਆਪਣੇ ਅਫ਼ਸਰਾਂ ਨਾਲ ਤਾਂ ਕੋਈ ਰੋਸ-ਗੁੱਸਾ ਪ੍ਰਗਟ ਨਹੀਂ ਸੀ ਕਰ ਸਕਦਾ, ਆਪਣੀ ਇਸਤ੍ਰੀ ਉੱਪਰ ਵਰ੍ਹਦਾ ਫਿਰਦਾ ਸੀ। ਉਸ ਦੇ ਕ੍ਰੋਧ ਦਾ ਸਥਾਨਾਂਤ੍ਰਣ ਹੁੰਦਾ ਪ੍ਰਤੱਖ ਦਿੱਸ ਰਿਹਾ ਸੀ।

ਸਥਾਨਾਂਤ੍ਰਣ ਦੀ ਵਿਧੀ ਇਕ ਆਦਿਮ ਵਿਧੀ ਹੈ। ਭੈ-ਰੋਗਾਂ ਤੋਂ ਇਲਾਵਾ ਇਹ ਹੋਰ ਵੀ ਕਈ ਪ੍ਰਕਾਰ ਦੇ ਮਾਨਸਿਕ ਰੋਗਾਂ ਵਿਚ ਕ੍ਰਿਆਸ਼ੀਲ ਹੁੰਦੀ ਹੈ। ਖ਼ਬਤ-ਰੋਗ ਵਿਚ ਵੀ ਬੜੀ ਵਾਰ ਇਸੇ ਦਾ ਹੱਥ ਹੁੰਦਾ ਹੈ। ਇਕ ਵਿਅਕਤੀ ਨੂੰ ਇਹ ਖ਼ਬਤ ਹੋ ਗਿਆ ਕਿ ਉਸ ਦੇ ਹੱਥ ਮੈਲੇ ਨਾਲ ਲਿਬੜੇ ਹੋਏ ਸਨ। ਉਹ ਭਾਵੇਂ ਧੋ ਵੀ ਲਵੇ ਤਾਂ ਵੀ ਹਰ ਵਾਰ ਉਸ ਨੂੰ ਏਹੋ ਪ੍ਰਤੀਤ ਹੋਵੇ ਕਿ ਅਜੇ ਵੀ ਕੁਝ ਮੈਲਾ ਬੱਚ ਰਿਹਾ ਹੈ ਜੋ ਲੱਥਾ ਨਹੀਂ। ਗੁਸਲਖ਼ਾਨੇ ਦਾ ਦਰਵਾਜ਼ਾ ਢੋ ਕੇ ਕਈ ਵਾਰ ਉਹ ਘੰਟਾ ਘੰਟਾ ਹੱਥ ਧੋਈ ਜਾਂਦਾ। ਦਰ ਅਸਲ ਕੁਝ ਅਰਸਾ ਪਹਿਲਾਂ ਉਸ ਪਾਸੋਂ ਇਕ ਹੱਤਿਆ ਹੋ ਗਈ ਸੀ। ਮੁਕੱਦਮੇ ਵਿਚ ਤਾਂ ਜਿਵੇਂ ਕਿਵੇਂ ਉਹ ਬਰੀ ਹੋ ਗਿਆ ਸੀ, ਪਰ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਦੋਸ਼ੀ-ਭਾਵਨਾ ਤੋਂ ਮੁਕਤ ਨਹੀਂ ਸੀ ਕਰ ਸਕਿਆ। ਉਸ ਦੇ ਅੰਦਰ ਪਾਪ ਕਾਰਨ 'ਲਹੂ' ਸਥਾਨਾਂਤ੍ਰਣ ਕਰਕੇ ਬਾਹਰ ਦੀ ਮੈਲ ਬਣ ਗਿਆ ਸੀ। ਧੋਆ ਧੋਆਈ ਨਾਲ ਇਹ ਦੋਸ਼ੀ-ਭਾਵਨਾ ਤਾਂ ਨਹੀਂ ਸੀ ਜਾ ਸਕਦੀ, ਸੋ ਘੰਟਿਆਂ ਬੱਧੀ ਹੱਥ ਧੋ ਧੋ ਕੇ ਵੀ ਉਹ ਹੱਥਾਂ ਨੂੰ (ਲਹੂ ਤੋਂ) ਸਾਫ਼ ਨਹੀਂ ਸੀ ਕਰ ਸਕਦਾ।

ਤੀਰਥਾਂ ਤੇ ਨਹਾ ਕੇ ਪਾਪ ਧੋਣ ਦੀ ਪ੍ਰਕਿਰਿਆ ਵੀ ਕੁਝ ਇਸੇ ਪ੍ਰਕਾਰ ਦੀ ਗੱਲ ਹੈ। ਤਦੇ ਤਾਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰ।
ਇਕ ਭਾਉ ਲਥੀ ਨਾਤਿਆਂ ਦੁਇ ਭਾ ਚੜੀਅਸੁ ਹੋਰ।
ਬਾਹਰਿ ਧੋਤੀ ਤੂਮੜੀ ਅੰਦਰ ਵਿਸੁ ਨਿਕੋਰ।
ਸਾਧ ਭਲੇ ਅਣਨਾਤਿਆ, ਚੋਰ ਸਿ ਚੋਰਾ ਚੋਰ।

-ਸਲੋਕ ਮ: 1-ਵਾਰ ਸੂਹੀ ਮ: 3 ਪੰਨਾ 789

ਸਾਧ ਤਾਂ (ਜਿਹਨਾਂ ਦੇ ਅੰਦਰ ਕੋਈ ਪਾਪ ਭਾਵਨਾ ਨਹੀਂ) ਅਣਨਹਾਤੇ ਹੀ ਭੁਲੇ ਹਨ; ਪਰ ਚੋਰ ਤੀਰਥੀ ਨ੍ਹਾ ਕੇ ਵੀ ਚੋਰ ਹੀ ਰਹਿੰਦੇ ਹਨ।

### ਉੱਦਾਤੀਕਰਣ

ਉਦਾਤੀਕਰਣ ਉਹ ਅਚੇਤ ਮਾਨਸਿਕ ਪ੍ਰਕਿਰਿਆ ਹੈ ਜਿਸ ਰਾਹੀਂ ਅਜਿਹੀਆਂ ਮਾਨਸਿਕ ਪ੍ਰਵਿਰਤੀਆਂ ਨੂੰ ਜਿਨ੍ਹਾਂ ਨੂੰ ਚੇਤਨ ਤੌਰ ਤੇ ਸ੍ਵੀਕਾਰ ਨਹੀਂ ਕੀਤਾ ਜਾ ਸਕਦਾ ਕਿਸੇ ਕਬੂਲਣ ਜੋਗ ਰੂਪ ਵਿਚ ਪਰਿਵਰਤਿਤ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਉੱਦਾਤੀਕਰਣ ਰਾਹੀਂ ਅਚੇਤਨ ਮਾਨਸਿਕ ਪ੍ਰਵਿਰਤੀਆਂ ਨੂੰ ਕੋਈ ਸਜਰੀ ਸਿਰਜਣਾਤਮਕ ਜਾਂ ਕਲਿਆਣਕਾਰੀ ਸੇਧ ਦਿੱਤੀ ਜਾ ਸਕਦੀ ਹੈ।




ਚਿਤ੍ਰ ਨੰ: 13 ਉੱਦਾਤੀਕਰਣ

[ਅਚੇਤ ਮਾਨਸਿਕ ਪ੍ਰਵਿਰਤੀਆਂ ਲਾਭਦਾਇਕ ਤੇ ਕਲਿਆਣਕਾਰੀ ਕਿਰਿਆਵਾਂ ਤੇ ਰੁਝਾਣਾਂ ਵਿਚ ਪਰਿਵਰਤਿਤ ਹੁੰਦੀਆਂ ਹਨ।]

ਉੱਦਾਤੀਕਰਣ ਇਕ ਸਰਬਵਿਆਪਕ ਪ੍ਰਕਿਰਿਆ ਹੈ। ਹਰ ਪ੍ਰਤਿਸ਼ਠਾ ਦਾ ਇਹ ਧੁਰਾ ਜਾਪਦੀ ਹੈ। ਕਈ ਮਨੁੱਖਾਂ ਦੀ ਸਮਾਜਕ ਸਫਲਤਾ ਦਾ ਮੁਖ ਕਾਰਨ ਤਾਂ ਏਹੋ ਹੁੰਦਾ ਹੈ ਕਿ ਉਹ ਆਪਣੀਆਂ ਮੂਲ ਪ੍ਰਵਿਰਤੀਆਂ ਦੀ ਸ਼ਕਤੀ ਨੂੰ ਸਿਰਜਣਾਤਮਕ ਤੇ ਕਲਿਆਣਕਾਰੀ ਕਿਰਿਆਵਾਂ ਵਲ ਰੁਚਿਤ ਕਰ ਦੇਂਦੇ ਹਨ।

ਇਉਂ ਜਾਣੀਏ ਕਿ ਮੂਲ ਪ੍ਰਵਿਰਤੀਆਂ ਕਿਸੇ ਦਰਿਆ ਦੇ ਸ਼ਕਤੀਸ਼ਾਲੀ ਵਹਾਓ ਵਾਂਗ ਹਨ, ਜਿਸ ਨੂੰ ਉੱਦਾਤੀਕਰਣ ਦਾ ਬੰਨ੍ਹ ਲਾ ਕੇ ਕਲਿਆਣਕਾਰੀ ਊਰਜਾ ਪੈਦਾ ਕੀਤੀ ਜਾ ਸਕਦੀ ਹੈ। ਉਦਾਤੀਕਰਣ ਤੋਂ ਪ੍ਰਾਪਤ ਹੋਈ ਸ਼ਕਤੀ ਕਲਾ, ਵਿਦਵਤਾ, ਧਰਮ ਤੇ ਪਰੋਪਕਾਰ ਇਹਨਾਂ ਸਭਨਾਂ ਦੇ ਪਿੱਛੇ ਵਰਤਦੀ ਪ੍ਰਤੀਤ ਹੁੰਦੀ ਹੈ। ਗੁਰਬਾਣੀ ਵਿਚ ਵੀ ਉਦਾਤੀਕਰਣ ਲਈ ਪ੍ਰੇਰਣਾ ਪ੍ਰਾਪਤ ਹੈ, ਜਿਵੇਂ :

ਤਿਆਗਨਾ, ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਮੋਹੁ ਤਿਆਗਨਾ।

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ।

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ।

ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ।

-ਮਾਰੂ ਮ: 5. ਅਸਟਪਦੀ ਪੰਨਾ 1018

ਫ਼ਰਕ ਇਹ ਹੈ ਕਿ ਇਥੇ ਉਪਦੇਸ਼ ਚੇਤਨ ਤੌਰ ਤੇ ਮਾਨਸਿਕ ਪ੍ਰਵਿਰਤੀਆਂ ਨੂੰ ਅਧਿਆਤਮਕ ਪ੍ਰਣਾਲੀ ਵੱਲ ਪਰਿਵਰਤਿਤ ਕਰਨ ਦਾ ਹੈ। ਉਦਾਤੀਕਰਣ ਚੇਤਨ ਘਟ ਤੇ ਅਚੇਤਨ ਵਧੇਰੇ ਹੁੰਦਾ ਹੈ। ਮੀਰਾ ਬਾਈ ਦੇ ਕ੍ਰਿਸ਼ਨ ਭਗਤੀ ਦੇ ਭਜਨ ਕਾਮ ਪ੍ਰਵਿਰਤੀ ਦੇ ਅਚੇਤ ਉੱਦਾਤ ਦੀ ਉਘੀ ਮਿਸਾਲ ਹਨ। ਉਦਾਤੀਕਰਣ ਵਿਚ ਦਮਿਤ ਪ੍ਰਵਿਰਤੀ ਸਿੱਧਾ, ਪਰ ਸੰਕੇਤਕ, ਪ੍ਰਗਟਾਓ ਪ੍ਰਾਪਤ ਕਰਦੀ ਹੈ। ਮੀਰਾ ਦੇ ਗੀਤਾਂ ਵਿਚ ਪ੍ਰਤੱਖ ਗੱਲ ਤਾਂ ਰਾਧਾ ਦੇ ਕ੍ਰਿਸ਼ਨ ਨਾਲ ਪਿਆਰ ਦੀ ਹੈ, ਪਰ ਇਹ ਸੰਕੇਤਕ ਪ੍ਰਗਟਾਵਾ ਹੋ ਬਣੀ ਹੈ ਮੀਰਾ ਦੀ ਆਪਣੀ ਦਮਿਤ ਪ੍ਰਵਿਰਤੀ ਦਾ।

ਮੂਲ ਪ੍ਰਵਿਰਤੀਆਂ ਨੂੰ ਉਦਾਤ ਲਕਸ਼ ਉਹੀ ਬੰਦਾ ਦੇ ਸਕਦਾ ਹੈ ਜਿਸ ਦਾ ਵਿਅਕਤਿਤਵ ਕਿਸੇ ਹੱਦ ਤਕ ਵਿਕਾਸ ਕਰ ਚੁੱਕਾ ਹੋਵੇ। ਇਹੋ ਕਾਰਨ ਹੈ ਕਿ ਇਸ ਪ੍ਰਕਿਰਿਆ ਦੇ ਵਰਤੋਂ ਵਿਚ ਆਉਣ ਦੀ ਸੰਭਾਵਨਾ ਬਚਪਨ ਦੇ ਮੁਢਲੇ ਸਮੇਂ ਵਿਚ ਨਹੀਂ ਹੁੰਦੀ। ਇਹ ਤਾਂ ਅੱਠ ਦਸ ਵਰ੍ਹੇ ਦੀ ਉਮਰ ਤੋਂ ਬਾਦ ਹੀ ਹੋਂਦ ਵਿਚ ਆਉਣਾ ਆਰੰਭ ਕਰਦੀ ਹੈ।

ਅਚੇਤ ਮਾਨਸਿਕ ਪ੍ਰਕਿਰਿਆ ਦੀ ਇਹ ਵਿਧੀ ਸਭ ਤੋਂ ਵੱਧ ਸਿਰਜਣਾਤਮਕ ਤੇ ਮਹੱਤਵ ਪੂਰਨ ਹੈ। ਇਸ ਰਾਹੀਂ ਜੀਵ ਨਾ ਕੇਵਲ ਨਾ-ਮਨਜ਼ੂਰ ਪ੍ਰਵਿਰਤੀਆਂ ਦੇ ਬੋਝ ਤੋਂ ਹੀ ਮੁਕਤ ਹੋ ਜਾਂਦਾ ਹੈ, ਸਗੋਂ ਆਪਣੀ ਪ੍ਰਵਿਰਤਿਕ ਸ਼ਕਤੀ ਨੂੰ ਲਾਭਦਾਇਕ ਤੇ ਕਲਿਆਣਕਾਰੀ ਮੰਤਵਾਂ ਦੀ ਪ੍ਰਾਪਤੀ ਲਈ ਵਰਤ ਵੀ ਸਕਦਾ ਹੈ।

## ਤਾਰਕੀਕਰਣ

ਤਾਰਕੀਕਰਣ ਉਹ ਅਚੇਤਨ ਕਿਰਿਆ ਵਿਧੀ ਹੈ ਜਿਸ ਰਾਹੀਂ ਸਾਡੀਆਂ ਅਸ੍ਵੀਕ੍ਰਿਤ ਪ੍ਰਵਿਰਤੀਆਂ, ਲੋੜਾਂ, ਭਾਵਨਾਵਾਂ, ਵਿਹਾਰਾਂ, ਵਿਚਾਰਾਂ ਤੇ ਪ੍ਰੇਰਨਾਵਾਂ ਦੀ ਚੇਤਨ ਪੱਧਰ ਦੇ ਤਸੱਲੀ-ਬਖਸ਼ ਤੇ ਪ੍ਰਵਾਣਿਤ ਰੂਪ ਵਿਚ ਸਫ਼ਾਈ ਪੇਸ਼ ਕੀਤੀ ਜਾਂਦੀ ਹੈ। ਇਸ ਰਾਹੀਂ ਉਹਨਾਂ ਪ੍ਰੇਰਨਾਵਾਂ ਲਈ ਜੋ ਚੇਤਨ ਤੌਰ ਤੇ ਸਾਨੂੰ ਲੱਜਿਤ ਕਰ ਸਕਦੀਆਂ ਹਨ, ਅਸੀਂ ਕੋਈ ਐਸੀ ਸਫ਼ਾਈ ਪੇਸ਼ ਕਰਨ ਦੀ ਵਿਉਂਤ ਘੜ ਲੈਂਦੇ ਹਾਂ ਜਿਸ ਨਾਲ ਸਾਡਾ ਭਰਮ ਬਣਿਆ ਰਹੇ। ਲੂੰਮੜੀ ਦੇ 'ਖੱਟੇ ਅੰਗੂਰਾਂ' ਵਾਲੀ ਬਾਲ ਕਹਾਣੀ ਇਸ ਪ੍ਰਕਿਰਿਆ ਦੀ ਇਕ ਸੰਗਤ ਉਦਾਹਰਨ ਹੈ




ਚਿਤ੍ਰ ਨੰ: 14. ਤਾਰਕੀਕਰਣ

[ਅਚੇਤਨ ਦੀਆਂ ਉਘੜ ਦੁਘੜੀਆਂ ਪ੍ਰਵਿਰਤੀਆਂ ਚੇਤਨ ਵਿਚ ਸੁਘੜ ਤੇ ਤਸੱਲੀਬਖ਼ਸ਼ ਹੋ ਕੇ ਪ੍ਰਗਟ ਹੁੰਦੀਆਂ ਹਨ।]

ਇਕ ਲੂੰਮੜੀ ਅੰਗੂਰਾਂ ਦੀ ਬੜੀ ਸ਼ੁਕੀਨ ਸੀ। ਇਕ ਦਿਨ ਉਸ ਨੂੰ ਇਕ ਥਾਂ ਅੰਗੂਰਾਂ ਦਾ ਇਕ ਬੜਾ ਹੀ ਸੁੰਦਰ ਗੁੱਛਾ ਕਿਸੇ ਵੇਲ ਨਾਲ ਲਟਕਦਾ ਦਿਸਿਆ। ਉਸ ਗੁੱਛੇ ਤੱਕ ਅੱਪੜਣ ਲਈ ਉਸ ਨ ਖ਼ੂਬ ਛਾਲਾਂ ਮਾਰੀਆਂ ਪਰ ਸਫਲ ਨਾ ਹੋਈ। ਤਦ ਉਹ ਮੂੰਹ ਸੁੱਟੀ ਓਥੋਂ ਤੁਰ ਪਈ ਤੇ ਕਹਿਣ ਲੱਗੀ, "ਇਹ ਅੰਗੂਰ ਤਾਂ ਖੱਟੇ ਹਨ, ਸਾਨੂੰ ਨਹੀਂ ਚਾਹੀਦੇ।" ਭਾਈ ਗੁਰਦਾਸ ਨੇ ਵੀ ਇਸੇ ਕਥਾ ਵੱਲ ਸੰਕੇਤ ਕਰਦਿਆਂ ਕਿਹਾ ਹੈ, "ਦਾਖੇ ਹੱਥ ਨ ਅੱਪੜੇ, ਆਖੇ ਥੂ ਕੌੜੀ।"

ਮੇਰਾ ਇਕ ਵਿਦਿਆਰਥੀ ਜੋ ਮਨੋ-ਚਿਕਿਤਸਾ ਦੀ ਸਿਖਲਾਈ ਲੈ ਰਿਹਾ ਸੀ, ਇਕ ਦਿਨ ਮੇਰੇ ਪਾਸ ਆਇਆ ਤੇ ਕਹਿਣ ਲੱਗਾ, "ਅਮਕੀ ਮਰੀਜ਼ਾ ਦਾ ਕੇਸ ਮੈਨੂੰ ਬੜਾ ਦਿਲਚਸਪ ਲਗਾ ਹੈ, ਮੈਨੂੰ ਉਸ ਦੀ ਨਿਦਾਨਕ ਪੈਰਵੀ ਕਰਨ ਦੀ ਆਗਿਆ ਦਿਉ"। ਸਾਧਾਰਨ ਬੇਨਤੀ ਸਮਝ ਕੇ ਮੈਂ ਉਸ ਨੂੰ ਪ੍ਰਵਾਨ ਕਰ ਲਿਆ, ਪਰ ਅਗਲੇ ਦਿਨ ਜਦ ਮੈਂ ਵਾਰਡ ਦੇ ਦੌਰੇ ਲਈ ਗਿਆ ਤਾਂ ਉਹ ਸਿਖਿਆਰਥੀ ਉਸ ਮਰੀਜ਼ਾ ਪਾਸ ਬੈਠਾ ਗੱਪ ਸ਼ੱਪ ਲੜਾ ਰਿਹਾ ਸੀ। ਸਿਖਿਆਰਥੀ ਦੀ ਅਸਲ ਦਿਲਚਸਪੀ ਉਹ ਨੌਜਵਾਨ ਲੜਕੀ ਸੀ, ਨਿਦਾਨਕ ਪੈਰਵੀ ਤਾਂ ਕੇਵਲ ਉਸ ਦਾ ਤਾਰਕੀਕਰਣ ਸੀ।

ਅਚੇਤਨ ਦੀ ਕਿਰਿਆਸ਼ੀਲਤਾ ਦੀਆਂ ਉਪਰੋਕਤ ਅੰਕਿਤ ਵਿਧੀਆਂ ਨਾਲ ਇਹਨਾਂ ਵਿਧੀਆਂ ਦੀ ਫ਼ਹਿਰਿਸਤ ਖ਼ਤਮ ਨਹੀਂ ਹੁੰਦੀ। ਵੱਡੀਆਂ ਛੋਟੀਆਂ ਅਨੇਕਾਂ ਹੋਰ ਵੀ ਵਿਧੀਆਂ ਹਨ ਜਿਨ੍ਹਾਂ ਦਾ ਜ਼ਿਕਰ ਵੱਖ ਵੱਖ ਮਨੋਵਿਗਿਆਨੀਆਂ ਨੇ ਕੀਤਾ ਹੈ। ਅਸਾਂ ਤਾਂ ਇਥੇ ਕੁਝ ਕੁ ਬਹੁ-ਪਰਵਾਣਿਤ ਵਿਧੀਆਂ ਬਾਰੇ ਕੁਝ ਕੁ ਵਿਸਥਾਰ ਨਾਲ ਜ਼ਿਕਰ ਕਰਕੇ ਅਚੇਤਨ ਦੀ ਗਤੀਸ਼ੀਲਤਾ ਨੂੰ ਹੀ ਪੇਸ਼ ਕਰਨ ਦਾ ਜਤਨ ਕੀਤਾ ਹੈ।

# 7.

# ਸੁਪਨ ਸੰਸਾਰ

ਸੁਪਨੇ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥

– ਗੁਰੂ ਨਾਨਕ ਦੇਵ ਜੀ

## ਕੁਝ ਪੁਰਾਤਨ ਸੁਪਨ-ਸਿੱਧਾਂਤ

ਮਨੁੱਖ ਨੂੰ ਸੁਪਨਿਆਂ ਵਿਚ ਹਮੇਸ਼ਾ ਤੋਂ ਹੀ ਡੂੰਘੀ ਦਿਲਚਸਪੀ ਰਹੀ ਹੈ। ਸ਼ਾਇਦ ਹੀ ਕੋਈ ਬੰਦਾ ਐਸਾ ਹੋਵੇ ਜੋ ਆਪਣੇ ਸੁਪਨਿਆਂ ਤੇ ਆਪ ਹੀ ਹੈਰਾਨ ਨਾ ਹੋਇਆ ਹੋਵੇ। ਵੱਡੇ ਅਚੰਭੇ ਦੀ ਗੱਲ ਤਾਂ ਇਹ ਜਾਪਦੀ ਹੈ ਕਿ ਇਹ ਕਈ ਪੱਖਾਂ ਤੋਂ ਸਾਡੀ ਜਾਗ੍ਰਿਤ ਅਵਸਥਾ ਦੀ ਜ਼ਿੰਦਗੀ ਵਰਗੇ ਹੋ ਕੇ ਵੀ, ਕਈ ਪਾਸਿਓਂ ਉਸ ਕੋਲੋਂ ਬਿਲਕੁਲ ਓਪਰੇ ਤੇ ਅਭਿੱਨ ਹੁੰਦੇ ਹਨ। ਜੋ ਵੀ ਚੀਜ਼ਾਂ - ਘਰ, ਬਾਜ਼ਾਰ, ਗਲੀਆਂ, ਕੂਚੇ, ਬ੍ਰਿਛ-ਬੂਟੇ, ਆਦਮ, ਜਨੌਰ, ਮਸ਼ੀਨਾਂ-ਕਾਰਖ਼ਾਨੇ ਆਦਿ - ਅਸੀਂ ਨਿੱਤ ਦੇ ਜਾਗ੍ਰਿਤ ਜੀਵਨ ਵਿਚ ਦੇਖਦੇ ਹਾਂ, ਵੈਸੇ ਹੀ ਸੁਪਨਿਆਂ ਅੰਦਰ ਵੀ ਵੇਖਣ ਵਿਚ ਆਉਂਦੇ ਹਨ। ਪਰ ਸੁਪਨਿਆਂ ਵਿਚਲੀਆਂ ਘਟਨਾਵਾਂ ਸਾਡੇ ਆਮ ਜੀਵਨ ਤੋਂ ਓਪਰੀਆਂ ਤੇ ਵਿਚਿਤਰ ਹੁੰਦੀਆਂ ਹਨ। ਕਈ ਵਾਰ ਸੁਪਨੇ ਵਿਚਲਾ ਸਥਾਨ ਇਕੋ ਵੇਲੇ ਕਈ ਥਾਵਾਂ ਦੀ ਭਾਅ ਮਾਰਦਾ ਲਗਦਾ ਹੈ ਜਾਂ ਕਦੇ ਇਕ ਅਸਥਾਨ ਜਾਪਦਾ ਹੈ ਕਦੇ ਦੂਜਾ। ਬੰਦੇ ਵੀ ਕਈ ਵਾਰ ਝਟ ਛਲੇਡਿਆਂ ਵਾਂਗ ਹੋਰ ਦੇ ਹੋਰ ਹੋ ਜਾਂਦੇ ਹਨ। ਇਕ ਦਿਨ ਨਿੱਕੇ ਹੁੰਦਿਆਂ ਮੇਰੇ ਇਕ ਸੁਪਨੇ ਵਿਚ ਮੇਰੇ ਪਿਤਾ ਜੀ ਮੈਨੂੰ ਪੁੱਛ ਰਹੇ ਸਨ ਕਿ ਮੈਂ ਸਕੂਲ ਦਾ ਕੰਮ ਮੁਕਾ ਲਿਆ ਹੈ ਕਿ ਨਹੀਂ। ਮੈਨੂੰ ਲੱਗਾ, ਉਹਨਾਂ ਨੂੰ ਪਤਾ ਹੈ ਮੈਂ ਨਹੀਂ ਕੀਤਾ, ਤੇ ਮੈਂ ਚੁੱਪ ਰਿਹਾ, ਉਹਨਾਂ ਹੱਥ ਉਪਰ ਚੁਕਿਆ ਤਾਂ ਮੈਨੂੰ ਲੱਗਾ ਕਿ ਹੁਣੇ ਥੱਪੜ ਪੈਣ ਵਾਲਾ ਹੈ। ਤਦ ਮੈਂ ਉਪਰ ਵੇਖਿਆ ਤਾਂ ਮੇਰੇ ਮਾਮਾ ਜੀ ਹੱਥ ਵਿਚ ਥਾਲੀ ਲਈ ਖੜੇ ਸਨ ਤੇ ਮੈਨੂੰ ਖਾਣਾ ਖਾ ਲੈਣ ਲਈ ਮਨਾ ਰਹੇ ਸਨ। ਫੇਰ ਪਲ ਪਿਛੋਂ ਉਹ ਮੇਰੇ ਮਾਤਾ ਜੀ ਬਣ ਗਏ ਤੇ ਆਪਣੇ ਹੱਥਾਂ ਨਾਲ ਮੈਨੂੰ ਰੋਟੀ ਖੁਆਣ ਲੱਗ ਪਏ। ਮੇਰੇ ਪਿਤਾ ਜੀ, ਮਾਮਾ ਜੀ, ਮਾਤਾ ਜੀ ਇਹ ਸਾਰੇ ਤਾਂ ਉਹੋ ਜਿਹੇ ਸਨ ਜੈਸੇ ਮੈਂ ਨਿੱਤ ਵੇਖਦਾ ਸਾਂ। ਪਰ ਮੈਂ ਪਿਤਾ ਜੀ ਨੂੰ ਮਾਮਾ ਜੀ ਬਣਦਿਆਂ ਤੇ ਮਾਮਾ ਜੀ ਨੂੰ ਮਾਤਾ ਜੀ ਬਣਦਿਆਂ ਕਦੇ ਨਹੀਂ ਸੀ ਵੇਖਿਆ। ਜਦ ਮੇਰੀ ਜਾਗ ਖੁਲ੍ਹੀ ਤਾਂ ਸੁਪਨੇ ਨੂੰ ਚੇਤੇ ਕਰਕੇ ਮੈਂ ਬੜਾ ਹੱਸਿਆ- ਇਤਨਾ ਕਿ ਘਰ ਦਿਆਂ ਨੂੰ ਲੱਗਾ ਮੈਨੂੰ ਕੁਝ ਹੋ ਗਿਆ ਹੈ।

ਇਵੇਂ ਕਈ ਵਾਰ ਸੁਪਨੇ ਵਿਚ ਮੈਂ ਆਪਣੇ ਆਪ ਨੂੰ ਹਵਾ ਵਿਚ ਉਡਦਿਆਂ ਵੇਖਿਆ ਹੈ ਤੇ ਪਾਣੀ ਉਪਰ ਤੁਰਦਿਆਂ ਵੀ। ਮੈਂ ਜ਼ਿੰਦਗੀ ਵਿਚ ਵੀ ਬੜੀ ਸੈਰ ਕੀਤੀ ਹੈ, ਦੇਸਾਂ ਪ੍ਰਦੇਸਾਂ ਦਾ ਭ੍ਰਮਣ ਕੀਤਾ ਹੈ, ਪਰ ਜੈਸਾ ਸੁਪਨਿਆਂ ਵਿਚ ਕੀਤਾ ਹੈ ਵੈਸਾ ਜਾਗਦਿਆਂ ਕਦੇ ਨਹੀਂ ਕੀਤਾ।

ਕਿਉਂਕਿ ਮਨੁੱਖ ਸੁਪਨੇ ਅੰਦਰ ਅਪਹੁੰਚ ਥਾਵਾਂ ਤੇ ਵੀ ਘੁੰਮ ਆਉਂਦਾ ਹੈ ਇਸ ਲਈ ਪ੍ਰਾਚੀਨ ਮਨੁੱਖ ਦੀ ਇਹ ਮਨੌਤ ਸੀ ਕਿ ਸੁਪਨੇ ਵਿਚ ਸਾਡੀ ਆਤਮਾ ਸਰੀਰ ਵਿਚੋਂ ਬਾਹਰ ਨਿਕਲ ਕੇ ਹੋਰਥੇ ਭੌਂਦੀ ਰਹਿੰਦੀ ਹੈ ਤੇ ਜੋ ਕੁਝ ਉਹ ਉਥੇ ਵੇਖਦੀ ਸੁਣਦੀ ਹੈ, ਉਹੀ ਕੁਝ ਸਾਡਾ ਸੁਪਨਾ ਬਣ ਕੇ ਸਾਨੂੰ ਦਿਸਦਾ ਹੈ। ਕਠ-ਉਪਨਿਸ਼ਦ ਵਿਚ ਆਤਮਾ ਬਾਰੇ ਆਇਆ ਹੇਠਲਾ ਸਲੋਕ ਇਸੇ ਵਿਸ਼ਵਾਸ ਦਾ ਲਖਾਇਕ ਹੈ:

ਆਸਣ ਏਥੇ, ਕੋਹਾਂ ਤੇ ਪ੍ਰਵੇਸ਼॥
ਸੇਜੀਂ ਸੁਤੜਾ ਫਿਰ ਫਿਰ ਆਵੇ ਦੇਸ਼॥ – 2.128*

ਇਤਿਹਾਸ ਵਿਚ ਆਉਂਦਾ ਹੈ ਕਿ ਮਹਿਮੂਦ ਗ਼ਜ਼ਨਵੀ ਨੇ ਸੁਪਨੇ ਵਿਚ ਕਿਸੇ ਲੋਹਾਰ ਨੂੰ ਲਾਲ ਲੋਹਾ ਕੁੱਟਦਿਆਂ ਵੇਖਿਆ। ਉਸ ਦੇ ਮੰਤਰੀ ਨੇ ਉਸ ਨੂੰ ਇਸ ਸੁਪਨੇ ਦੀ ਤਾਬੀਰ ਦੱਸਦਿਆਂ ਉਸ ਨੂੰ ਆਖਿਆ, "ਤੇਰੀ ਰੂਹ ਤੇਰੇ ਸੁੱਤੇ ਪਿਆਂ, ਤੇਰੇ ਸਰੀਰ 'ਚੋਂ ਨਿਕਲ ਕੇ ਪਰਬਤੋਂ ਪਾਰ ਹਿੰਦੁਸਤਾਨ ਦਾ ਸੋਨਾ ਵੇਖਣ ਗਈ ਹੋਈ ਸੀ। ਉਹ ਲਾਲ ਲੋਹਾ ਨਹੀਂ ਸੀ, ਜੋ ਤੂੰ ਵੇਖਿਆ, ਉਥੋਂ ਦਾ ਸੋਨਾ ਸੀ।" ਇਹ ਸੁਣ ਕੇ ਮਹਿਮੂਦ ਦੇ ਦਿਲ ਵਿਚ ਹਿੰਦੁਸਤਾਨ ਦਾ ਸੋਨਾ ਲੁੱਟਣ ਦੀ ਲਾਲਸਾ ਜਾਗ ਪਈ। ਪਰਿਣਾਮ ਕੀ ਹੋਇਆ, ਉਹ ਇਤਿਹਾਸ ਨੇ ਸਾਡੀ ਚੇਤਾਵਨੀ ਲਈ ਸਾਂਭ ਰਖਿਆ ਹੈ।

ਸੁਪਨਿਆਂ ਬਾਰੇ ਉਲੀਕਿਆ ਉਪਰੋਕਤ ਪ੍ਰਾਚੀਨ ਸਿੱਧਾਂਤ ਅਜ ਭਾਵੇਂ ਸਾਨੂੰ ਯਥਾਰਥਕ ਨਹੀਂ ਲਗਦਾ, ਤਾਂ ਵੀ ਕਾਵਿ-ਮਈ ਤਾਂ ਜ਼ਰੂਰ ਲਗਦਾ ਹੈ। ਅਜ ਤਕ ਵੀ ਇਹ ਕਈ ਆਦਿਮ ਕਬੀਲਿਆਂ ਵਿਚ ਪ੍ਰਚਲਿਤ ਹੈ। ਇਕ ਵਾਰ ਕਿਸੇ ਕਬੀਲੇ ਦੇ ਇਕ ਬਦਨਸੀਬ ਸੱਦਸ ਬਾਰੇ ਇਹ ਅਫਵਾਹ ਉਡ ਗਈ ਕਿ ਉਹ ਸੁਪਨੇ ਵਿਚ ਸਰਦਾਰ ਦੀ ਲੜਕੀ ਨਾਲ ਸੁੱਤਾ ਹੈ। ਇਹ ਸੁਣ ਕੇ ਸਰਦਾਰ ਨੇ ਉਸ ਨੂੰ ਤਲਬ ਕੀਤਾ ਤੇ ਕਬੀਲੇ ਦੇ ਰਵਾਜ ਅਨੁਸਾਰ ਉਸ ਪਾਸੋਂ ਰਾਜ-ਕੰਨਿਆਂ ਨਾਲ ਭੋਗ ਕਰਨ ਦੇ ਤਾਵਾਨ ਦੀ ਮੰਗ ਕੀਤੀ। ਜੇਕਰ ਪਾਠਕ ਇਸ ਸਿੱਧਾਂਤ ਤੋਂ ਉਪਜ ਸਕਦੀਆਂ ਹੋਰ ਸਦਾਚਾਰਕ ਉਲਝਣਾਂ ਦਾ ਅੰਦਾਜ਼ਾ ਲਾਉਣਾ ਚਾਹੁਣ ਤਾਂ ਆਪਣੀ ਕਲਪਨਾ ਨੂੰ ਰਤਾ ਕੁ ਖੁਲ੍ਹ ਦੇ ਦੇਣ। ਅਸੀਂ ਤਾਂ ਇਥੇ ਕੇਵਲ ਇਤਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਇਹ ਸਿੱਧਾਂਤ ਮਨੁੱਖ ਦੇ ਤਲਾਂਜੇ ਹੋਏ ਵਿਸ਼ਵਾਸਾਂ ਵਿਚ ਗਿਣਿਆ ਜਾਂਦਾ ਹੈ। ਜੇਕਰ ਐਸੇ ਵਿਸ਼ਵਾਸਾਂ ਦਾ ਕੋਈ ਅਜਾਇਬ ਘਰ ਬਣੇ ਤਾਂ ਉਸ ਵਿਚ ਇਸ ਨੂੰ ਅਵੱਸ਼ ਟਿਕਾਇਆ ਜਾ ਸਕਦਾ ਹੈ।

---

*ਕਠ ਉਪਨਿਸ਼ਦ - ਅਨੁਵਾਦਕ: ਜਸਵੰਤ ਸਿੰਘ ਨੇਕੀ (ਖਰੜਾ)

ਇਸੇ ਪੱਧਰ ਦਾ ਇਕ ਹੋਰ ਵੀ ਸਿੱਧਾਂਤ ਹੈ - ਉਹ ਇਹ ਹੈ ਕਿ ਸੁਪਨੇ ਭਵਿੱਖ ਨੂੰ ਪ੍ਰਤਿਬਿੰਬਿਤ ਕਰਦੇ ਹਨ ਤੇ ਅਗੋਂ ਵਾਪਰਨ ਵਾਲੀਆਂ ਘਟਨਾਵਾਂ ਦੀ ਅਗਾਊਂ ਚੇਤਾਵਨੀ ਜਾਂ ਇਤਲਾਹ ਦੇਂਦੇ ਹਨ। ਇਊਂ ਉਹ ਸਾਨੂੰ ਆਉਣ ਵਾਲੇ ਖ਼ਤਰਿਆਂ ਤੋਂ ਆਗਾਹ ਕਰਦੇ ਹਨ, ਨਾਲ ਹੀ ਨਸੀਬ ਹੋਣ ਵਾਲੀਆਂ ਪ੍ਰਾਪਤੀਆਂ ਦੀ ਵੀ ਅਗਾਊਂ ਖ਼ਬਰ ਦੇਂਦੇ ਹਨ। ਜੇਕਰ ਕੋਈ ਜਣਾ ਸੁਪਨ-ਪ੍ਰਤੀਕਾਂ ਦੀ ਬੋਲੀ ਸਮਝ ਸਕਦਾ ਹੋਵੇ ਤਾਂ ਉਸ ਨੂੰ ਸੁਪਨੇ ਭਵਿੱਖ-ਬਾਣੀ ਜਾਪਣਗੇ।

ਇਸ ਵਿਸ਼ਵਾਸ ਦੇ ਆਧਾਰ ਉਤੇ ਲਾਜ਼ਮ ਹੋ ਗਿਆ ਕਿ ਕੁਝ ਲੋਕ ਸੁਪਨ-ਪ੍ਰਤੀਕਾਂ ਦੀ ਵਿਆਖਿਆ ਦੀ ਮੁਹਾਰਤ ਹਾਸਲ ਕਰਨ ਤੇ ਸੁਪਨਿਆਂ ਵਿਚਲਾ ਰਹੱਸ ਸਮਝ ਕੇ ਸਾਨੂੰ ਉਸ ਤੋਂ ਜਾਣੂ ਕਰਾਉਣ। ਮਹਿਮੂਦ ਗ਼ਜ਼ਨਵੀ ਦਾ ਵਜ਼ੀਰ ਵੀ ਇਸੇ ਪ੍ਰਕਾਰ ਦਾ ਹੀ ਇਕ ਮਾਹਰ ਸੀ। ਅਜਿਹੇ ਮਾਹਰਾਂ ਨੇ ਸੁਪਨ-ਪ੍ਰਤੀਕਾਂ ਦੇ ਭਵਿਖ-ਵਾਚਕ ਕੋਸ਼ ਵੀ ਤਿਆਰ ਕੀਤੇ ਜੋ ਲੋਕ-ਵੇਦੀ ਪਰੰਪਰਾ ਵਿਚ ਸ਼ਾਮਿਲ ਹੋ ਗਏ। ਅਜਿਹੇ ਭਵਿਖ-ਵਾਚਕ ਸੁਪਨ-ਕੋਸ਼ਾਂ ਵਿਚੋਂ ਸੁਪਨਿਆਂ ਵਿਚਲੀਆਂ ਘਟਨਾਵਾਂ ਦੇ ਭਵਿੱਖ-ਵਾਚਕ ਅਰਥ ਪ੍ਰਾਪਤ ਹੁੰਦੇ ਸਨ। ਮਿਸਾਲ ਦੇ ਤੌਰ ਤੇ 'ਸਫ਼ਰ ਤੇ ਜਾਣ' ਦਾ ਅਰਥ 'ਇਸ ਦੁਨੀਆ ਤੋਂ ਕੂਚ ਕਰਨਾ ਹੈ' - ਬਚਾਅ ਕੇਵਲ ਇਤਨਾ ਹੈ ਕਿ ਇਹ ਕੂਚ ਲਾਜ਼ਮੀ ਨਹੀਂ ਕਿ ਸੁਪਨਾ ਵੇਖਣ ਵਾਲੇ ਦਾ ਆਪਣਾ ਹੀ ਹੋਵੇ, ਹੋਰ ਕਿਸੇ ਦਾ ਵੀ ਹੋ ਸਕਦਾ ਹੈ।

ਸੁਪਨਿਆਂ ਦਾ ਇਹ ਸਿੱਧਾਂਤ ਵੀ ਹੁਣ ਰਮਲ, ਹਸਤ-ਰੇਖਾ ਆਦਿ ਜੈਸੇ ਸਿਧਾਂਤਾਂ ਨਾਲ ਉਪਰ ਕਲਪੇ ਅਜਾਇਬ-ਘਰ ਵਿਚ ਰਖਣ ਜੋਗਾ ਹੋ ਗਿਆ ਹੈ।

## ਫ੍ਰਾਇਡ ਦਾ ਸੁਪਨ-ਸਿੱਧਾਂਤ

ਸੁਪਨਿਆਂ ਬਾਰੇ ਇਹਨਾਂ ਪੁਰਾਤਨ ਤੇ ਹੰਢੇ ਹੋਏ ਵਿਚਾਰਾਂ ਨੂੰ ਛੋੜ, ਅਸੀਂ ਉਸ ਸਿੱਧਾਂਤ ਬਾਰੇ ਵਿਚਾਰ ਕਰਨ ਲੱਗੇ ਹਾਂ ਜਿਸ ਨੂੰ ਡਾ. ਫ੍ਰਾਇਡ ਨੇ ਇਸ ਸਦੀ ਦੇ ਮੁੱਢ ਵਿਚ ਪੇਸ਼ ਕੀਤਾ ਤੇ ਜੋ ਅਜੇ ਤਕ ਇਕ ਸੰਸਾਰ ਪ੍ਰਸਿੱਧ ਤੇ ਪ੍ਰਮਾਣਿਕ ਸੁਪਨ-ਸਿੱਧਾਂਤ ਗਿਣਿਆ ਜਾਂਦਾ ਹੈ।

ਇਹ ਸਿੱਧਾਂਤ ਬੁਨਿਆਦੀ ਤੌਰ ਤੇ ਅਚੇਤਨ ਦੇ ਸਿੱਧਾਂਤ ਨਾਲ ਜੁੜਿਆ ਹੋਇਆ ਹੈ। ਜਿਵੇਂ ਅਸੀਂ ਪਹਿਲਾਂ ਵਿਚਾਰ ਚੁਕੇ ਹਾਂ ਫ੍ਰਾਇਡ ਨੇ ਸੁਪਨਿਆਂ ਨੂੰ ਅਚੇਤਨ ਦਾ ਸਿੱਧਾਂਤ ਸਿੱਧ ਕਰਨ ਲਈ ਪ੍ਰਮਾਣ ਦੇ ਤੌਰ ਤੇ ਵੀ ਪੇਸ਼ ਕੀਤਾ। ਸੁਪਨ-ਸਿੱਧਾਂਤ ਰਾਹੀਂ ਹੀ ਉਸ ਨੇ ਮਨੋ-ਵਿਸ਼ਲੇਸ਼ਣ ਦੇ ਆਪਣੇ ਸਿੱਧਾਂਤ ਦਾ ਸਾਧਾਰਨ ਮਨੋਵਿਗਿਆਨ ਨਾਲ ਸੰਬੰਧ ਵੀ ਕਾਇਮ ਕੀਤਾ।

ਫ੍ਰਾਇਡ ਅਨੁਸਾਰ ਸੁਪਨੇ ਭਵਿਖ-ਵਾਚਕ ਨਹੀਂ ਹੁੰਦੇ। ਉਹ ਤਾਂ ਕੇਵਲ ਸਾਡੇ ਵਰਤਮਾਨ ਦੀਆਂ ਅਚੇਤ ਸਮੱਸਿਆਵਾਂ ਤੇ ਹਲ-ਤਲਬ ਮਾਨਸਿਕ ਗੁੰਝਲਾਂ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਦੇ ਹਨ। ਆਪਣੇ ਰੋਗੀਆਂ ਦੇ ਸੁਪਨਿਆਂ ਦੇ ਅਧਿਐਨ ਤੋਂ ਫ੍ਰਾਇਡ ਨੇ ਜੋ ਸਿੱਟੇ ਕੱਢੇ ਉਹਨਾਂ

ਤੋਂ ਹੀ ਉਹਨਾਂ ਦੇ ਸੁਪਨ-ਸਿੱਧਾਂਤ ਨੇ ਜਨਮ ਲਿਆ। ਇਸ ਲੰਮੇਂ ਅਧਿਐਨ ਦੌਰਾਨ ਫ੍ਰਾਇਡ ਨੂੰ ਸੁਪਨਿਆਂ ਦੇ ਕਈ ਉਚੇਚੇ ਗੁਣ ਨਜ਼ਰ ਆਏ। ਪਹਿਲੀ ਗੱਲ ਤਾਂ ਬੜੀ ਸਪਸ਼ਟ ਸੀ ਕਿ ਸੁਪਨੇ ਕੇਵਲ ਸੁੱਤਿਆਂ ਨੂੰ ਹੀ ਆਉਂਦੇ ਹਨ। ਇਉਂ ਸੁਪਨਿਆਂ ਦਾ ਨੀਂਦ ਨਾਲ ਅਨਿਵਾਰੀ ਸੰਬੰਧ ਜਾਪਦਾ ਹੈ। ਜਦੋਂ ਵੀ ਕੋਈ ਨੀਂਦ ਵਿਚੋਂ ਤ੍ਰਭਕ ਕੇ ਉਠਦਾ ਹੈ ਤਾਂ ਬੜੀ ਸੰਭਾਵਨਾ ਹੈ ਕਿ ਉਹ ਕੋਈ ਭਿਆਨਕ ਸੁਪਨਾ ਵੇਖ ਰਿਹਾ ਸੀ। ਇਉਂ ਜਾਪਦਾ ਹੈ, ਕਿ ਸੁਪਨਾ, ਜਾਗਣ ਤੇ ਗੂੜ੍ਹੀ ਨੀਂਦਰ ਵਿਚਾਲੇ ਦੀ, ਕੋਈ ਅਵਸਥਾ ਹੈ। ਭਾਰਤੀ ਦਰਸ਼ਨ ਵਿਚ ਵੀ ਚੇਤਨਾ ਦੀਆਂ ਜੋ ਚਾਰ ਅਵਸਥਾਵਾ ਮੰਨੀਆਂ ਗਈਆਂ ਹਨ, ਉਹਨਾਂ ਵਿਚ ਸੁਪਨ ਅਵਸਥਾ ਜਾਗ੍ਰਤ ਤੇ ਸੁਖੋਪਤਿ (ਗੂੜ੍ਹੀ ਨੀਂਦ) ਵਿਚਾਲੇ ਦੀ ਅਵਸਥਾ ਹੈ:

ਜਾਗ੍ਰਤ ਸੁਪਨ ਸੁਖੋਪਤਿ ਤੁਰੀਆ,
ਆਤਮ ਭੂਪਤਿ ਕੀ ਇਹ ਪੁਰੀਆ। (ਪੈਂਤੀਸ ਅੱਖਰੀ ਵਿਚੋਂ)

ਪਰ ਨੀਂਦ ਹੈ ਕੀ? ਇਹ ਤਾਂ ਸਾਡੀ ਇਕ ਜੈਵਿਕ ਜ਼ਰੂਰਤ ਹੈ। ਦਿਨ ਭਰ ਦੀ ਘਾਲਨਾ ਮਗਰੋਂ ਥੱਕੇ ਮਾਂਦੇ ਸਰੀਰ ਤੇ ਹੰਭੇ ਹਾਰੇ ਮਨ ਲਈ ਆਰਾਮ ਦੀ ਲੋੜ ਹੁੰਦੀ ਹੈ। ਨੀਂਦਰ ਸਾਨੂੰ ਬਾਹਰਲੇ ਸੰਸਾਰ ਦੀਆਂ ਹਰ ਤਰ੍ਹਾਂ ਦੀਆਂ ਉਤੇਜਨਾਵਾਂ ਦੇ ਆਕ੍ਰਮਣ ਤੋਂ ਬਚਾ ਕੇ ਲੋੜੀਂਦਾ ਆਰਾਮ ਪ੍ਰਾਪਤ ਕਰਨ ਵਿਚ ਸਾਡੀ ਸਹਾਇਤਾ ਕਰਦੀ ਹੈ। ਨੀਂਦ ਵਿਚ ਸਰੀਰਕ ਕਿਰਿਆ ਦਾ ਅਭਾਵ ਹੀ ਨਹੀਂ ਹੁੰਦਾ ਮਾਨਸਿਕ ਕਿਰਿਆ ਦਾ ਅਭਾਵ ਵੀ ਹੁੰਦਾ ਹੈ।

ਇਥੇ ਇਕ ਪ੍ਰਸ਼ਨ ਸਹਿਜੇ ਹੀ ਉਠਦਾ ਪ੍ਰਤੀਤ ਹੁੰਦਾ ਹੈ। ਸੁਪਨੇ ਵੀ ਤਾਂ ਮਾਨਸਿਕ ਪ੍ਰਕਿਰਿਆ ਹੀ ਹਨ ਫਿਰ ਇਹ ਨੀਂਦ ਵਿਚ ਕਿਉਂ ਆਉਂਦੇ ਹਨ? ਫ੍ਰਾਇਡ ਅਨੁਸਾਰ ਸੁਪਨੇ ਸਾਡੀ ਨੀਂਦਰ ਦੇ 'ਅਣਚਾਹੇ ਮਹਿਮਾਨ' ਹਨ। ਅਸਲ ਮਿੱਠੀ ਨੀਂਦ ਤਾਂ ਸੁਪਨਿਆਂ ਤੋਂ ਮੁਕਤ ਹੀ ਹੁੰਦੀ ਹੈ। ਪਰ, ਜਾਪਦਾ ਹੈ, ਕੁਝ ਉਤੇਜਕ ਨੀਂਦ ਵਿਚ ਵੀ ਸਾਡੇ ਸ਼ਾਂਤ ਮਨ ਨੂੰ ਠਕੋਰਦੇ ਤੇ ਅੱਧ-ਸੁੱਤੀਆਂ, ਅੱਧ-ਜਾਗਦੀਆਂ ਕੁਝ ਮਾਨਸਿਕ ਕਿਰਿਆਵਾਂ ਨੂੰ ਝੰਜੋੜਦੇ ਰਹਿੰਦੇ ਹਨ। ਇਹ ਅੱਧ-ਜਾਗਦੀਆਂ ਮਾਨਸਿਕ ਕਿਰਿਆਵਾਂ ਹੀ ਸਾਡੇ ਅੰਦਰ ਸੁਪਨੇ ਦਾ ਰੂਪ ਧਾਰਨ ਕਰਦੀਆਂ ਹਨ।

ਪ੍ਰਸ਼ਨ ਉਠਦਾ ਹੈ, ਕਿਹੜੇ ਐਸੇ ਉਤੇਜਕ ਹਨ ਜੋ ਸਾਡੀ ਨੀਂਦਰ ਦੀ ਸ਼ਾਂਤੀ ਨੂੰ ਭੰਗ ਕਰਕੇ ਸੁਪਨੇ ਜਗਾਉਂਦੇ ਫਿਰਦੇ ਹਨ? ਇਹ ਉਤੇਜਕ ਦਰਅਸਲ ਸਾਡੀਆਂ ਆਪਣੀਆਂ ਇੱਛਾਵਾਂ ਹੀ ਹਨ ਜੋ ਦਿਨੇ ਤਾਂ ਪੂਰੀਆਂ ਹੋਈਆਂ ਨਹੀਂ, ਜਾਂ ਕੀਤੀਆਂ ਨਹੀਂ ਜਾ ਸਕੀਆਂ, ਤੇ ਹੁਣ ਰਾਤ ਦੇ ਹਨੇਰੇ ਵਿਚ ਹਲਚਲ ਆਣ ਜਗਾਉਂਦੀਆਂ ਹਨ, ਤੇ ਇਹਨਾਂ ਦੀ ਜਗਾਈ ਹੋਈ ਮਾਨਸਿਕ ਹਲਚਲ ਹੀ ਸੁਪਨਿਆਂ ਦਾ ਰੂਪ ਧਾਰਨ ਕਰਦੀ ਹੈ।

ਫ੍ਰਾਇਡ ਅਨੁਸਾਰ ਕਈ ਇੱਛਾਵਾਂ ਅਜਿਹੀਆਂ ਵੀ ਤਾਂ ਹੁੰਦੀਆਂ ਹਨ ਜੋ ਸਾਡੇ ਅੰਤਹਕਰਣ ਨੂੰ ਪ੍ਰਵਾਨ ਨਹੀਂ ਹੁੰਦੀਆਂ। ਕਾਮ ਵਾਸ਼ਨਾ ਨਾਲ ਸੰਬੰਧਤ ਇੱਛਾਵਾਂ ਤਾਂ ਬਹੁਤ ਕਰ ਇਸੇ ਪ੍ਰਕਾਰ ਦੀਆ ਹੁੰਦੀਆਂ ਹਨ। ਇਹ ਨਾ ਕੇਵਲ ਸਮਾਜਕ ਤੌਰ ਤੇ ਹੀ ਵਰਜਿਤ ਹੁੰਦੀਆਂ ਹਨ, ਸਗੋਂ

ਸਾਡੀ ਜ਼ਮੀਰ ਨੂੰ ਵੀ ਪ੍ਰਵਾਨ ਨਹੀਂ ਹੁੰਦੀਆਂ। ਅਸੀਂ ਅਜਿਹੀਆਂ ਇੱਛਾਵਾਂ ਦੀ ਅੱਖ ਵਿਚ ਝਾਕਣ ਤੋਂ ਵੀ ਝੱਕਦੇ ਰਹਿੰਦੇ ਹਾਂ। ਬੜੀ ਵਾਰ ਤਾਂ ਅਸੀਂ ਇਹਨਾਂ ਨੂੰ ਆਪਣੀਆਂ ਇੱਛਾਵਾਂ ਮੰਨਣ ਤੋਂ ਵੀ ਇਨਕਾਰੀ ਹੋ ਜਾਂਦੇ ਹਾਂ। ਅਜਿਹੀਆਂ ਇੱਛਾਵਾਂ, ਨਿਸਚੇ ਹੀ, ਸਾਡੇ ਚੇਤਨ ਵਿਚ ਨਹੀਂ ਠਹਿਰ ਸਕਦੀਆਂ। ਤੁਰਤ ਹੀ ਉਥੋਂ ਅਚੇਤਨ ਵਿਚ ਦਬਾ ਦਿਤੀਆਂ ਜਾਂਦੀਆਂ ਹਨ। ਇਹੋ ਦਮਿਤ ਕਾਮਨਾਵਾਂ ਰਾਤ ਦੇ ਹਨੇਰੇ ਵਿਚ ਸਾਡੀ ਨੀਂਦ ਨੂੰ ਅਸ਼ਾਂਤ ਕਰਦੀਆਂ ਤੇ ਸਾਡੀਆਂ ਅੱਖੀਆਂ ਅੰਦਰ ਸੁਪਨੇ ਲਟਕਾ ਜਾਂਦੀਆਂ ਹਨ।

ਫ਼ਰਾਇਡ ਅਨੁਸਾਰ ਸੁਪਨਿਆਂ ਦਾ ਅਸਲ ਮੰਤਵ ਸਾਡੀ ਨੀਂਦ ਨੂੰ ਖ਼ਰਾਬ ਕਰਨਾ ਨਹੀਂ, ਸਗੋਂ ਉਸ ਨੂੰ ਕਾਇਮ ਰਖਣਾ ਹੈ। ਐਸੀਆਂ ਉਤੇਜਨਾਵਾਂ ਨੂੰ ਜੋ ਸਾਡੀ ਨੀਂਦ ਨੂੰ ਭੰਗ ਕਰ ਸਕਦੀਆਂ ਹਨ, ਸੁਪਨੇ ਉਨ੍ਹਾਂ ਨੂੰ ਮਨੋ-ਕਲਪਿਤ ਇੱਛਾਪੂਰਤੀ ਵਿਚ ਤਬਦੀਲ ਕਰਕੇ, ਉਹਨਾਂ ਦਾ ਭੈੜਾ ਪ੍ਰਭਾਵ ਨੀਂਦ ਉਪਰ ਨਹੀਂ ਪੈਣ ਦੇਂਦੇ। ਕਦੇ ਕਦੇ ਤਾਂ ਇਹ ਇੱਛਾ-ਪੂਰਤੀ ਸੁਪਨੇ ਵਿਚ ਪ੍ਰਤੱਖ ਤੇ ਸਪਸ਼ਟ ਰੂਪ ਵਿਚ ਨਜ਼ਰ ਆ ਜਾਂਦੀ ਹੈ - ਜਿਵੇਂ ਕਿਸੇ ਪਿਆਸੇ ਮਨੁੱਖ ਨੂੰ ਸੁਪਨੇ ਵਿਚ ਕਿਸੇ ਖੂਹ ਤੋਂ ਕੋਈ ਪਾਣੀ ਪਿਲਾ ਰਿਹਾ ਹੋਵੇ ਜਾਂ ਕੋਈ ਭੁੱਖਾ ਆਦਮੀ ਮਿੱਤ੍ਰਾਂ ਦੀ ਮੇਜ਼ਮਾਨੀ ਦਾ ਭਾਗੀ ਬਣਿਆ ਹੋਵੇ। ਪਰ ਸੁਪਨੇ ਕਦੇ ਕਦਾਈਂ ਹੀ ਇਤਨੀ ਸਪਸ਼ਟ ਇੱਛਾ-ਪੂਰਤੀ ਪੇਸ਼ ਕਰਦੇ ਹਨ।

ਇਥੇ ਦੋ ਪ੍ਰਸ਼ਨ ਪੈਦਾ ਹੁੰਦੇ ਹਨ: ਪਹਿਲਾ ਇਹ ਕਿ ਜੋ ਕਾਮਨਾਵਾਂ ਦਿਨ ਵੇਲੇ ਸਾਡੀ ਜ਼ਮੀਰ ਨੇ ਪੂਰੀਆਂ ਨਹੀਂ ਹੋਣ ਦਿਤੀਆਂ, ਰਾਤੀਂ ਕਿਵੇਂ ਪੂਰਿਆਂ ਕਰਨ ਦੇਂਦੀ ਹੈ? ਦੂਜਾ ਇਹ ਕਿ ਜੇਕਰ ਸੁਪਨੇ ਇੱਛਾਵਾਂ ਦੀ ਪੂਰਤੀ ਦਾ ਸਾਧਨ ਜੁਟਾਉਂਦੇ ਹਨ, ਤਾਂ ਸਾਨੂੰ ਇਹਨਾਂ ਵਿਚ ਹਮੇਸ਼ਾ ਇੱਛਾ-ਪੂਰਤੀ ਨਜ਼ਰ ਕਿਉਂ ਨਹੀਂ ਆਉਂਦੀ? ਪਹਿਲੀ ਗੱਲ ਤਾਂ ਇਹ ਹੈ ਕਿ ਸਾਡੇ ਅਚੇਤਨ ਦਾ ਪਹਿਰੂਆ (ਪਰਾਹਉਂ) ਦਿਨੇਂ ਤਾਂ ਪੂਰੀ ਤਰ੍ਹਾਂ ਸੁਚੇਤ ਹੁੰਦਾ ਹੈ ਸੋ ਇਹਨਾਂ ਅਪ੍ਰਵਾਨਿਤ ਇੱਛਾਵਾਂ ਨੂੰ ਦਬਾਈ ਰਖਦਾ ਹੈ। ਨੀਂਦ ਵਿਚ ਥੋੜ੍ਹਾ ਘਣਾ ਅਵੇਸਲਾ ਹੋ ਜਾਂਦਾ ਹੈ, ਸੋ ਇਹ ਇੱਛਾਵਾਂ ਉਸ ਦੀ ਅੱਖ ਬਚਾ ਕੇ ਬਾਹਰ ਨਿਕਲਣ ਦਾ ਦਾਅ ਲਾ ਲੈਂਦੀਆਂ ਹਨ। ਫਿਰ ਵੀ ਉਹ ਆਪਣੇ ਅਸਲੀ ਨਗਨ ਰੂਪ ਵਿਚ ਬਾਹਰ ਨਹੀਂ ਆ ਸਕਦੀਆਂ। ਇਉਂ ਕਰਨ ਤਾਂ ਪਛਾਣੀਆਂ ਜਾਂਦੀਆਂ ਹਨ ਤੇ ਪਹਿਰੂਆ ਉਹਨਾਂ ਨੂੰ ਲੰਘਣ ਤੋਂ ਵਰਜ ਦੇਂਦਾ ਹੈ। ਇਸ ਲਈ ਉਹ ਭੇਖ ਵਟਾ ਕੇ ਹੀ ਨਿਕਲਦੀਆਂ ਹਨ - ਪ੍ਰਤੀਕਾਂ ਦੀ ਓਢਨੀ ਓਢ ਕੇ। ਇਉਂ ਇਹ ਇੱਛਾਵਾਂ ਪ੍ਰਤੱਖ ਰੂਪ ਵਿਚ ਨਹੀਂ, ਕਿਸੇ ਪ੍ਰਤੀਕਾਤਮਕ ਰੂਪ ਵਿਚ ਹੀ ਸੁਪਨੇ ਵਿਚ ਪ੍ਰਗਟ ਹੋ, ਆਪਣੀ ਪੂਰਤੀ ਪ੍ਰਾਪਤ ਕਰਦੀਆਂ ਹਨ। ਇਕ ਉਦਾਹਰਣ ਨਾਲ ਗੱਲ ਹੋਰ ਵੀ ਸਪਸ਼ਟ ਹੋ ਸਕੇਗੀ। ਇਕ ਆਦਮੀ ਨੂੰ ਆਪਣੇ ਗਵਾਂਢੀ ਦੀ ਇਸਤ੍ਰੀ ਬੇਹੱਦ ਚੰਗੀ ਲਗਦੀ ਸੀ ਤੇ ਉਸ ਦੇ ਮਨ ਵਿਚ ਉਸ ਨੂੰ ਕਿਸੇ ਤਰ੍ਹਾਂ ਆਪਣੇ ਘਰ ਲੈ ਆਉਣ ਦੀ ਇੱਛਾ ਪੈਦਾ ਹੋਈ। ਪਰ, ਇਹ ਇੱਛਾ, ਵਰਜਿਤ ਹੋਣ ਕਾਰਨ ਤੁਰਤ ਉਸ ਦੇ ਅਚੇਤਨ ਵਿਚ ਦਬਾ ਦਿਤੀ ਗਈ। ਫਿਰ ਉਹ ਇਸ ਨੂੰ ਭੁੱਲ ਗਿਆ, ਪਰ ਇਕ ਦਿਨ ਸੁਪਨੇ ਵਿਚ ਉਸ ਨੇ ਵੇਖਿਆ ਕਿ ਉਹ ਆਪਣੇ

ਗਵਾਂਢੀ ਦੀ ਮੋਟਰਕਾਰ ਆਪਣੇ ਘਰ ਲੈ ਆਇਆ ਹੈ ਤੇ ਉਸ ਉਪਰ ਚੜ੍ਹਿਆ ਫਿਰਦਾ ਹੈ। ਇਥੇ ਇਹ ਵੇਖਣਾ ਔਖਾ ਨਹੀਂ ਕਿ ਗਵਾਂਢੀ ਦੀ ਮੋਟਰਕਾਰ ਉਸ ਦੀ ਇਸਤ੍ਰੀ ਦੀ ਪ੍ਰਤੀਕ ਹੈ। ਇਉਂ ਇਸ ਸੁਪਨੇ ਵਿਚ ਉਸ ਆਦਮੀ ਦੀ ਇੱਛਾ ਦੀ ਪ੍ਰਤੀਕਾਤਮਕ ਪੂਰਤੀ ਹੁੰਦੀ ਪ੍ਰਤੀਤ ਕਰਨੀ ਔਖੀ ਗੱਲ ਨਹੀਂ।

### ਸੁਪਨਿਆਂ ਦੀ ਵਸਤੂ

ਫ੍ਰਾਇਡ ਦਾ ਵਿਚਾਰ ਹੈ ਕਿ ਸੁਪਨਿਆਂ ਦੀ ਸਾਮਗ੍ਰੀ ਪ੍ਰਤੀਕਾਤਮਕ ਜਾਂ ਸੰਕੇਤਕ ਰੂਪ ਵਿਚ ਪ੍ਰਗਟ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਸੁਪਨਿਆਂ ਵਿਚ ਜੋ ਕੁਝ ਦਿਸਦਾ ਹੈ ਉਸ ਦਾ ਅਸਲ ਅਰਥ ਉਸ ਦੇ ਪਰੋਖ ਹੁੰਦਾ ਹੈ। ਭਾਵੇਂ ਇਹ ਸਾਮਗ੍ਰੀ ਨਿੱਤ ਦਿਨ ਦੇ ਜੀਵਨ ਤੇ ਅਨੁਭਵ ਤੋਂ ਹੀ ਪ੍ਰਾਪਤ ਹੁੰਦੀ ਹੈ (ਉਵੇਂ ਦੇ ਮਨੁੱਖ, ਉਵੇਂ ਦੀਆਂ ਵਸਤਾਂ, ਉਵੇਂ ਦੀਆਂ ਕਿਰਿਆਵਾਂ) ਪਰ ਇਸ ਦਾ ਅਸਲ ਮਹੱਤਵ ਇਹਨਾਂ ਦੇ ਮੁਖੌਟੇ ਪਿਛੇ ਲੁਕਿਆ ਹੁੰਦਾ ਹੈ—ਜਿਸ ਦਾ ਅਸਲ ਰੂਪ ਦਮਿਤ ਇਛਾਵਾਂ ਤੇ ਪ੍ਰਵਿਰਤੀਆਂ ਦਾ ਬਣਿਆ ਹੁੰਦਾ ਹੈ। ਇਹੋ ਸੁਪਨਿਆਂ ਦੀ ਅਪ੍ਰਗਟ ਵਸਤੂ ਹੁੰਦੀਆਂ ਹਨ। ਪ੍ਰਗਟ ਵਸਤੂ ਤਾਂ ਇਕ ਤਰ੍ਹਾਂ ਦਾ ਭੇਖ ਹੀ ਹੁੰਦਾ ਹੈ ਜਿਸ ਨੂੰ ਪਹਿਨੇ ਬਿਨਾਂ ਇਹਨਾਂ ਦਮਿਤ ਪ੍ਰਵਿਰਤੀਆਂ ਦਾ ਬਾਹਰ ਆਉਣਾ ਸੰਭਵ ਨਹੀਂ ਹੋ ਸਕਦਾ। ਇਸ ਭੇਖ ਨੂੰ ਚੀਰ ਕੇ, ਤੇਂ ਸੁਪਨੇ ਵਿਚਲੀ ਅਪ੍ਰਗਟ ਵਸਤੂ ਤਕ ਅੱਪੜ ਕੇ ਹੀ ਅਸੀਂ ਕਿਸੇ ਸੁਪਨੇ ਵਿਚਲੇ ਅਸਲ ਅਰਥ ਨੂੰ ਸਮਝ ਸਕਦੇ ਹਾਂ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪ੍ਰਗਟ ਵਸਤੂ ਦਾ ਇਹ ਭੇਖ ਕਿਵੇਂ ਚੀਰਿਆ ਜਾ ਸਕਦਾ ਹੈ ਤਾਂ ਜੋ ਸੁਪਨੇ ਦੇ ਅਸਲ ਅਰਥ ਤੀਕ ਪਹੁੰਚਿਆ ਜਾ ਸਕੇ? ਫ੍ਰਾਇਡ ਨੇ ਇਸ ਮਕਸਦ ਲਈ ਦੋ ਸਾਧਨ ਸਥਾਪਿਤ ਕੀਤੇ। ਪਹਿਲਾ ਸਾਧਨ 'ਸੁਤੰਤਰ-ਸੰਬੰਧ* *(ਫ੍ਰੀ ਐਸੋਸੀਏਸ਼ਨ)* ਦਾ ਸਾਧਨ ਹੈ। ਸੁਤੰਤਰ-ਸੰਬੰਧ ਇਕ ਐਸੀ ਵਿਧੀ ਹੈ ਜਿਸ ਅਨੁਸਾਰ ਕੋਈ ਵਿਅਕਤੀ ਆਪਣੇ ਵਿਚਾਰਾਂ ਨੂੰ ਬਿਨਾਂ ਕਿਸੇ ਨਿਰਧਾਰਤ ਦਿਸ਼ਾ ਵਿਚ ਤੋਰਿਆਂ ਪੂਰੀ ਅਲਬੇਲੀ ਸੁਤੰਤਰਤਾ ਨਾਲ ਵਹਿਣ ਦੇਂਦਾ ਹੈ। ਇਉਂ ਕੀਤਿਆਂ ਇਕ ਵਿਚਾਰ 'ਚੋਂ ਦੂਜਾ ਵਿਚਾਰ ਕਿਸੇ ਤਾਰਕਿਕ ਤਰਤੀਬ ਨਾਲ ਨਹੀਂ ਉਪਜਦਾ, ਸਗੋਂ ਐਸੇ ਆਜ਼ਾਦ ਢੰਗ ਨਾਲ ਨਿਕਲਦਾ ਹੈ ਜਿਵੇਂ ਗੱਲਾਂ ਵਿਚੋਂ ਗੱਲਾਂ ਨਿਕਲਦੀਆਂ ਹਨ। ਇਸੇ ਵਿਧੀ ਨੂੰ ਫ੍ਰਾਇਡ ਨੇ ਸੁਪਨਿਆਂ ਉਪਰ ਘਟਾਇਆ ਹੈ, ਸੁਪਨੇ ਦੀ ਪ੍ਰਗਟ ਵਸਤੂ ਵਿਚੋਂ ਕੋਈ ਉਘੜਵਾਂ ਤੱਤ ਲੈ ਕੇ ਉਹ ਸੁਪਨਾ ਵੇਖਣ ਵਾਲੇ ਨੂੰ ਕਹਿੰਦਾ ਸੀ ਕਿ ਉਸ ਬਾਰੇ ਜੋ ਵੀ ਵਿਚਾਰ ਉਸ ਦੇ ਮਨ ਵਿਚ ਆਈ ਜਾਣ ਬਿਨਾਂ ਕਾਂਟ ਛਾਂਟ ਦੇ ਤੁਰਤ ਦੱਸੀ ਜਾਵੇ। ਵਿਚਾਰਾਂ ਦੇ ਸੁਭਾਵਕ ਸੰਬੰਧਾਂ ਨੂੰ ਜਦੋਂ ਐਸੇ ਸੁਤੰਤਰ ਰੂਪ ਵਿਚ ਤੁਰਨ ਦੇਈਏ ਤਾਂ ਉਹ ਪ੍ਰਗਟ ਭੇਖ ਨੂੰ ਪਾਰ ਕਰ ਸੁਪਨੇ ਵਿਚਲੇ ਗੁੱਝੇ ਅਰਥਾਂ ਤੀਕ ਪਹੁੰਚ ਜਾਂਦੇ ਹਨ। ਉਪਰ ਵਿਚਾਰੇ ਸੁਪਨੇ ਦੀ ਮਿਸਾਲ ਹੀ ਦੁਬਾਰੇ ਲੈਂਦੇ ਹਾਂ। ਜਦ ਸੁਪਨਾ ਲੈਣ ਵਾਲੇ ਬੰਦੇ ਨੂੰ 'ਕਾਰ' ਬਾਰੇ

* ਸੁਤੰਤਰ ਸੰਬੰਧ ਦੀ ਵਿਧੀ ਬਾਰੇ ਸਵਿਸਥਾਰ ਚਰਚਾ ਅੱਗੇ ਚੱਲ ਕੇ ਕੀਤੀ ਜਾਵੇਗੀ।

ਸੁਤੰਤਰ-ਸੰਬੰਧ ਲੜੀ ਤੋਰਨ ਲਈ ਕਿਹਾ ਗਿਆ ਤਾਂ ਉਸ ਨੇ ਇਉਂ ਕਿਹਾ:

"ਕਾਰ···ਸਟੈਂਡਰਡ ਕਾਰ···ਸਟੈਂਡਰਡ ਦਾ ਭਾਵ ਸਿੱਕੇ-ਬੰਦ, ਉਤਮ···ਇਹ ਕਾਰ ਬੜੀ ਸੁਹਣੀ ਹੁੰਦੀ ਹੈ···ਏਡੀ ਵੱਡੀ ਤਾਂ ਨਹੀਂ ਹੁੰਦੀ, ਪਰ ਸ਼ਕਲਵੰਦ ਬੜੀ ਹੁੰਦੀ ਹੈ······ਗੁਟਕਣੀ ਜਹੀ···ਉਸ਼ਨਾਕ ਜਹੀ···ਮੈਨੂੰ ਕਾਰ ਚਲਾਉਣ ਦਾ ਬੜਾ ਸ਼ੌਕ ਹੈ···ਘੁੜ ਸਵਾਰੀ ਦਾ ਵੀ···ਘੋੜੀ ਉਪਰ ਚੜ੍ਹਿਆ ਬੰਦਾ ਲਾੜਾ ਲਗਦਾ ਹੈ······ਮੈਨੂੰ ਸਟੈਂਡਰਡ ਕਾਰ ਲਾੜੀ ਜਹੀ ਲਗਦੀ ਹੈ।"

ਉਪਰੋਕਤ ਉਦਾਹਰਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੁਤੰਤਰ-ਵਿਚਾਰ ਵੇਗ ਕਿਵੇਂ ਸਾਨੂੰ ਪ੍ਰਗਟ ਸੁਪਨੇ ਤੋਂ ਉਸ ਦੀ ਅਪ੍ਰਗਟ ਵਸਤੂ ਤਕ ਪਹੁੰਚਣ ਵਿਚ ਸਹਾਇਤਾ ਕਰਦਾ ਹੈ।

ਸੁਪਨ-ਵਿਸ਼ਲੇਸ਼ਨ ਦੀ ਦੂਜੀ ਵਿਧੀ ਸੁਪਨ-ਪ੍ਰਤੀਕਾਂ ਦੇ ਬੋਧ ਦੀ ਵਿਧੀ ਹੈ। ਸੁਪਨਿਆਂ ਦੀ ਪ੍ਰਤੀਕਾਤਮਕਤਾ, ਫ੍ਰਾਇਡ ਦੇ ਸੁਪਨ-ਸਿੱਧਾਂਤ ਦਾ ਬੜਾ ਉਚੇਚਾ ਤੇ ਮਹੱਤਵ ਭਰਪੂਰ ਅੰਗ ਹੈ। ਪ੍ਰਤੀਕ ਕੀ ਹੈ? ਜਦੋਂ ਕੋਈ ਸ਼ਬਦ ਆਪਣਾ ਅਰਥ ਤਿਆਗ ਕੇ ਕਿਸੇ ਹੋਰ ਸ਼ਬਦ ਦੇ ਅਰਥਾਂ ਦੀ ਪ੍ਰਤਿਨਿਧਤਾ ਕਰਨ ਲੱਗ ਪੈਂਦਾ ਹੈ ਤਾਂ ਪਹਿਲੇ ਸ਼ਬਦ ਨੂੰ ਦੂਜੇ ਦਾ ਪ੍ਰਤੀਕ ਕਹਿੰਦੇ ਹਨ। ਮਿਸਾਲ ਦੇ ਤੌਰ ਤੇ ਇਹ ਵਾਕ ਲਉ: "ਅਮਕਾ ਮਨੁੱਖ ਚੋਲਾ ਤਿਆਗ ਗਿਆ।" ਇਸ ਵਾਕ ਵਿਚ 'ਚੋਲਾ' ਸ਼ਬਦ ਆਪਣੇ ਅਰਥ ਤਿਆਗ ਕੇ 'ਸਰੀਰ' ਦੇ ਅਰਥਾਂ ਦੀ ਪ੍ਰਤਿਨਿਧਤਾ ਕਰ ਰਿਹਾ ਹੈ, ਇਸ ਲਈ ਇਹ ਸਰੀਰ ਦਾ ਪ੍ਰਤੀਕ ਹੈ। ਦੋ ਸ਼ਬਦਾਂ ਵਾਂਗ ਕਈ ਵਾਰ ਕੋਈ ਦੋ ਤੱਥ, ਘਟਨਾਵਾਂ ਜਾਂ ਪਦਾਰਥ ਵੀ ਅਜਿਹੇ ਸੰਬੰਧ ਵਿਚ ਬੱਝ ਸਕਦੇ ਹਨ, ਇਉਂ ਕਿ ਉਨ੍ਹਾਂ ਵਿਚੋਂ ਇਕ ਪ੍ਰਤੀਕ ਤੇ ਦੂਜਾ ਉਸ ਤੋਂ ਉਪਜਿਆ ਮਾਨਸਿਕ ਬਿੰਬ ਬਣ ਜਾਂਦਾ ਹੈ। ਉਹ ਮਨੋ-ਬਿੰਬ ਉਸ ਪ੍ਰਤੀਕ ਦਾ ਅਨੁਵਾਦ ਹੁੰਦਾ ਹੈ। ਜੇਕਰ ਮਨੋਬਿੰਬ ਤੇ ਪ੍ਰਤੀਕ ਵਿਚਲੇ ਸੰਬੰਧ ਦਾ ਗਿਆਨ ਹੋ ਜਾਵੇ ਤਾਂ ਪ੍ਰਤੀਕ ਤੋਂ ਮੌਲਿਕ ਮਨੋਬਿੰਬ ਤਕ ਅੱਪੜ ਸਕਣਾ ਕਠਿਨ ਨਹੀਂ ਰਹਿੰਦਾ। ਇਸ ਨਾਤੇ ਜੇਕਰ ਸੁਪਨਿਆਂ ਦੀ ਪ੍ਰਤੀਕਾਵਲੀ ਨੂੰ ਸਮਝ ਸਕੀਏ ਤਾਂ ਕਿਸੇ ਸੁਪਨੇ ਦੇ ਗੁੱਝੇ ਅਰਥ ਤੱਕ ਪਹੁੰਚ ਸਕਣਾ ਸੰਭਵ ਹੋ ਜਾਂਦਾ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹਨਾਂ ਪ੍ਰਤੀਕਾਂ ਦੇ ਅਰਥ ਦਾ ਸੁਪਨ ਲੈਣ ਵਾਲੇ ਵਿਅਕਤੀ ਨੂੰ ਆਪ ਨੂੰ ਵੀ ਕੋਈ ਪਤਾ ਨਹੀਂ ਹੁੰਦਾ। ਇਹਨਾਂ ਦੇ ਗਿਆਨ ਬਿਨਾਂ ਹੀ ਉਹ ਇਹਨਾਂ ਦੀ ਵਰਤੋਂ ਕਰੀ ਤੁਰੀ ਜਾਂਦਾ ਹੈ। ਜੇਕਰ ਉਸ ਦੇ ਸੁਪਨ-ਪ੍ਰਤੀਕਾਂ ਦਾ ਅਰਥ ਉਸ ਨੂੰ ਸਮਝਾਉਣ ਦਾ ਜਤਨ ਵੀ ਕਰੀਏ ਤਾਂ ਬਹੁਤ ਮੁਮਕਿਨ ਹੈ ਉਹ ਇਹਨਾਂ ਅਰਥਾਂ ਨੂੰ ਸ੍ਵੀਕਾਰ ਕਰਨ ਲਈ ਤਿਆਰ ਵੀ ਨਾ ਹੋਵੇ। ਇਹ ਇਸ ਲਈ ਕਿਉਂਕਿ ਸੁਪਨਿਆਂ ਦੇ ਪ੍ਰਤੀਕ ਚੇਤਨ ਵਿਚੋਂ ਨਹੀਂ, ਅਚੇਤਨ ਵਿਚੋਂ ਪੈਦਾ ਹੁੰਦੇ ਹਨ।

ਇਕ ਗੱਲ ਅਚੰਭੇ ਵਾਲੀ ਇਹ ਵੀ ਹੈ: ਸੁਪਨਿਆਂ ਅੰਦਰ ਜੋ ਪ੍ਰਤੀਕ ਪ੍ਰਗਟ ਹੁੰਦੇ ਹਨ, ਉਹਨਾਂ ਦੀ ਗਿਣਤੀ ਕੋਈ ਬਹੁਤੀ ਨਹੀਂ। ਫ੍ਰਾਇਡ ਅਨੁਸਾਰ ਸੁਪਨਿਆਂ ਵਿਚ ਬਹੁਤ ਕਰ

ਲਿੰਗਿਕ ਪ੍ਰਤੀਕ ਹੀ ਪ੍ਰਗਟ ਹੁੰਦੇ ਜਾਪਦੇ ਹਨ। ਢੇਰ ਸਾਰੇ ਸੁਪਨਿਆਂ ਦੇ ਆਧਾਰ ਤੇ ਉਸ ਨੇ ਸੁਪਨਿਆਂ ਦੀ ਇਕ ਪ੍ਰਤੀਕਾਵਲੀ ਸਥਾਪਿਤ ਕਰ ਲਈ। ਉਸ ਦੇ ਵਿਚਾਰ ਮੁਤਾਬਕ ਇਕ ਵਸਤੂ ਦਾ ਕੇਵਲ ਇਕੋ ਨਹੀਂ, ਕਈ ਕਈ ਪ੍ਰਤੀਕ ਹੋ ਸਕਦੇ ਹਨ। ਮਿਸਾਲ ਦੇ ਤੌਰ ਤੇ ਛੱਤਰੀ, ਲਾਠੀ, ਪੈਨਸਲ ਆਦਿ ਸਿੱਧੇ ਆਕਾਰ ਵਾਲੀਆਂ ਵਸਤਾਂ, ਜਾਂ ਚਾਕੂ, ਛੁਰੀ, ਤੀਰ, ਕਟਾਰ ਆਦਿ ਜਿਹੀਆਂ ਖੁਭ ਜਾਣ ਵਾਲੀਆਂ ਚੀਜ਼ਾਂ, ਜਾਂ ਪਿਸਤੌਲ, ਬੰਦੂਕ, ਤੋਪ ਆਦਿ ਵਰਗੀਆਂ ਅੱਗ ਉਗਲਣ ਵਾਲੀਆਂ ਵਸਤਾਂ ਸਭ ਪੁਰਸ਼ ਦੇ ਵਿਸ਼ੇਸ਼ ਇੰਦਰੇ (ਲਿੰਗ) ਦੀਆਂ ਪ੍ਰਤੀਕ ਹਨ। ਸੱਪ, ਜੋ ਸ਼ਕਲੋਂ ਪੁਰਸ਼ ਦੇ ਲਿੰਗ ਵਰਗਾ ਹੁੰਦਾ ਹੈ, ਮਨਮੋਹਕ ਵੀ ਹੈ ਤੇ ਰੁੱਡਾਂ ਵਿਚ ਵੀ ਵੱਸਦਾ ਹੈ, ਉਹ ਵੀ ਲਿੰਗ ਦਾ ਤੇ ਸਿਰਜਨ ਸ਼ਕਤੀ ਦਾ ਪ੍ਰਮਾਣਿਕ ਪ੍ਰਤੀਕ ਹੈ।

ਇਸੇ ਹੀ ਤਰ੍ਹਾਂ ਇਸਤ੍ਰੀ ਦੀ ਜਣਨਇੰਦਰੀ ਦੇ ਪ੍ਰਤੀਕ ਬੇੜੀ, ਜਹਾਜ, ਗੁਫ਼ਾ, ਕਮਰਾ, ਸੰਦੂਕ, ਬੋਤਲ ਆਦਿ ਵਸਤਾਂ ਹਨ ਜਿਨ੍ਹਾਂ ਵਿਚ ਕੁਝ ਪਾਇਆ ਜਾਂਦਾ ਹੈ। ਜੁੱਤੇ, ਸਲੀਪਰ, ਜੁਰਾਬਾਂ, ਮੌਜ਼ੇ ਆਦਿ ਵੀ। ਫੁੱਲ, ਕਲੀਆਂ, ਕੁਦਰਤੀ ਨਜ਼ਾਰੇ ਆਦਿ ਮਨਮੋਹਕ ਵਸਤਾਂ ਵੀ ਇਸੇ ਦੀਆਂ ਪ੍ਰਤੀਕ ਹਨ। ਅਮਰੂਦ, ਸੇਬ, ਅੰਬ, ਨਿੰਬੂ ਆਦਿ ਇਸਤ੍ਰੀ ਦੇ ਥਣਾਂ ਦੇ ਪ੍ਰਤੀਕ ਹਨ।

ਤੁਰਨਾ, ਚੜ੍ਹਨਾ, ਉਤਰਨਾ, ਉਡਣਾ ਆਦਿਕ ਕਿਰਿਆਵਾਂ ਲਿੰਗਿਕ ਭੋਗ ਦੀਆਂ ਪ੍ਰਤੀਕ ਹਨ। ਪਾਣੀ ਵਿਚ ਤਰਨਾ ਜਾਂ ਡੁੱਬਣਾ, ਰੁੜ੍ਹਨਾ ਜਾਂ ਉਸ ਵਿਚੋਂ ਨਿਕਲਣਾ ਜਾਂ ਕਿਸੇ ਨੂੰ ਪਾਣੀ ਵਿਚੋਂ ਕੱਢਣਾ ਜਨਮ ਲੈਣ ਦਾ ਪ੍ਰਤੀਕ ਹੁੰਦਾ ਹੈ।

ਉਪਰੋਕਤ ਸੂਚੀ ਫ੍ਰਾਇਡ ਦੀ ਇਸ ਤੋਂ ਕਾਫ਼ੀ ਵੱਡੀ ਸੂਚੀ ਵਿਚੋਂ ਹੀ ਲਈ ਗਈ ਹੈ। ਉਸ ਦੀ ਖੋਜੀ ਪ੍ਰਤੀਕਾਵਲੀ ਵਿਚ ਉਸ ਦੇ ਅਨੁਆਈਆਂ ਨੇ ਹੋਰ ਵੀ ਵਾਧੇ ਕੀਤੇ ਹਨ। ਡਾ. ਸਟੈਕਲ ਅਨੁਸਾਰ ਛੋਟੇ ਬੱਚੇ ਵੀ ਪੁਰਸ਼ ਲਿੰਗ ਦੇ ਪ੍ਰਤੀਕ ਹੁੰਦੇ ਹਨ। ਬੱਚਿਆਂ ਨੂੰ ਕੁੱਟਣਾ ਜਾਂ ਉਹਨਾਂ ਨਾਲ ਖੇਡਣਾ ਹੱਥ-ਰੱਸੀ ਦਾ ਪ੍ਰਤੀਕ ਹੈ। ਖੱਬਾ ਤੇ ਸੱਜਾ, ਅਨੁਚਿਤ ਤੇ ਉਚਿਤ ਲਿੰਗਿਕਤਾ ਦੇ ਪ੍ਰਤੀਕ ਹਨ।

ਪ੍ਰਤੀਕਾਤਮਕਤਾ ਉਹਨਾਂ ਸਾਧਨਾਂ ਵਿਚੋਂ ਕੇਵਲ ਇਕ ਸਾਧਨ ਹੈ ਜਿਸ ਰਾਹੀਂ ਕਿਸੇ ਸੁਪਨੇ ਦਾ ਅਪ੍ਰਗਟ ਵਿਸ਼ਾ ਪ੍ਰਗਟ ਰੂਪ ਧਾਰਨ ਕਰ ਸਕਦਾ ਹੈ। ਇਸ ਤੋਂ ਛੁੱਟ ਸੰਘਣਨ, ਵਿਸਥਾਪਨ, ਤਦਾਤਮੀਕਰਣ ਆਦਿ ਕਈ ਹੋਰ ਵੀ ਵਿਧੀਆਂ ਹਨ ਜਿਨ੍ਹਾਂ ਰਾਹੀਂ ਸੁਪਨੇ ਦੀ ਅਸਲ (ਅਪ੍ਰਗਟ) ਵਸਤੂ ਪ੍ਰਗਟ ਵਸਤੂ ਵਿਚ ਤਬਦੀਲ ਹੁੰਦੀ ਹੈ। ਇਹਨਾਂ ਵਿਧੀਆਂ ਬਾਰੇ ਸਵਿਸਥਾਰ ਚਰਚਾ ਅਸੀਂ ਅੱਗੇ ਚੱਲ ਕੇ ਕਰਾਂਗੇ।

# 8.
# ਨਿਰਦੇਸ਼ਨ

ਨਿਰਦੇਸ਼ਨ *(ਸੱਜੈਸ਼ਨ)* ਇਕ ਅਜੇਹੀ ਮਾਨਸਿਕ ਪ੍ਰਕਿਰਿਆ ਹੈ ਜਿਸ ਦਾ ਅਮਲ ਸਾਡੀ ਜ਼ਿੰਦਗੀ ਵਿਚ ਆਮ ਵਰਤਦਾ ਹੈ ਪਰ ਜਿਸ ਦਾ ਸਾਨੂੰ ਆਮ ਤੌਰ ਤੇ ਕੋਈ ਗਿਆਨ ਨਹੀਂ ਹੁੰਦਾ। ਜਦੋਂ ਵੀ ਅਸੀਂ ਬਿਨਾ ਚੇਤਨ ਇਰਾਦੇ ਦੇ, ਬਗ਼ੈਰ ਪੜਚੋਲਿਆਂ ਜਾਂ ਸੱਤ ਅਸੱਤ ਵਿਚਾਰਿਆਂ ਕਿਸੇ ਹੋਰਸ ਦੇ ਵਿਚਾਰਾਂ, ਵਿਸ਼ਵਾਸਾਂ ਜਾਂ ਰੁਚੀਆਂ ਨੂੰ ਗ੍ਰਹਿਣ ਕਰ ਲੈਂਦੇ ਹਾਂ ਤਾਂ ਨਿਰਦੇਸ਼ਨ ਦੀ ਪ੍ਰਕਿਰਿਆਂ ਵਰਤ ਰਹੀ ਹੁੰਦੀ ਹੈ। ਇਸ ਨਾਤੇ ਨਿਰਦੇਸ਼ਨ ਇਕ ਐਸੀ ਪ੍ਰਕਿਰਿਆ ਹੈ ਜਿਸ ਰਾਹੀਂ ਕਿਸੇ ਵਿਅਕਤੀ ਪਾਸੋਂ ਬਿਨਾ ਕਿਸੇ ਵਿਵੇਚਨਾ ਦੇ ਅਚੇਤ ਹੀ ਕਿਸੇ ਵਿਚਾਰ, ਵਿਸ਼ਵਾਸ ਜਾਂ ਰੱਵਈਏ ਨੂੰ ਸਵੀਕਾਰ ਕਰਵਾਇਆ ਜਾ ਸਕਦਾ ਹੈ।

ਬੜੀ ਵਾਰ ਇਹ ਵੇਖਣ ਵਿਚ ਆਉਂਦਾ ਹੈ ਕਿ ਬੱਚੇ ਆਪਣੇ ਕਿਸੇ ਅਧਿਆਪਕ ਦੀ ਕਿਸੇ ਵਿਸ਼ੇਸ਼ ਆਦਤ ਨੂੰ ਅਚੇਤ ਹੀ ਅਪਨਾ ਲੈਂਦੇ ਹਨ- ਖ਼ਾਸ ਕਰ ਜੇ ਉਹ ਅਧਿਆਪਕ ਉਹਨਾਂ ਦੀ ਪ੍ਰਸੰਸਾ ਦਾ ਪਾਤਰ ਹੋਵੇ। ਇਕ ਅਧਿਆਪਕ ਦਾ ਤਕੀਆ ਕਲਾਮ ਸੀ "ਜਾਣੀ ਕਿ" ਗੱਲ ਗੱਲ ਵਿਚ ਉਹ "ਜਾਣੀ ਕਿ" ਲਾ ਦਿਆ ਕਰਦੇ ਸਨ। ਉਂਝ ਉਹ ਪੜ੍ਹਾਉਂਦੇ ਬਹੁਤ ਚੰਗਾ ਸਨ। ਉਨ੍ਹਾਂ ਦੇ ਕੁਝ ਵਿਦਿਆਰਥੀ ਵੀ ਸਹਿਵਨ ਹੀ ਗੱਲ ਗੱਲ ਵਿਚ "ਜਾਣੀ ਕਿ" ਵਰਤਣ ਲਗ ਪਏ। ਇਸੇ ਪ੍ਰਕਾਰ ਫ਼ਿਲਮੀ ਹੀਰੋਆਂ, ਰਾਜਸੀ ਲੀਡਰਾਂ, ਪ੍ਰਸਿੱਧ ਲੇਖਕਾਂ ਆਦਿ ਦੇ ਵਿਚਾਰਾਂ ਤੇ ਵਿਸ਼ੇਸ਼ਤਾਈਆਂ ਨੂੰ ਵੀ ਲੋਕੀਂ ਬਿਨਾ ਕਿਸੇ ਤਰਕ ਦੇ ਅਪਣਾ ਲੈਂਦੇ ਹਨ।

ਓਪਰੀ ਨਜ਼ਰੇ ਤਾਂ ਨਿਰਦੇਸ਼ਨ ਦੀ ਪ੍ਰਕਿਰਿਆ ਇਤਨੀ ਸਾਧਾਰਨ ਤੇ ਆਮ ਜਿਹੀ ਲਗਦੀ ਹੈ ਕਿ ਅਸੀਂ ਇਸ ਦੇ ਵਿਆਪਕ ਪ੍ਰਭਾਵਾਂ ਵਲੋਂ ਅਨਜਾਣ ਹੀ ਰਹਿੰਦੇ ਹਾਂ। ਪਰ ਗਹੁ ਨਾਲ ਵਿਚਾਰਿਆਂ ਪਤਾ ਚਲਦਾ ਹੈ ਕਿ ਇਹ ਅਮਲ ਅਨੇਕ ਰੂਪਾਂ ਵਿਚ ਸਾਡੀ ਜ਼ਿੰਦਗੀ ਵਿਚ ਅਚੇਤ ਵਰਤਾਰਾ ਵਰਤਾ ਰਿਹਾ ਹੁੰਦਾ ਹੈ। ਇਸ ਦੀ ਸ਼ਕਤੀ ਦੀ ਵਰਤੋਂ ਅਸੀਂ ਨਿੱਤ ਦਿਨ ਵਪਾਰਕ ਇਸ਼ਤਿਹਾਰਬਾਜ਼ੀ ਵਿਚ ਹੁੰਦਾ ਵੇਖਦੇ ਹਾਂ। ਪਰ ਕੋਈ ਵਿਰਲਾ ਹੀ ਇਹ ਗੱਲ ਜਾਣਦਾ ਹੈ ਕਿ ਇਸ ਇਸ਼ਤਿਹਾਰਬਾਜ਼ੀ ਦਾ ਕਿਤਨਾ ਅਸਰ ਹੁੰਦਾ ਹੈ। ਇਸ਼ਤਿਹਾਰਬਾਜ਼ਾਂ ਨੂੰ, ਜੋ ਇਸ ਤੋਂ ਲਾਹੇਵੰਦ ਹੁੰਦੇ ਹਨ, ਇਸ ਦਾ ਖ਼ਾਸ ਗਿਆਨ ਹੁੰਦਾ ਹੈ। ਇਸੇ ਤਰ੍ਹਾਂ ਦਾ ਅਸਰ ਸਾਡੇ ਇਰਦ-ਗਰਦ ਹੋ ਰਹੇ ਹਰ ਪ੍ਰਕਾਰ ਦੇ ਪ੍ਰਾਪੇਗੰਡੇ ਦਾ ਵੀ ਸਮਝਿਆ ਜਾ ਸਕਦਾ ਹੈ। ਜੇਕਰ ਕੋਈ ਵਿਚਾਰ ਬਾਰ ਬਾਰ ਲਗਾਤਾਰ ਜ਼ੋਰਦਾਰ ਤਰੀਕੇ ਨਾਲ ਸਾਡੇ ਮਨਾਂ ਉਪਰ ਮਾਰ ਕਰਦਾ ਰਹੇ ਤਾਂ ਸਾਡੇ ਉਪਰ ਉਸ ਦਾ ਅਸਰ ਹੋ ਹੀ ਜਾਂਦਾ ਹੈ। ਇਉਂ ਨਿਰਦੇਸ਼ਨ ਨਿੱਤ ਗੁਪਤ

ਮਾਰ ਸਾਡੇ ਮਨਾਂ 'ਤੇ ਕਰਦਾ ਸਾਡੀ ਜ਼ਿੰਦਗੀ ਥਾਣੀ ਲੰਘ ਜਾਂਦਾ ਹੈ।

ਪ੍ਰਚਲਤ ਮੱਤ ਅਨੁਸਾਰ ਨਿਰਦੇਸ਼ਨ ਦਾ ਅਮਲ (ਬਿਨਾ ਕਿਸੇ ਸਿੱਧੀ ਸਪਸ਼ਟ ਨਸੀਹਤ ਦੇ) ਕਿਸੇ ਵਿਚਾਰ/ਵਿਸ਼ਵਾਸ ਵਿਸ਼ੇਸ਼ ਨੂੰ ਕਿਸੇ ਪਾਤਰ ਵਿਅਕਤੀ ਦੇ ਮਨ ਅੰਦਰ ਉਕਰ ਜਾਂਦਾ ਹੈ। ਇਉਂ ਉਹ ਵਿਅਕਤੀ ਵਿਸ਼ੇਸ਼ ਬਿਨਾ ਇਰਾਦਾ ਕੀਤਿਆਂ ਨਿਰਦੇਸ਼ਤ ਵਿਚਾਰਾਂ/ਵਿਸ਼ਵਾਸਾਂ ਆਦਿ ਨੂੰ ਆਪਣੇ ਵਿਹਾਰ ਤੇ ਆਚਰਣ ਵਿਚ ਢਲਣ ਦੇਂਦਾ ਹੈ!

ਪ੍ਰਸ਼ਨ ਉਠਦਾ ਹੈ ਕਿ ਐਸੇ ਵਿਚਾਰ ਬਿਨਾ ਕਿਸੇ ਪੜਚੋਲ ਜਾ ਟੀਕਾ ਟਿੱਪਣੀ ਦੇ ਕਿਵੇਂ ਸਵੀਕਾਰ ਹੋ ਜਾਂਦੇ ਹਨ? ਜੇਕਰ ਤਰਕ ਜਾਂ ਬਿਬੇਕ ਇਹਨਾਂ ਦਾ ਮੂਲ ਨਹੀਂ, ਤਾ ਇਹਨਾ ਦਾ ਆਧਾਰ ਹੈ ਕੀ? ਡਾ: ਮਾਇਰਜ਼ ਦੇ ਵਿਚਾਰ ਅਨੁਸਾਰ ਨਿਰਦੇਸ਼ਨ ਅਰਧ-ਚੇਤਨ ਜਹੀ ਅਵਸਥਾ ਰਾਹੀਂ ਸਾਡੇ ਅੰਦਰ ਪ੍ਰਵੇਸ਼ ਕਰਦਾ ਹੈ। ਡਾ: ਮੇਕਡੂਗਲ ਦੇ ਮਤ ਅਨੁਸਾਰ ਜਦੋਂ ਅਸੀਂ ਕਿਸੇ ਵਿਅਕਤੀ ਨੂੰ ਪ੍ਰਸੰਸਾ ਦੀ ਨਜ਼ਰ ਨਾਲ ਵੇਖਦੇ ਹਾਂ ਜਾਂ ਉਸ ਦੇ ਅਹਿਸਾਨਮੰਦ ਹੁੰਦੇ ਹਾਂ ਜਾਂ ਉਸ ਪ੍ਰਤਿ ਆਗਿਆਪਾਲਨ ਦੀ ਭਾਵਨਾ ਰਖਦੇ ਹਾਂ, ਤਾਂ ਅਸੀਂ ਉਸ ਅੱਗੇ ਅਧੀਨਤਾ, ਕ੍ਰਿਤੱਗਤਾ, ਨਿਮਰਤਾ ਜੈਸੇ ਭਾਵਾਂ ਦੇ ਧਾਰਨੀ ਹੁੰਦੇ ਹਾਂ, ਤੇ ਅਜਿਹੇ ਭਾਵਾਂ ਕਾਰਨ ਉਚੇਚੇ ਤੌਰ ਤੇ ਨਿਰਦੇਸ਼ਨ-ਗ੍ਰਾਹਕ *(ਸੱਜੈਸਟਿਬਲ)* ਹੋ ਜਾਂਦੇ ਹਾਂ। ਇਸ ਲਈ ਉਸ ਵਿਅਕਤੀ ਰਾਹੀਂ ਪ੍ਰਾਪਤ ਹੋਣ ਵਾਲੇ ਵਿਚਾਰਾਂ ਆਦਿ ਨੂੰ ਬਿਨਾ ਕਿਸੇ ਆਲੋਚਨਾ ਦੇ ਆਦਰ ਨਾਲ ਪਰਵਾਨ ਕਰ ਲੈਂਦੇ ਹਾਂ। ਇਹੋ ਵਿਚਾਰ ਜੇਕਰ ਹੋਰਨਾਂ ਪਾਸੋਂ ਸਾਨੂੰ ਪਹੁੰਚਦੇ ਤਾਂ ਸ਼ਾਇਦ ਅਸੀਂ ਉਹਨਾਂ ਵਲੋਂ ਨਿਪਟ ਬੇਲਾਗ ਹੋਏ ਰਹਿੰਦੇ, ਜਾਂ ਭਾਵੇਂ ਅਸ੍ਵੀਕਾਰ ਹੀ ਕਰ ਲੈਂਦੇ। ਅਜਿਹੇ ਨਿਰਦੇਸ਼ਨ ਨੂੰ ਜੋ ਸਾਡੇ ਉੱਪਰ ਨਿਰਦੇਸ਼ਕ ਦੀ ਪ੍ਰਤਿਸ਼ਠਾ ਕਾਰਨ ਅਸਰ-ਅੰਦਾਜ਼ ਹੁੰਦਾ ਹੈ, ਪ੍ਰਤਿਸ਼ਠਾ-ਨਿਰਦੇਸ਼ਨ ਕਹਿੰਦੇ ਹਨ।

ਡਾ. ਕੂਏ ਨੇ ਨਿਰਦੇਸ਼ਨ ਬਾਰੇ ਇਕ ਹੋਰ ਮੱਤ ਪੇਸ਼ ਕੀਤਾ ਹੈ। ਉਸ ਅਨੁਸਾਰ ਹਰ ਪ੍ਰਕਾਰ ਦਾ ਨਿਰਦੇਸ਼ਨ ਦਰ-ਅਸਲ 'ਆਤਮ-ਨਿਰਦੇਸ਼ਨ *(ਔਟੋ ਸੱਜੈਸ਼ਨ)* ਹੁੰਦਾ ਹੈ। ਇਹ ਇਸ ਲਈ ਕਿਉਂਕਿ ਨਿਰਦੇਸ਼ਨ ਜਗਾਉਣ ਦੀ ਸ਼ਕਤੀ ਵਿਅਕਤੀ ਦੇ ਆਪਣੇ ਅੰਦਰ ਮੌਜੂਦ ਹੁੰਦੀ ਹੈ, ਨਿਰਦੇਸ਼ਕ ਦੇ ਅੰਦਰ ਨਹੀਂ। ਇਸੇ ਸਿੱਧਾਂਤ ਨੂੰ ਮੁੱਖ ਰਖ ਕੇ ਉਹਨਾਂ ਨੇ ਆਤਮ-ਨਿਰਦੇਸ਼ਨ ਰਾਹੀਂ ਮਨੋਰੋਗਾਂ ਦੇ ਇਲਾਜ ਦੀ ਵਿਧੀ ਪ੍ਰਚਲਿਤ ਕੀਤੀ। ਉਹ ਆਪਣੇ ਰੋਗੀਆਂ ਨੂੰ ਸਲਾਹ ਦੇਂਦਾ ਹੁੰਦਾ ਸੀ ਕਿ ਉਹ ਰੋਜ਼ ਦੋਵੇਂ ਵੇਲੇ – ਰਾਤੀਂ ਸੌਣ ਲੱਗਿਆਂ ਤੇ ਤੜਕੇ ਜਾਗਦਿਆਂ ਸਾਰ – ਪੂਰੇ ਵਿਸ਼ਵਾਸ ਨਾਲ ਇਹ ਵਾਕ ਵੀਹ ਵਾਰੀ ਦੁਹਾਰਉਣ ਕਿ, "ਦਿਨ ਬਦਿਨ ਮੇਰੀ ਅਵਸਥਾ ਹਰ ਹਾਲ ਅੱਗੇ ਨਾਲੋਂ ਚੰਗੇਰੀ ਹੋ ਰਹੀ ਹੈ।" ਆਤਮ ਨਿਰਦੇਸ਼ਨ ਦੀ ਇਸ ਵਿਧੀ ਦੀ ਵਰਤੋਂ ਨਾਲ ਉਸ ਦੇ ਕਈ ਸਾਰੇ ਰੋਗੀਆਂ ਨੂੰ ਫ਼ਾਇਦਾ ਹੋਇਆ। ਅਜ ਵੀ ਕਈ ਰੋਗੀ ਉਸ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਆਤਮ-ਨਿਰਦੇਸ਼ਨ ਦੀ ਵਰਤੋਂ ਰਾਹੀਂ ਆਪਣੇ ਆਪ ਨੂੰ ਸੁਧਾਰਨ ਦਾ ਜਤਨ ਕਰਦੇ ਹਨ। ਇਹਨਾਂ ਵਿਚੋਂ ਕਈਆਂ ਨੂੰ ਇਸ ਅਭਿਆਸ ਤੋਂ ਲਾਭ ਵੀ ਪ੍ਰਾਪਤ ਹੁੰਦਾ ਹੈ। ਉਸ ਦੀ ਇਸ ਵਿਧੀ ਦੀ ਸਫਲਤਾ ਦੇ ਬਾਵਜੂਦ ਵੀ ਬਹੁਤੇ ਮਨੋ-ਵਿਗਿਆਨੀਆਂ

ਨੇ ਕੂਏ ਦਾ ਇਹ ਸਿੱਧਾਂਤ ਕਿ ਹਰ ਪ੍ਰਕਾਰ ਦਾ ਨਿਰਦੇਸ਼ਨ ਦਰਅਸਲ ਆਤਮ ਨਿਰਦੇਸ਼ਨ ਹੀ ਹੁੰਦਾ ਹੈ, ਸਵੀਕਾਰ ਨਹੀਂ ਕੀਤਾ। ਉਹ ਪ੍ਰਸ਼ਨ ਕਰਦੇ ਹਨ, ਜਦੋਂ ਹੋਰਨਾਂ ਨੂੰ ਉਦਾਸ ਵੇਖ ਅਸੀਂ ਵੀ ਉਦਾਸ ਹੋ ਜਾਂਦੇ ਹਾਂ, ਜਾਂ ਉਹਨਾਂ ਨੂੰ ਡਰਿਆ ਵੇਖ ਅਸੀਂ ਵੀ ਡਰ ਜਾਂਦੇ ਹਾਂ, ਤਾਂ ਕੀ ਸਾਡੀ ਉਹ ਉਦਾਸੀ ਤੇ ਉਹ ਡਰ ਸ੍ਵੈ-ਪ੍ਰੇਰਿਤ ਹੁੰਦੇ ਹਨ? ਉਹਨਾਂ ਦੇ ਮੱਤ ਅਨੁਸਾਰ ਇਹਨਾਂ ਭਾਵਨਾਵਾਂ ਦੇ ਪੈਦਾ ਹੋਣ ਵਿਚ ਅਵੱਸ਼ ਦੂਜਿਆਂ ਦਾ ਹੱਥ ਹੁੰਦਾ ਹੈ।

ਆਤਮ-ਨਿਰਦੇਸ਼ਨ ਦੇ ਸਿੱਧਾਂਤ ਉਪਰ ਡਾ: ਮੈਕਡੂਗਲ ਰੱਜਵਾਂ ਇਤਰਾਜ਼ ਕਰਦੇ ਹਨ। ਉਹ ਕਹਿੰਦੇ ਹਨ, ਇਹ ਠੀਕ ਹੈ ਕਿ ਕੁਝ ਲੋਕਾਂ ਦੇ ਮਨਾਂ ਉਪਰ ਕਿਸੇ ਆਤਮ-ਧਾਰਨਾ ਨੂੰ ਬਾਰ ਬਾਰ ਦੁਹਰਾਉਣ ਨਾਲ ਲਾਭਦਾਇਕ ਅਸਰ ਹੁੰਦਾ ਹੈ, ਪਰ ਇਸ ਵਿਚ ਨਿਰਦੇਸ਼ਨ ਦੀ ਪ੍ਰਕਿਰਿਆ ਦਾ ਹੱਥ ਲਾਜ਼ਮੀ ਨਹੀਂ ਹੁੰਦਾ।

"ਆਤਮ-ਨਿਰਦੇਸ਼ਨ" ਦੀ ਵਿਧੀ ਰਾਹੀਂ ਵਿਅਕਤੀ ਦਾ ਮਨ ਆਪਣੇ ਆਪ ਨੂੰ ਦਿਤੀ ਜਾ ਰਹੀ ਆਤਮ-ਧਾਰਨਾ ਵਿਚ ਲੀਨ ਹੋ ਜਾਂਦਾ ਹੈ। ਤਦ ਉਸ ਦਾ ਮਨ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ, ਤੇ ਇਕ ਭਾਗ ਦੂਜੇ ਨੂੰ ਨਿਰਦੇਸ਼ਨ ਰਾਹੀਂ ਪ੍ਰਭਾਵਿਤ ਕਰਦਾ ਹੈ। ਇਉਂ, ਉਹਨਾਂ ਦੇ ਵਿਚਾਰ ਅਨੁਸਾਰ, "ਆਤਮ ਨਿਰਦੇਸ਼ਨ ਦਰਅਸਲ ਪਰ-ਨਿਰਦੇਸ਼ਨ ਹੀ ਹੁੰਦਾ ਹੈ ਇਸ ਦੇ ਟਾਕਰੇ ਤੇ ਕੁਝ ਮਨੋ-ਵਿਗਿਆਨੀਆਂ ਦੀ ਮਨੌਤ ਇਹ ਹੈ ਕਿ ਪਰ-ਨਿਰਦੇਸ਼ਨ ਵਿਚ ਵੀ ਜਦ ਤਕ ਵਿਅਕਤੀ ਆਪਣੇ ਆਪ ਨੂੰ ਆਪ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਉਹ ਨਿਰਦੇਸ਼ਨ ਗ੍ਰਹਿਣ ਨਹੀਂ ਕਰਦਾ।" ਨਿਰਦੇਸ਼ਨ, ਭਾਵੇਂ ਆਤਮ-ਨਿਰਦੇਸ਼ਨ ਹੁੰਦਾ ਹੈ, ਭਾਵੇਂ ਪਰ-ਨਿਰਦੇਸ਼ਨ ਇਸ ਦੀ ਮਹੱਤਾ ਤੇ ਇਸ ਦੀ ਸੱਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਨਿਰਦੇਸ਼ਨ-ਗ੍ਰਹਿਣ ਕਰਨ ਦੀ ਸੰਭਾਵਨਾ ਬੱਚਿਆਂ ਅੰਦਰ ਵੱਡਿਆਂ ਤੋਂ ਕਿਤੇ ਵਧੇਰੇ ਹੁੰਦੀ ਹੈ। ਕੋਈ ਬੱਚਾ ਜੋ ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਪੜ੍ਹਦਾ ਜਾਂ ਸੁਣਦਾ ਰਿਹਾ ਹੋਵੇ, ਸਹਿਜੇ ਦੀ ਰਾਤ ਦੇ ਹਨੇਰੇ ਵਿਚ ਬ੍ਰਿਛ ਬੂਟਿਆਂ ਨੂੰ ਹੀ ਪ੍ਰੇਤ ਸਮਝ ਲੈਂਦਾ ਹੈ ਜਾਂ ਕਮਰੇ ਦੇ ਹਿਲਦੇ ਪਰਦਿਆਂ ਓਹਲੇ ਭੂਤ ਖੜੋਤੇ ਪ੍ਰਤੀਤ ਕਰਦਾ ਹੈ।

ਤੁਸਾਂ ਕਈ ਵਾਰ ਕਿਸੇ ਨੂੰ ਲੋਕਾਂ ਤਾਈਂ ਮੁੰਦਰੀ ਦੇ ਥੇਵੇ ਵਿਚ ਕੋਈ ਮੂਰਤ ਦਿਖਾਲਦੇ ਵੇਖਿਆ ਹੋਣਾ ਹੈ। ਪਰ ਉਹ ਮੂਰਤ ਹਰੇਕ ਨੂੰ ਨਹੀਂ, ਕਿਸੇ ਕਿਸੇ ਨੂੰ ਹੀ ਦਿਸਦੀ ਹੈ: ਕੇਵਲ ਉਹਨਾ ਨੂੰ ਜਿਨ੍ਹਾਂ ਅੰਦਰ ਨਿਰਦੇਸ਼ਨ-ਗ੍ਰਾਹਕਤਾ ਵਧੇਰੇ ਹੋਵੇ। ਸਪਸ਼ਟ ਹੈ ਕਿ ਨਿਰਦੇਸ਼ਨ-ਗ੍ਰਾਹਕਤਾ ਸਭਨਾਂ ਅੰਦਰ ਇਕੋ ਮਾਤ੍ਰਾ ਵਿਚ ਨਹੀਂ ਹੁੰਦੀ। ਕਿਸੇ ਵਿਚ ਵੱਧ ਹੁੰਦੀ ਹੈ, ਕਿਸੇ ਵਿਚ ਘੱਟ। ਜਿਨ੍ਹਾਂ ਅੰਦਰ ਵੱਧ ਹੁੰਦੀ ਹੈ, ਉਹਨਾਂ ਉਪਰ ਨਿਰਦੇਸ਼ਨ ਦਾ ਪ੍ਰਭਾਵ ਵਧੇਰੇ ਹੁੰਦਾ ਹੈ ਤੇ ਝੱਬਦੇ ਹੀ ਪੈ ਜਾਂਦਾ ਹੈ।

ਨਿਰਦੇਸ਼ਨ-ਗ੍ਰਾਹਕਤਾ ਦਾ ਨਿਰਭਰ ਕੁਝ ਵਿਅਕਤੀ ਦੇ ਆਪਣੇ ਉਪਰ ਹੁੰਦਾ ਹੈ ਤੇ ਕੁਝ ਨਿਰਦੇਸ਼ਕ ਸੋਮੇ ਉਪਰ। ਸਿੱਧੇ ਸਾਦੇ ਲੋਕ ਵਧੇਰੀ ਆਸਾਨੀ ਨਾਲ ਨਿਰਦੇਸ਼ਨ ਗ੍ਰਹਿਣ

ਕਰਦੇ ਹਨ। ਉਹਨਾਂ ਦੇ ਟਾਕਰੇ ਤੇ ਹੁਸ਼ਿਆਰ, ਚਾਤਰ ਤੇ ਤਰਕਵਾਦੀਏ ਲੋਕ ਨਿਰਦੇਸ਼ਨ ਦਾ ਅਸਰ ਘੱਟ ਹੀ ਕਬੂਲਦੇ ਹਨ।

ਛਪੀਆਂ ਹੋਈਆਂ ਲਿਖਤਾਂ ਦਾ ਨਿਰਦੇਸ਼ਨਾਤਮਕ ਪ੍ਰਭਾਵ ਬੜਾ ਜ਼ਿਆਦਾ ਹੁੰਦਾ ਹੈ। ਇਸ ਸੰਦਰਭ ਵਿਚ ਇਕ ਬੜੀ ਦਿਲਚਸਪ ਵਾਰਤਾ ਦੱਸੀ ਜਾਂਦੀ ਹੈ। ਇਕ ਨਵੇਂ ਪ੍ਰੋਫੈਸਰ ਸਾਹਿਬ ਆਪਣੇ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਸਨ। ਉਹਨਾਂ ਨੇ ਵਿਦਿਆਰਥੀਆਂ ਨੂੰ ਇਕ ਸਮੱਸਿਆ ਵਿਸ਼ੇਸ਼ ਹੱਲ ਕਰਨ ਦਾ ਤਰੀਕਾ ਸਮਝਾਇਆ। ਵਿਦਿਆਰਥੀਆਂ ਵਿਚੋਂ ਇਕ ਨੇ ਉਜ਼ਰ ਕੀਤਾ ਕਿ ਕਿਤਾਬ ਵਿਚ ਤਾਂ ਇਹ ਹੱਲ ਹੋਰ ਤਰ੍ਹਾਂ ਦਿੱਤਾ ਹੋਇਆ ਹੈ। ਪ੍ਰੋਫੈਸਰ ਸਾਹਿਬ ਨੇ ਕਿਹਾ ਕਿਤਾਬ ਵਿਚ ਗ਼ਲਤ ਲਿਖਿਆ ਹੋਇਆ ਹੈ। ਵਿਦਿਆਰਥੀ ਇਹ ਗੱਲ ਮੰਨਣ ਨੂੰ ਓਦੋਂ ਤਕ ਤਿਆਰ ਨਹੀਂ ਸਨ ਹੋਏ' ਜਦੋਂ ਤਕ ਪ੍ਰੋਫੈਸਰ ਸਾਹਿਬ ਨੇ ਇਹ ਨਹੀਂ ਦੱਸਿਆ ਕਿ ਉਹ ਕਿਤਾਬ ਵੀ ਉਹਨਾਂ ਦੀ ਹੀ ਲਿਖੀ ਹੋਈ ਹੈ।

ਅਖ਼ਬਾਰਾਂ ਵਿਚ ਛਪੀ ਖ਼ਬਰ ਸਾਨੂੰ ਕਿਤਨੀ ਭਰੋਸੇਯੋਗ ਲਗਦੀ ਹੈ! ਪਰ ਮੈਂ ਇਕ ਵਾਰ ਆਪਣੇ ਦੇਸ਼ ਦੇ ਇਕ ਉੱਘੇ ਅੰਗਰੇਜ਼ੀ ਦੈਨਿਕ ਅਖ਼ਬਾਰ ਦੇ ਐਡੀਟਰ ਨੂੰ ਪੁਛਿਆ, "ਅਖਬਾਰਾਂ ਵਿਚ ਜੋ ਛਪਦਾ ਹੈ, ਕਿਤਨਾ ਕੁ ਸੱਚ ਹੁੰਦਾ ਹੈ?" ਉਹ ਕਹਿਣ ਲਗੇ, "ਸਾਡੀਆਂ ਅਖਬਾਰਾਂ ਵਿਚ ਕੇਵਲ ਇਸ਼ਤਿਹਾਰ ਹੀ ਸਾਡੇ ਵਲੋਂ ਕਿਸੇ ਅਦਲ ਬਦਲ ਬਿਨਾ ਛਪਦੇ ਹਨ; ਤੇ ਇਹ ਤੇ ਤੁਸੀਂ ਜਾਣਦੇ ਹੋ ਇਸ਼ਤਿਹਾਰਾਂ ਵਿਚ ਕਿਤਨਾਂ ਸੱਚ ਹੁੰਦਾ ਹੈ!" ਇਸ ਦੇ ਬਾਵਜੂਦ ਵੀ ਜੇਕਰ ਕੋਈ ਆਮ ਬੰਦਾ ਸਾਨੂੰ ਅਖ਼ਬਾਰੀ ਖ਼ਬਰ ਦੇ ਪ੍ਰਤਿਕੂਲ ਕੋਈ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰੇ ਤਾਂ ਅਸੀਂ ਉਸ ਦੀ ਦਿਤੀ ਜਾਣਕਾਰੀ ਨੂੰ ਅਣਸੁਣੀ ਜਿਹੀ ਹੀ ਕਰਦੇ ਹਾਂ। ਪਰ ਜੇਕਰ ਕੋਈ ਫੌਜੀ ਜਰਨੈਲ ਜੋ ਕਿਸੇ ਚਲ ਰਹੀ ਜੰਗ ਵਿਚ ਆਪ ਲੜਦਾ ਰਿਹਾ ਹੋਵੇ ਸਾਨੂੰ ਉਸ ਜੰਗ ਬਾਰੇ ਕੋਈ ਜਾਣਕਾਰੀ ਦੇਵੇ ਤਾਂ ਸਾਨੂੰ ਉਹ ਅਖ਼ਬਾਰੀ ਖ਼ਬਰਾਂ ਤੋਂ ਵਧ ਭਰੋਸੇਯੋਗ ਲਗੇਗੀ, ਭਾਵੇਂ ਉਹ ਮੁਗ਼ਾਲਤੇ ਨਾਲ ਭਰੀ ਹੋਈ ਹੀ ਕਿਉਂ ਨਾ ਹੋਵੇ।ਇਹ ਇਸ ਲਈ ਕਿਉਂਕਿ ਜਰਨੈਲ ਦੀ ਪਦਵੀ ਕਾਰਨ ਉਸ ਦਾ ਦਿਤਾ ਨਿਰਦੇਸ਼ਨ ਪ੍ਰਭਾਵਸ਼ੀਲ ਹੋ ਜਾਂਦਾ ਹੈ।

ਸੰਮੋਹਨ* *(ਹਿਪਨਾਟਿਜ਼ਮ)* ਵਿਚ ਵੀ ਨਿਰਦੇਸ਼ਨ ਦੀ ਪ੍ਰਕਿਰਿਆ ਹੀ ਵਰਤਦੀ ਹੈ। ਇਸ ਵਿਧੀ ਰਾਹੀਂ ਨਿਰਦੇਸ਼ਨ ਗ੍ਰਾਹਕਤਾ ਇਤਨੀ ਤੀਬਰ ਕਰ ਦਿਤੀ ਜਾਂਦੀ ਹੈ ਕਿ ਸੰਮੋਹਿਤ ਵਿਅਕਤੀ ਲਈ ਸੰਮੋਹਨਕਾਰ ਦਾ ਹਲਕਾ ਜਿਹਾ ਇਸ਼ਾਰਾ ਵੀ ਹੁਕਮ ਦਾ ਦਰਜਾ ਰਖਦਾ ਹੈ। ਸੰਮੋਹਨ ਅਵਸਥਾ ਵਿਚ ਦਿਤਾ ਗਿਆ ਨਿਰਦੇਸ਼ ਕਿਤਨਾ ਜ਼ਬਰਦਸਤ ਅਸਰ ਰਖਦਾ ਹੈ ਇਸ ਮਿਸਾਲ ਤੋਂ ਸਪਸ਼ਟ ਹੋ ਜਾਵੇਗਾ : ਇਕ ਸੰਮੋਹਨਕਾਰ ਨੇ ਇਕ ਵਿਅਕਤੀ ਨੂੰ ਮੋਹਨੀ ਪਾ ਕੇ ਪਿੱਤਲ ਦਾ ਇਕ ਸਾਧਾਰਨ ਸਿੱਕਾ ਵਿਖਾਇਆ ਤੇ ਆਖਿਆ "ਇਹ ਸਿੱਕਾ ਅੱਗ ਵਿਚ ਤਪਾ

---

* ਸੰਮੋਹਨ (ਹਿਪਨਾਟਿਜ਼ਮ ਅਥਵਾ ਮੈਸਮਰੇਜ਼ਮ) ਉਚੇਚੇ ਢੰਗ ਨਾਲ ਪ੍ਰੇਰਿਤ ਕੀਤੀ ਚੇਤਨਾ ਦੀ ਐਸੀ ਵਿਸ਼ੇਸ਼ ਅਵਸਥਾ ਹੈ ਜਿਸ ਵਿਚ ਨਿਰਦੇਸ਼ਨ ਗ੍ਰਾਹਕਤਾ ਏਨੀ ਵਧ ਜਾਂਦੀ ਹੈ ਕਿ ਦਿਤੀ ਜਾਣ ਵਾਲੀ ਹਰੇਕ ਹਿਦਾਇਤ ਸਹਿਜੇ ਹੀ ਸਵੀਕਾਰ ਕਰ ਲਈ ਜਾਂਦੀ ਹੈ। ਇਸ ਬਾਰੇ ਵਿਸਥਾਰ ਨਾਲ ਵਿਚਾਰ ਅੱਗੇ ਚੱਲ ਕੇ ਕਰਾਂਗੇ।

ਕੇ ਲੋਹਾ ਲਾਖਾ ਕੀਤਾ ਗਿਆ ਹੈ'' (ਭਾਵੇਂ ਅਸਲ ਵਿਚ ਸਿੱਕਾ ਠੰਢਾ ਠਾਰ ਹੀ ਸੀ) ਫਿਰ ਉਹ ਸਿੱਕਾ ਉਸ ਨੇ ਉਸ ਵਿਅਕਤੀ ਦੀ ਨੰਗੀ ਬਾਂਹ ਉਪਰ ਰਖ ਦਿਤਾ। ਉਸ ਵਿਅਕਤੀ ਦੀ ਬਾਂਹ ਉੱਪਰ ਤਤਕਾਲ ਛਾਲਾ ਉੱਭਰ ਆਇਆ।

ਫਰਾਂਸ ਦੇ ਇਕ ਧਾਰਮਕ ਵਿਅਕਤੀ ਲੇਹਟਨ ਦੀਆਂ ਬਾਹਾਂ ਤੇ ਟੰਗਾਂ ਉਪਰ ਸਦਾ ਸਿੰਮਦੇ ਘਾਓ ਮੌਜੂਦ ਰਹਿੰਦੇ ਸਨ। ਇਨ੍ਹਾਂ ਜ਼ਖਮਾਂ ਨੂੰ ਈਸਾ ਦੇ ਸੂਲੀ ਦੇ ਜ਼ਖਮ ਕਿਹਾ ਜਾਂਦਾ ਸੀ। ਇਹ ਜ਼ਖਮ ਉਸ ਦੀ ਤੀਖਣ ਧਾਰਮਕ ਭਾਵਨਾ ਤੇ ਆਧਾਰਿਤ ਆਤਮ-ਨਿਰਦੇਸ਼ਨ ਦਾ ਨਤੀਜਾ ਸਨ।

ਨਿਰਦੇਸ਼ਨ ਦਾ ਮਾਨਸਿਕ ਰੋਗਾਂ ਦੇ ਇਲਾਜ ਵਿਚ ਵੀ ਪ੍ਰਮਾਣਿਕ ਸਥਾਨ ਹੈ। ਮਨੋਵਿਸ਼ਲੇਸ਼ਣ ਦੀ ਵਿਧੀ ਦੇ ਵਿਕਾਸ ਤੋਂ ਪਹਿਲਾਂ ਦੀ ਮਨੋਚਿਕਿਤਸਾ ਸਿੱਧੀ ਨਸੀਹਤਬਾਜ਼ੀ ਤੇ ਵਾਤਾਵਰਣ ਦੀ ਤਬਦੀਲੀ ਤੋਂ ਛੁਟ ਬਹੁਤ ਕਰ ਨਿਰਦੇਸ਼ਨ ਉੱਪਰ ਹੀ ਨਿਰਭਰ ਰਖਦੀ ਸੀ। ਪ੍ਰਤਿਸ਼ਠਾ-ਨਿਰਦੇਸ਼ਨ ਦਾ ਇਸ ਵਿਚ ਵਿਸ਼ੇਸ਼ ਭਾਗ ਹੁੰਦਾ ਸੀ। ਜਿਤਨੀ ਵਧ ਕਿਸੇ ਚਿਕਿਤਸਕ ਦੀ ਪ੍ਰਸਿੱਧੀ ਹੋਵੇ ਉਤਨਾ ਵਧ ਉਸ ਦਾ ਇਲਾਜ ਸਫਲ ਹੁੰਦਾ ਹੈ ਕਿਉਂਕਿ ਸੁਤੇ-ਸਿਧ ਵਰਤਦਾ ਪ੍ਰਤਿਸ਼ਠਾ-ਨਿਰਦੇਸ਼ਨ ਉਸ ਦੇ ਕੰਮ ਵਿਚ ਉਸ ਦੀ ਸਹਾਇਤਾ ਕਰਦਾ ਹੈ। ਮਾਨਸਿਕ ਰੋਗਾਂ ਤੋਂ ਇਲਾਵਾ ਸਰੀਰਕ ਰੋਗਾਂ ਦੇ ਇਲਾਜ ਵਿਚ ਵੀ ਨਿਰਦੇਸ਼ਨ ਦਾ ਕਈ ਵਾਰ ਬੜਾ ਅਹਿਮ ਹੱਥ ਹੁੰਦਾ ਹੈ। ਦਵਾਈਆਂ ਤੋਂ ਛੁੱਟ ਡਾਕਟਰ ਜੋ ਤਸੱਲੀ ਦੇਂਦਾ ਹੈ ਤੇ ਰੋਗੀ ਦਾ ਹੌਂਸਲਾ ਵਧਾਂਦਾ ਹੈ ਉਸ ਨਾਲ ਰੋਗੀ ਦੀ ਰਾਜ਼ੀ ਹੋਣ ਦੀ ਸੰਭਾਵਨਾ ਵਿਚ ਵਾਧਾ ਹੁੰਦਾ ਹੈ। ਇਸ ਪਿਛੇ ਵੀ ਨਿਰਦੇਸ਼ਨ ਦਾ ਅਮਲ ਹੀ ਕੰਮ ਕਰ ਰਿਹਾ ਹੁੰਦਾ ਹੈ। ਕਈ ਵਾਰ ਦਵਾਈ ਤਾਂ ਕੇਵਲ ਬਹਾਨਾ ਹੀ ਹੁੰਦੀ ਹੈ, ਅਸਲ ਇਲਾਜ ਤਾਂ ਨਿਰਦੇਸ਼ਨ ਦੇ ਅਮਲ ਨਾਲ ਹੀ ਹੋ ਰਿਹਾ ਹੁੰਦਾ ਹੈ। ਕਿਸੀ ਫੋਕੀ ਦਵਾਈ *(ਪਲੈਸੀਬੋ)* ਦਾ ਅਸਰ ਨਿਰਦੇਸ਼ਨ ਸਦਕੇ ਹੀ ਹੁੰਦਾ ਹੈ, ਓਵੇਂ ਜਿਵੇਂ ਸਾਧਾਂ, ਸੰਤਾਂ ਦੀ ਬਿਭੂਤੀ ਦੀ ਚੁਟਕੀ ਦਾ, ਜੋਗੀਆਂ ਜੰਗਮਾਂ ਦੇ ਮੰਤ੍ਰਾਂ ਤੰਤ੍ਰਾਂ ਦਾ, ਜਾਂ ਪੀਰਾਂ ਫ਼ਕੀਰਾਂ ਦੇ ਗੰਢਾਂ-ਤਵੀਤਾਂ ਦਾ ਹੁੰਦਾ ਹੈ।

ਮਨੋਵਿਸ਼ਲੇਸ਼ਣ* ਦੀ ਇਲਾਜ ਵਿਧੀ ਇਕ ਪੱਖੋਂ ਨਿਰਦੇਸ਼ਨ ਦੇ ਬਿਲਕੁਲ ਉਲਟ ਮੰਨੀ ਗਈ ਹੈ। ਡਾ: ਫ੍ਰਾਇਡ ਅਨੁਸਾਰ ਜਿਥੇ ਨਿਰਦੇਸ਼ਨ ਦਬਾਓ ਪਾ ਕੇ ਰੋਗ ਚਿੰਨ੍ਹਾਂ ਦਾ ਦਮਨ ਕਰਦਾ ਹੈ, ਉਥੇ ਮਨੋਵਿਸ਼ਲੇਸ਼ਣ ਉਹਨਾਂ ਦਾ ਕਾਰਨ ਲੱਭ ਕੇ ਉਸ ਨੂੰ ਦੂਰ ਕਰਦਾ ਹੈ ਤੇ ਇਉਂ ਰੋਗ-ਚਿੰਨ੍ਹਾਂ ਨੂੰ ਪੱਕੀ ਤਰ੍ਹਾਂ ਹਟਾਉਣ ਦਾ ਪ੍ਰਬੰਧ ਕਰਦਾ ਹੈ। ਫਿਰ ਵੀ ਫ੍ਰਾਇਡ ਨੇ ਆਪ ਹੀ ਪ੍ਰਤੀਤ ਕੀਤਾ ਕਿ ਮਨੋਵਿਸ਼ਲੇਸ਼ਣ ਦੀ ਪ੍ਰਕਿਰਿਆ ਵਿਚ ਵੀ ਨਿਰਦੇਸ਼ਨ ਆਣ ਵਾਪਰਦਾ ਹੈ। ਇਸ ਲਈ ਕਿਉਂਕਿ ਨਿਰਦੇਸ਼ਨ ਮਨੁੱਖੀ ਸੰਬੰਧਾਂ ਦੇ ਹਰ ਪ੍ਰਕਾਰ ਦੇ ਲੈਣ ਦੇਣ ਅੰਦਰ ਗੁਪਤ ਰੂਪ ਵਿਚ ਆ ਵਿਦਮਾਨ ਹੁੰਦਾ ਹੈ। ਕਈ ਮਨੋਚਿਕਿਤਸਕ ਮਨੋਵਿਸ਼ਲੇਸ਼ਣ ਤੇ ਨਿਰਦੇਸ਼ਨ

---

*ਮਨੋਵਿਸ਼ਲੇਸ਼ਣ ਦੀ ਵਿਧੀ ਬਾਰੇ ਅਸੀਂ ਅੱਗੇ ਚੱਲ ਕੇ ਸਵਿਸਥਾਰ ਚਰਚਾ ਕਰਾਂਗੇ।

ਦੀ ਰਲਵੀਂ ਮਿਲਵੀਂ ਵਰਤੋਂ ਕਰਦੇ ਹਨ, ਕਿਉਂਕਿ ਉਹਨਾਂ ਦੇ ਖਿਆਲ ਅਨੁਸਾਰ ਇਉਂ ਉਹਨਾਂ ਦੇ ਇਲਾਜ ਦਾ ਅਸਰ ਦੋਬਾਲਾ ਹੋ ਜਾਂਦਾ ਹੈ।

ਨਿਰਦੇਸ਼ਨ ਦੀ ਵਰਤੋਂ ਸੂਖਮ ਹੋਵੇ ਜਾਂ ਸਪਸ਼ਟ, ਇਰਾਦਤਨ ਹੋਵੇ ਜਾਂ ਸਹਿਵਨ, ਚੇਤਨ ਹੋਵੇ ਜਾਂ ਅਚੇਤਨ, ਅੱਧ-ਪਚੱਧੀ ਹੋਵੇ ਜਾਂ ਮੁਕੰਮਲ, ਮਨੋਚਿਕਿਤਸਾ ਵਿਧੀਆਂ ਅੰਦਰ ਇਹ ਭਰਵਾਂ ਯੋਗਦਾਨ ਪਾਉਂਦੀ ਹੈ, ਤੇ ਬੜੀ ਵਾਰ ਰੋਗੀ ਦੀ ਸਿਹਤਯਾਬੀ ਦਾ ਵੱਡਾ ਵਸੀਲਾ ਬਣਦੀ ਹੈ।

# 9.
# ਸੰਮੋਹਨ

ਨਿੱਕੇ ਹੁੰਦਿਆਂ ਮੈਂ ਇਕ ਐਸੀ ਰੌਚਕ ਲੀਲਾ ਵੇਖੀ ਜਿਸ ਦੀ ਯਾਦ ਅਜੇ ਵੀ ਮੇਰੇ ਮਨ ਵਿਚ ਤਾਜ਼ਾ ਹੈ। ਚੌਰਾਹੇ ਲਾਗੇ ਇਕ ਮੈਦਾਨ ਵਿਚ ਮਜਮਾ ਲੱਗਾ ਹੋਇਆ ਸੀ। ਵਿਚਕਾਰ ਇਕ ਬੰਦਾ ਭੜਕੀਲਾ ਲਿਬਾਸ ਪਹਿਨੇ ਖੜਾ ਸੀ। ਹੱਥ ਵਿਚ ਉਸ ਦੇ ਇਕ ਛੜੀ ਸੀ ਤੇ ਉਸ ਦੇ ਪੈਰਾਂ ਵਿਚ, ਹੇਠਾਂ ਜ਼ਮੀਨ ਉਪਰ, ਕਾਲੀ ਜਹੀ ਚਾਦਰ ਹੇਠਾਂ ਇਕ ਬੰਦਾ ਇਉਂ ਅਹਿੱਲ ਪਿਆ ਹੋਇਆ ਸੀ, ਜਿਵੇਂ ਉਹ ਮੁਰਦਾ ਹੋਵੇ।

ਬੜੀ ਕੜਕਵੀਂ ਆਵਾਜ਼ ਵਿਚ ਪਹਿਲੇ ਬੰਦੇ ਨੇ ਪੁਛਿਆਂ, "ਮੈਂ ਕਉਨ?" ਕਾਲੀ-ਮਟਿਆਲੀ ਚਾਦਰ ਹੇਠੋਂ ਆਵਾਜ਼ ਆਈ,"ਆਮਲ"। ਫਿਰ ਉਸ ਨੇ ਪੁਛਿਆ, "ਤੂ ਕਉਨ?" ਆਵਾਜ਼ ਆਈ, "ਮਾਮੂਲ"।

ਫਿਰ ਪਹਿਲੇ ਬੰਦੇ (ਆਮਲ) ਨੇ ਚਾਦਰ ਹੇਠ ਪਏ ਮਾਮੂਲ ਦੇ ਸਿਰ ਨੂੰ ਚਾਦਰ ਵਿਚੋਂ ਘੁਮਾਇਆ। ਹਜੂਮ ਨੂੰ ਸਚਮੁਚ ਲੱਗਾ ਜਿਵੇਂ ਮਾਮੂਲ ਦਾ ਸਿਰ ਧੜ ਨਾਲੋਂ ਵੱਖ ਹੋਇਆ ਪਿਆ ਹੈ। ਤਦ ਹਜੂਮ ਨੂੰ ਸੰਬੋਧਨ ਕਰਕੇ ਆਮਲ ਬੋਲਿਆ, "ਦੇਖੋ ਸਾਹਿਬਾਨ ਯਿਹ ਆਦਮੀ ਮਰ ਚੁਕਾ ਹੈ, ਮਗਰ ਅਬ ਯਿਹ ਸਭ ਕੁਝ ਦੇਖ ਸਕਤਾ ਹੈ, ਜਾਨ ਸਕਤਾ ਹੈ।"

ਤਦ ਉਸ ਨੇ ਫਿਰ ਪਹਿਲੇ ਵਰਗੀ ਕੜਕਵੀਂ ਆਵਾਜ਼ ਵਿਚ ਪੁਛਿਆ, "ਮਾਮੂਲ, ਜੋ ਪੂਛੂੰਗਾ, ਬਤਾਉਗੇ?"

ਮਾਮੂਲ ਨੇ ਕਿਹਾ, "ਬਤਾਊਂਗਾ।" "ਇਨ ਸਭ ਲੋਗੋਂ ਮੇਂ ਘੂਮ ਜਾਓ।" "ਘੂਮ ਗਯਾ।" ਚਾਦਰ ਹੇਠੋਂ ਆਵਾਜ਼ ਆਈ।

"ਅਬ ਬਤਾਓ, ਇਨ ਸਾਹਿਬ ਸਿਰ ਪਰ ਕਿਆ ਹੈ?"

"ਲਾਲ ਟੋਪੀ ਹੈ।"

"ਔਰ ਇਨ ਕੇ?"

"ਸਫੇਦ ਪਗੜੀ ਹੈ।"

"ਇਨ ਸਾਹਿਬ ਕੀ ਜੇਬ ਮੈਂ ਕਿਆ ਹੈ?"

"ਕਲਮ ਹੈ ਔਰ ਸਫੇਦ ਰੁਮਾਲ ਹੈ।"

"ਔਰ ਇਨ ਕੀ ਜੇਬ ਮੇਂ?"

"ਜੇਬ ਘੜੀ ਹੈ।"

"ਇਨ ਸਾਹਿਬ ਕੀ ਪਹਿਚਾਨ ਦੋ।"

"ਯਿਹ ਰੰਗ ਕੇ ਸਾਂਵਲੇ ਹੈ ਔਰ ਐਨਕ ਪਹਿਨੇ ਹੈਂ।"

ਮਾਮੂਲ ਦਾ ਹਰ ਉੱਤਰ ਸਹੀ ਸੀ। ਆਮਲ ਨੇ ਕਿਹਾ, "ਯਿਹ *ਮੈਸਮਰਿਜ਼ਮ* ਕੀ ਤਾਕਤ ਸੇ ਸਭ ਕੁਝ ਬਤਾ ਸਕਤਾ ਹੈ।"

ਇਉਂ ਮੈਨੂੰ *ਮੈਸਮਰਿਜ਼ਮ* ਦੇ ਅਮਲ ਨਾਲ ਪਹਿਲੀ ਵਾਰ ਜਾਣਕਾਰੀ ਹੋਈ। ਮੈਂ ਉਸ ਨੂੰ ਜਾਦੂ ਵਰਗੀ ਕੋਈ ਰਹੱਸਮਈ ਪ੍ਰਕਿਰਿਆ ਸਮਝਣ ਲੱਗਾ। ਇਹ ਤਾਂ ਕਈ ਚਿਰ ਮਗਰੋਂ ਜਾ ਕੇ ਪਤਾ ਲੱਗਾ ਕਿ ਐਸੇ ਮਜਮਿਆਂ ਵਿਚ ਜਾਂ ਸਟੇਜੀ ਪ੍ਰਦਰਸ਼ਨਾਂ ਵਿਚ *ਮੈਸਮਰਿਜ਼ਮ* ਦਾ ਕੇਵਲ ਪਾਖੰਡ ਹੀ ਖੇਡਿਆ ਜਾਂਦਾ ਹੈ। ਅਸਲ *ਮੈਸਮਰਿਜ਼ਮ* ਤਾਂ ਇਕ ਉਚੇਚੀ ਵਿਗਿਆਨਕ ਵਿਧੀ ਹੈ ਜਿਸ ਦੇ ਅਮਲ ਰਾਹੀਂ ਕਿਸੇ ਵਿਅਕਤੀ ਨੂੰ ਚੇਤਨਾ ਦੀ ਇਕ ਐਸੀ ਅਸਾਧਾਰਨ ਪੱਧਰ 'ਤੇ ਪੁਚਾ ਦਿਤਾ ਜਾਂਦਾ ਹੈ ਜਿਸ ਵਿਚ ਉਹ (ਹੋਰਨਾਂ ਦੇ ਮਨਾਂ ਦੀਆਂ ਗੱਲਾਂ ਤਾਂ ਨਹੀਂ ਦੱਸ ਸਕਦਾ) ਆਪਣੇ ਮਨ ਦੀਆਂ ਡੂੰਘੀਆਂ ਅਚੇਤਨ ਤਹਿਆਂ ਵਿਚੋਂ ਭੁੱਲੀਆਂ ਵਿਸਰੀਆਂ ਯਾਦਾਂ-ਸਿਮਰਿਤੀਆਂ ਨੂੰ ਭਾਲ ਕੇ ਦੁਬਾਰੇ ਆਪਣੇ ਚੇਤੇ ਵਿਚ ਹਰਿਆਂ ਕਰ ਸਕਦਾ ਹੈ। ਮਨੋ-ਰੋਗਾਂ ਬਾਰੇ ਇਕ ਪ੍ਰਚਲਿਤ ਸਿੱਧਾਂਤ ਇਹ ਹੈ ਕਿ ਅਜਿਹੇ ਰੋਗ ਬਚਪਨ ਵਿਚ ਵਾਪਰੀਆਂ ਦੁਖਦਾਈ ਘਟਨਾਵਾਂ ਕਾਰਨ ਵਾਪਰਦੇ ਹਨ- ਐਸੀਆਂ ਘਟਨਾਵਾਂ, ਜਿਨ੍ਹਾਂ ਦੀ ਸਿਮਰਿਤੀ ਚੇਤਨ ਵਿਚੋਂ ਦਮਿਤ ਹੋ ਕੇ ਅਚੇਤਨ ਵਿਚ ਚਲੀ ਗਈ ਹੁੰਦੀ ਹੈ। ਜੇਕਰ ਕਿਸੇ ਤਰ੍ਹਾਂ ਇਉਂ ਵਿਸਰ ਚੁਕੀਆਂ ਘਟਨਾਵਾਂ ਦੁਬਾਰੇ ਚੇਤੇ ਆ ਸਕਣ ਤਾਂ ਉਹਨਾਂ ਤੋਂ ਪੈਦਾ ਹੋਏ ਰੋਗ ਦੂਰ ਹੋ ਸਕਦੇ ਹਨ। *ਮੈਸਮਰਿਜ਼ਮ*, ਰਾਹੀਂ ਇਹੋ ਜਿਹੀਆਂ ਵਿਸਰੀਆਂ ਯਾਦਾਂ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ ਤੇ ਇਉਂ ਇਸ ਵਿਧੀ ਨਾਲ ਕੁਝ ਪ੍ਰਕਾਰ ਦੇ ਮਨੋਰੋਗਾਂ ਦਾ ਇਲਾਜ ਕੀਤਾ ਜਾ ਸਕਦਾ ਹੈ।

ਇਕ ਵੇਲੇ ਇਹ ਵਿਧੀ ਸੰਸਾਰ ਵਿਚ ਬੜੀ ਪ੍ਰਸਿੱਧ ਹੋ ਗਈ ਸੀ। ਇਸ ਨੂੰ *ਮੈਸਮਰਿਜ਼ਮ* ਇਸ ਲਈ ਕਹਿੰਦੇ ਹਨ ਕਿਉਂਕਿ ਇਸ ਨੂੰ ਇਕ ਜਰਮਨ ਡਾਕਟਰ *ਮੈਸਮਰ* ਨੇ ਪ੍ਰਚਲਿਤ ਕੀਤਾ। ਉਸੇ ਦੇ ਨਾਂ ਤੋਂ ਇਸ ਨੂੰ ਮੈਸਮਰਵਾਦ ਜਾਂ ਅੰਗਰੇਜ਼ੀ ਵਿਚ *ਮੈਸਮਰਿਜ਼ਮ* ਕਿਹਾ ਜਾਂਦਾ ਹੈ । ਪਿਛੋਂ ਜਾ ਕੇ ਇਸੀ ਵਿਧੀ ਨੂੰ ਸੰਮੋਹਨ ਜਾਂ ਅੰਗਰੇਜ਼ੀ ਵਿਚ *ਹਿਪਨਾਟਿਜ਼ਮ* ਕਿਹਾ ਜਾਣ ਲੱਗਾ ਕਿਉਂਕਿ *ਮੈਸਮਰਿਜ਼ਮ* ਦਾ ਨਾਮ ਤਮਾਸ਼ਾ ਵਿਖਾਉਣ ਵਾਲਿਆਂ ਨੇ ਬਦਨਾਮ ਕਰ ਛੱਡਿਆ ਸੀ। ਇਸ ਨੂੰ *ਹਿਪਨਾਟਿਜ਼ਮ* ਜਾਂ *ਹਿਪਨੋਸਿਸ* ਇਸ ਲਈ ਕਿਹਾ ਜਾਣ ਲੱਗਾ ਸੀ ਕਿਉਂਕਿ ਖ਼ਿਆਲ ਕੀਤਾ ਜਾਂਦਾ ਸੀ ਕਿ ਇਸ ਵਿਧੀ ਨਾਲ ਨੀਂਦਰ ਵਰਗੀ ਅਵਸਥਾ ਪੈਦਾ ਕੀਤੀ ਜਾਂਦੀ ਹੈ।


ਚਿਤ੍ਰ ਨੰ: 15: ਫ੍ਰੈਂਜ਼ ਐਂਟਨ ਮੈਸਮਰ
(1734- 1815)


ਚਿਤ੍ਰ ਨੰ: 16:ਯਾਂ ਮਾਰਤਿਨ ਸ਼ਾਰਕੋ
(1825-1893)

ਡਾ. ਮੈਸਮਰ (1734-1815) ਦਾ ਜਨਮ ਕੋਨਸਟਾਂਜ਼ (ਜਰਮਨੀ) ਦੇ ਲਾਗੇ ਕਿਸੇ ਪਿੰਡ ਵਿਚ ਹੋਇਆ। ਵੀਆਨਾ ਵਿਸ਼ਵ-ਵਿਦਿਆਲੇ ਤੋਂ ਉਹਨਾਂ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ।

ਆਪਣੇ ਇਕ ਖੋਜ-ਪ੍ਰਸਤਾਵ ਵਿਚ ਉਹਨਾਂ ਇਕ ਐਸੇ ਰਹੱਸਮਈ ਚੁੰਬਕੀ ਦ੍ਰੱਵ ਦੀ ਹੋਂਦ ਦਾ ਦਾਅਵਾ ਕੀਤਾ ਜਿਸ ਦੀ ਸ਼ਕਤੀ ਜੀਆਂ ਅੰਦਰ ਵਰਤਦੀ ਤੇ ਜਿਸ ਦੇ ਅਸੰਤੁਲਨ ਤੋਂ ਰੋਗ ਵਿਆਪਦੇ ਹਨ। ਉਹਨਾਂ ਦਾ ਵਿਚਾਰ ਸੀ ਕਿ ਅਜਿਹੇ ਅਸੰਤੁਲਨ ਨੂੰ ਦੂਰ ਕੀਤਿਆਂ ਰੋਗਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਤੇ ਸਿਹਤ ਬਹਾਲ ਕੀਤੀ ਜਾ ਸਕਦੀ ਹੈ। ਉਹਨਾਂ ਦਾ ਦਾਅਵਾ ਸੀ ਕਿ *ਮੈਸਮਰਿਜ਼ਮ* ਦੀ ਵਿਧੀ ਰਾਹੀਂ ਚੁੰਬਕੀ ਅਸੰਤੁਲਨ ਨੂੰ ਮੁੜ ਸੰਤੁਲਨ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਆਪਣੇ ਇਸ ਸਿੱਧਾਂਤ ਅਨੁਸਾਰ ਉਹਨਾਂ ਰੋਗਾਂ ਦੇ ਇਲਾਜ ਦਾ ਇਕ ਢੰਗ ਜੋੜਿਆ ਸੀ ਜਿਸ ਅਨੁਸਾਰ ਉਹ ਰੋਗੀਆਂ ਨੂੰ ਲੋਹ-ਚੂਨ ਭਰੇ ਇਕ ਟੱਬ ਵਿਚ ਬਿਠਾਲ ਕੇ ਇਕ ਉਚੇਚੀ ਚੁੰਬਕੀ ਛੜੀ ਉਹਨਾਂ ਦੇ ਸਿਰਾਂ ਨੂੰ ਬਾਰ ਬਾਰ ਛੁਹਾਂਉਂਦੇ ਸਨ। ਇਸ ਇਲਾਜ ਨਾਲ ਬੜੇ ਸਾਰੇ ਰੋਗੀਆਂ ਨੂੰ ਫਾਇਦਾ ਵੀ ਹੁੰਦਾ ਸੀ। ਪਰ ਵੀਆਨਾ ਦੇ ਡਾਕਟਰ, ਮੈਸਮਰ ਨੂੰ ਨੀਮ-ਹਕੀਮ ਆਖ, ਉਸ ਦੀ ਇਸ ਇਲਾਜ ਵਿਧੀ ਦੀ ਖਿੱਲੀ ਉਡਾਉਂਦੇ ਸਨ।

ਉਹਨਾਂ ਦੇ ਇਸ ਵਤੀਰੇ ਤੋਂ ਤੰਗ ਆ ਕੇ ਮੈਸਮਰ ਵੀਆਨਾ ਤੋਂ ਫ੍ਰਾਂਸ ਚਲਾ ਗਿਆ। ਉਥੇ ਵੀ ਉਸ ਨੇ ਇਸੇ ਵਿਧੀ ਦੀ ਵਰਤੋਂ ਸ਼ੁਰੂ ਕੀਤੀ। ਤਦ ਉਥੋਂ ਦੀ ਸਰਕਾਰੀ ਚਿਕਿਤਸਾ-ਸੰਸਥਾ ਨੇ ਇਸ ਇਲਾਜ ਵਿਧੀ ਦੀ ਜਾਂਚ ਲਈ ਉਘੇ ਡਾਕਟਰਾਂ ਤੇ ਸਾਇੰਸਦਾਨਾਂ ਦਾ ਇਕ ਕਮਿਸ਼ਨ ਬਿਠਾਲ ਦਿੱਤਾ। ਲੋੜੀਂਦੀ ਜਾਂਚ ਪੜਤਾਲ ਮਗਰੋਂ ਇਸ ਕਮਿਸ਼ਨ ਨੇ ਜੋ ਰੀਪੋਰਟ

ਦਿੱਤੀ ਉਹ ਮੈਸਮਰ ਦੇ ਵਿਰੁੱਧ ਗਈ। ਸਰਬ-ਸੰਮਤੀ ਨਾਲ ਉਹਨਾਂ ਲਿਖਿਆ ਕਿ ਉਹਨਾਂ ਨੂੰ ਕਿਸੇ ਐਸੇ ਜੈਵਿਕ ਚੁੰਬਕੀ-ਦ੍ਰਵ ਦਾ ਪ੍ਰਮਾਣ ਪ੍ਰਾਪਤ ਨਹੀਂ ਹੋਇਆ ਜਿਸ ਦੀ ਹੋਂਦ ਦਾ ਮੈਸਮਰ ਨੇ ਦਾਅਵਾ ਕੀਤਾ ਹੈ।

ਦੁਖੀ ਹੋ ਕੇ ਮੈਸਮਰ ਸੁਇਟਜ਼ਰਲੈਂਡ ਚਲਾ ਗਿਆ, ਪਰ ਹੁਣ ਉਸ ਦੀ ਮਹਿਮਾ ਘੱਟਣ ਲੱਗ ਪਈ। ਭਾਵੇਂ ਕਈ ਦੇਸ਼ਾਂ ਵਿਚ ਉਸ ਦੀ ਵਿਧੀ ਦਾ ਪ੍ਰਚਾਰ ਚਲ ਪਿਆਸੀ, ਤਾਂ ਵੀ ਸਮਾ ਪਾਕੇ ਲੋਕਾਂ ਦਾ ਵਿਸ਼ਵਾਸ ਉਸ ਉਤੋਂ ਉਠ ਗਿਆ।

ਮਗਰੋਂ ਹੋਈਆਂ ਖੋਜਾਂ ਤੋਂ ਇਹ ਸਿੱਧ ਹੋਇਆ ਕਿ ਮੈਸਮਰ ਦਾ ਚੁੰਬਕੀ ਸਿੱਧਾਂਤ ਤਾਂ ਭਾਵੇਂ ਮਿਥਿਆ ਸੀ, ਉਸ ਦੀ ਇਲਾਜ ਵਿਧੀ ਦੀ ਸਫਲਤਾ ਦਾ ਕਾਰਨ ਇਹ ਸੀ ਕਿ ਉਹ ਸੰਮੋਹਨ *(ਹਿਪਨਾਟਿਜ਼ਮ)* ਦੀ ਵਰਤੋਂ ਦੀ ਹੀ ਇਕ ਵਿਧੀ ਸੀ ਤੇ ਸੰਮੋਹਨ ਰਾਹੀਂ ਕੁਝ ਪ੍ਰਕਾਰ ਦੇ ਰੋਗਾਂ ਦਾ ਸਫਲ ਇਲਾਜ ਕੀਤਾ ਜਾ ਸਕਦਾ ਹੈ।

ਸੰਮੋਹਨ ਦੀ ਅਵਸਥਾ ਇਕ ਉਚੇਚੀ ਮਾਨਸਿਕ ਦਸ਼ਾ ਹੈ ਜਿਸ ਵਿਚ ਸੰਮੋਹਿਤ ਵਿਅਕਤੀ ਆਪਣੀ ਚੇਤਨਾ ਨੂੰ ਸੰਮੋਹਨਕਾਰ ਅਗੇ ਇਉਂ ਸਮਰਪਿਤ ਕਰ ਦੇਂਦਾ ਹੈ ਕਿ ਉਸ ਦੇ ਨਿਰਦੇਸ਼ਨ (ਹੁਕਮ ) ਅੰਦਰ ਪੂਰੀ ਤਰ੍ਹਾਂ ਬੱਝ ਜਾਂਦਾ ਹੈ। ਫਿਰ ਬਿਨਾ ਕਿਸੇ ਹੀਲ ਹੁਜੱਤ ਦੇ ਉਸ ਵਲੋਂ ਪ੍ਰਾਪਤ ਹੋਈਆਂ ਹਿਦਾਇਤਾਂ ਉਪਰ ਅਮਲ ਕਰੀ ਤੁਰੀ ਜਾਂਦਾ ਹੈ ਸਿਵਾਏ ਐਸੇ ਨਿਰਦੇਸ਼ਾਂ ਦੇ ਜੋ ਉਸ ਦੇ ਆਚਰਣ ਨੂੰ ਸਦਾਚਾਰਕ ਚੁਨੌਤੀ ਦੇਂਦੇ ਹੋਣ। ਇਸ ਨਾਤੇ ਸੰਮੋਹਨ, ਨਿਰਦੇਸ਼ਨ ਦੀ ਹੀ ਇਕ ਅਤਿ ਤੀਖਣ ਵਿਧੀ ਹੈ ਜਿਸ ਰਾਹੀ ਸੰਮੋਹਿਤ ਵਿਅਕਤੀ ਅਤਿ ਸੰਘਣੇ ਨਿਰਦੇਸ਼ਨ ਦੀ ਜਕੜ ਵਿਚ ਆ ਜਾਂਦਾ ਹੈ । ਫਿਰ ਸੰਮੋਹਨਕਾਰ ਸੰਮੋਹਿਤ ਵਿਅਕਤੀ ਦੀਆਂ ਇੰਦਰਿਆਵੀ ਸੰਵੇਦਨਾਵਾਂ, ਮਾਨਸਿਕ ਇੱਛਾਵਾਂ, ਤੇ ਸਰੀਰਕ ਕਿਰਿਆਵਾਂ ਨੂੰ ਆਪਣੇ ਨਿਰਦੇਸ਼ਾਂ ਅਨੁਸਾਰ ਢਾਲ ਸਕਦਾ ਹੈ। ਇਥੋਂ ਤੱਕ ਕਿ ਸੰਮੋਹਨ ਰਾਹੀਂ ਸਰੀਰਕ ਪੀੜਾ ਨੂੰ ਵੀ ਪੂਰੀ ਤਰ੍ਹਾਂ ਕਾਬੂ ਕੀਤਾ ਜਾ ਸਕਦਾ ਹੈ - ਇਸ ਹੱਦ ਤੱਕ ਕਿ ਜੇਕਰ ਸਰੀਰ ਨੂੰ ਚਾਕੂ ਨਾਲ ਵੀ ਚੀਰੋ ਤਾਂ ਵੀ ਪਤਾ ਨਹੀਂ ਚਲਦਾ। ਇਸ ਲਈ ਸੰਮੋਹਨ ਨੂੰ ਜੱਰਾਹੀ, ਦੰਦਾਨ-ਸਾਜ਼ੀ ਤੇ ਜ਼ਚਗੀ ਦੇ ਉਪਰੇਸ਼ਨਾਂ ਲਈ ਪੀੜਾ-ਨਿਵਿਰਤੀ ਹਿਤ ਵਰਤਿਆ ਜਾਂਦਾ ਹੈ।

ਮੈਸਮਰ ਦੇ ਅਸਰ ਹੇਠ ਆਏ ਡਾ. ਜਾਨ ਇਲੀਅਟਸਨ ਨੇ "ਚੁੰਬਕੀ ਪ੍ਰਕਿਰਿਆ" (ਦਰਅਸਲ ਸੰਮੋਹਨ) ਦੀ ਸਹਾਇਤਾ ਨਾਲ ਜੱਰਾਹੀ ਦੇ ਕਈ ਸਫਲ ਉਪਰੇਸ਼ਨ ਕੀਤੇ ਪਰ ਉਸ ਦਾ ਵੀ ਮੈਸਮਰ ਵਾਂਗ ਬੇਹੱਦ ਵਿਰੋਧ ਹੋਇਆ। ਭਾਰਤ ਵਿਚ ਵੀ ਕਲਕੱਤੇ ਦੇ ਇਕ ਹਸਪਤਾਲ ਵਿਚ ਡਾ. ਐਜਡੇਲ ਨੇ 1845 ਤੋਂ 1851 ਵਿਚਾਲੇ ਦੇ ਛਿਆਂ ਵਰ੍ਹਿਆਂ ਵਿਚ ਸੰਮੋਹਨ ਦੀ ਸਹਾਇਤਾ ਨਾਲ ਬਿਨਾ ਕਿਸੇ ਦਰਦ-ਨਾਸ਼ਕ ਔਸ਼ਧੀ ਦੇ ਅਨੇਕਾਂ ਕਾਮਯਾਬ ਉਪਰੇਸ਼ਨ ਕੀਤੇ। ਪਰ ਜਿਵੇਂ ਇਲੀਅਟਸਨ ਦਾ ਵਿਰੋਧ ਹੋਇਆ ਸੀ, ਡਾਕਟਰਾਂ ਨੇ ਇਸ ਦਾ ਵੀ ਭਰਵਾਂ ਵਿਰੋਧ ਕੀਤਾ।

ਭਾਵੇਂ ਸੰਮੋਹਨ ਦੀ ਖੋਜ ਮੈਸਮਰ ਨਾਲ ਜੋੜੀ ਗਈ ਹੈ, ਪਰ ਭਾਰਤ ਦੇਸ਼ ਦੇ ਗੋਆ ਨਗਰ ਵਿਚ ਉਸ ਤੋਂ ਸੁਤੰਤਰ ਰੂਪ ਵਿਚ ਇਕ ਪਾਦਰੀ ਐਬੇ ਦੇ ਫ਼ਾਰੀਆ (Abbe de Faria: 1756-1819) ਸੰਮੋਹਨ ਦਾ ਪ੍ਰਯੋਗ ਕਰ ਰਿਹਾ ਸੀ। ਉਸਨੇ ਇਹ ਵਿਧੀ ਗ਼ਾਲਬਨ ਭਾਰਤੀ ਮੰਦਰਾਂ ਦੇ ਪੁਜਾਰੀਆਂ ਪਾਸੋਂ ਸਿੱਖੀ ਸੀ। ਉਸ ਦਾ ਵਾਧਾ ਇਹ ਸੀ ਕਿ ਉਹ ਇਸ ਨੂੰ ਨਿਰਦੇਸ਼ਨ ਦੀ ਹੀ ਇਕ ਵਿਉਂਤ ਮੰਨਦਾ ਸੀ ਤੇ ਮੈਸਮਰ ਵਾਂਗ ਕਿਸੇ ਚੁੰਬਕੀ ਦ੍ਰਵ ਦੀ ਮਿਥਿਕ ਹੋਂਦ ਨੂੰ ਨਹੀਂ ਸੀ ਸਵੀਕਾਰਦਾ। ਗੋਆ ਨਗਰ ਵਿਚ ਉਸ ਦਾ ਬੁੱਤ ਥਾਪਿਆ ਹੋਇਆ ਮਿਲਦਾ ਹੈ ਜਿਸ ਵਿਚ ਉਹ ਇਕ ਤੀਵੀਂ ਤੇ ਸੰਮੋਹਨ ਦਾ ਅਮਲ ਕਰ ਰਿਹਾ ਦਿਸਦਾ ਹੈ।



ਚਿਤ੍ਰ ਨੰ: 17. ਗੋਆ ਨਗਰ ਵਿਚ ਲੱਗਾ ਐਬੇ ਦੇ ਫ਼ਾਰੀਆ ਦਾ ਬੁੱਤ
ਐਬੇ ਇਕ ਔਰਤ ਉਪਰ ਸੰਮੋਹਨ ਦਾ ਅਮਲ ਕਰ ਰਿਹਾ ਹੈ।

ਭਾਵੇਂ ਮੈਸਮਰ ਦਾ ਨਾਮ ਖੁਨਾਮੀ ਦੇ ਹਨੇਰੇ ਵਿਚ ਅਸਤ ਹੋ ਗਿਆ, ਤੇ ਭਾਵੇਂ ਐਬੇ ਫ਼ਾਰੀਆ ਅਣਗੌਲਿਆ ਹੀ ਗੁਜ਼ਰ ਗਿਆ, ਇੰਗਲਿਸਤਾਨ ਵਿਚ ਇਕ ਅੰਗਰੇਜ਼ ਡਾਕਟਰ ਜੇਮਜ਼ ਬਰੇਡ ਨੇ ਸੰਮੋਹਨ ਵਿਧੀ ਨੂੰ ਆਪਣੇ ਪੈਰਾਂ ਤੇ ਖੜ੍ਹਿਆਂ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ। ਬਰੇਡ ਨੇ 1841 ਵਿਚ ਇਕ ਗਸ਼ਤੀ ਸੰਮੋਹਨਕਾਰ ਲੈਫੋਨਟੈਨ ਦਾ ਪ੍ਰਦਰਸ਼ਨ ਵੇਖਿਆ ਤੇ ਉਸ ਤੋਂ ਬੇਹੱਦ ਪ੍ਰਭਾਵਤ ਹੋਇਆ। ਉਸ ਨੇ ਵੇਖਿਆ ਕਿ ਲੈਫੋਨਟੈਨ ਕਿਸੇ ਨੁਕਤੇ ਉਪਰ ਅੱਖਾਂ ਕੇਂਦਰਿਤ ਕਰਵਾ ਕੇ ਕਿਸੇ ਵਿਅਕਤੀ ਨੂੰ ਸੰਮੋਹਿਤ ਕਰ ਲੈਂਦਾ ਸੀ। ਉਸ ਨੇ

ਸੋਚਿਆ ਕਿ ਸੰਮੋਹਨ ਦੀ ਅਵਸਥਾ ਇਕ ਪ੍ਰਕਾਰ ਦੀ ਨੀਂਦਰ ਸੀ ਜੋ ਅੱਖਾਂ ਦੀ ਥਕਾਵਟ ਕਾਰਨ ਪੈਦਾ ਹੋਈ ਸੀ । ਇਸੇ ਲਈ ਉਸ ਨੇ ਇਸ ਦਾ ਨਾਮ *ਹਿਪਨਾਟਿਜ਼ਮ* ਅਥਵਾ ਨੀਂਦ-ਮਗਨਤਾ ਰੱਖਿਆ । ਸੰਮੋਹਨ ਅਵਸਥਾ, ਓਪਰੀ ਨਜ਼ਰੇ ਜ਼ਰੂਰ ਨੀਂਦ ਵਰਗੀ ਜਾਪਦੀ ਹੈ, ਪਰ ਨਵੀਨ ਵਿਗਿਆਨਕ ਖੋਜਾਂ ਅਨੁਸਾਰ ਉਹ ਨੀਂਦਰ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਪ੍ਰਕਿਰਿਆ ਹੈ। ਸੰਮੋਹਨ ਵਿਚ ਕਈ ਐਸੀਆਂ ਪ੍ਰਕਿਰਿਆਵਾਂ ਵੇਖਣ ਵਿਚ ਆਉਂਦੀਆਂ ਹਨ ਜੋ ਨੀਂਦਰ ਵਿਚ ਬਿਲਕੁਲ ਨਹੀਂ ਵਾਪਰਦੀਆਂ। ਨਾਲੇ ਨੀਂਦਰ ਵਿਚ ਕਈ ਸਰੀਰਕ ਪਰਿਵਰਤਤ *(ਰੀਫਲੈਕਸਿਜ਼)* ਤਬਦੀਲ ਹੋ ਜਾਂਦੇਂ ਹਨ, ਜੋ ਸੰਮੋਹਨ ਵਿਚ ਤਬਦੀਲ ਨਹੀਂ ਹੁੰਦੇ, ਸਗੋਂ ਆਪਣੇ ਮੌਲਕ ਰੂਪ ਵਿਚ ਹੀ ਬਣੇ ਰਹਿੰਦੇ ਹਨ। ਮਗਰਲੀਆਂ ਖੋਜਾਂ ਨੇ ਇਹ ਵੀ ਸਿੱਧ ਕੀਤਾ ਕਿ ਸੰਮੋਹਨ ਦਾ ਅੱਖਾਂ ਦੀ ਥਕਾਵਟ ਨਾਲ ਕੋਈ ਪੱਕਾ ਸੰਬੰਧ ਨਹੀਂ । ਅਨੇਕਾਂ ਹੋਰ ਤਰੀਕਿਆਂ ਨਾਲ ਵੀ ਸੰਮੋਹਨ-ਅਵਸਥਾ ਸਥਾਪਿਤ ਕੀਤੀ ਜਾ ਸਕਦੀ ਹੈ ਜਿਨ੍ਹਾਂ ਵਿਚ ਕਿਸੇ ਤਰ੍ਹਾਂ ਅੱਖਾਂ ਦੀ ਥਕਾਵਟ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਯਾਂ ਮਾਰਤਿਨ ਸ਼ਾਰਕੋ (Jean Martin Charcot: 1825-1893) ਨੇ ਸੰਮੋਹਨ ਵਿਧੀ ਦੀ ਮਨੋਰੋਗਾਂ, ਖ਼ਾਸ ਕਰ *'ਹਿਸਟੀਰੀਆ'* ਦੇ ਇਲਾਜ ਹਿੱਤ ਵਰਤੋਂ ਸ਼ੁਰੂ ਕੀਤੀ। ਡਾ. ਫ੍ਰਾਇਡ ਨੇ ਉਸੇ ਪਾਸੋਂ ਇਸ ਵਿਧੀ ਦੀ ਸਿਖਲਾਈ ਪ੍ਰਾਪਤ ਕੀਤੀ ਤੇ ਵੀਆਨਾ ਆ ਕੇ ਇਸੇ ਰਾਹੀਂ ਤੰਤੂ-ਰੋਗਾਂ *(ਨਿਊਰੋਸਿਸ)* ਦਾ ਇਲਾਜ ਆਰੰਭਿਆ ਪਰ ਉਸ ਨੂੰ ਇਹ ਪ੍ਰਤੀਤ ਹੋਣ ਲੱਗਾ, ਕਿ ਇਸ ਵਿਧੀ ਨਾਲ ਮਨੋਰੋਗੀਆਂ ਦਾ ਕੇਵਲ ਵਕਤੀ ਇਲਾਜ ਹੀ ਹੋ ਸਕਦਾ ਸੀ। ਉਹਨਾਂ ਦੇ ਰੋਗ-ਚਿੰਨ੍ਹਾਂ ਦਾ ਸੰਮੋਹਨ ਨਾਲ ਦਮਨ ਤਾਂ ਜ਼ਰੂਰ ਹੋ ਜਾਂਦਾ ਸੀ, ਪਰ ਸਮਾਂ ਪਾ ਕੇ ਉਹ ਦੁਬਾਰੇ ਉਭਰ ਆਉਂਦੇ ਸਨ। ਪਰ ਕਈ ਖੋਜੀਆਂ ਦਾ ਵਿਚਾਰ ਹੈ ਕਿ ਫ੍ਰਾਇਡ ਦਾ ਇਹ ਸਿੱਟਾ ਸਹੀ ਨਹੀਂ ਸੀ ਭਾਵੇਂ ਪਰਿਣਾਮ ਸਰੂਪ ਉਸ ਨੇ ਮਨੋਵਿਸ਼ਲੇਸ਼ਣ ਦੀ ਨਵੀਂ ਵਿਧੀ ਖੋਜ ਕੱਢੀ।

ਸੰਮੋਹਨ ਦੀ ਅਵਸਥਾ ਸਥਾਪਿਤ ਕਰਨ ਲਈ ਬਹੁਤ ਸਾਰੀਆਂ ਵਿਧੀਆਂ ਪ੍ਰਚਲਿਤ ਹਨ। ਅਸੀਂ ਏਥੇ ਇਕ ਬਹੁ-ਵਰਤੀਂਦੀ ਵਿਧੀ ਦਾ ਸਵਿਸਥਾਰ ਵਰਣਨ ਕਰਰਦੇ ਹਾਂ। ਇਸ ਵਿਧੀ ਅਨੁਸਾਰ ਜਿਸ ਵਿਅਕਤੀ ਨੂੰ ਸੰਮੋਹਿਤ ਕਰਨਾ ਹੁੰਦਾ ਹੈ, ਉਸ ਨੂੰ ਕਿਸੇ ਆਰਾਮ ਕੁਰਸੀ ਜਾਂ ਦੀਵਾਨ ਉਪਰ ਲਿਟਾ ਦਿੱਤਾ ਜਾਂਦਾ ਹੈ। ਕਮਰੇ ਵਿਚ ਰੌਸ਼ਨੀ ਮੱਧਮ ਕਰ ਦਿੱਤੀ ਜਾਂਦੀ ਹੈ। ਹਰ ਪ੍ਰਕਾਰ ਦਾ ਸ਼ੋਰ ਸ਼ਰਾਬਾ ਤੇ ਬਿਰਤੀ ਖਿੰਡਾਉਣ ਦੇ ਕਾਰਨ ਦੂਰ ਕੀਤੇ ਜਾਂਦੇ ਹਨ। ਫਿਰ ਉਸ ਵਿਅਕਤੀ ਨੂੰ ਸਮਝਾਇਆ ਜਾਂਦਾ ਹੈ ਕਿ ਸੰਮੋਹਨ ਦੀ ਅਵਸਥਾ ਵਿਚ ਪੁੱਜਣ ਲਈ ਉਸ ਦੇ ਪੂਰਨ ਮਿਲਵਰਤਣ ਦੀ ਲੋੜ ਹੈ। ਜੇਕਰ ਉਹ ਸੰਮੋਹਨਕਾਰ ਵਲੋਂ ਮਿਲਣ ਵਾਲੀਆਂ ਹਿਦਾਇਤਾਂ 'ਤੇ ਪੂਰੀ ਤਰ੍ਹਾਂ ਅਮਲ ਕਰੇਗਾ ਤਾਂ ਸੰਮੋਹਨ-ਅਵਸਥਾ ਵਿਚ ਪਹੁੰਚ ਕੇ ਉਸ ਤੋਂ ਲਾਭ ਪ੍ਰਾਪਤ ਕਰ ਸਕੇਗਾ।

ਫਿਰ ਉਸ ਵਿਅਕਤੀ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਸਰੀਰ ਦੇ

ਅੰਗ ਅੰਗ ਨੂੰ ਢਿੱਲਿਆਂ ਛੋੜ ਦੇਵੇ। ਸਰੀਰ ਨੂੰ ਇਤਨਾ ਨਿੱਸਲ ਕਰ ਦੇਵੇ ਕਿ ਜਾਪੇ ਜਿਵੇਂ ਉਸ ਵਿਚੋਂ ਜਾਨ ਨਿਕਲ ਗਈ ਹੈ। ਜੇਕਰ ਉਹ ਆਪਣੇ ਸਰੀਰ ਨੂੰ ਢਿੱਲਿਆਂ ਨਹੀਂ ਛੋੜ ਸਕਦਾ ਤਾਂ ਸੰਮੋਹਨਕਾਰ ਆਪਣੇ ਸਰੀਰ ਨੂੰ ਨਿੱਸਲ ਕਰ ਕੇ ਉਸ ਨੂੰ ਪ੍ਰਮਾਣ ਦੇਂਦਾ ਹੈ ਤੇ ਦੁਬਾਰੇ ਨਿੱਸਲ ਹੋਣ ਦਾ ਆਦੇਸ਼ ਦੇਂਦਾ ਹੈ। ਇਸ ਅਮਲ ਵਿਚ ਸੰਮੋਹਨਕਾਰ ਉਸ ਵਿਅਕਤੀ ਦੀ ਨਿੱਸਲਤਾ ਦੀ ਜਾਂਚ ਕਰੀ ਜਾਂਦਾ ਹੈ। ਮਿਸਾਲ ਦੇ ਤੌਰ ਤੇ ਉਹ ਉਸ ਦੀ ਬਾਂਹ ਨੂੰ ਥੋੜ੍ਹਾ ਉਪਰ ਉਠਾਲ ਕੇ ਇਕਦਮ ਛੋਡ ਦੇਂਦਾ ਹੈ। ਜੇਕਰ ਉਹ ਪੂਰੀ ਤਰ੍ਹਾਂ ਨਿੱਸਲ ਹੋ ਚੁਕੀ ਹੋਵੇ ਤਾਂ ਨਿਰਜਿੰਦ ਵਸਤ ਵਾਂਗ ਹੇਠਾਂ ਡਿਗ ਪਵੇਗੀ। ਜੇਕਰ ਪੂਰੀ ਨਿੱਸਲ ਨਾ ਹੋਈ ਹੋਵੇ ਤਾਂ ਡਿੱਗਦੀ ਡਿੱਗਦੀ ਵਿੱਚੇ ਰੁਕ ਜਾਵੇਗੀ। ਜਦੋਂ ਇਸ ਪਰਖ ਮੁਤਾਬਕ ਪੂਰੀ ਨਿੱਸਲਤਾ ਦਾ ਪ੍ਰਮਾਣ ਪ੍ਰਾਪਤ ਹੋ ਜਾਵੇ ਤਦ ਉਸ ਵਿਅਕਤੀ ਨੂੰ ਇਉਂ ਨਿਰਦੇਸ਼ ਦਿੱਤਾ ਜਾਂਦਾ ਹੈ:

"ਤੁਹਾਡੀਆਂ ਅੱਖਾਂ ਭਾਰੀਆਂ ਹੋ ਰਹੀਆਂ ਹਨ,... ਪਲਕਾਂ ਬੋਝਲ ਹੋ ਰਹੀਆਂ ਹਨ,... ਅੱਖਾਂ ਮੀਟਦੀਆਂ ਜਾ ਰਹੀਆਂ ਹਨ,... ਅੱਖਾਂ ਮੀਟੀਆਂ ਜਾ ਰਹੀਆਂ ਹਨ,.. ਅੱਖਾਂ ਖੁਲ੍ਹੀਆਂ ਰੱਖਣੀਆਂ ਔਖੀਆਂ ਹੋ ਰਹੀਆਂ ਹਨ, ਇਹ ਮੀਟੀਂਦੀਆਂ ਜਾ ਰਹੀਆਂ ਹਨ,... ਮੀਟੀਂਦੀਆਂ ਜਾ ਰਹੀਆਂ ਹਨ,... ਬੰਦ ਹੋ ਚਲੀਆਂ ਹਨ,... ਬੰਦ ਹੋ ਚਲੀਆਂ ਹਨ,... ਬੰਦ ਹੋ ਗਈਆਂ ਹਨ,... ਬੰਦ ਹੋ ਗਈਆਂ ਹਨ, (ਜੇਕਰ ਬੰਦ ਨਾ ਹੋਈਆਂ ਹੋਣ, ਤਾਂ ਸੰਮੋਹਨਕਾਰ ਪੋਲੇ ਜਹੇ ਆਪਣੇ ਹੱਥ ਨਾਲ ਉਹਨਾਂ ਨੂੰ ਮੁੰਦ ਦੇਂਦਾ ਹੈ)... ਹੋਰ ਪੱਕੀ ਤਰ੍ਹਾਂ ਬੰਦ ਹੋ ਰਹੀਆਂ ਹਨ... ਹੋਰ ਵੱਧ... ਹੋਰ ਵੱਧ...।"

ਇਉਂ ਜਦ ਉਸ ਵਿਅਕਤੀ ਦੀਆਂ ਅੱਖਾਂ ਪੂਰੀ ਤਰ੍ਹਾਂ ਬੰਦ ਹੋ ਜਾਂਦੀਆਂ ਹਨ, ਤਦ ਉਸ ਨੂੰ ਕਿਹਾ ਜਾਂਦਾ ਹੈ:

"ਹੁਣ ਤੇਰਾ ਸਾਰਾ ਸਰੀਰ ਭਾਰਾ ਹੋ ਚਲਿਆ ਹੈ,... ਤੇਰੇ ਪੈਰ ਵਜ਼ਨੀ ਹੋ ਰਹੇ ਹਨ,... ਹੋਰ ਵਜ਼ਨੀ,.....ਹੋਰ ਵਜ਼ਨੀ,... ਹੁਣ ਇਹ ਬਿਲਕੁਲ ਸੌਂ ਗਏ ਹਨ,... ਹੁਣ ਤੂੰ ਇਹਨਾਂ ਨੂੰ ਉਠਾਲੇਂ ਤਾਂ ਵੀ ਨਹੀਂ ਉਠਣਗੇ...ਇਹ ਬਿਲਕੁਲ ਅਹਿੱਲ ਹੋ ਗਏ ਹਨ, ਇਸ ਲਈ ਚੁੱਕੇ ਨਹੀਂ ਜਾ ਸਕਣਗੇ।"

ਫਿਰ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਕਿ ਉਹ ਆਪਣੇ ਪੈਰ ਉਠਾਲਣ ਦੀ ਕੋਸ਼ਿਸ਼ ਕਰੇ। ਆਮ ਤੌਰ ਤੇ ਉਹ ਵਿਅਕਤੀ ਅਸਫਲ ਰਹਿੰਦਾ ਹੈ, ਪਰ ਜੇਕਰ ਉਹ ਚੁੱਕ ਲਵੇ, ਤਾਂ ਉਸ ਨੂੰ ਆਪਣਾ ਸਰੀਰ ਮੁੜ ਨਿੱਸਲ ਛੱਡਣ ਦਾ ਨਿਰਦੇਸ਼ ਦਿੱਤਾ ਜਾਂਦਾ ਹੈ ਤੇ ਮੁੜ ਸਮਝਾਇਆ ਜਾਂਦਾ ਹੈ ਕਿ ਸੰਮੋਹਨ ਦੀ ਸਫਲਤਾ ਲਈ ਉਸ ਦਾ ਮੁਕੰਮਲ ਮਿਲਵਰਤਣ ਦਰਕਾਰ ਹੈ। ਫਿਰ ਦੁਬਾਰੇ ਉਪਰੋਕਤ ਸ਼ਬਦਾਂ ਵਿਚ ਨਵੇਂ ਸਿਰੇ ਸਾਰੇ ਨਿਰਦੇਸ਼ਨ ਦਿੱਤੇ ਜਾਂਦੇ ਹਨ। ਜਦੋਂ ਪੈਰ ਪੂਰੀ ਤਰ੍ਹਾਂ ਸੌਂ ਜਾਣ ਤੇ ਚੁੱਕੇ ਨਾ ਜਾ ਸਕਣ ਤਾਂ ਇਹੋ ਅਮਲ ਬਾਹਾਂ, ਹੱਥਾਂ, ਧੜ, ਗਰਦਨ, ਸਿਰ ਸਭ ਅੰਗਾਂ ਤੇ ਵਾਰੀ ਵਾਰੀ ਦੁਹਰਾ ਕੇ ਸਾਰੇ ਸਰੀਰ ਨੂੰ ਸੁਆ ਦਿੱਤਾ ਜਾਂਦਾ ਹੈ। ਇਸ ਨਾਲ ਸੰਮੋਹਨ ਪਹਿਲੀ ਪੱਧਰ ਤੈਅ ਕਰ ਲੈਂਦਾ ਹੈ।

ਉਪਰੋਕਤ ਜਿਤਨੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ, ਉਹਨਾਂ ਦੌਰਾਨ ਸੰਮੋਹਨਕਾਰ ਬਾਰ ਬਾਰ ਉਸ ਵਿਅਕਤੀ ਦੇ ਮੱਥੇ ਜਾਂ ਮੋਢੇ ਨੂੰ ਝੱਟ ਝੱਟ ਪਿਛੋਂ ਥਪਕਦਾ ਰਹਿੰਦਾ ਹੈ। ਇਹਨਾਂ ਥਪਕੀਆਂ ਸਦਕਾ ਉਸ ਵਿਅਕਤੀ ਦਾ ਸੰਮੋਹਨਕਾਰ ਨਾਲ ਸਾਜੁੱਜ *(ਰੈਪੋ)* ਜਾਂ ਮਾਨਸਿਕ ਸੰਪਰਕ ਬਣਿਆ ਰਹਿੰਦਾ ਹੈ। ਫਿਰ ਉਸ ਨੂੰ ਕਿਹਾ ਜਾਂਦਾ ਹੈ, "ਹੁਣ ਜੇ ਤੇਰੇ ਸਰੀਰ ਨੂੰ ਹੱਥ ਵੀ ਲਾਈਏ ਤਾਂ ਸਪਰਸ਼ ਦਾ ਤੈਨੂੰ ਕੋਈ ਪਤਾ ਨਹੀਂ ਚਲੇਗਾ।" ਤਦ ਉਸ ਨੂੰ ਸੰਮੋਹਨਕਾਰ ਆਪਣਾ ਹੱਥ ਛੁਹਾ ਕੇ ਪੁਛਦਾ ਹੈ, "ਪਤਾ ਲੱਗਾ?" ਜੇਕਰ ਉਤਰ 'ਨਾਂਹ' ਵਿਚ ਆਵੇ ਤਾਂ ਉਸ ਨੂੰ ਕਿਹਾ ਜਾਂਦਾ ਹੈ, "ਹੁਣ ਤੈਨੂੰ ਸੂਈ ਚੁਭੀ ਦਾ ਵੀ ਪਤਾ ਨਹੀਂ ਲਗੇਗਾ" । ਤਦ ਸੰਮੋਹਨਕਾਰ ਸੂਈ ਚੋਭ ਕੇ ਪ੍ਰੀਖਿਆ ਕਰਦਾ ਹੈ। ਜੇਕਰ ਸੂਈ ਦੀ ਚੁਭਣ ਵੀ ਪ੍ਰਤੀਤ ਨ ਹੋਵੇ ਤਾਂ ਸੰਮੋਹਨ ਦੂਸਰੀ ਮੰਜ਼ਿਲ ਤੈਅ ਕਰ ਗਿਆ ਮੰਨੀਦਾ ਹੈ।

ਪਰਸਪਰ ਸਾਜੁੱਜ ਰਾਹੀਂ ਸੰਮੋਹਨਕਾਰ ਸੰਮੋਹਿਤ ਵਿਅਕਤੀ ਨੂੰ ਹੋਰ ਵੀ ਡੂੰਘੇਰੇ ਪੱਧਰ ਤੱਕ ਲੈ ਜਾਂਦਾ ਹੈ । ਇਥੇ ਖੁਲ੍ਹੀਆਂ ਅੱਖਾਂ ਨਾਲ ਵੀ ਸੰਮੋਹਿਤ ਵਿਅਕਤੀ ਉਹੋ ਕੁਝ ਵੇਖਦਾ ਹੈ ਜਿਸ ਦਾ ਨਿਰਦੇਸ਼ ਉਸ ਨੂੰ ਸੰਮੋਹਨਕਾਰ ਦੇਂਦਾ ਹੈ, ਹੋਰ ਕੁਝ ਵੀ ਨਹੀਂ। ਇਉਂ ਆਪਣੇ ਨਿਰਦੇਸ਼ਾਂ ਰਾਹੀਂ ਸੰਮੋਹਨਕਾਰ ਵਿਭਰਮ ਵੀ ਪੈਦਾ ਕਰ ਸਕਦਾ ਹੈ। ਹੁਣ ਵਿਅਕਤੀ ਪੂਰੀ ਤਰ੍ਹਾਂ ਸੰਮੋਹਨ ਪ੍ਰਕਿਰਿਆ ਦੇ ਵਸ ਵਿਚ ਹੁੰਦਾ ਹੈ: ਜੋ ਵੀ ਨਿਰਦੇਸ਼ ਸੰਮੋਹਨਕਾਰ ਉਸ ਨੂੰ ਦੇਵੇ, ਸਭ ਕੁਝ ਉਸੇ ਅਨੁਸਾਰ ਹੀ ਕਰਦਾ ਹੈ। ਸੰਮੋਹਨਕਾਰ ਉਸ ਦੇ ਅੰਗਾਂ ਨੂੰ ਜਿਧਰ ਮੋੜੇ ਮੁੜ ਜਾਂਦੇ ਹਨ, ਜਿਥੇ ਰੋਕੇ ਉਥੇ ਹੀ ਰੁਕ ਜਾਂਦੇ ਹਨ। ਜੇਕਰ ਉਹ ਚਾਹੇ ਤਾਂ ਅੰਗਮਾਰ ਵਰਗੀ ਹਾਲਤ ਵੀ ਪੈਦਾ ਕਰ ਸਕਦਾ ਹੈ।

ਹਰ ਤਰ੍ਹਾਂ ਦੀ ਇੰਦਰਿਆਵੀ ਸੰਵੇਦਨਾ ਨੂੰ ਸੰਮੋਹਨ ਰਾਹੀਂ ਹੋੜਿਆ ਹੀ ਨਹੀਂ ਜਾ ਸਕਦਾ, ਸਗੋਂ ਜਲਨ, ਚੁਭਨ, ਚਸਕ ਆਦਿ ਵਰਗੀਆਂ ਆਵੇਦਨਾਵਾਂ ਵੀ ਪੈਦਾ ਕੀਤੀਆਂ ਜਾ ਸਕਦੀਆਂ ਹਨ। ਕੋਈ ਕੌੜੀ ਵਸਤ ਚਬਾਉਣ ਲਈ ਦੇ ਕੇ ਜੇਕਰ ਸੰਮੋਹਨਕਾਰ ਇਹ ਨਿਰਦੇਸ਼ਨ ਦੇਵੇ ਕਿ ਇਹ ਮਿੱਠੀ ਹੈ, ਤਾਂ ਸੰਮੋਹਿਤ ਵਿਅਕਤੀ ਨੂੰ ਉਹ ਮਿੱਠੀ ਹੀ ਲਗੇਗੀ।

ਜੇਕਰ ਸੰਮੋਹਨਕਾਰ ਇਹ ਨਿਰਦੇਸ਼ਨ ਦੇਵੇ ਕਿ ਸੰਮੋਹਨ ਸਮਾਪਤ ਹੋਣ ਉਪਰੰਤ ਵੀ ਸੰਮੋਹਿਤ ਵਿਅਕਤੀ ਦਿੱਤੀ ਗਏ ਨਿਰਦੇਸ਼ਨਾਂ 'ਤੇ ਅਮਲ ਕਰੇਗਾ, ਤਾਂ ਇਉਂ ਹੀ ਹੋਵੇਗਾ। ਜੇਕਰ ਇਸ ਤਰ੍ਹਾਂ ਦਾ ਨਿਰਦੇਸ਼ ਦੇ ਕੇ ਸੰਮੋਹਨਕਾਰ ਇਹ ਵੀ ਆਖ ਦੇਵੇ ਕਿ "ਇਹ ਨਿਰਦੇਸ਼ ਤੈਨੂੰ ਯਾਦ ਨਹੀਂ ਰਹੇਗਾ, ਪਰ ਤੂੰ ਇਸ ਉਪਰ ਅਮਲ ਅਵੱਸ਼ ਕਰੇਂਗਾ", ਤਾਂ ਸੰਮੋਹਿਤ ਵਿਅਕਤੀ ਸੰਮੋਹਨ ਉਪਰੰਤ ਵੀ ਬਿਨਾ ਉਸ ਦੀ ਸਿਮਰਿਤੀ ਦੇ ਉਸ ਨਿਰਦੇਸ਼ ਦੀ ਪਾਲਨਾ ਜ਼ਰੂਰ ਕਰਦਾ ਹੈ।

ਸੰਮੋਹਨ ਦੀ ਇਹ ਸਾਰੀ ਲੀਲ੍ਹਾ ਅਚੇਤਨ ਦੀ ਰੰਗ-ਭੂਮੀ ਉਪਰ ਵਾਪਰਦੀ ਹੈ। ਸੰਮੋਹਿਤ ਵਿਅਕਤੀ ਦੇ ਚੇਤਨ ਮਨ ਨੂੰ ਮਨਸੂਖ ਕਰ, ਸਾਜੁੱਜ ਰਾਹੀਂ ਸੰਮੋਹਨਕਾਰ, ਉਸ ਦੇ ਅਚੇਤਨ

ਨਾਲ ਸਿੱਧਾ ਸੰਪਰਕ ਜੋੜਦਾ ਹੈ। ਫਿਰ ਜੋ ਨਿਰਦੇਸ਼ ਵੀ ਉਹ ਦੇਂਦਾ ਹੈ ਉਹ ਉਸ ਵਿਅਕਤੀ ਦਾ ਅਚੇਤਨ ਸੁਤੇ-ਸਿੱਧ ਹੀ ਪਰਵਾਨ ਕਰ ਲੈਂਦਾ ਹੈ। ਇਸ ਲਈ ਬੜੀ ਵਾਰ ਚੇਤਨ ਨੂੰ ਉਸ ਦੀ ਕੋਈ ਸੁਰਤ ਨਹੀਂ ਹੁੰਦੀ। ਚੇਤਨ ਆਪਣੇ ਕਾਰ-ਵਿਹਾਰ ਵਿਚ ਵਿਅਸਤ ਹੋਇਆ ਵੀ ਅਚੇਤਨ ਦੇ ਗ੍ਰਹਿਣ ਕੀਤੇ ਨਿਰਦੇਸ਼ ਦੀ ਪਾਲਨਾ ਕਰਨ ਤੇ ਮਜਬੂਰ ਹੁੰਦਾ ਹੈ, ਜਦੋਂ ਇਹ ਪਾਲਨਾ ਹੁੰਦੀ ਹੈ ਤਾਂ ਚੇਤਨ ਆਪ ਹੈਰਾਨ ਹੁੰਦਾ ਹੈ ਕਿ ਉਹ ਕੀ ਕਰ ਰਿਹਾ ਹੈ ਤੇ ਕਿਉਂ ਕਰ ਰਿਹਾ ਹੈ, ਤੇ ਕੋਈ ਅਸੰਗਤ ਜਿਹਾ ਬਹਾਨਾ ਘੜਨ ਲਈ ਵਿਉਂਤ-ਬੱਧ ਹੁੰਦਾ ਹੈ।

ਸੰਮੋਹਨ ਦੀ ਵਿਧੀ ਅੱਜ ਵੀ ਨਿੱਤ ਵਿਗਸਦੀ ਖੋਜ ਦਾ ਕੇਂਦਰ ਬਣੀ ਹੋਈ ਹੈ। ਜਿਥੇ ਇਸ ਵਿਧੀ ਦੀ ਵਰਤੋਂ ਮਾਨਸਿਕ ਰੋਗਾਂ ਦੇ ਇਲਾਜ ਹਿੱਤ ਜਾਂ ਜੱਰਾਹੀ ਦੇ ਉਪਰੇਸ਼ਨਾਂ ਵਾਸਤੇ ਹੋ ਰਹੀ ਹੈ, ਉਥੇ ਪ੍ਰਯੋਗਸ਼ਾਲਾਵਾਂ ਵਿਚ ਵੀ ਇਸ ਬਾਰੇ ਨਵੇਂ ਨਵੇਂ ਪ੍ਰਯੋਗ ਹੋ ਰਹੇ ਹਨ। ਹੁਣ ਕੇਵਲ ਮਨੁੱਖ ਨੂੰ ਹੀ ਨਹੀਂ, ਜਨੌਰਾਂ ਨੂੰ ਵੀ ਸੰਮੋਹਿਤ ਕੀਤਾ ਜਾਣ ਲੱਗਾ ਹੈ। ਅਸਲ ਵਿਚ ਜਨੌਰਾਂ ਦੇ ਸੰਮੋਹਨ (ਓਦੋਂ *ਮੈਸਮਰਿਜ਼ਮ*) ਦਾ ਸਭ ਤੋਂ ਪਹਿਲਾ ਵਰਣਨ ਐਥਾਨੀਅਸ ਕਿਰਚਰ ਨੇ 1646 ਵਿਚ ਆਪਣੀ ਪੁਸਤਕ *'ਦੀ ਗਰੇਟ ਆਰਟ ਔਫ ਲਾਈਟ ਐਂਡ ਡਾਰਕਨੈਸ'* ਵਿਚ ਕੀਤਾ। ਇਸ ਵਿਚ ਉਸ ਨੇ ਮੁਰਗੇ ਨੂੰ ਸੰਮੋਹਿਤ ਕਰਨ ਦਾ ਇਕ ਢੰਗ ਨਿਰੂਪਿਆ ਸੀ। ਓਦੋਂ ਤੋਂ ਨਵੇਂ ਨਵੇਂ ਪ੍ਰਯੋਗ ਵੱਖ ਵੱਖ ਜਨੌਰਾਂ ਉਪਰ ਹੁੰਦੇ ਆਏ ਹਨ ਤੇ ਹੁਣ ਡੱਡੂਆਂ, ਘੁੱਗੀਆਂ, ਸਹਿਆਂ ਆਦਿ ਨੂੰ ਵੀ ਸੰਮੋਹਿਤ ਕੀਤਾ ਜਾ ਸਕਦਾ ਹੈ।

ਇਤਨੇ ਸਾਰੇ ਪ੍ਰਯੋਗਾਂ ਦੇ ਬਾਵਜੂਦ ਵੀ ਇਹੋ ਜਾਪਦਾ ਹੈ ਕਿ ਅਸੀਂ ਹਾਲੇ ਤੱਕ ਸੰਮੋਹਨ ਦੀਆਂ ਪੂਰੀਆਂ ਸੰਭਾਵਨਾਵਾਂ ਤੋਂ ਜਾਣੂ ਨਹੀਂ ਹੋਏ।

# 10.
# ਕੁਝ ਮਾਨਸਿਕ ਗੰਢਾਂ-1

ਕੁਝ ਚਿਰ ਪਹਿਲਾਂ, 'ਮਨੁੱਖੀ ਸ਼ਖ਼ਸੀਅਤ ਦੇ ਤਿੰਨ ਪੱਖ' ਲੇਖ ਵਿਚ ਅਸੀਂ ਇਹ ਵਿਚਾਰ ਆਏ ਹਾਂ ਕਿ ਸਾਡੇ ਅਚੇਤ ਮਨ ਦਾ ਇਕ ਵੱਡਾ ਭਾਗ 'ਇੱਦ' ਹੈ ਜਿਸ ਵਿਚ ਸਾਡੀਆਂ ਮੂਲ-ਪ੍ਰਵਿਰਤੀਆਂ ਤੋਂ ਇਲਾਵਾ ਸਾਡੀਆਂ ਦਮਿਤ ਇੱਛਾਵਾਂ ਵੀ ਵਿਚਰਦੀਆਂ ਫਿਰਦੀਆਂ ਹਨ। ਇਹ ਸਭ ਹਮੇਸ਼ਾਂ ਅਚੇਤਨ ਵਿਚੋਂ ਬਾਹਰ ਨਿਕਲ ਕੇ ਚੇਤਨ ਵਿਚ ਪ੍ਰਗਟ ਹੋਣ ਲਈ ਬੇਚੈਨ ਰਹਿੰਦੀਆਂ ਹਨ। ਐਪਰ 'ਹਉਂ' ਤੇ 'ਪਰਾਹਉਂ' ਇਹਨਾਂ ਨੂੰ ਅਚੇਤਨ ਵਿਚ ਹੀ ਦਬਾਈ ਰਖਣਾ ਲੋਚਦੇ ਰਹਿੰਦੇ ਹਨ।

ਹਰ ਦਮਿਤ ਇੱਛਾ, ਜੋ ਇਸ ਪ੍ਰਕਾਰ ਅਚੇਤਨ ਵਿਚ ਦਬਾਈ ਗਈ ਹੁੰਦੀ ਹੈ, ਆਪਣੇ ਨਾਲ ਨ ਕੇਵਲ ਯਾਦਾਂ ਦਾ ਇਕ ਮੰਡਲ ਹੀ ਸਾਂਭੀ ਬੈਠੀ ਹੁੰਦੀ ਹੈ, ਸਗੋਂ ਇਕ ਭਾਵੁਕ ਸ਼ਕਤੀ ਵੀ ਉਸ ਦੇ ਨਾਲ ਹੀ ਅਚੇਤਨ ਵਿਚ ਨਰੜੀ ਪਈ ਹੁੰਦੀ ਹੈ। ਇਹ ਸ਼ਕਤੀ ਵੀ ਆਪਣੇ ਪੂਰੇ ਤਾਣ ਨਾਲ ਬਾਹਰ ਨਿਕਲਣ ਦਾ ਜਤਨ ਕਰਦੀ ਰਹਿੰਦੀ ਹੈ। ਹਰ ਅਜਿਹੀ ਇੱਛਾ ਜਾਂ ਪ੍ਰੇਰਣਾ ਨੂੰ ਜੋ ਦਮਿਤ ਅਵਸਥਾ ਤੋਂ ਭਾਵੁਕ ਸ਼ਕਤੀ ਦੇ ਬਲ ਨਾਲ ਬਾਹਰ ਨਿਕਲਣ ਵਾਸਤੇ ਹੰਭਲੇ ਮਾਰਦੀ ਰਹਿੰਦੀ ਹੈ 'ਮਾਨਸਿਕ ਗੰਢ' *(ਕਾਂਪਲੈਕਸ)* ਕਹਿੰਦੇ ਹਨ। ਮਾਨਸਿਕ ਗੰਢਾਂ ਅੰਦਰ ਦਮਿਤ ਇੱਛਾਵਾਂ, ਪ੍ਰਵਿਰਤੀਆਂ ਤੇ ਚਿੰਤਨਾਵਾਂ ਆਪੋ ਵਿਚ ਇਕ ਜਟਿਲ ਸਮਗਰਤਾ ਵਿਚ ਬੱਝੀਆਂ ਹੁੰਦੀਆਂ ਹਨ। ਜਿਸ ਅੰਦਰ ਵੀ ਇਹ ਵਸਦੀਆਂ ਹਨ, ਉਸ ਨੂੰ ਕਿਸੇ ਨਿਰਧਾਰਿਤ ਦਿਸ਼ਾ ਵਲ ਸੋਚਣ, ਮਹਿਸੂਸਣ ਤੇ ਕਰਮ ਕਰਨ ਲਈ ਮਜਬੂਰ ਕਰੀ ਰਖਦੀਆਂ ਹਨ। ਡਾ: ਯੁੰਗ ਅਨੁਸਾਰ 'ਮਨੋਗੰਢ' ਦਮਿਤ-ਭਾਵਨਾ-ਗ੍ਰਸਤ ਤੱਤਾਂ ਦੁਆਲੇ ਸਮਸਤ ਮਾਨਸਿਕ ਅਨਸਰਾਂ ਦੇ ਇਕੱਠ ਨੂੰ ਕਹਿੰਦੇ ਹਨ। ਇਉਂ ਹਰ ਮਨੋਗੰਢ ਦਾ ਇਕ ਕੇਂਦਰੀ ਭਾਵੁਕ ਤੱਤ ਹੁੰਦਾ ਹੈ ਤੇ ਉਸ ਦੇ ਇਰਦ ਗਿਰਦ ਦੁਜੈਲੇ ਸੰਬੰਧਤ ਅਨਸਰਾਂ ਦਾ ਮਜਮੂਆ। ਇਸ ਦਾ ਕੇਂਦਰੀ ਭਾਵੁਕ ਭਾਗ ਹਮੇਸ਼ਾ ਅਚੇਤਨ ਵਿਚ ਪਿਆ ਹੁੰਦਾ ਹੈ।

ਮਨੋਗੰਢਾਂ ਅੰਦਰ ਦਮਿਤ ਇੱਛਾਵਾਂ ਅਵੱਸ਼ ਹੀ ਐਸੀਆਂ ਦੁੱਖ-ਜਨਕ ਇੱਛਾਵਾਂ ਹੁੰਦੀਆਂ ਹਨ ਜੋ ਚੇਤਨ ਨੂੰ ਕਿਸੇ ਹਾਲ ਵੀ ਪਰਵਾਨ ਨਹੀਂ ਹੁੰਦੀਆਂ। ਇਹੋ ਕਾਰਨ ਹੈ ਕਿ ਜੇ ਕਿਸੇ ਗੱਲ-ਬਾਤ ਦੌਰਾਨ ਅਸੀਂ ਕਿਸੇ ਦੀ ਕਿਸੇ ਮਨੋਗੰਢ ਨੂੰ ਛੇੜ ਬੈਠੀਏ, ਤਾਂ ਉਹ ਵਿਅਕਤੀ ਇਕ ਦਮ ਬੌਂਦਲਾ ਜਾਂਦਾ ਹੈ - ਕਦੇ ਤਾਂ ਇਕਾ-ਇਕ ਚੁੱਪ ਹੋ ਜਾਂਦਾ ਹੈ ਜਿਵੇਂ ਉਸ ਨੂੰ ਕੁਝ ਅਹੁੜਦਾ ਨਾ ਹੋਵੇ, ਕਦੇ ਉਸ ਦੀ ਯਾਦ-ਸ਼ਕਤੀ ਉਸ ਨੂੰ ਜਵਾਬ ਦੇ ਜਾਂਦੀ ਹੈ ਤੇ ਕਦੇ ਸਿਮਰਿਤੀ

ਵਿਚਲੀਆਂ ਘਟਨਾਵਾਂ ਦੇ ਸੰਬੰਧ ਉਥਲ ਪੁਥਲ ਹੋ ਜਾਂਦੇ ਹਨ।

ਇਸ ਤੋਂ ਇਉਂ ਜਾਪਦਾ ਹੈ ਜਿਵੇਂ ਕੋਈ ਵਿਸ਼ੇਸ਼ ਸ਼ਕਤੀ ਇਹਨਾਂ ਸਿਮਰਿਤੀਆਂ ਦੇ ਚੇਤਨ ਵਿਚ ਪ੍ਰਵੇਸ਼ ਕਰਨ ਤੇ ਪ੍ਰਤਿਬੰਧ ਲਾਈ ਬੈਠੀ ਹੈ। ਐਸੇ ਵਿਅਕਤੀ ਦੀ ਵਿਸਰਭੋਲ ਦਾ ਕਾਰਨ ਦਮਨ ਸ਼ਕਤੀ ਹੀ ਹੈ, ਜਿਸ ਬਾਰੇ ਅਸੀਂ ਪਹਿਲਾਂ ਵਿਚਾਰ ਕਰ ਚੁਕੇ ਹਾਂ।

## ਲਿੰਗ ਪ੍ਰਵਿਰਤੀ ਤੇ ਮਾਨਸਿਕ ਗੰਢਾਂ

ਡਾ: ਫ੍ਰਾਇਡ ਅਨੁਸਾਰ ਸਭ ਤੋਂ ਵੱਧ ਬਲਵਾਲ ਮਨੋਂ-ਗੰਢਾਂ ਸਾਡੀ ਲਿੰਗ-ਪ੍ਰਵਿਰਤੀ ਕਾਰਨ ਪੈਦਾ ਹੁੰਦੀਆਂ ਹਨ। ਇਥੇ, ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਫ੍ਰਾਇਡ 'ਲਿੰਗ-ਪ੍ਰਵਿਰਤੀ' ਨੂੰ ਬੜੇ ਚੌੜੇਰੇ ਅਰਥ ਦੇਂਦਾ ਹੈ ਤੇ ਉਸ ਦੇ ਕਥਨ ਨੂੰ ਇਹਨਾਂ ਚੌੜੇਰੇ ਅਰਥਾਂ ਦੇ ਸੰਦਰਭ ਵਿਚ ਹੀ ਲੈਣਾ ਤੇ ਸਮਝਣਾ ਚਾਹੀਦਾ ਹੈ। ਉਸ ਦੇ ਮੱਤ ਅਨੁਸਾਰ ਲਿੰਗ-ਪ੍ਰਵਿਰਤੀ ਦਾ ਸਰੀਰਕ ਟਿਕਾਣਾ ਕੇਵਲ ਲਿੰਗ ਇੰਦਰੀਆਂ ਹੀ ਨਹੀਂ, ਸਗੋਂ ਉਹ ਮੂੰਹ ਨੂੰ, ਥਣਾਂ ਨੂੰ, ਗੁਦਾ ਨੂੰ ਵੀ ਕਾਮ-ਜਨਕ ਟਿਕਾਣੇ ਮਿੱਥਦਾ ਹੈ। ਉਸ ਦੇ ਲਿੰਗ-ਸਿੱਧਾਂਤ ਅਨੁਸਾਰ ਲਿੰਗ-ਪ੍ਰਵਿਰਤੀ ਕੇਵਲ ਕਿਸ਼ੋਰ ਅਵਸਥਾ ਤੋਂ ਹੀ ਹੋਂਦ ਵਿਚ ਨਹੀਂ ਆਉਂਦੀ ਸਗੋਂ ਜਨਮ ਤੋਂ ਹੀ ਵਿਕਾਸ ਪ੍ਰਾਪਤ ਕਰਨ ਲੱਗ ਪੈਂਦੀ ਹੈ।

ਸ਼ੁਰੂ ਵਿਚ ਬੱਚਾ ਮਾਂ ਦੇ ਥਣਾਂ ਤੋਂ ਆਪਣੀ ਪਹਿਲੀ ਤ੍ਰਿਪਤੀ ਪ੍ਰਾਪਤ ਕਰਦਾ ਹੈ। ਦੁੱਧ ਚੁੰਘਣ ਦੀ ਕ੍ਰਿਆ ਵਿਚ ਵੀ ਫ੍ਰਾਇਡ ਅਨੁਸਾਰ, ਇਕ ਪ੍ਰਕਾਰ ਦੇ ਲਿੰਗਿਕ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਨਿੱਕੀ ਉਮਰੇ ਹੀ ਬੱਚਾ ਅੰਗੂਠਾ ਚੂਸਣ, ਹੱਥ ਪੈਰ ਮਾਰਨ ਤੇ ਅੰਗ ਰਗੜਨ ਆਦਿ ਵਿਚੋਂ ਵੀ ਲਿੰਗ-ਤ੍ਰਿਪਤੀ ਪ੍ਰਾਪਤ ਕਰਨ ਲੱਗ ਪੈਂਦਾ ਹੈ। ਕਈ ਵਾਰ ਕਿਸੇ ਨੂੰ ਪੀੜਾ ਦੇ ਕੇ ਜਾਂ ਕਿਸੇ ਹੱਥੋਂ ਪੀੜਾ ਪ੍ਰਾਪਤ ਕਰਕੇ ਵੀ ਉਹ ਇਕ ਤਰ੍ਹਾਂ ਦਾ ਸੁਖ ਪ੍ਰਤੀਤ ਕਰਦਾ ਹੈ ਜੋ ਲਿੰਗ ਸੁੱਖ ਦਾ ਹੀ ਇਕ ਰੂਪ ਹੁੰਦਾ ਹੈ। ਬਚਪਨ ਦੀ ਇਸ ਲਿੰਗ ਅਵਸਥਾ ਨੂੰ ਫ੍ਰਾਇਡ 'ਬਹੁਰੰਗੀ ਵਿਪੱਥ ਲਿੰਗਿਕਤਾ' ਦਾ ਨਾਮ ਦੇਂਦਾ ਹੈ। ਇਸ ਅਵਸਥਾ ਦੀ ਤਰੰਗੀ ਲਿੰਗਿਕਤਾ ਦਾ ਨਿਰਭਰ ਅਜਿਹੀਆਂ ਕ੍ਰਿਆਵਾਂ ਤੇ ਹੁੰਦਾ ਹੈ ਜਿਨ੍ਹਾਂ ਦਾ ਕਿਸੇ ਦੂਜੇ ਵਿਅਕਤੀ ਨਾਲ ਸੰਬੰਧ ਨਹੀਂ ਹੁੰਦਾ। ਬੱਚਾ ਕੇਵਲ ਆਪਣੇ ਸਰੀਰ ਨੂੰ ਹੀ ਟੋਲ ਪਲੋਸ ਦੇ ਸੁੱਖ ਪ੍ਰਾਪਤ ਕਰਦਾ ਹੈ-ਇਸੇ ਲਈ ਫ੍ਰਾਇਡ ਇਸ ਸਥਿਤੀ ਨੂੰ 'ਨਿੱਜ-ਕਾਮੁਕਤਾ' ਵੀ ਕਹਿੰਦਾ ਹੈ। ਚੌੜੇਰੇ ਅਰਥਾਂ ਵਾਲੀ ਲਿੰਗ-ਪ੍ਰਵਿਰਤੀ ਦਾ ਇਹੋ ਮੁੱਢਲਾ ਰੂਪ ਹੈ। ਅੱਗੋਂ ਇਸ ਪ੍ਰਵਿਰਤੀ ਦੇ ਦਾਇਰੇ ਵਿਚ, ਫ੍ਰਾਇਡ ਉਸ ਸਭ ਕਾਸੇ ਨੂੰ ਲੈ ਆਉਂਦਾ ਹੈ ਜਿਸ ਨੂੰ ਅਸੀਂ 'ਪਿਆਰ' ਦੇ ਸੰਕਲਪ ਹੇਠ ਚਿਤਵ ਸਕਦੇ ਹਾਂ। ਇਉਂ ਉਹ ਸ੍ਵੈ-ਪਿਆਰ, ਮੈਤ੍ਰੀ-ਪਿਆਰ, ਦੇਸ਼-ਪਿਆਰ, ਪ੍ਰਭੂ-ਪ੍ਰੇਮ ਆਦਿ ਨੂੰ ਵੀ ਇਸੇ ਪ੍ਰਵਿਰਤੀ ਦੇ ਭਿੰਨ ਭਿੰਨ ਪ੍ਰਗਟਾਵੇ ਮੰਨਦਾ ਹੈ।

## ਇਡੀਪਸ ਮਨੋ-ਗੰਢ

ਸ਼ੁਰੂ ਸ਼ੁਰੂ ਵਿਚ ਬੱਚਾ (ਲੜਕਾ) ਆਪਣੀ ਮਾਂ ਨੂੰ ਤਾਂ ਪਿਆਰ ਕਰਦਾ ਹੀ ਹੈ, ਆਪਣੇ

ਪਿਤਾ ਨੂੰ ਵੀ ਕਬੂਲ ਕਰਦਾ ਹੈ। ਪਰ ਜਿਉਂ ਜਿਉਂ ਉਹ ਵਡੇਰਾ ਹੁੰਦਾ ਹੈ ਤੇ ਉਸ ਦੀ ਲਿੰਗ-ਪ੍ਰਵਿਰਤੀ ਦਾ ਵਿਗਾਸ ਹੁੰਦਾ ਹੈ, ਉਸ ਦਾ ਆਪਣੀ ਮਾਂ ਪ੍ਰਤੀ ਪ੍ਰੇਮ ਇਕ ਨਵੀਂ ਸ਼ਕਲ ਧਾਰਨ ਕਰਨ ਲੱਗ ਜਾਂਦਾ ਹੈ। ਹੁਣ ਉਹ, ਜਿਵੇਂ, ਆਪਣੀ ਮਾਂ ਦਾ 'ਪ੍ਰੇਮੀ' ਹੋ ਜਾਂਦਾ ਹੈ; ਆਪਣੇ ਪਿਤਾ ਨੂੰ ਆਪਣਾ ਸ਼ਰੀਕ ਸਮਝਣ ਲੱਗਦਾ ਹੈ ਤੇ ਉਸ ਨਾਲ ਈਰਖਾ ਕਰਨ ਲੱਗ ਪੈਂਦਾ ਹੈ। ਪਰ ਇਹ ਸਾਰਾ ਪਰਿਵਰਤਨ ਉਹ ਦੇ ਅਚੇਤਨ ਅੰਦਰ ਹੋ ਰਿਹਾ ਹੁੰਦਾ ਹੈ। ਚੇਤਨ ਪੱਧਰ ਤੇ ਉਹ ਆਪਣੇ ਪਿਤਾ ਦੇ ਭੈ ਕਾਰਨ ਕੋਈ ਐਸਾ ਵਿਚਾਰ ਆਪਣੇ ਮਨ ਵਿਚ ਨਹੀਂ ਲਿਆ ਸਕਦਾ। ਐਪਰ ਅਚੇਤਨ ਪੱਧਰ ਤੇ ਉਹ ਆਪਣੀ ਮਾਂ ਉਪਰ ਆਪਣਾ ਨਵੇਕਲਾ ਕਬਜ਼ਾ ਲੋਚਦਾ ਹੈ। ਇਸੇ ਲਈ ਉਸ ਦੇ ਅੰਦਰ ਅਚੇਤ ਹੀ ਆਪਣੇ ਪਿਤਾ ਲਈ ਸ਼ਤ੍ਰੁਤਾ ਦੇ ਭਾਵ ਪੈਦਾ ਹੋ ਜਾਂਦੇ ਹਨ। ਆਪਣੀ ਮਾਤਾ ਪ੍ਰਤੀ ਉਸ ਦੀ ਪ੍ਰੇਮ-ਭਾਵਨਾ ਤੇ ਪਿਤਾ ਪ੍ਰਤੀ ਸ਼ਤਰੁਤਾ ਦੇ ਭਾਵ ਦੋਵੇਂ ਦਮਿਤ ਹੋ ਕੇ ਅਚੇਤਨ ਵਿਚ ਬੱਝ ਜਾਂਦੇ ਹਨ। ਇਉਂ ਇਕ ਮਾਨਸਿਕ ਗੰਢ ਬੱਝਦੀ ਹੈ ਜਿਸ ਨੂੰ ਫ੍ਰਾਇਡ 'ਇਡੀਪਸ ਮਨੋਗੰਢ' ਕਹਿੰਦਾ ਹੈ। ਇਹ ਨਾਮ ਉਸ ਨੇ ਇਕ ਯੂਨਾਨੀ ਮਿਥਿਹਾਸ-ਗਾਥਾ ਦੇ ਨਾਇਕ ਇਡੀਪਸ ਉਪਰ ਰੱਖਿਆ ਹੈ ਜਿਸ ਨੇ (ਭਾਵੇਂ ਭੁਲੇਖੇ ਵਿਚ) ਆਪਣੇ ਪਿਤਾ ਨੂੰ ਕਤਲ ਕਰਕੇ ਆਪਣੀ ਮਾਂ ਨਾਲ ਸ਼ਾਦੀ ਕਰ ਲਈ। ਪਾਠਕਾਂ ਦੀ ਦਿਲਚਸਪੀ ਹਿਤ ਰਾਜਕੁਮਾਰ ਇਡੀਪਸ ਦੀ ਗਾਥਾ ਅਸੀ ਏਥੇ ਸੰਖੇਪ ਵਿਚ ਦੇਂਦੇ ਹਾਂ :

ਲਾਇਅਸ, ਥੇਬੀਜ਼ ਸਲਤਨਤ ਦਾ ਰਾਜਾ ਸੀ। ਡੈਲਫੀ ਦੇ ਮੰਦਰ ਵਿਚ ਉਸ ਨੂੰ ਦੇਵਤਿਆਂ ਨੇ ਆਕਾਸ਼ਬਾਣੀ ਰਾਹੀਂ ਸਾਵਧਾਨ ਕੀਤਾ ਕਿ ਉਸ ਦੀ ਮੌਤ ਉਸ ਦੇ ਆਪਣੇ ਪੁੱਤਰ ਦੇ ਹੱਥੋਂ ਹੋਵੇਗੀ। ਇਸ ਚੇਤਾਵਨੀ ਦੇ ਬਾਵਜੂਦ, ਉਸ ਦੇ ਘਰ, ਉਸ ਦੀ ਪਤਨੀ ਜੈਕਾਸਟਾ ਦੀ ਕੁੱਖੋਂ ਇਕ ਪੁੱਤਰ ਨੇ ਜਨਮ ਲਿਆ। ਲਾਇਅਸ ਨੇ ਨਵ-ਜਨਮੇ ਦੇ ਗਿੱਟਿਆਂ ਥਾਣੀ ਲੋਹੇ ਦੇ ਕਿੱਲ ਗਡਵਾ ਕੇ ਆਪਣੇ ਇਕ ਵਫਾਦਾਰ ਆਜੜੀ ਨੂੰ ਆਦੇਸ਼ ਦਿੱਤਾ ਕਿ ਉਹ ਉਸ ਨੂੰ ਪਰਬਤ ਉਪਰ ਇੱਲਾਂ, ਗਿਰਝਾਂ ਦੇ ਚੂੰਡਣ ਹਿੱਤ ਸੁੱਟ ਆਵੇ। ਐਪਰ ਉਸ ਮਾਸੂਮ ਨੂੰ ਐਸੀ ਮੌਤੇ ਮਾਰਨ ਦਾ ਉਸ ਆਜ਼ੜੀ ਨੂੰ ਹੌਸਲਾ ਨਾ ਹੋਇਆ। ਉਸ ਨੇ ਉਹ ਬੱਚਾ ਲਾਗਲੇ ਰਾਜ ਕੋਰਿਨਥ ਦੇ ਵਸਨੀਕ ਇਕ ਵਾਕਫ ਵਿਅਕਤੀ ਦੇ ਸਪੁਰਦ ਕਰ ਦਿੱਤਾ। ਇਹ ਵਿਅਕਤੀ ਕੋਰਨਿਥ ਦੇ ਰਾਜੇ ਪਾਬਲੀਸ ਦਾ ਆਜੜੀ ਸੀ। ਅੱਗੋਂ ਪਾਬਲੀਸ ਬੇਔਲਾਦ ਸੀ। ਉਸ ਦੀ ਰਾਣੀ ਨੇ ਉਹ ਬੱਚਾ ਆਜੜੀ ਪਾਸੋਂ ਆਪਣੀ ਗੋਦ ਲੈ ਲਿਆ ਤੇ ਆਪਣਾ ਪੁੱਤਰ ਕਰਕੇ ਪਾਲਣ ਲੱਗੀ। ਉਮਰ ਨਾਲ ਇਡੀਪਸ ਗੱਭਰੂ ਰਾਜਕੁਮਾਰ ਹੋ ਗਿਆ। ਐਪਰ ਉਸ ਨੂੰ ਕਦੇ ਵੀ ਇਹ ਸ਼ੱਕ ਨਾ ਹੋਇਆ ਕਿ ਉਹ ਪਾਬਲੀਸ ਦਾ ਆਪਣਾ ਬੱਚਾ ਨਹੀਂ। ਇਕ ਦਿਨ ਉਸ ਦੇ ਕਿਸੇ ਹਮਜੋਲੀ ਨੇ ਨਸ਼ੇ ਦੀ ਹਾਲਤ ਵਿਚ ਉਸ ਨੂੰ ਮਿਹਣਾ ਚਾ ਮਾਰਿਆ ਕਿ ਉਹ ਤਾਂ ਆਪਣੇ ਅਸਲ ਮਾਪਿਆਂ ਦਾ ਭੇਤੀ ਵੀ ਨਹੀਂ। ਇਸ ਪੁਰ ਇਡੀਪਸ ਆਪਣੇ ਧਰਮ-ਮਾਪਿਆਂ ਦੀ ਧਰਤੀ ਛੋੜ ਕੇ ਤੁਰ ਪਿਆ ਤੇ ਡੈਲਫੀ ਦੇ ਮੰਦਰ ਜਾ ਪੁੱਜਾ ਕਿ ਸ਼ਾਇਦ ਆਕਾਸ਼ਬਾਣੀ ਰਾਹੀਂ ਉਥੋਂ ਉਸ ਨੂੰ ਆਪਣੇ ਅਸਲ ਮਾਪਿਆਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਓਥੋਂ ਵੀ ਉਸ ਨੂੰ ਇਹ ਜਾਣਕਾਰੀ ਤਾਂ ਮਿਲੀ ਨਾ



ਚਿਤ੍ਰ ਨੰ: 18. ਸਫਿੰਕਸ ਤੇ ਈਡੀਪਸ

ਪਰੰਤੂ ਆਕਾਸ਼ਬਾਣੀ ਇਹ ਹੋਈ ਕਿ ਭਾਵੀ ਵੱਸ ਹੋਇਆ ਉਹ ਆਪਣੇ ਪਿਤਾ ਨੂੰ ਕਤਲ ਕਰਕੇ ਆਪਣੀ ਮਾਂ ਨਾਲ ਸ਼ਾਦੀ ਕਰੇਗਾ। ਇਸ ਭਵਿਖ ਵਾਕ ਤੋਂ ਭੈਭੀਤ ਹੋਇਆ ਉਹ ਓਥੋਂ ਵੀ ਭੱਜ ਨਿਕਲਿਆ। ਰਾਹ ਵਿਚ ਰਾਜਾ ਲਾਇਅਸ ਸਣੇ ਅਮਲੇ ਫੈਲੇ ਦੇ ਆ ਰਿਹਾ ਸੀ। ਉਸ ਦੇ ਅਹਿਲਕਾਰਾਂ ਨੇ ਆਪਣੇ ਰਾਜੇ ਦੇ ਸਤਿਕਾਰ ਵਜੋਂ ਇਡੀਪਸ ਨੂੰ ਰਾਹੋਂ ਇਕ ਪਾਸੇ ਹੋ ਜਾਣ ਦਾ ਆਦੇਸ਼ ਦਿੱਤਾ। ਪਰ ਇਡੀਪਸ ਨੇ ਐਸਾ ਕਰਨੋਂ ਇਨਕਾਰ ਕਰ ਦਿੱਤਾ। ਇਸ ਪੁਰ ਦੋਹਾਂ ਧਿਰਾਂ ਵਿਚ ਮੁੱਠ-ਭੇੜ ਹੋ ਗਈ। ਇਡੀਪਸ, ਲਾਇਅਸ ਸਣੇ ਸਭ ਨੂੰ ਕਤਲ ਕਰਨ ਵਿਚ ਕਾਮਯਾਬ ਹੋ ਗਿਆ। ਫਿਰ ਉਹ ਕੁਝ ਚਿਰ ਇਧਰ ਉਧਰ ਭੌਂਦਾ ਫਿਰਿਆ ਤੇ ਇਕ ਦਿਨ ਥ਼ੋਬੀਜ਼ ਜਾ ਅਪੜਿਆ। ਓਥੇ ਉਸ ਨੂੰ ਦੱਸ ਪਈ ਕਿ ਸਫਿੰਕਸ ਨਾਮ ਦਾ ਇਕ ਦੈਂਤ ਓਥੋਂ ਦੇ ਲੋਕਾਂ ਨੂੰ ਬੜੀ ਭਾਰੀ ਤੰਗੀ ਦੇ ਰਿਹਾ ਹੈ। ਹਰ ਰਾਹ-ਗੁਜ਼ਰੂ ਨੂੰ ਉਹ ਇਕ ਬੁਝਾਰਤ ਪਾਉਂਦਾ ਹੈ, ਤੇ ਜਦ ਉਹ ਨਹੀਂ ਬੁਝ ਸਕਦਾ ਤਾਂ ਉਸ ਨੂੰ ਖਾ ਜਾਂਦਾ ਹੈ। ਉਧਰ ਲਾਇਅਸ ਦੀ ਮੌਤ ਮਗਰੋਂ ਉਸ ਦਾ ਰਾਜ ਭਾਗ ਉਸ ਦੇ ਸਾਲੇ ਕਰੀਅਨ ਨੇ ਸੰਭਾਲ ਲਿਆ ਸੀ। ਉਹ ਆਪਣੀ ਪਰਜਾ ਨੂੰ ਇਸ ਦੈਂਤ ਹੱਥੋਂ ਤੰਗ ਆਇਆ ਵੇਖ ਆਪ ਬੜਾ ਦੁਖੀ ਸੀ। ਉਸ ਨੇ ਇਹ ਐਲਾਨ ਕਰਵਾ ਦਿੱਤਾ ਸੀ ਕਿ ਜੇਕਰ ਕੋਈ ਵਿਅਕਤੀ ਉਸ ਦੈਂਤ ਦੀ ਬੁਝਾਰਤ ਬੁੱਝ ਕੇ ਉਸ ਪਾਸੋਂ ਸ਼ਹਿਰ ਨੂੰ ਮੁਕਤੀ ਦਿਵਾਏਗਾ ਤਾਂ ਉਹ ਉਸ ਨਾਲ ਆਪਣੀ ਭੈਣ ਜੈਕਾਸਟਾ ਦੀ ਸ਼ਾਦੀ ਕਰ ਦੇਵੇਗਾ ਤੇ ਸਾਰਾ ਰਾਜ ਭਾਗ ਉਸ ਦੇ ਹਵਾਲੇ ਕਰ ਦੇਵੇਗਾ।

ਇਡੀਪਸ ਉਸ ਦੈਂਤ ਦੀ ਬੁਝਾਰਤ* ਬੁੱਝਣ ਵਿਚ ਸਫਲ ਹੋ ਗਿਆ। ਫਲ ਸਰੂਪ ਜੈਕਾਸਟਾ ਨਾਲ ਉਸ ਦਾ ਵਿਆਹ ਕਰ ਦਿੱਤਾ ਗਿਆ ਤੇ ਥ਼ੋਬੀਜ਼ ਦਾ ਰਾਜ ਭਾਗ ਉਸ ਦੇ ਹਵਾਲੇ ਕਰ ਦਿੱਤਾ ਗਿਆ। ਉਹ ਦੋਵੇਂ ਬੜੇ ਆਨੰਦ ਵਿਚ ਜੀਵੇ ਤੇ ਉਹਨਾਂ ਦੇ ਘਰ ਦੋ ਲੜਕੇ, ਦੋ ਲੜਕੀਆਂ ਨੇ ਜਨਮ ਵੀ ਲਿਆ। ਅੰਤ ਇਕ ਵਾਰ ਜਦ ਥ਼ੋਬੀਜ਼ ਵਿਚ ਇਕ ਭਿਆਨਕ ਮਹਾਂਮਾਰੀ ਫੈਲੀ ਤਦ ਇਹ ਆਕਾਸ਼ਬਾਣੀ ਹੋਈ ਕਿ ਜਦ ਤੀਕਰ ਲਾਇਅਸ ਦੇ ਕਾਤਲ ਨੂੰ ਦੇਸ ਵਿਚੋਂ ਕੱਢ ਨਹੀਂ ਦਿੱਤਾ ਜਾਂਦਾ, ਉਦੋਂ ਤੀਕਰ ਲੋਕਾਂ ਦਾ ਕਲਿਆਣ ਨਹੀਂ ਹੋਵੇਗਾ। ਇਡੀਪਸ ਨੇ ਕਾਤਲ ਦੀ ਤਲਾਸ਼ ਕਰਾਉਣੀ ਆਰੰਭ ਦਿੱਤੀ। ਹੌਲੇ ਹੌਲੇ ਅਸਲੀਅਤ ਉਸ ਉਪਰ ਖੁਲ੍ਹਣੀ ਸ਼ੁਰੂ ਹੋ ਗਈ। ਅੰਤ ਜਦ ਸੱਚ ਉਘੜਿਆ ਤਾਂ ਜੈਕਾਸਟਾ ਨੇ ਆਤਮਘਾਤ ਕਰ ਲਿਆ ਤੇ ਇਡੀਪਸ ਨੇ ਆਪਣੀਆਂ ਅੱਖਾਂ ਨੋਚ ਸੁੱਟੀਆਂ ।

ਫ਼ਰਾਇਡ ਦੇ ਵਿਚਾਰ ਅਨੁਸਾਰ ਇਸ ਅਮਰ ਦੁਖਾਂਤ ਦਾ ਹਰ ਬੰਦੇ ਉਪਰ ਕੇਵਲ ਇਸ ਲਈ ਭਰਪੂਰ ਅਸਰ ਪੈਂਦਾ ਹੈ ਕਿਉਂਕਿ ਹਰ ਬੰਦਾ ਜੀਵਨ ਦੇ ਵਿਸ਼ੇਸ਼ ਮੁਕਾਮ ਤੇ ਆਪ ਇਹੋ ਜਹੀਆਂ ਇੱਛਾਵਾਂ ਦਾ ਧਾਰਨੀ ਰਿਹਾ ਹੁੰਦਾ ਹੈ। ਉਸ ਅਨੁਸਾਰ "ਜੇਕਰ ਇਡੀਪਸ ਦੀ ਗਾਥਾ

* ਸਫਿੰਕਸ ਦੈਂਤ ਦੀ ਬੁਝਾਰਤ ਸੀ: "ਉਹ ਕੌਣ ਹੈ ਜੋ ਪਹਿਲਾਂ ਚਾਰ ਟੰਗਾ 'ਤੇ ਚਲਦਾ ਹੈ, ਫਿਰ ਦੋਂਹ 'ਤੇ, ਅੰਤ ਤਿੰਨ ਤੇ ?" ਇਡੀਪਸ ਨੇ ਉਤਰ ਦਿੱਤਾ, "ਇਹ ਮਨੁੱਖ ਹੀ ਤਾਂ ਹੈ ਜੋ ਪਹਿਲਾਂ ਹੱਥਾਂ ਪੈਰਾਂ ਤੇ ਰਿੜ੍ਹਦਾ, ਫਿਰ ਦੋ ਟੰਗਾਂ ਉਪਰ ਚਲਦਾ ਤੇ ਬੁੱਢੇ ਵੇਲੇ ਡੰਗੋਰੀ ਹੱਥ ਲੈ, ਮਾਨੋ, ਤਿੰਨ ਟੰਗਾਂ ਉਪਰ ਤੁਰਦਾ ਹੈ। ਸਫਿੰਕਸ ਨੇ, ਇਹ ਉਤਰ ਸੁਣਦਿਆਂ ਸਾਰ ਡੂੰਘੇ ਸਮੁੰਦਰ ਵਿਚ ਛਾਲ ਮਾਰ ਦਿੱਤੀ ਤੇ ਮਰ ਗਿਆ।

ਅਜੋਕੇ ਪਾਠਕ ਨੂੰ ਵੀ ਉਸੇ ਤਰ੍ਹਾਂ ਪ੍ਰਭਾਵਿਤ ਕਰਦੀ ਹੈ ਜਿਵੇਂ ਉਹ ਆਪਣੇ ਵੇਲੇ ਦੇ ਯੂਨਾਨੀਆਂ ਨੂੰ ਕਰਦੀ ਸੀ ਤਾਂ ਇਸ ਦੀ ਕੇਵਲ ਇਕੋ ਇਕ ਵਿਆਖਿਆ ਸੰਭਵ ਹੈ- ਉਹ ਇਹ ਕਿ ਇਹ ਯੂਨਾਨੀ ਦੁਖਾਂਤ ਤਕਦੀਰ ਤੇ ਤਦਬੀਰ ਵਿਚਾਲੇ ਦੇ ਸੰਘਰਸ਼ ਉਪਰ ਅਧਾਰਿਤ ਨਹੀਂ ਸਗੋਂ ਉਸ ਵਿਸ਼ੇਸ਼ ਸੱਚ ਉਪਰ ਆਧਾਰਿਤ ਹੈ ਜਿਸ ਰਾਹੀਂ ਇਸ ਸੰਘਰਸ਼ ਨੂੰ ਅਭਿਵਿਅਕਤ ਕੀਤਾ ਗਿਆ ਹੈ। ਸਾਡੇ ਅੰਦਰ ਅਵੱਸ਼ ਕੋਈ ਐਸੀ ਆਵਾਜ਼ ਹੋਣੀ ਹੈ ਜੋ ਇਡੀਪਸ ਉਪਰ ਵਰਤੀ ਤਕਦੀਰ ਦੀ ਹੋਂਦ ਸ੍ਵੀਕਾਰ ਕਰਦੀ ਹੈ...।"

ਇਸ ਦੇ ਸਬੂਤ ਵਜੋਂ ਫ੍ਰਾਇਡ ਦੱਸਦਾ ਹੈ ਕਿ ਤਿੰਨ ਤੋਂ ਛੇ ਸਾਲ ਦੇ ਦਰਮਿਆਨ ਬੱਚਿਆਂ ਅੰਦਰ ਇਸ ਪ੍ਰਕਾਰ ਦੀ ਇੱਛਾ ਉਭਰਦੀ ਹੈ। ਇਸ ਉਮਰ ਦਾ ਲੜਕਾ ਆਪਣੀ ਮਾਂ ਨੂੰ ਹੀ ਵਧੇਰੇ ਪਿਆਰ ਨਹੀਂ ਕਰਦਾ ਆਪਣੇ ਪਿਤਾ ਨੂੰ ਇਸ ਪਿਆਰ ਦੇ ਰਾਹ ਵਿਚ ਵਿਘਨ ਵੀ ਮੰਨਦਾ ਹੈ। ਇਹ ਗੱਲ ਕਈ ਵਾਰ ਉਹਨਾਂ ਦੀਆਂ ਸਹਿਵਨ ਕੀਤੀਆਂ ਗੱਲਾਂ ਵਿਚੋਂ ਝਲਕਣ ਵੀ ਲੱਗ ਪੈਂਦੀ ਹੈ, ਜਿਵੇਂ : "ਜਦ ਮੈਂ ਵੱਡਾ ਹੋਵਾਂਗਾ ਤਾਂ ਮਾਂ ਨਾਲ ਸ਼ਾਦੀ ਕਰਾਂਗਾ", ਜਾਂ, "ਪਿਤਾ ਜੀ ਨੇ ਵਾਂਢੇ ਜਾਣਾ ਹੈ ਤਾਂ ਬੇਸ਼ੱਕ ਜਾਣ, ਮੈਂ ਆਪਣੀ ਮਾਂ ਦੀ ਦੇਖ ਭਾਲ ਕਰਾਂਗਾ।" ਫ੍ਰਾਇਡ ਦੇ ਸਿਧਾਂਤ ਅਨੁਸਾਰ ਵਾਂਢੇ ਜਾਣਾ ਮਰ ਜਾਣ ਦਾ ਪ੍ਰਤੀਕ ਹੁੰਦਾ ਹੈ। ਇਸ ਨਾਤੇ, ਦਰ ਅਸਲ, ਬੱਚਾ ਇਹ ਕਹਿ ਰਿਹਾ ਹੁੰਦਾ ਹੈ ਕਿ 'ਪਿਤਾ ਜੀ ਬੇਸ਼ੱਕ ਮਰ ਜਾਣ, ਮੈਂ ਆਪਣੀ ਮਾਂ ਨਾਲ ਰਹਾਂਗਾ।'

ਇਡੀਪਸ ਮਨੋਗੰਢ, ਫ੍ਰਾਇਡ ਦੀਆਂ ਨਜ਼ਰਾਂ ਵਿਚ ਮਨੋਰੋਗਾਂ ਦੀ ਕੇਂਦਰੀ ਮਨੋਗੰਢ ਹੈ। ਢੇਰ ਸਾਰੇ ਮਨੋਵਿਗਾੜਾਂ ਦੀ ਜੜ੍ਹ ਉਸ ਨੂੰ ਇਸੇ ਮਨੋਗੰਢ ਵਿਚ ਲੱਗੀ ਦਿਸਦੀ ਹੈ। ਸਾਧਾਰਨ ਬੱਚਿਆਂ ਵਿਚ ਤਾਂ ਇਹ ਮਨੋਗੰਢ ਸਮਾ ਪਾ ਕੇ ਸਮਾਪਤ ਹੋ ਜਾਂਦੀ ਹੈ ਤੇ ਬੱਚੇ ਮਾਪਿਆਂ ਤੋਂ ਅਲੱਗ ਹੋਰ ਕੰਮਾਂ ਵਿਚ ਦਿਲਚਸਪੀ ਲੈਣ ਲੱਗਦੇ ਹਨ। ਪਰ, ਕਈ ਬੰਦਿਆਂ ਅੰਦਰ ਇਹ ਮਨੋਗੰਢ ਬਣੀ ਰਹਿੰਦੀ ਹੈ ਤੇ ਮਾਨਸਿਕ ਰੋਗਾਂ ਦਾ ਕਾਰਨ ਬਣ ਜਾਂਦੀ ਹੈ।

## ਖੱਸੀਕਰਨ ਮਨੋ-ਗੰਢ

ਫ੍ਰਾਇਡ ਅਨੁਸਾਰ ਇਡੀਪਸ ਮਨੋ-ਗੰਢ ਹਰੇਕ ਨਰ ਬਾਲਕ ਦੇ ਮਨੋਵਿਕਾਸ ਦਾ ਅੰਗ ਹੁੰਦੀ ਹੈ। ਇਹ ਮਨੋਗੰਢ ਹਰ ਲੜਕੇ ਲਈ ਇਕ ਵਿਸ਼ੇਸ਼ ਖ਼ਤਰੇ ਦਾ ਸ੍ਰੋਤ ਵੀ ਬਣਦੀ ਹੈ। ਆਪਣੀ ਮਾਂ ਲਈ ਪ੍ਰੇਮਪਨ ਦੀ ਅਚੇਤ ਭਾਵਨਾ ਕਾਰਨ ਉਸ ਨੂੰ ਆਪਣੇ ਪਿਤਾ ਪਾਸੋਂ ਸਰੀਰਕ ਹਾਨੀ ਦਾ ਅਚੇਤ ਖ਼ਤਰਾ ਵੀ ਬਣਿਆ ਰਹਿੰਦਾ ਹੈ। ਇਹ ਖ਼ਤਰਾ ਇਕ ਵਿਸ਼ੇਸ਼ ਰੂਪ ਧਾਰਨ ਕਰਨ ਲੱਗ ਪੈਂਦਾ ਹੈ : 'ਕਿਤੇ ਮੇਰਾ ਪਿਤਾ ਰੋਹ ਵਿਚ ਮੇਰਾ ਲਿੰਗ ਕੱਟ ਕੇ ਮੈਨੂੰ ਖੱਸੀ ਹੀ ਨਾ ਕਰ ਦੇਵੇ।'* ਇਸ ਅਚੇਤ ਭੈ ਕਾਰਨ ਬਾਲਕ ਦੇ ਮਨ ਵਿਚ ਇਕ ਹੋਰ ਤੇ ਨਵੀਂ ਮਨੋਗੰਢ ਪੈਦਾ ਹੋ ਜਾਂਦੀ ਹੈ ਜਿਸ ਨੂੰ ਫ੍ਰਾਇਡ 'ਖੱਸੀਕਰਨ ਮਨੋ-ਗੰਢ' ਦਾ ਨਾਮ ਦੇਂਦਾ ਹੈ।

ਬੱਚੇ ਦੇ ਲਿੰਗਿਕ ਵਿਕਾਸ ਵਿਚ ਪਹਿਲਾਂ ਬਹੁਰੰਗੀ ਵਿਪੱਥ ਲਿੰਗਿਕਤਾ ਦਾ ਵਰਤਾਰਾ

* 'ਖੱਸੀਕਰਨ' ਤੋਂ ਫ੍ਰਾਇਡ ਦਾ ਵਿਸ਼ੇਸ਼ ਅਰਥ ਲਿੰਗ ਤੋਂ ਵਾਂਝਿਆਂ ਕਰਨਾ ਹੈ।

ਵਰਤਦਾ ਹੈ। ਉਸ ਤੋਂ ਉਪਰੰਤ 5 ਤੋਂ 12 ਸਾਲ ਦੀ ਆਯੂ ਤਕ 'ਲੁਪਤ ਲਿੰਗਿਕਤਾ' ਵਰਤਦੀ ਹੈ। ਜੇ ਇਡੀਪਸ ਮਨੋ-ਗੰਢ 'ਵਿਪੱਥ ਲਿੰਗਿਕਤਾ' ਦੀ ਲਖਾਇਕ ਹੈ ਤਾਂ ਖੱਸੀਕਰਨ ਮਨੋ-ਗੰਢ 'ਲੁਪਤ ਲਿੰਗਿਕਤਾ' ਦੀ। ਪਿਛਲੇਰੀ ਮਨੋ-ਗੰਢ ਕਾਰਨ (ਖੱਸੀ ਕੀਤੇ ਜਾਣ ਦੇ ਭੈ ਤੋਂ) ਬਾਲਕ ਆਪਣੇ ਪਿਤਾ ਨਾਲ ਆਪਣਾ ਆਤਮੀਕਰਣ ਕਰਨ ਲੱਗ ਪੈਂਦਾ ਹੈ।

ਉਪਰੋਕਤ ਦੋਨਾਂ ਮਨੋਗੰਢਾਂ ਦਾ ਵਿਕਾਸ, ਫ਼੍ਰਾਇਡ ਅਨੁਸਾਰ, ਹਰ ਨਰ ਬਾਲਕ ਦੇ ਮਨੋ-ਲਿੰਗਿਕ ਵਿਕਾਸ ਦਾ ਜ਼ਰੂਰੀ ਹਿੱਸਾ ਹੁੰਦਾ ਹੈ।

## ਇਲੈਕਟਰਾ ਮਨੋ-ਗੰਢ

ਉਪਰੋਕਤ ਮਾਨਸਿਕ ਗੰਢਾਂ ਨਰ ਬਾਲਕਾਂ ਦੇ ਮਨੋ-ਲਿੰਗਿਕ ਵਿਕਾਸ ਨਾਲ ਸੰਬੰਧਤ ਹਨ। ਲੜਕੀਆਂ ਦਾ ਵਿਕਾਸ ਰਤਾ ਵੱਖਰਾ ਜਿਹਾ ਹੁੰਦਾ ਹੈ। ਲੜਕਿਆਂ ਵਾਂਗ ਲੜਕੀਆਂ ਲਈ ਵੀ ਮਾਂ ਹੀ ਉਹਨਾਂ ਦੀ ਮੁਢਲੀ ਪ੍ਰੇਮ-ਪਾਤਰ ਹੁੰਦੀ ਹੈ, ਪਰ ਉਹਨਾਂ ਲਈ ਲੜਕਿਆਂ ਵਾਕਰ ਆਪਣੇ ਪਿਤਾ ਦਾ ਆਤਮੀਕਰਣ ਕਰਨਾ ਤੇ ਉਸ ਦੇ ਕਰਤੱਵ ਨੂੰ ਆਪਣਾ ਕਰਤੱਵ ਬਣਾ ਸਕਣਾ ਔਖਾ ਹੁੰਦਾ ਹੈ। ਇਸ ਲਈ ਕਿਉਂਕਿ ਉਹਨਾਂ ਪਾਸ ਪਿਤਾ ਜੇਹਾ ਲਿੰਗ ਇੰਦਰਾ ਨਹੀਂ ਹੁੰਦਾ। ਇਸ ਲਈ ਉਹ ਆਪਣੇ ਆਪ ਨੂੰ ਇਕ ਖੱਸੀ ਸ਼ੁਦਾ ਵਸਤ ਸਮਝਦੀਆਂ ਹਨ। ਆਪਣੀ ਇਸ ਦਸ਼ਾ ਲਈ ਉਹ ਆਪਣੀ ਮਾਂ ਨੂੰ ਦੋਸ਼ੀ ਠਹਿਰਾਉਂਦੀਆਂ ਹਨ। ਇਸੇ ਕਰਕੇ ਹਰ ਲੜਕੀ ਦੇ ਅਚੇਤਨ ਵਿਚ ਆਪਣੀ ਮਾਂ ਲਈ ਵੈਰ ਭਾਵਨਾ ਪੈਦਾ ਹੁੰਦੀ ਹੈ। ਇਉਂ ਇਕ ਮਨੋ-ਗੰਢ ਲੜਕੀਆਂ ਦੇ ਅਚੇਤਨ ਵਿਚ ਪੈਦਾ ਹੁੰਦੀ ਹੈ ਜੋ ਲੜਕਿਆਂ ਵਾਲੀ ਇਡੀਪਸ ਮਨੋ-ਗੰਢ ਦਾ ਇਕ ਤਰ੍ਹਾਂ ਦਾ ਪ੍ਰਤਿਰੂਪ ਹੁੰਦੀ ਹੈ। ਫ਼੍ਰਾਇਡ ਨੇ ਇਸ ਨੂੰ 'ਇਲੈਕਟਰਾ ਮਨੋ-ਗੰਢ' ਨਾਮ ਦਿੱਤਾ। ਇਡੀਪਸ ਵਾਂਗ ਇਹ ਨਾਮ ਵੀ ਯੂਨਾਨੀ ਮਿਥਿਹਾਸ ਗਾਥਾ ਤੋਂ ਲਿਆ ਗਿਆ।

ਇਲੈਕਟਰਾ, ਤਿੰਨ ਪ੍ਰਮੁਖ ਨਾਟਕਕਾਰਾਂ-ਸੋਫ਼ੋਕਲੀਜ਼, ਯੂਰਿਪਿਡੀਜ਼ ਤੇ ਈਸਕਾਈਲਸ-ਦੇ ਲਿਖੇ ਦੁਖਾਂਤਾਂ ਦੀ ਪ੍ਰਮੁਖ ਨਾਇਕਾ ਹੈ। ਇਹਨਾਂ ਤਿੰਨਾਂ ਦੁਖਾਂਤਾਂ ਦਾ ਆਧਾਰ ਇਕੋ ਹੀ ਵਿਥਿਆ ਹੈ ਜਿਸ ਦੀ ਸੰਖੇਪ ਰੂਪ ਰੇਖਾ ਇਸ ਪ੍ਰਕਾਰ ਹੈ :

ਓਰੈਸਟਸ ਜਦੋਂ ਕਈ ਵਰ੍ਹੇ ਪਰਦੇਸ ਵਿਚ ਬਿਤਾ ਕੇ ਅਰਗੋਸ ਵਾਪਸ ਪਰਤਿਆ ਤਾਂ ਆਪਣੀ ਭੈਣ ਇਲੈਕਟਰਾ ਨੂੰ ਮਿਲਿਆ। ਇਲੈਕਟਰਾ ਨੇ ਉਸ ਨੂੰ ਦੱਸਿਆ ਕਿ ਉਨ੍ਹਾਂ ਦੇ ਪਿਤਾ ਐਗੈਮੈਮਨੋਨ ਨੂੰ ਉਨ੍ਹਾਂ ਦੀ ਮਾਂ ਕਲਾਈਟੀਮੈਂਸਟ੍ਰਾ ਨੇ ਆਪਣੇ ਪੂਰਬਲੇ ਪ੍ਰੇਮੀ ਤੇ ਮੌਜੂਦਾ ਖ਼ਾਵੰਦ ਈਗਿਸਥਸ ਨਾਲ ਰਲ ਕੇ ਗੁਸਲਖਾਨੇ ਦੇ ਟੱਬ ਵਿਚ ਮਾਰ ਸੁਟਿਆ। ਇਸ ਦੁਖ ਦਾ ਨਾਸੂਰ ਅਜੇ ਤੀਕ ਇਲੈਕਟ੍ਰਾ ਦੇ ਅੰਦਰ ਜਰਲਾ ਰਿਹਾ ਸੀ। ਉਸ ਨੇ ਆਪਣੇ ਭਰਾ ਨੂੰ ਪ੍ਰੇਰਿਆ ਕਿ ਮਾਂ ਤੇ ਉਸ ਦੇ ਪ੍ਰੇਮੀ ਤੋਂ ਆਪਣੇ ਨਾਇਕ-ਪਿਤਾ ਦੇ ਕਤਲ ਦਾ ਬਦਲਾ ਲਿਆ ਜਾਵੇ। ਭਰਾ ਪਾਸੋਂ ਉਹਨਾਂ ਦੋਹਾਂ ਨੂੰ ਮਰਵਾ ਕੇ ਤੇ ਬਦਲੇ ਦੀ ਪ੍ਰਬਲ ਭਾਵਨਾ ਨੂੰ ਪੂਰਿਆ ਕਰਕੇ ਹੀ ਇਲੈਕਟ੍ਰਾ ਨੇ ਚੈਨ ਲਿਆ।



ਚਿਤ੍ਰ ਨੰ: 19 : ਓਰੈਸਟਸ ਤੇ ਕਲਾਈਟੀਮੈਂਸਟ੍ਰਾ

ਉਪਰੋਕਤ ਦੁਖਾਂਤ ਦੇ ਦਰਦਨਾਕ ਕਤਲਾਂ ਦੇ ਪਸਿੱਤੇ ਇਲੈਕਟ੍ਰਾ ਦੀ ਜ਼ੋਰਦਾਰ ਸ਼ਹਿ ਹੀ ਕੰਮ ਕਰ ਰਹੀ ਸੀ। ਐਪਰ ਜਿਹੜੀ ਮਾਨਸਿਕ ਆਤਮ-ਪ੍ਰੇਰਨਾ ਨੇ ਉਸ ਨੂੰ ਆਪਣੇ ਭਰਾ ਰਾਹੀਂ ਇਹ ਕਤਲ ਕਰਵਾਉਣ ਲਈ ਉਕਸਾਇਆ, ਉਹ ਇਤਨੀ ਉਸਦੀ ਆਪਣੇ ਪਿਤਾ ਪ੍ਰਤੀ ਸ਼ਰਧਾ ਨਹੀਂ ਸੀ, ਜਿਤਨੀ ਮਾਂ ਪ੍ਰਤੀ ਘਿਰਣਾ ਸੀ।

ਉਸ ਦਾ ਭਰਾ ਓਰੈਸਟਸ ਉਸ ਦੇ ਟਾਕਰੇ ਬੜਾ ਕਮਜ਼ੋਰ ਪਾਤਰ ਸੀ। ਉਹ ਈਗਸਥਸ ਦੀ ਮੌਤ ਤਾਂ ਚਾਹੁੰਦਾ ਸੀ, ਪਰ ਆਪਣੀ ਮਾਂ ਦਾ ਕਾਤਲ ਨਹੀਂ ਸੀ ਬਣਨਾ ਚਾਹੁੰਦਾ। ਗਹੁ ਨਾਲ ਵੇਖੀਏ ਤਾਂ ਉਸ ਦੇ ਵਤੀਰੇ ਪਿੱਛੇ ਇਡੀਪਸ ਮਨੋ-ਗੰਢ ਕਾਰਜਸ਼ੀਲ ਪ੍ਰਤੀਤ ਹੁੰਦੀ ਹੈ। ਉਹ ਆਪਣੇ ਪਿਤਾ ਦੀ ਥਾਂ ਲੈਣ ਵਾਲੇ (=ਪਿਤਾ ਰੂਪ) ਈਗਸਥਸ ਨੂੰ ਤਾਂ ਮਾਰਨਾ ਚਾਹੁੰਦਾ ਹੈ ਪਰ ਆਪਣੀ ਮਾਂ ਨੂੰ ਨਹੀਂ (ਭਾਵੇਂ ਉਹ ਕੁਕਰਮਣ ਹੀ ਸੀ)। ਆਪਣੀ ਮਾਂ ਦਾ ਕਤਲ ਉਹ ਕੇਵਲ ਆਪਣੀ ਡਾਢੀ ਭੈਣ ਦੇ ਮਾਨਸਿਕ ਦਬਾਓ ਹੇਠ ਆ ਕੇ ਕਰਦਾ ਹੈ।

ਫ੍ਰਾਇਡ ਦੀਆਂ ਖੋਜੀਆਂ ਇਡਪਿਸ ਤੇ ਇਲੈਕਟ੍ਰਾ ਮਨੋ-ਗੰਢਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਮਾਪਿਆਂ ਨਾਲ ਬਚਪਨ ਵਿਚ ਬਣੇ ਸੰਬੰਧਾਂ ਦਾ ਅਸਰ ਕੇਵਲ ਬਚਪਨ ਵਿਚ ਹੀ ਫਲੀਭੂਤ ਨਹੀਂ ਹੁੰਦਾ, ਸਗੋਂ ਉਮਰ ਭਰ ਵਿਅਕਤੀ ਉਪਰ ਹਾਵੀ ਰਹਿੰਦਾ ਤੇ ਉਸ ਦੀ ਜ਼ਿੰਦਗੀ ਦੀ ਸੇਧ ਨੇਮਦਾ ਹੈ।

### ਅਣਸੁਲਝੀਆਂ ਮਨੋ-ਗੰਢਾਂ

ਬਚਪਨ ਵਿਚ ਉਪਜਣ ਵਾਲੀਆਂ ਉਪਰੋਕਤ ਮਨੋ-ਗੰਢਾਂ ਤੇ ਉਹਨਾਂ ਦੇ ਸਮਾਧਾਨ ਦਾ ਬੱਚੇ ਦੇ ਭਵਿੱਖ ਉਪਰ ਬੜਾ ਅਸਰ ਹੁੰਦਾ ਹੈ। ਵੱਡਿਆਂ ਹੋ ਕੇ ਕਿਸੇ ਵਿਅਕਤੀ ਦਾ ਲਿੰਗ-ਕਿਰਿਆ ਵਲ ਕੀ ਵਤੀਰਾ ਹੁੰਦਾ ਹੈ, ਉਸ ਅੰਦਰ ਪਿਆਰ ਕਰਨ ਦੀ ਤੇ ਲਿੰਗੀ ਜ਼ਿੰਮੇਵਾਰੀਆਂ ਨਿਭਾਉਣ ਦੀ ਕਿਤਨੀ ਯੋਗਤਾ ਹੁੰਦੀ ਹੈ, ਉਹ ਆਪਣਾ ਜੀਵਨ-ਸਾਥੀ ਕਿਹੋ ਜਿਹਾ ਚੁਣਦਾ ਹੈ ਇਹ ਤੇ ਇਹੋ ਜਿਹੀਆਂ ਹੋਰ ਕਈ ਸਮੱਸਿਆਵਾਂ ਦਾ ਹੱਲ ਉਹ ਆਪਣੀਆਂ ਅਚੇਤ ਮਨੋ-ਗੰਢਾਂ ਦੇ ਅਸਰ ਹੇਠਾਂ ਕਰਦਾ ਹੈ। ਇਕ ਦੋ ਉਦਹਾਰਨਾਂ ਨਾਲ ਇਸ ਗੱਲ ਨੂੰ ਵਧੇਰੇ ਸਪਸ਼ਟ ਕਰਦੇ ਹਾਂ:

ਮੇਰੀ ਇਕ ਮਰੀਜ਼ ਲੜਕੀ ਸੀ, 30-32 ਵਰ੍ਹਿਆਂ ਦੀ। ਸ਼ਾਦੀ ਉਸ ਦੀ ਅਜੇ ਨਹੀਂ ਸੀ ਹੋਈ। ਦਰ ਅਸਲ ਮਾਪਿਆਂ ਦੀ ਨਿੱਤ ਦੀ ਤੂੰ ਤੂੰ, ਮੈਂ ਮੈਂ ਤੋਂ ਉਸ ਦਾ ਦਿਲ ਚੁਕਿਆ ਗਿਆ ਸੀ। ਮਾਂ ਉਸ ਦੀ ਪਾਸ ਸਮਾਜਕ ਰੁਤਬਾ ਵੀ ਸੀ, ਸਤਿਕਾਰ ਵੀ। ਪਰ ਲੜਕੀ ਦੇ ਗਿਆਨ ਵਿਚ ਮਾਂ ਦੇ ਅਸੰਜਮੀ ਨੈਤਿਕ ਜੀਵਨ ਦੀਆਂ ਕੁਝ ਘਟਨਾਵਾਂ ਰੜਕਦੀਆਂ ਸਨ। ਉਹ ਉਸ ਨੂੰ ਮਨ ਹੀ ਮਨ ਆਪਣੇ ਪਿਤਾ ਦੀ ਧਰੋਹੀ ਗਰਦਾਨਦੀ ਸੀ। ਪਿਤਾ ਉਸ ਦਾ ਅੱਖੜ ਤੇ ਅਨਿਆਈ ਸੁਭਾਅ ਵਾਲਾ ਸੀ ਤੇ ਜਾਤ-ਅਭਿਮਾਨੀ ਵੀ ਸੀ। ਫਿਰ ਵੀ ਉਸ ਨੂੰ ਉਹ ਮਾਂ ਦੇ ਧ੍ਰੋਹ ਦਾ ਸ਼ਿਕਾਰ ਮੰਨਦੀ ਸੀ। ਪਿਤਾ ਦੀ ਪਸੰਦ ਦੇ ਲੜਕੇ ਨਾਲ ਵੀ ਉਹ ਸ਼ਾਦੀ ਕਰਨ ਦੀ ਰਜ਼ਾਮੰਦੀ

ਨਹੀਂ ਸੀ ਦੇ ਸਕਦੀ ਕਿਉਂਕਿ ਉਸ ਦੀ ਚੋਣਕਾਰੀ ਜਾਤ-ਪਾਤ ਉਪਰ ਆਧਾਰਿਤ ਸੀ। ਇਕ ਦਿਨ ਇਕਾਇਕ ਉਸ ਨੇ ਇਕ ਐਸੇ ਬੰਦੇ ਨਾਲ ਵਿਆਹ ਕਰਨ ਦੀ ਠਾਨ ਲਈ ਜੋ ਲਗਭਗ ਉਸ ਦੇ ਪਿਤਾ ਦੀ ਉਮਰ ਦਾ ਸੀ, ਅੱਗੇ ਹੀ ਵਿਆਹਿਆ ਹੋਇਆ ਵੀ ਸੀ, ਤਿੰਨ ਬੱਚਿਆਂ ਦਾ ਪਿਤਾ ਸੀ, ਤੇ ਉਹਨਾਂ ਦੇ ਘਰ ਮਹਿਮਾਨ ਹੋ ਕੇ ਆਇਆ ਸੀ। ਜਿਵੇਂ ਕਿਵੇਂ ਇਹ ਵਿਆਹ ਟਲ ਗਿਆ। ਮਗਰੋਂ ਜਿਸ ਆਦਮੀ ਨਾਲ ਉਸ ਨੇ ਵਿਆਹ ਕਰਵਾਇਆ ਉਹ ਵੀ ਉਸ ਤੋਂ ਕੋਈ ਬਾਰਾਂ ਤੇਰਾਂ ਵਰ੍ਹੇ ਵੱਡਾ ਸੀ। ਸਪਸ਼ਟ ਹੈ ਉਹ ਅਣਸੁਲਝੀ ਇਲੈਕਟ੍ਰਾ ਮਨੋ-ਗੰਢ ਕਾਰਨ ਆਪਣੇ ਜੀਵਨ ਸਾਥੀ ਵਿਚ ਪਿਤਾ ਭਾਲ ਰਹੀ ਸੀ-ਇਕ ਐਸਾ ਪਿਤਾ ਜੋ ਅੱਖੜ ਤੇ ਅਨਿਆਈ ਨਾ ਹੋਵੇ।

ਦੂਜੀ ਮਿਸਾਲ ਜੋ ਅਸੀਂ ਲੈਣ ਲੱਗੇ ਹਾਂ ਉਹ ਸਪਸ਼ਟ ਕਰੇਗੀ ਕਿਵੇਂ ਇਹ ਮਨੋਗੰਢਾਂ ਕਿਸੇ ਸਾਹਿਤਕਾਰ ਦੀ ਲੇਖਣੀ ਵਿਚੋਂ ਵੀ ਝਾਕਣ ਲੱਗ ਪੈਂਦੀਆਂ ਹਨ। ਪੰਜਾਬੀ ਦੇ ਇਕ ਉਘੇ ਤੇ ਪ੍ਰਤਿਭਾਸ਼ਾਲੀ ਆਧੁਨਿਕ ਕਵੀ ਹਨ ਡਾ. ਹਰਭਜਨ ਸਿੰਘ। ਉਹਨਾਂ ਦੀਆਂ ਕੁਝ ਕਵਿਤਾਵਾਂ ਅੰਦਰ ਅਣਸੁਲਝੀ ਇਡੀਪਸ ਮਨੋ-ਗੰਢ ਦਾ ਝਲਕਾਰਾ ਵੱਜਦਾ ਹੈ। ਉਨ੍ਹਾਂ ਦੀ ਇਕ ਕਵਿਤਾ ਹੈ "ਕਾਲੀ ਰਾਤ ਬਿਲੂੰਗਾ ਵਿਲਕੇ"। ਕਾਲੀ ਰਾਤ ਵਿਚ ਇਕ ਬਿਲੂੰਗਾ ਵਿਲਕਿਆ ਹੈ, ਕਵੀ ਦੀ ਆਤਮਾ ਕਲਵਲ ਹੋ ਗਈ। ਇਸ ਬਿਲੂੰਗੇ ਦੀ ਵਿਲਕਣੀ ਵਿਚ ਕਵੀ ਦੀ ਆਪਣੀ ਵਿਲਕਦੀ ਆਤਮਾ ਦੀ ਪ੍ਰਤਿ ਧੁਨੀ ਸੀ ਜੋ ਉਸ ਨੂੰ ਬੇਚੈਨ ਕਰ ਗਈ - ਆਪਣੀ ਮਾਂ ਲਈ। ਇਸੇ ਲਈ ਕਵੀ ਮਾਂ ਨੂੰ ਮੁਖ਼ਾਤਬ ਹੈ:

ਕਾਲੀ ਰਾਤ ਬਿਲੂੰਗਾ ਵਿਲਕੇ
ਮੈਨੂੰ ਨੀਂਦ ਨ ਆਏ
ਨੀ ਮੇਰੀਏ ਮਾਏ।
ਜਨਮ ਦਿਹਾੜੇ ਥਣ ਦਾ ਬਿਰਹਾ
ਕਿਹੜਾ ਬਾਲ ਹੰਢਾਏ
ਨੀ ਮੇਰੀਏ ਮਾਏ।

ਥਣ ਦਾ ਇਹ ਬਿਰਹਾ ਬਿਲੂੰਗੇ ਦਾ ਨਹੀਂ, ਦਰਅਸਲ ਕਵੀ ਦਾ ਆਪਣਾ ਹੀ ਹੈ। ਬਿਲੂੰਗਾਂ ਤਾਂ ਉਸ ਦੀ ਆਤਮਾ ਦੀ ਪ੍ਰਤਿਧੁਨੀ ਹੈ, ਧੁਨੀ ਤਾਂ ਉਸ ਦੇ ਆਪਣੇ ਅੰਦਰ ਹੈ। ਇਹ ਥਣ ਦਾ ਬਿਰਹਾ ਅੱਜ ਦਾ ਨਹੀਂ, ਜਨਮ-ਦਿਹਾੜੇ ਦਾ ਹੈ। ਬਿਲੂੰਗੇ ਦੀ ਵਿਲਕਣੀ ਕਵੀ ਨੂੰ ਆਪਣੇ ਜਨਮ-ਦਿਨ ਤਕ, ਸ਼ਾਇਦ ਜਨਮ-ਛਿਨ ਤਕ ਪਰਤਾ ਕੇ ਲੈ ਗਈ ਹੈ। ਮਾਂ ਦੇ ਥਣਾਂ ਵਿਚ ਉਸ ਦਾ ਆਹਾਰ ਹੀ ਨਹੀਂ ਸੀ, ਇਕ ਨਿੱਘ ਵੀ ਸੀ, ਇਕ ਸੁਰੱਖਿਆ ਵੀ ਸੀ। ਇਹ ਮੁਕੱਦਰ ਕੇਵਲ ਇਸ ਕਵੀ ਦਾ ਤਾਂ ਨਹੀਂ ਅਸ਼ਾਂ ਸਭਨਾ ਦਾ ਹੈ। ਪਰ, ਸਾਡੇ ਵਿਚੋਂ ਬਹੁਤੇ ਇਸ ਭਾਵੀ ਥਾਣੀ ਲੰਘ ਜਾਂਦੇ ਹਨ। ਕਵੀ ਖੜੋਤ ਵਿਚ ਹੈ। ਸਾਮਿਅਕ ਤੌਰ 'ਤੇ ਉਹ ਆਪਣੀ

ਜ਼ਿੰਦਗੀ ਦੇ ਨਾਲ ਨਾਲ ਤੁਰਿਆ ਆਇਆ ਹੈ, ਪਰ ਭਾਵੁਕ ਤੌਰ ਤੇ ਉਹ ਮਾਂ ਨਾਲ ਆਪਣੇ ਸੰਬੰਧਾਂ ਵਿਚ ਅਜੇ ਵੀ ਬੱਝਾ ਪਿਆ ਹੈ। ਇਸੇ ਲਈ ਬਾਰ ਬਾਰ ਉਹ ਉਧਰ ਪ੍ਰਤਿਗਮਨ ਕਰਦਾ ਹੈ। ਐਸਾ ਪ੍ਰਤਿਗਮਨ ਖ਼ਾਸ ਕਰ ਓਦੋਂ ਹੁੰਦਾ ਹੈ ਜਦੋਂ ਬਚਪਨ ਦਾ ਮਨੋ-ਲਿੰਗਿਕ ਵਿਕਾਸ ਅਸਾਧਾਰਨ ਹੋਇਆ ਹੋਵੇ। ਕਵੀ ਐਸੇ ਅਸਾਧਾਰਨ ਵਿਗਾਸ ਦਾ ਸੰਕੇਤ 'ਮੇਰਾ ਬਚਪਨ' ਕਵਿਤਾ ਵਿਚ ਦੇਂਦਾ ਹੈ। ਪਿਤਾ ਗੁਜ਼ਰ ਗਿਆ ਹੈ, ਗ਼ਮਜ਼ਦਾਹ ਮਾਂ ਮੁਸ਼ੱਕਤਾਂ ਕਰਕੇ ਬੱਚੇ ਨੂੰ ਪਾਲ ਰਹੀ ਹੈ। ਘਰ ਦੀਪ-ਵਿਹੂਣਾ ਹੈ। ਦੋਵੇਂ ਜੀ, ਮਾਂ-ਪੁੱਤ, ਹਨੇਰੇ ਦੀ ਝੁੰਬ ਮਾਰ ਕੇ ਸੁੰਞੇ ਪਾਲੇ ਤੋਂ ਬਚਦੇ ਫਿਰਦੇ ਹਨ। ਕੋਈ ਹਾਸਾ ਨਹੀਂ, ਖੇੜਾ ਨਹੀਂ, ਬਾਤ ਨਹੀਂ, ਕਹਾਣੀ ਨਹੀਂ। ਕੇਵਲ ਦੁੱਖ-ਦਰਦ ਦਾ ਸਾਥ ਹੈ। ਪਿਤਾ ਦੀ ਅਰਥੀ ਵਿਚ, ਜਾਪਦਾ ਹੈ, ਬੱਚੇ ਦਾ ਬਚਪਨ ਵੀ ਹੋਮ ਦਿੱਤਾ ਗਿਆ ਹੈ। ਇਸ ਬਾਲਕ ਨੂੰ ਤੁਰੰਤ ਗੱਭਰੂ ਹੋ ਜਾਣ ਦਾ ਆਦੇਸ਼ ਹੈ ਤਾਂ ਜੋ ਉਸ ਦੀ ਨਿਕਰਮਣ ਮਾਂ ਨਿਸ਼ਚਿੰਤ ਹੋ ਕੇ ਉਸ ਦੇ ਕੁੱਛੜ ਸੌਂ ਸਕੇ।

ਪਰ ਅਚੇਤ ਜਾਂ ਸਚੇਤ ਤੌਰ ਤੇ ਕਵੀ ਇਥੇ ਮਾਂ ਨਾਲ ਆਪਣੇ ਅਚੇਤਨ ਸੰਬੰਧ ਵੱਲ ਸੰਕੇਤ ਕਰ ਜਾਂਦਾ ਹੈ, ਜਦ ਉਹ ਕਹਿੰਦਾ ਹੈ :

ਉਂਝ ਤਾਂ ਹਰ ਮਾਂ ਸੁਹਣੀ ਹੁੰਦੀ,
ਪਰ ਮੇਰੀ ਮਾਂ ਵੇਖ ਵੇਖ ਕੇ
ਹਰ ਅੱਖ ਸੁਲਗੇ ਜਿਵੇਂ ਦੁਪਹਿਰੀ।

ਇਸ ਮਾਂ ਦੀ ਸੁੰਦਰਤਾ ਦਾ ਬੋਧ ਉਸ ਨੂੰ ਆਤਮ-ਪਰਕ ਤੌਰ 'ਤੇ ਨਹੀਂ ਵਸਤੂ-ਪਰਕ ਤੌਰ 'ਤੇ ਹੋ ਰਿਹਾ ਹੈ। ਇਹ ਮਾਂ ਹਰੇਕ ਅੱਖ ਲਈ ਸੁਹਣੀ ਹੈ ਜੋ ਇਸ ਨੂੰ ਵੇਖ ਕੇ ਦੁਪਹਿਰ ਵਾਂਗ ਲਿਸ਼ਕ ਉਠਦੀ ਹੈ। ਇਹ ਲਿਸ਼ਕ ਵੀ ਕਵੀ ਦੀ ਆਪਣੀ ਅੱਖ ਦੀ ਹੈ ਜਿਸ ਨੂੰ ਉਹ ਹੋਰਨਾਂ ਦੀ ਅੱਖ ਉੱਪਰ ਆਰੋਪਿਤ ਕਰ ਰਿਹਾ ਹੈ। ਮਾਂ-ਬੇਟੇ ਦੇ ਰਿਸ਼ਤੇ ਸੰਬੰਧੀ ਸ਼ਬਦ ਉਹ ਆਏ ਹਨ, ਜੋ ਇਕ ਪ੍ਰਤੱਖ ਰਿਸ਼ਤੇ ਪਿਛੇ ਕਿਸੇ ਪਰੋਖ ਰਿਸ਼ਤੇ ਵੱਲ ਅਵਿਰਲ ਇਸ਼ਾਰਾ ਕਰੀ ਤੁਰੀ ਜਾਂਦੇ ਹਨ :

ਕਦੀ ਕਦੀ ਮਾਂ ਮੇਰੀ ਆਖੇ
ਵੇ ਮੇਰੇ ਦੁਖ-ਦਰਦ ਦੇ ਹਾਣੀ
ਮੇਰੀ ਹਿੱਕ ਨਾਲ ਲੱਗ ਕੇ ਸੌਂ ਜਾ
ਜਿਸ ਥਾਉਂ ਤੇਰਾ ਬਾਪ ਸਿਧਾਇਆ
ਉਸ ਥਾਵੇਂ ਕੋਈ ਪਾਪ ਨ ਆਵੇ।

ਇਹ ਸਪਸ਼ਟ ਈਡੀਪਸ ਵਾਲਾ ਸੰਬੰਧ ਹੈ। ਜਾਪਦਾ ਹੈ ਅਸਾਧਾਰਨ ਬਚਪਨ ਦੇ ਕਾਰਨ ਕਵੀ ਦੀ ਇਹ ਮਨੋ-ਗੰਢ ਸੁਲਝੀ ਨਹੀਂ, ਉਸ ਦੇ ਨਾਲ ਤੁਰ ਪਈ। ਹੁਣ ਇਹ ਆਪਣੇ ਆਪ ਨੂੰ ਆਪਣੀ ਮਾਂ ਦਾ ਨਵੇਕਲਾ ਮਾਲਕ ਸਮਝਦਾ ਹੈ, ਪਰ ਮਾਂ ਅਜੇ ਵੀ ਉਸ ਨੂੰ ਪ੍ਰਾਪਤ ਨਹੀਂ।

ਪਿਤਾ ਪਰੋਖ ਰੂਪ ਵਿਚ ਮੌਜੂਦ ਹੈ ਤੇ ਸ਼ਰੀਕਾ ਨਿਭਾ ਰਿਹਾ ਹੈ। ਗ਼ੈਰ-ਹਾਜ਼ਰ ਹੋ ਕੇ ਵੀ ਆਪਣੀ ਔਰਤ ਉੱਪਰ ਆਪਣੀ ਮਾਲਕੀ ਬਣਾਈ ਬੈਠਾ ਹੈ। ਇਸੇ ਲਈ ਮਾਂ ਕਵੀ ਨੂੰ ਉਸ ਦੇ ਬਾਪ ਵਾਲਾ ਹੱਕ ਨਹੀਂ ਦੇਂਦੀ। ਉਸਨੂੰ ਬਾਪ ਦੇ ਅਧਿਕਾਰ ਦੀ ਰਾਖੀ ਲਈ ਹੀ ਵਰਤਦੀ ਹੈ। ਇਹ ਉਸ ਦੇ ਸੱਤ ਧਰਮ ਦਾ ਪਹਿਰੇਦਾਰ ਹੈ। ਉਸ ਦੀ ਨਜ਼ਰ ਵਿਚ ਸਾਰਾ ਸੰਸਾਰ ਜਿਵੇਂ ਉਹਨਾਂ ਉਪਰ ਘਾਤ ਲਾਈ ਬੈਠਾ ਹੈ ਤੇ ਬਚਾਓ ਇਸ ਨੇ ਆਪ ਕਰਨਾ ਹੈ।

ਚੌਧਵੀਂ ਸਦੀ ਦੇ ਮਸ਼ਹੂਰ ਇਤਾਲਵੀ ਕਵੀ ਡਾਂਟੇ ਦੀ ਪ੍ਰੇਮ-ਵਿਥਿਆ ਵੀ ਈਡੀਪਸ ਸਥਿਤੀ ਦੇ ਇਕ ਵਿਸ਼ੇਸ਼ ਰੂਪ ਦਾ ਹੀ ਪ੍ਰਗਟਾਵਾ ਕਰਦਾ ਸੀ। ਡਾਂਟੇ ਦੀ ਪ੍ਰੇਮਿਕਾ, ਇਕ ਕੰਜਕ, ਬੀਟ੍ਰਿਸ, ਉਸ ਨੂੰ ਜ਼ਿੰਦਗੀ ਵਿਚ ਕੇਵਲ ਦੋ ਵਾਰ ਹੀ ਮਿਲੀ ਸੀ ਤੇ ਉਹ ਉਸ ਨਾਲ ਕਦੇ ਗੱਲਬਾਤ ਵੀ ਨਹੀਂ ਸੀ ਕਰ ਸਕਿਆ। ਡਾਂਟੇ ਦਾ ਪਿਆਰ ਦਰਅਸਲ ਕੇਵਲ ਆਤਮਪ੍ਰੇਮ ਸੀ ਜੋ ਕਿਸੇ ਵੀ ਔਰਤ ਨੂੰ ਸੰਤੁਸ਼ਟੀ ਨਹੀਂ ਸੀ ਦੇ ਸਕਦਾ। ਇਉਂ ਜਾਪਦਾ ਹੈ ਅਣਸੁਲਝੀ ਇਡੀਪਸ ਮਨੋ-ਗੰਢ ਕਾਰਨ ਡਾਂਟੇ ਆਪਣੀ ਮਾਂ ਨਾਲ ਬੱਝਾ ਹੋਇਆ ਸੀ। ਇਸ ਲਈ ਉਸ ਦੀ ਪ੍ਰੇਮਿਕਾ ਮਾਂ ਦੇ ਰੂਪ ਵਿਚ ਹੀ ਉਸ ਨੂੰ ਪਰਵਾਨ ਹੋ ਸਕਦੀ ਸੀ। ਫਿਰ ਉਹ ਉਸ ਦੀ 'ਪਵਿਤ੍ਰਤਾ' ਨੂੰ ਕਿਵੇਂ ਭੰਗ ਕਰ ਸਕਦਾ ਸੀ? ਡਾਂਟੇ ਦੇ ਮਹਾਂ-ਕਾਵਿ ਅੰਦਰ ਵੀ ਬੀਟ੍ਰਿਸ ਮਾਤ-ਬਿੰਬ ਦੇ ਰੂਪ ਵਿਚ ਅਭਿਵਿਅਕਤ ਹੁੰਦੀ ਹੈ ਤੇ ਚਰਚ-ਮਾਤ ਬਣ ਕੇ ਬਹਿਸ਼ਤ ਵਿਚ ਉਸ ਦਾ ਸੁਆਗਤ ਕਰਦੀ ਹੈ।

......

ਉਪਰੋਕਤ ਸਾਰੀਆਂ ਲਿੰਗਿਕ ਮਨੋ-ਗੰਢਾਂ ਇਕ ਵਿਸ਼ੇਸ਼ ਸਭਿਆਚਾਰਕ ਵਾਤਾਵਰਨ ਅੰਦਰ ਹੀ ਪਨਪਦੀਆਂ ਹਨ। ਕਈ ਵਿਚਾਰਕਾਂ ਦਾ ਖ਼ਿਆਲ ਹੈ ਕਿ ਇਹਨਾਂ ਬਾਰੇ ਫ੍ਰਾਇਡ ਦੇ ਸਿਧਾਂਤ ਉਸ ਦੇ ਸਮੇਂ ਦੇ ਯੂਰਪੀ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ ਉਪਰ ਆਧਾਰਤ ਹਨ।

# 11.
# ਕੁਝ ਹੋਰ ਮਾਨਸਿਕ ਗੰਢਾਂ-2

ਪਿਛਲੇ ਲੇਖ ਵਿਚ ਅਸਾਂ ਜਿਨ੍ਹਾਂ ਮਾਨਸਿਕ ਗੰਢਾਂ ਬਾਰੇ ਚਰਚਾ ਕੀਤੀ, ਉਹ ਲਿੰਗ-ਵਿਕਾਸ ਦੇ ਖੇਤਰ ਵਿਚੋਂ ਪੈਦਾ ਹੁੰਦੀਆਂ ਹਨ ਤੇ ਜਿਨ੍ਹਾਂ ਦਾ ਮੂਲਾਧਾਰ ਅਪਰਾਧ ਦੀ ਭਾਵਨਾ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਇਕ ਮਨੋ-ਗੰਢ ਐਸੀ ਵੀ ਹੈ ਜੋ ਆਤਮ-ਪ੍ਰਗਟਾਵੇ ਦੇ ਖੇਤਰ ਵਿਚੋਂ ਪੈਦਾ ਹੁੰਦੀ ਹੈ ਤੇ ਜਿਸ ਦਾ ਮੂਲਾਧਾਰ ਸ਼ਰਮ ਦੀ ਭਾਵਨਾ ਹੈ। ਇਹ ਹੀਣਤਾ ਦੀ ਮਨੋ-ਗੰਢ ਹੈ ਜਿਸ ਦਾ ਸਵਿਸਥਾਰ ਵਰਨਣ ਡਾ. ਐਲਫ੍ਰੈਡ ਐਡਲਰ (1870-1937) ਨੇ ਕੀਤਾ। ਅਸਟ੍ਰੀਆ ਦਾ ਰਹਿਣ ਵਾਲਾ ਇਹ ਮਨੋ-ਵਿਗਿਆਨੀ ਫ੍ਰਾਇਡ ਦੀ ਪੁਸਤਕ 'ਸੁਪਨਿਆਂ ਦੀ ਵਿਆਖਿਆ' ਤੋਂ ਪ੍ਰਭਾਵਿਤ ਹੋਇਆ ਤੇ 1902 ਵਿਚ ਉਸ ਪਾਸ ਆ ਕੇ ਉਸ ਦੇ ਚਰਚਾ ਮੰਡਲ ਦਾ ਸਦੱਸ ਹੋ ਗਿਆ। ਪਰ ਏਥੇ ਉਹ ਬਹੁਤ ਕਰ ਉਸ ਦਾ ਸਮੀਖਿਅਕ ਹੋ ਕੇ ਵਿਚਰਿਆ ਨਾ ਕਿ ਉਸ ਦਾ ਚੇਲਾ ਹੋ ਕੇ। 1907 ਵਿਚ ਉਸ ਨੇ ਆਪਣੀ ਪੁਸਤਕ 'ਅੰਗਾਂ ਦੀ ਹੀਣਤਾ ਦਾ ਅਧਿਐਨ' ਪ੍ਰਕਾਸ਼ਤ ਕੀਤੀ ਜਿਸ ਦੇ ਸਿੱਧਾਂਤਾਂ ਦੀ ਫ੍ਰਾਇਡ ਨੇ ਬੜੀ ਪੁਰਜੋਸ਼ ਪ੍ਰੋੜ੍ਹਤਾ ਕੀਤੀ।



ਚਿਤ੍ਰ ਨੰ: 20. ਡਾ. ਐਲਫ੍ਰੈਡ ਐਡਲਰ

1910 ਵਿਚ ਐਡਲਰ ਨੂੰ ਵੀਆਨਾ ਦੀ ਮਨੋਵਿਸ਼ਲੇਸ਼ਣ-ਸੁਸਾਇਟੀ ਦਾ ਪ੍ਰਧਾਨ ਥਾਪਿਆ ਗਿਆ। ਫ੍ਰਾਇਡ ਤੇ ਐਡਲਰ ਦੋਵੇਂ ਇਸ ਗੱਲ ਤੇ ਸਹਿਮਤ ਸਨ ਕਿ ਮਾਨਸਿਕ ਰੋਗਾਂ ਦੀਆਂ ਇਲਾਮਤਾਂ ਦੇ ਅਸਲੀ (ਅਚੇਤਨ) ਅਰਥ ਸਮਝ ਕੇ ਹੀ ਉਹਨਾਂ ਦਾ ਇਲਾਜ ਕੀਤਾ ਜਾ ਸਕਦਾ ਹੈ। ਇਸ ਲਈ ਰੋਗੀਆ ਦੇ ਬਚਪਨ ਦੇ ਅਨੁਭਵਾਂ ਦੀ ਜਾਂਚ ਕਰਨੀ ਤੇ ਉਹਨਾਂ ਦੇ ਸੁਪਨਿਆਂ ਦਾ ਵਿਸ਼ਲੇਸ਼ਣ ਕਰਨਾ ਤੇ ਮੁਢਲੇ ਅਨੁਭਵਾਂ ਤੇ ਹਾਲ ਦੇ ਸੁਪਨ-ਚਿੰਨ੍ਹਾਂ ਤੇ ਰੋਗ-ਇਲਾਮਤਾਂ ਵਿਚਾਲੇ ਵਰਤਦਾ ਸੰਬੰਧ ਵਾਚਣਾ ਬਹੁਤ ਜ਼ਰੂਰੀ ਹੈ। 1908 ਦੇ ਕਰੀਬ ਦੋਹਾਂ ਵਿਚਾਲੇ ਬੁਨਿਆਦੀ ਸਿਧਾਂਤਕ ਮਤ-ਭੇਦ ਪੈਦਾ ਹੋਣ ਲਗੇ। ਫ੍ਰਾਇਡ ਦੀ ਦਿਲਚਸਪੀ ਵਿਅਕਤੀ ਦੇ ਭੂਤ-ਕਾਲ ਵਿਚ ਸੀ, ਜਿਥੋਂ ਉਹ ਮਾਨਸਿਕ ਰੋਗਾਂ ਦਾ ਕਾਰਨ ਲੱਭ ਸਕਣ ਦੀ ਸੰਭਾਵਨਾ ਮੰਨਦਾ ਸੀ। ਐਡਲਰ ਦਾ ਵਿਚਾਰ ਭਵਿਖ-ਮੁਖੀ ਸੀ। ਉਸ ਦੀ ਬੁਨਿਆਦੀ ਰੁਚੀ ਰੋਗੀ ਦੀਆਂ ਬੀਤੀਆਂ ਫੋਲਣ ਤੋਂ ਵਧੇਰੇ ਉਸ ਦਾ ਵਰਤਮਾਨ ਤੇ ਭਵਿਖ ਸੰਵਾਰਨ ਦੀ ਸੀ। ਦੋਵੇਂ ਜੀ ਇਕ ਦੂਜੇ ਨੂੰ ਆਪੋ ਆਪਣੇ ਸਿੱਧਾਂਤ-ਵਿਸ਼ੇਸ਼ ਦਾ ਕਾਇਲ ਕਰਨ ਦੇ ਜਤਨ ਕਰਦੇ ਰਹੇ। ਪਰ 1911 ਵਿਚ ਅੱਡ ਹੋ ਗਏ ਤੇ 1912 ਵਿਚ ਐਡਲਰ ਨੇ 'ਵਿਅਕਤੀਗਤ ਮਨੋ-ਵਿਗਿਆਨ' ਦੀ ਆਪਣੀ ਵੱਖਰੀ ਸਿੱਧਾਂਤ-ਧਾਰਾ ਵੀ ਸਥਾਪਿਤ ਕਰ ਲਈ।

ਉਸ ਦੇ ਵਿਚਾਰਾਂ ਵਿਚ ਇਕ ਮਾਨਸਿਕ ਗੰਢ ਦਾ ਉਚੇਚਾ ਤੇ ਸਵਿਸਥਾਰ ਵਰਨਣ ਹੈ; ਉਹ ਹੈ ਹੀਣ-ਭਾਵਨਾ ਦੀ ਮਨੋ-ਗੰਢ। ਗੱਲ ਉਸ ਦੀ ਅੰਗਾਂ ਦੀ ਹੀਣਤਾ ਦੇ ਅਧਿਐਨ ਤੋਂ ਆਰੰਭ ਹੋਈ। ਉਸ ਦੇ ਕਥਨ ਅਨੁਸਾਰ ਕਈ ਮਾਨਸਿਕ ਰੋਗੀਆਂ ਦੀ ਰੋਗਾਤਮਕਤਾ ਦਾ ਆਰੰਭ ਉਸ ਦੇ ਸਰੀਰਕ ਅੰਗਾਂ ਦੀ ਕਿਸੇ ਪ੍ਰਕਾਰ ਦੀ ਹੀਣਤਾ ਤੋਂ ਹੁੰਦਾ ਹੈ। ਉਹ ਭਾਵੇਂ ਗਿੱਠਾ ਹੋਵੇ, ਭਾਵੇਂ ਮਾੜੂਆ, ਲੰਙਾ ਹੋਵੇ, ਭਾਵੇਂ ਲੁੰਞਾ, ਥਥਲਾਂਦਾ ਹੋਵੇ ਜਾਂ ਹਕਲਾਂਦਾ, ਬਦਸ਼ਕਲ ਹੋਵੇ ਜਾਂ ਬੇਡੌਲ, ਉਸ ਅੰਦਰ ਹੀਨਤਾ ਦੇ ਭਾਵ ਉਪਜਣੇ ਸੁਭਾਵਕ ਹਨ। ਇਸ ਹੀਨਤਾ ਦੀ ਉਹ ਕਿਸੇ ਹੀਲੇ ਹਾਨ-ਪੂਰਤੀ ਕਰਨੀ ਲੋਚਦਾ ਹੈ। ਇਸ ਦਾ ਇਕ ਸਾਧਨ ਤਾਂ ਇਹ ਹੈ ਕਿ ਉਹ ਕਿਸੇ ਹੋਰ ਪੱਖੋਂ ਕੋਈ ਪ੍ਰਾਪਤੀ ਹਾਸਲ ਕਰੇ - ਭਾਵੇਂ ਵਪਾਰ ਵਿਚ ਅੱਗੇ ਲੰਘ ਕੇ, ਭਾਵੇਂ ਸੰਗੀਤ ਵਿਚ ਪ੍ਰਬੀਨਤਾ ਪ੍ਰਾਪਤ ਕਰਕੇ, ਭਾਵੇਂ ਉੱਘਾ ਵਿਦਵਾਨ ਹੋ ਕੇ, ਭਾਵੇਂ ਮੁਲਵਾਨ ਖੋਜੀ ਹੋ ਕੇ। ਪਰ ਕਈ ਵਾਰ ਉਹ ਹਾਨ-ਪੂਰਤੀ ਤੋਂ ਹਾਨ-ਅਧਿ-ਪੂਰਤੀ *(ਓਵਰ ਕੰਪਨਸੇਸ਼ਨ)* ਤਕ ਜਾ ਪਹੁੰਚਦਾ ਹੈ ਤੇ ਆਪਣੇ ਲਈ ਅਜਿਹੇ ਟੀਚੇ ਥਾਪ ਲੈਂਦਾ ਹੈ ਜੋ ਉਸ ਦੀ ਵਿੱਤੋਂ ਬਾਹਰ ਹੁੰਦੇ ਹਨ। ਸੋ ਉਹ ਉਹਨਾਂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਪਰ ਤਿਆਗ ਵੀ ਨਹੀਂ ਸਕਦਾ ਕਿਉਂਕਿ ਤਿਆਗਣ ਨਾਲ ਮੁੜ ਉਸ ਦੀ ਹੀਨ-ਭਾਵਨਾ ਉਸ ਉਪਰ ਹਾਵੀ ਹੋ ਜਾਂਦੀ ਹੈ। ਤਦ ਉਸ ਪਾਸ ਚਾਰਾ ਇਹ ਰਹਿ ਜਾਂਦਾ ਹੈ ਕਿ ਉਹ ਕਿਸੇ ਰੋਗ ਦਾ ਆਸਰਾ ਭਾਲੇ ਤੇ ਕਹਿ ਸਕੇ, "ਜੇਕਰ ਮੈਨੂੰ ਇਹ ਰੋਗ ਨਾ ਲੱਗ ਗਿਆ ਹੁੰਦਾ ਤਾਂ ਮੈਂ ਅਵੱਸ਼ ਆਪਣੇ ਟੀਚੇ ਨੂੰ ਪ੍ਰਾਪਤ ਕਰ ਲਿਆ ਹੁੰਦਾ।" ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਸਾਰੇ ਮਾਨਸਿਕ ਰੋਗਾਂ ਦੇ ਓਹਲੇ ਇਸੇ ਅਚੇਤਨ ਵਿਉਂਤ ਦਾ ਵਰਤਾਰਾ ਵਰਤ ਰਿਹਾ ਹੁੰਦਾ ਹੈ।

ਐਡਲਰ ਦੇ ਕਥਨ ਅਨੁਸਾਰ ''ਸਰੀਰਕ ਹੀਨਤਾ ਮਾਨਸਿਕ ਵਿਗਾਸ ਵਿਚ ਵਾਪਰਦੀ ਇਕ ਪ੍ਰਬਲ ਸ਼ਕਤੀ ਹੈ ਜੋ ਆਤਮ-ਪ੍ਰਤਿਭਾ ਤੇ ਸ੍ਵੈ-ਮਾਣ ਨੂੰ ਘਟਾ ਕੇ ਇਕ ਅਜੀਬ ਲਾ-ਯਕੀਨੀ ਤੇ ਅਵਿਸ਼ਵਾਸ ਦੀ ਅਵਸਥਾ ਪੈਦਾ ਕਰ ਦੇਂਦੀ ਹੈ। ਇਸੇ ਤੋਂ ਤਾਕਤ ਹਾਸਲ ਕਰਨ ਦੀ ਇੱਛਾ' ਪੈਦਾ ਹੁੰਦੀ ਹੈ। ਸਰੀਰਕ ਹੀਨਤਾ ਦੇ ਕਾਰਨਾਂ ਵਿਚ ਛੋਟਾ ਕੱਦ, ਬਦਸ਼ਕਲ ਚਿਹਰਾ, ਮਾਹਵਾਰੀ ਦੇ ਰੋਗ, ਸੰਕ੍ਰਾਂਤਕ ਉਤਾਰ *(ਕਲਾਈਮੈਕਟ੍ਰਿਕ)*, ਬੁਢੇਪਾ, ਰੈਨ-ਅੰਧਤਾ, ਖਬਚੂਪੁਣਾ, ਨਾਮਰਦੀ ਆਦਿ ਸ਼ਾਮਲ ਹਨ। ਇਥੇ ਦਿਲਚਸਪ ਗੱਲ ਇਹ ਹੈ ਕਿ ਐਡਲਰ ਆਪ ਕੱਦ ਦਾ ਮਧਰਾ ਸੀ ਤੇ ਤਾਕਤ ਹਾਸਲ ਕਰਨ ਦੀ ਉਸ ਅੰਦਰ ਬੜੀ ਬਲਵਾਨ ਇੱਛਾ ਸੀ ਜਿਸ ਨੂੰ ਉਸ ਨੇ ਕੌਮਾਂਤ੍ਰੀ ਪ੍ਰਸਿੱਧੀ ਦੁਆਰਾ ਪ੍ਰਾਪਤ ਕੀਤਾ।

ਸ਼ਕਤੀ ਪ੍ਰਾਪਤ ਕਰਨ ਦੀ ਇੱਛਾ ਤਾਂ ਸਭਨਾਂ ਅੰਦਰ ਕਿਸੇ ਹੱਦ ਤੱਕ ਮੌਜੂਦ ਹੁੰਦੀ ਹੈ, ਭਾਵੇਂ ਸਰੀਰਕ ਹੀਨਤਾ ਵਾਲੇ ਅੰਦਰ ਹਾਨ-ਅਧਿਪੂਰਤੀ ਦੀ ਲੋੜ ਕਾਰਨ ਬਹੁਤ ਵਧ ਜਾਂਦੀ ਹੈ। ਸ਼ਕਤੀ ਪ੍ਰਾਪਤੀ ਦੀ ਇਹ ਇੱਛਾ ਸਭ ਨੂੰ ਜਨਮ-ਜਾਤ ਪ੍ਰਾਪਤ ਹੁੰਦੀ ਹੈ। ਇਸ ਨੂੰ ਦਿਸ਼ਾ ਤਾਂ ਦਿੱਤੀ ਜਾ ਸਕਦੀ ਹੈ, ਪਰ ਇਸ ਨੂੰ ਮਿਟਾਇਆ ਨਹੀਂ ਜਾ ਸਕਦਾ। ਇਸ ਦੀ ਅਤ੍ਰਿਪਤੀ ਵਿਅਕਤੀ ਦੀ ਸ਼ਖ਼ਸੀਅਤ ਨੂੰ ਊਣਿਆਂ ਕਰ ਦੇਂਦੀ ਹੈ। ਆਤਮ-ਵਿਸ਼ਵਾਸ, ਆਤਮ-ਨਿਰਭਰਤਾ, ਆਤਮ-ਪ੍ਰਾਪਤੀ ਇਸੇ ਦੀ ਪੂਰਤੀ ਦੇ ਹੀ ਭਿੰਨ ਭਿੰਨ ਰੂਪ ਹਨ।

ਆਤਮ-ਪ੍ਰਾਪਤੀ ਵੀ ਆਤਮ-ਵਿਸ਼ਵਾਸ ਵਿਚੋਂ ਹੀ ਪੈਦਾ ਹੁੰਦੀ ਹੈ। ਆਤਮ-ਵਿਸ਼ਵਾਸ ਦਾ ਇਹ ਅਰਥ ਨਹੀਂ ਕਿ ਅਸੀਂ ਹੋਰਨਾਂ ਨੂੰ ਆਪਣੇ ਆਪ ਕੋਲੋਂ ਮਾੜਾ ਸਮਝੀਏ; ਸਗੋਂ ਇਸ ਦਾ ਅਸਲ ਅਰਥ ਇਹ ਹੈ ਕਿ ਸਾਨੂੰ ਆਪਣੇ ਆਪ ਉਪਰ ਭਰੋਸਾ ਹੋਵੇ। ਸਾਨੂੰ ਵਿਸ਼ਵਾਸ ਹੋਵੇ ਕਿ ਕੁਦਰਤ ਨੇ ਸਾਨੂੰ ਕੁਝ ਗੁਣ ਦਿੱਤੇ ਹਨ, ਕੁਝ ਸੰਭਾਵਨਾਵਾਂ ਦਿਤੀਆਂ ਹਨ ਜਿਨ੍ਹਾਂ ਆਸਰੇ ਅਸਾਂ ਸਮਾਜਕ ਭਲਾਈ ਵਿਚ ਕੋਈ ਹਿੱਸਾ ਪਾਉਣਾ ਹੈ, ਕੋਈ ਐਸੀ ਦੇਣ ਦੇਣੀ ਹੈ ਜਿਸ ਨਾਲ ਸਮਾਜ ਅਮੀਰ ਹੋਵੇ ਤੇ ਸਮਾਜਕ ਜ਼ਿੰਦਗੀ ਵਿਚ ਇਕਸੁਰਤਾ ਵਧੇ।

ਜੇਕਰ ਬਚਪਨ ਦੇ ਮਾੜੇ ਅਨੁਭਵਾਂ ਜਾਂ ਜੀਵਨ ਦੀਆਂ ਅਸਫਲਤਾਈਆਂ ਕਾਰਨ ਕਿਸੇ ਵਿਅਕਤੀ ਅੰਦਰ ਆਤਮ-ਵਿਸ਼ਵਾਸ ਦਾ ਘਾਟਾ ਹੋਵੇ ਤਾਂ ਉਸ ਅੰਦਰ ਵੀ ਹੀਨਤਾ ਦੇ ਭਾਵ ਪੈਦਾ ਹੋ ਸਕਦੇ ਹਨ। ਤਦ ਉਸ ਦੇ ਮਨ ਅੰਦਰ ਇੱਕੋ ਵੇਲੇ ਦੋ ਵਿਰੋਧੀ ਲਹਿਰਾਂ ਚੱਲਣ ਲੱਗਦੀਆਂ ਹਨ। ਇਕ ਕਹਿੰਦੀ ਹੈ, 'ਮੈਂ ਸਭ ਕੁਝ ਕਰ ਸਕਦਾ ਹਾਂ'। ਇਹ ਸ਼ਕਤੀ ਦੀ ਇੱਛਾ ਦੇ ਬੋਲ ਹਨ। ਦੂਜੀ ਕਹਿੰਦੀ ਹੈ, 'ਮੈਂ ਕੁਝ ਨਹੀਂ ਕਰ ਸਕਦਾ।' ਇਹ ਹੀਨ ਭਾਵਨਾ ਦੇ ਬੋਲ ਹਨ। ਇਹਨਾਂ ਦੋਹਾਂ ਵਿਰੋਧੀ ਧਾਰਨਾਵਾਂ ਕਾਰਨ ਅੰਦਰ ਇਕ ਮਾਨਸਿਕ ਸੰਘਰਸ਼ ਪੈਦਾ ਹੋ ਜਾਂਦਾ ਹੈ।

ਹੀਨਤਾ ਦੇ ਭਾਵ ਸ਼ਰਮਨਾਕ ਭਾਵ ਹੁੰਦੇ ਹਨ। 'ਸ਼ਰਮ' ਕੋਈ ਸੁਖਾਵਾਂ ਅਨੁਭਵ ਨਹੀਂ ਹੁੰਦਾ। ਇਸ ਤੋਂ ਅਸੀਂ ਮੂੰਹ ਛੁਪਾਂਦੇ ਹਾਂ। ਇਸ ਲਈ ਇਸ ਦਾ ਦਮਨ ਹੋ ਜਾਂਦਾ ਹੈ। ਦਮਿਤ

ਹੋਇਆ ਹੀਨ-ਭਾਵ ਹੀਨਤਾ ਦੀ ਮਨੋ-ਗੰਢ ਬਣ ਜਾਂਦਾ ਹੈ। ਹੁਣ ਚੇਤਨ ਤੌਰ ਤੇ ਭਾਵੇਂ ਇਸ ਵਿਅਕਤੀ ਅੰਦਰ ਹੀਨਤਾ ਦਾ ਕੋਈ ਭਾਵ ਨਾ ਹੋਵੇ ਅਚੇਤਨ ਪੱਧਰ ਤੇ ਉਸ ਅੰਦਰ ਹੀਨ-ਭਾਵਨਾ ਪ੍ਰਬਲ ਰੂਪ ਵਿਚ ਮੌਜੂਦ ਰਹਿੰਦੀ ਹੈ ਤੇ ਉਸ ਦੇ ਸੁਭਾ, ਵਿਚਾਰਾਂ ਤੇ ਵਿਹਾਰ ਉਪਰ ਅਸਰ ਅੰਦਾਜ਼ ਹੁੰਦੀ ਹੈ।

ਇਕ ਸਰਕਾਰੀ ਮਹਿਕਮੇ ਵਿਚ ਇਕ ਬੜੇ ਮਧਰੇ ਕੱਦ ਦਾ ਅਫ਼ਸਰ ਸੀ। ਉਸਦਾ ਸਰਕਾਰੀ ਰੁਤਬਾ ਬੜਾ ਉੱਚਾ ਸੀ ਇਸ ਲਈ ਹੀਨ ਮਹਿਸੂਸ ਕਰਨ ਦੀ ਉਸ ਪਾਸ ਕੋਈ ਵਜ੍ਹਾ ਨਹੀਂ ਸੀ; ਪਰ ਹੀਨਤਾ ਦੀ ਮਨੋਗੰਢ ਉਸ ਅੰਦਰ ਬਣੀ ਹੋਈ ਸੀ। ਇਹ ਮਨੋ-ਗੰਢ ਉਸ ਦੇ ਸੁਭਾ ਉਪਰ ਅਸਰ-ਅੰਦਾਜ਼ ਹੁੰਦੀ ਰਹਿੰਦੀ ਸੀ। ਉਸ ਦੇ ਸ੍ਵੈ-ਮਾਨ ਨੂੰ ਨਿੱਕੀ ਨਿੱਕੀ ਗੱਲ ਉਤੇ ਠੇਸ ਲੱਗ ਜਾਂਦੀ ਸੀ। ਜ਼ਰਾ ਜਿੰਨੀ ਗੱਲ ਨਾਲ ਹੀ ਉਹ ਆਪਣੀ ਬੇਇਜ਼ਤੀ ਹੋ ਗਈ ਮੰਨ ਲੈਂਦਾ ਤੇ ਰੋਹ ਵਿਚ ਆ ਜਾਂਦਾ। ਆਪਣੇ ਮਾਤਹਿਤਾਂ ਵਾਸਤੇ ਉਹ ਹਊਆ ਸੀ ਤੇ ਆਪਣੇ ਅਫ਼ਸਰਾਂ ਅੱਗੇ ਨਿਰਾ ਚੂਹਾ। ਉਸ ਦੇ ਅੰਦਰ, ਹੀਨਤਾ ਦੀ ਮਨੋਗੰਢ ਕਾਰਨ ਹੀ ਵਿਅਕਤਿਤਵ ਦੀਆਂ ਇਹ ਵਿਰੂਪਤਾਈਆਂ ਪੈਦਾ ਹੋਈਆਂ ਸਨ।

ਹੀਨਤਾ ਮਨੋ-ਗੰਢ ਕਾਰਨ ਸੁਭਾਅ ਵਿਚ ਹੋਰ ਵੀ ਕਈ ਪ੍ਰਕਾਰ ਦੀਆਂ ਬੇਕਾਇਦਗੀਆਂ ਪ੍ਰਗਟ ਹੋ ਪੈਂਦੀਆਂ ਹਨ। ਇਕ ਰੂਪ ਇਹਨਾਂ ਬੇਕਾਇਦਗੀਆਂ ਦਾ ਇਹ ਹੈ ਕਿ ਵਿਅਕਤੀ ਆਪਣੇ ਹਾਲਾਤ ਤੋਂ ਅਸੰਤੁਸ਼ਟ ਰਹਿੰਦਾ ਹੈ; ਆਪਣੇ ਆਪ ਨੂੰ ਮੰਦਭਾਗੀ ਸਮਝਦਾ ਤੇ ਆਪਣੇ ਚੌਗਿਰਦੇ ਨੂੰ ਦੋਸ਼ ਦੇਂਦਾ ਰਹਿੰਦਾ ਹੈ। ਇਕ ਹੋਰ ਰੂਪ ਇਸ ਦਾ ਹੈ 'ਝੂਠੀ ਨਿੰਮ੍ਰਤਾ'। ਐਸਾ ਵਿਅਕਤੀ 'ਅਪਰਾਧੀ ਦੂਣਾ ਨਿਵੈ' ਦੇ ਵਾਕ ਅਨੁਸਾਰ ਹਰ ਵੇਲੇ ਅਤਿ ਦੀ ਉਚੇਚੀ ਨਿੰਮ੍ਰਤਾ ਦਾ ਪ੍ਰਦਰਸ਼ਨ ਕਰਦਾ ਹੈ। ਇਸ ਦੇ ਉਲਟ ਇਕ ਤੀਸਰਾ ਰੂਪ ਹੈ 'ਫੋਕਾ ਹੰਕਾਰ'। ਕੁਝ ਲੋਕ ਤਾਂ ਆਪਣੇ ਕਿਸੇ ਗੁਣ ਕਾਰਨ ਅਭਿਮਾਨ ਕਰਦੇ ਹਨ। ਪਰ ਅਜਿਹੇ ਲੋਕ 'ਵਿਣ ਗੁਣ ਗਰਬ ਕਰੰਤ' ਦੇ ਵਾਕ ਅਨੁਸਾਰ ਕੁੜਾਵੀ ਹੈਂਕੜ ਦਾ ਪ੍ਰਦਰਸ਼ਨ ਕਰਦੇ ਫਿਰਦੇ ਹਨ। ਗੁਰਬਾਣੀ ਵਿਚ ਇਹਨਾਂ ਨੂੰ 'ਅਸਲ ਖਰ' ਕਿਹਾ ਗਿਆ ਹੈ। ਚੌਥਾ ਰੂਪ ਜੋ ਹੀਨਤਾ ਦੀ ਮਨੋ-ਗੰਢ ਧਾਰਨ ਕਰਦੀ ਹੈ, ਉਹ ਹੈ 'ਰੋਗਾਤਮਕ ਭਉ' ਦਾ। ਐਸਾ ਭਉ ਵਿਅਕਤੀ ਨੂੰ ਜ਼ਿੰਦਗੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਨਹੀਂ ਵੇਖਣ ਦੇਂਦਾ। ਐਸਾ ਵਿਅਕਤੀ ਭਾਵੇਂ ਕੇਡਾ ਬਲਵਾਨ ਵੀ ਹੋਵੇ ਅੰਦਰੋਂ ਡਰਪੋਕ ਤੇ ਬੁਜ਼ਦਿਲ ਹੁੰਦਾ ਹੈ। ਇਸੇ ਸੰਦਰਭ ਵਿਚ ਗੁਰਵਾਕ ਹੈ: 'ਭੈ ਵਿਚਿ ਜੋਧ ਮਹਾਬਲ ਸੂਰ।। ਭੈ ਵਿਚਿ ਆਵਹਿ ਜਾਵਹਿ ਪੂਰ।।' ਇਸ ਮਨੋ-ਗੰਢ ਦਾ ਇਕ ਹੋਰ ਬਾਹਰੀ ਰੂਪ ਹੈ 'ਅਯੋਗ ਜ਼ੁਲਮ'। ਕਠੋਰ ਤੇ ਅਤਿਆਚਾਰੀ ਵਿਅਕਤੀ ਬਹੁਤੇ ਇਸ ਸ਼ਰੇਣੀ ਵਿਚ ਆਉਂਦੇ ਹਨ। ਐਸੇ ਵਿਅਕਤੀ ਧਰਮ ਨਿਆਂ ਤੋਂ ਦੁਰੇਡੇ ਹੁੰਦੇ ਹਨ। ਐਸੇ ਲੋਕ ਨਿਦੋਸਿਆਂ ਉਤੇ ਜ਼ੁਲਮ ਢਾਹੁੰਦੇ ਰਹਿੰਦੇ ਹਨ। ਇਹਨਾਂ ਵਿਚੋਂ ਕਈ ਨਿੱਕੇ ਬੱਚਿਆਂ ਨੂੰ ਹੀ ਕੁੱਟਦੇ ਵੇਖੇ ਜਾਂਦੇ ਹਨ। ਇਹ ਲੋਕ ਦਰਅਸਲ ਅੰਦਰੋਂ ਖੋਖਲੇ ਹੁੰਦੇ ਹਨ। ਹੋਰ ਕੁਝ ਨਾ ਲੱਭੇ ਤਾਂ ਕੀੜੇ ਮਕੌੜਿਆਂ ਨੂੰ ਹੀ ਪੈਰਾਂ ਹੇਠ ਮਸਲ ਕੇ ਖ਼ੁਸ਼ੀ ਪ੍ਰਾਪਤ ਕਰਦੇ ਹਨ। ਐਸੇ ਇਕ ਵਿਅਕਤੀ ਦੀ ਗੱਲ ਚੇਤੇ ਆਉਂਦੀ ਹੈ।

ਬਚਪਨ ਵਿਚ ਉਸ ਦੀ ਮਾਂ ਮਰ ਗਈ ਤੇ ਮਤੇਈ ਨੇ ਉਸ ਨੂੰ ਪਿਆਰ ਨਾ ਦਿੱਤਾ। ਸਗੋਂ ਨਿੱਤ ਉਸ ਨੂੰ ਗਾਲ੍ਹਾਂ ਕੱਢਣੀਆਂ ਤੇ ਬੁਰਾ ਭਲਾ ਆਖਦੇ ਰਹਿਣਾ। ਇਕ ਗੱਲ ਜੋ ਉਹ ਬਾਰ ਬਾਰ ਜਦ ਵੀ ਗੁੱਸੇ ਹੋਵੇ ਇਸ ਨੂੰ ਕਹਿੰਦੀ ਸੀ, ਉਹ ਸੀ, 'ਤੈਨੂੰ ਕੀੜੇ ਪੈਣ!' ਇਹ ਆਦਮੀ ਹੁਣ ਚੰਗਾ ਧਨਾਢ ਹੋ ਗਿਆ ਸੀ। ਉਸ ਨੇ ਇਕ ਯਤੀਮ-ਖ਼ਾਨਾ ਖੋਲ੍ਹਿਆ ਹੋਇਆ ਸੀ ਤੇ ਚੇਤਨ ਪੱਧਰ 'ਤੇ ਬੜਾ ਧਰਮਾਤਮਾ ਤੇ ਦਇਆਵਾਨ ਸੀ। ਪਰ ਉਸ ਦੇ ਅਚੇਤਨ ਵਿਚ ਬੱਝੀ ਹੀਨਤਾ ਦੀ ਮਨੋ-ਗੰਢ ਅਜੇ ਵੀ ਮੌਜੂਦ ਸੀ। ਉਸ ਨੂੰ, ਅਜੇ ਵੀ ਇਉਂ ਲੱਗਦਾ ਸੀ ਜਿਵੇਂ ਕੋਈ ਉਸ ਨੂੰ ਕਹਿ ਰਿਹਾ ਹੋਵੇ, 'ਤੈਨੂੰ ਕੀੜੇ ਪੈਣ' – ਤੇ ਉਹ ਹਰ ਕੀੜੇ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਸੀ। ਜਿਵੇਂ ਆਪ ਇਹ ਕਹਿ ਰਿਹਾ ਹੋਵੇ, 'ਹੁਣ ਮੈਨੂੰ ਕੀੜੇ ਨਹੀਂ ਪੈ ਸਕਦੇ। ਹੁਣ ਤਾਂ ਮੈਂ ਹੀ ਇਹਨਾਂ ਨੂੰ ਪੈ ਸਕਦਾ ਹਾਂ!'

ਇਸ ਮਨੋ-ਗੰਢ ਦਾ ਬੀਜ ਬਚਪਨ ਵਿਚ ਹੀ ਮਨ ਵਿਚ ਵੜ ਜਾਂਦਾ ਹੈ। ਇਕ ਬੱਚੇ ਨੇ ਆਪਣੀ ਮਾਂ ਨੂੰ ਇਹ ਕਹਿੰਦਿਆਂ ਸੁਣ ਲਿਆ, ''ਇਹ ਬੱਚਾ ਤਾਂ ਸਾਡੀ ਇੱਛਾ ਤੋਂ ਬਿਨਾ ਹੀ ਆ ਗਿਆ। ਅਸਾਂ ਤਾਂ ਗਰਭਪਾਤ ਦੀ ਕੋਸ਼ਿਸ਼ ਵੀ ਕੀਤੀ ਪਰ ਸਫਲ ਨਾ ਹੋਏ। ਫਿਰ ਅਸਾਂ ਇਸ ਨੂੰ ਭਾਵੀ ਸਮਝ ਕੇ ਪਰਵਾਨ ਕਰ ਲਿਆ।'' ਇਸ ਬੱਚੇ ਨੂੰ ਸਦਾ ਹੀ ਇਹ ਪ੍ਰਤੀਤ ਹੁੰਦਾ ਰਿਹਾ ਕਿ ਉਹ ਇਸ ਸੰਸਾਰ ਵਿਚ ਅਣਚਾਹਿਆ ਆ ਵੜਿਆ ਹੈ ਤੇ ਜੀਊਣ ਦਾ ਦੰਭ ਕਰੀ ਜਾ ਰਿਹਾ ਹੈ। ਉਸ ਨੇ ਦੋ ਵੇਰਾਂ ਵਿਸ਼ੈਲੀ ਦਵਾਈ ਖਾ ਕੇ ਆਤਮਘਾਤ ਕਰਨ ਦੇ ਜਤਨ ਵੀ ਕੀਤੇ।

ਕਈ ਵਾਰ ਮਾਪੇ ਜਾਂ ਉਸਤਾਦ ਬੱਚਿਆਂ ਦੀਆਂ ਜੋ ਛੇੜਾਂ ਪਾਉਂਦੇ ਹਨ ਉਹ ਵੀ ਉਹਨਾਂ ਉਪਰ ਹੀਨਤਾ ਦੀ ਛਾਪ ਲਾ ਸਕਦੀਆਂ ਹਨ। ਟਿੱਡੂ, ਗੀਂਡੂ, ਧਿੱਲੜ, ਕਾਲੂ, ਪਿੱਸੂ, ਧੱਖ ਆਦਿ ਜਹੀਆਂ ਛੇੜਾਂ ਬੜੀ ਵਾਰ ਸੁਭਾਵਾਂ ਉਪਰ ਸਦੀਵੀ ਠੱਪਾ ਲਾ ਜਾਂਦੀਆਂ ਹਨ। ਮੇਰੇ ਵਾਕਫ਼ਕਾਰਾਂ ਵਿਚ ਐਸਾ ਵਿਅਕਤੀ ਹੈ ਜਿਸ ਨੂੰ ਨਿੱਕੇ ਹੁੰਦਿਆਂ 'ਲੀਖ' ਕਹਿ ਕੇ ਛੇੜਿਆ ਜਾਂਦਾ ਸੀ। ਹੁਣ ਉਸ ਦੇ ਸੁਭਾਅ ਅੰਦਰ ਬਰਦਾਸ਼ਤ ਦੀ ਬੜੀ ਅਣਹੋਂਦ ਹੈ, ਗੁੱਸਾ ਉਸ ਨੂੰ ਝਟ ਚੜ੍ਹ ਜਾਂਦਾ ਹੈ, ਹੰਕਾਰ ਉਸ ਦਾ ਬੇਕਾਬੂ ਹੋਇਆ ਰਹਿੰਦਾ ਹੈ। ਇਹ ਤਿੰਨੇ ਲੱਛਣ ਉਪਰੋਂ ਤਾਂ ਹੀਨ-ਭਾਵਨਾ ਦੇ ਉਲਟ ਜਾਪਦੇ ਹਨ। ਪਰ ਦਰਅਸਲ ਇਹ ਹੀਨ-ਭਾਵਨਾ ਦੀ ਹੀ ਹਾਣ-ਪੂਰਤੀ ਕਰਦੇ ਹਨ। ਅਚੇਤਨ ਵਿਚ ਵਰਤਦੀ ਹੀਨਤਾ ਦੀ ਮਨੋ-ਗੰਢ ਚੇਤਨ ਪੱਧਰ ਤੇ ਐਸੇ ਲੱਛਣਾਂ ਰਾਹੀਂ ਪ੍ਰਗਟ ਹੋ ਆਉਂਦੀ ਹੈ ਜੋ ਇਸ ਦਾ ਪਰਤਵਾਂ ਰੂਪ ਹੋਣ ਕਾਰਨ ਇਸ ਦੀ ਹਾਣ-ਪੂਰਤੀ ਕਰਦੇ ਹੋਣ।

ਕਦੇ ਕਦੇ ਨਿੱਕੀਆਂ ਨਿੱਕੀਆਂ ਗੱਲਾਂ ਵੱਡੀਆਂ ਬਣ ਵਾਪਰਦੀਆਂ ਹਨ। ਇਕ ਬੱਚਾ ਸਕੂਲ ਜਾਣ ਲੱਗਾ ਤਾਂ ਉਸ ਦੇ ਮਾਂ ਬਾਪ ਨੇ ਬੜੀ ਖੁਸ਼ੀ ਮਨਾਈ, ਲੱਡੂ ਸਾਰੇ ਸਕੂਲ ਵਿਚ ਵੰਡੇ। ਮੁੰਡਿਆਂ ਨੇ ਉਸ ਦੀ ਛੇੜ 'ਲੱਡੂ' ਪਾ ਲਈ। ਕੋਈ ਕੋਈ ਉਸ ਨੂੰ ਇਹ ਵੀ ਆਖ ਜਾਂਦਾ, ''ਇਸ ਦਾ ਬਾਪੂ ਜ਼ਰੂਰ ਹਲਵਾਈ ਹੋਣਾ ਹੈ, ਤਦੇ ਇਤਨੇ ਲੱਡੂ ਲੈ ਆਇਆ।'' ਸਰੀਰ ਵਲੋਂ ਲਿੱਸਾ ਹੋਣ ਕਾਰਨ ਉਹ ਕਿਸੇ ਨੂੰ ਕੁਝ ਆਖ ਵੀ ਨਹੀਂ ਸੀ ਸਕਦਾ। ਫਿਰ ਸਾਰੀ ਉਮਰ ਜਦ ਕਦੇ

ਕੋਈ ਉਸ ਨੂੰ ਲੱਡੂ ਪੇਸ਼ ਕਰਦਾ, ਉਸ ਦਾ ਮੂੰਹ ਲਾਲ ਹੋ ਜਾਇਆ ਕਰਦਾ।

ਬੜੀ ਵਾਰੀ ਨਿੱਕੇ ਭੈਣ ਭਰਾ ਦੇ ਜਨਮ ਮਗਰੋਂ ਵੱਡਾ ਬੱਚਾ ਇਉਂ ਮਹਿਸੂਸ ਕਰਨ ਲੱਗ ਪੈਂਦਾ ਹੈ ਜਿਵੇਂ ਉਸ ਦੀ ਮਾਂ ਹੁਣ ਉਸ ਨੂੰ ਪਿਆਰ ਨਹੀਂ ਕਰਦੀ। ਜਿਹੜੀ ਗੋਦ 'ਤੇ ਹੁਣ ਤੱਕ ਅਵਿਰਲ ਉਸ ਦਾ ਨਵੇਕਲਾ ਹੱਕ ਸੀ, ਉਥੈ ਕੋਈ ਹੋਰ ਆਣ ਬਿਰਾਜਿਆ ਹੈ। ਜੇਕਰ ਬੱਚੇ ਨੂੰ ਇਸ ਘਟਨਾ ਲਈ ਮਾਪਿਆਂ ਨੇ ਤਿਆਰ ਨਾ ਕੀਤਾ ਹੋਵੇ ਤਾਂ ਕਈ ਵਾਰ ਬੱਚੇ ਵਿਚ ਤਿਆਗੇ ਗਏ ਹੋਣ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਜਿਸ ਤੋਂ ਹੀਨ-ਭਾਵਨਾ ਵੀ ਪੈਦਾ ਹੋ ਸਕਦੀ ਹੈ ਤੇ ਨਿੱਕੇ ਭੈਣ ਭਰਾ ਨਾਲ ਈਰਖਾ ਦੇ ਭਾਵ ਵੀ ਪੈਦਾ ਹੋ ਸਕਦੇ ਹਨ। ਐਸੇ ਹੀ ਭਾਵ ਉਸ ਸੂਰਤ ਵਿਚ ਵੀ ਪੈਦਾ ਹੋ ਸਕਦੇ ਹਨ ਜਿਸ ਵਿਚ ਮਾਪੇ ਬੱਚਿਆਂ ਵਿਚਾਲੇ ਕੋਈ ਵਿਤਕਰਾ ਕਰਦੇ ਹੋਣ। ਬੱਚੇ ਬੱਚੀਆਂ ਵਿਚ ਵਿਤਕਰਾ ਤਾਂ ਕਈ ਘਰਾਂ ਵਿਚ ਦੇਖਣ ਵਿਚ ਆਉਂਦਾ ਹੈ। ਅਜਿਹੇ ਘਰਾਂ ਦੀਆਂ ਬੱਚੀਆਂ ਵਿਚ ਹੀਨਤਾ ਦੀ ਮਨੋ-ਗੰਢ ਬਣ ਜਾਣੀ ਕੋਈ ਅਚੰਭੇ ਦੀ ਗੱਲ ਨਹੀਂ।

ਕਿਸ਼ੋਰ ਅਵਸਥਾ ਵਿਚ ਬੱਚੇ ਆਪਣੇ ਆਪ ਆਤਮ-ਚੇਤੰਨ ਹੋ ਜਾਂਦੇ ਹਨ। ਆਪਣੇ ਆਪ ਨੂੰ ਬਣਾ ਸੁਆਰ ਕੇ ਰੱਖਦੇ ਹਨ। ਹੋਰਨਾਂ ਦੀਆਂ ਨਜ਼ਰਾਂ ਵਿਚ ਪਰਵਾਨ ਹੋ ਕੇ ਗੌਰਵ ਪ੍ਰਤੀਤ ਕਰਦੇ ਹਨ। ਜੇ ਕਿਸੇ ਅਭਾਗੇ ਦੇ ਭਾਗੀਂ ਐਸਾ ਨਾ ਹੋਵੇ ਤਾਂ ਉਹ ਇਉਂ ਪ੍ਰਤੀਤ ਕਰਨ ਲੱਗ ਪੈਂਦਾ ਹੈ ਕਿ ਉਹ ਕਿਸੇ ਦੇ ਪਿਆਰ ਦੇ ਕਾਬਿਲ ਨਹੀਂ। ਇਸ ਲਈ ਇਕ ਹੀਨ-ਭਾਵਨਾ ਦੀ ਸ਼ਰਮਸਾਰੀ ਹੰਢਾਉਣ ਲੱਗਦਾ ਹੈ।

ਉਪਰੋਕਤ ਤਰ੍ਹਾਂ ਦੇ ਅਨੁਭਵਾਂ ਕਾਰਨ ਕਈ ਲੋਕਾਂ ਦਾ ਭਾਵੁਕ ਤੌਰ 'ਤੇ ਬਚਪਨ ਦੇ ਪੱਧਰ 'ਤੇ ਹੀ ਸਥਿਰੀਕਰਣ *(ਫ਼ਿਕਸੇਸ਼ਨ)* ਹੋ ਜਾਂਦਾ ਹੈ। ਇਹ ਲੋਕ ਉਮਰ ਵਿਚ ਤਾਂ ਜ਼ਰੂਰ ਵੱਡੇ ਹੋ ਜਾਂਦੇ ਹਨ, ਪਰ ਭਾਵੁਕ ਤੌਰ 'ਤੇ ਬਾਲਗ ਨਹੀਂ ਹੁੰਦੇ ਸਗੋਂ ਬੱਚੇ ਹੀ ਰਹਿੰਦੇ ਹਨ। ਐਸੇ ਲੋਕ ਜ਼ਿੰਦਗੀ ਵਿਚ ਆਪਣਾ ਭਾਗ ਪੂਰੀ ਤਰ੍ਹਾਂ ਅਦਾ ਨਹੀਂ ਕਰ ਸਕਦੇ। ਇਹਨਾਂ ਵਿਚੋਂ ਕਈਆਂ ਨੂੰ ਕੁਦਰਤ ਨੇ ਵੱਡੀ ਯੋਗਤਾ ਬਖਸ਼ੀ ਹੁੰਦੀ ਹੈ, ਪਰ ਇਸ ਦੇ ਬਾਵਜੂਦ ਉਹ ਕੋਈ ਜ਼ਿੰਮੇਵਾਰੀ ਲੈਣ ਤੋਂ ਝਿਜਕਦੇ ਹੀ ਰਹਿੰਦੇ ਹਨ।

ਕਈ ਲੋਕ ਕੋਸ਼ਿਸ਼ ਕਰਦੇ ਹਨ ਕਿ ਉਹ ਆਪਣੇ ਚੇਤਨ ਘਟੀਆਪਨ ਨੂੰ ਅੱਖੋਂ ਓਹਲੇ ਕਰੀ ਰੱਖਣ। ਜੇਕਰ ਉਹ ਇਸ ਦਾ ਪੂਰਾ ਦਮਨ ਨਾ ਕਰ ਸਕਣ ਤਾਂ ਕੋਈ ਹੋਰ ਢੰਗ ਇਸ ਵਲੋਂ ਮੁਖ ਮੋੜ ਸਕਣ ਲਈ ਕਰਨ ਦਾ ਉਪਰਾਲਾ ਕਰਨ ਲੱਗਦੇ ਹਨ। ਉਹ ਇਉਂ ਕਰਨ ਹਿੱਤ ਆਪਣੀਆਂ ਪ੍ਰਾਪਤੀਆਂ ਦਾ ਵਿਖਾਲਾ ਕਰਦੇ ਫਿਰਦੇ ਹਨ; ਭੜਕੀਲੇ ਲਿਬਾਸ ਪਹਿਨਦੇ ਹਨ; ਜਾਂ ਬਹੁਤ ਜ਼ਿਆਦਾ ਗਾਲੜੀ ਹੋ ਜਾਂਦੇ ਹਨ। ਇਹਨਾਂ ਸਾਰੇ ਜਤਨਾਂ ਦੇ ਬਾਵਜੂਦ ਵੀ ਉਹ ਲੋਕ-ਪ੍ਰਿਯ ਨਹੀਂ ਹੋ ਸਕਦੇ।




ਚਿਤ੍ਰ ਨੰ: 21.

ਘਟੀਆਪਨ ਦੀਆਂ ਕੁਝ ਇਲਾਮਤਾਂ ਤਾਂ ਸ਼ਾਇਦ ਸਾਡੇ ਵਿਚੋਂ ਬਹੁਤਿਆਂ ਵਿਚ ਹੋਣ। ਪਰ ਇਹ ਜ਼ਰੂਰੀ ਨਹੀਂ ਕਿ ਅਸੀਂ ਸਾਰੇ ਹੀਨਤਾ ਮਨੋ-ਗੰਢ ਨਾਲ ਗ੍ਰਸਤ ਹਾਂ। ਤਾਂ ਵੀ ਆਤਮ-ਵਿਸ਼ਲੇਸ਼ਣ ਨਾਲ ਸਾਡੇ ਵਿਚੋਂ ਕਈ ਇਹਨਾਂ ਇਲਾਮਤਾਂ ਤੋਂ ਛੁਟਕਾਰਾ ਪਾ ਸਕਦੇ ਹਨ। ਬਚਪਨ ਦੀਆਂ ਘਟਨਾਵਾਂ ਦੁਬਾਰੇ ਚੇਤੇ ਕਰਕੇ ਅਸੀਂ ਪਤਾ ਲਗਾ ਸਕਦੇ ਹਾਂ ਕਿ ਓਦੋਂ ਅਸੀਂ ਕਿਸ ਕਿਸ ਕੋਲੋਂ ਡਰਦੇ ਸਾਂ ਤੇ ਕਿਉਂ। ਕਿਸ ਕਿਸ ਨੇ ਸਾਨੂੰ ਪਿਆਰ ਦੇ ਹੱਕ ਤੋਂ ਵਾਂਝਿਆਂ ਰੱਖਿਆ। ਕਿਸ ਨੇ ਕਦੇ ਸਾਨੂੰ ਨਿਹੱਕਿਆਂ ਸਜ਼ਾ ਦਿਤੀ। ਕਿਸ ਨੇ ਸਾਡਾ ਮੌਜੂ ਉਡਾਇਆ। ਕਿਸ ਨੇ ਸਾਨੂੰ ਨੰਗਿਆਂ ਕਰਕੇ ਸ਼ਰਮਿੰਦਾ ਕੀਤਾ। ਇਹੋ ਜਿਹੇ ਸਭ ਅਨੁਭਵਾਂ ਨੂੰ ਜੇ ਪਹਿਲਾਂ ਅਸੀਂ ਓਵੇਂ ਮਹਿਸੂਸ ਕਰ ਸਕੀਏ ਜਿਵੇਂ ਬਚਪਨ ਵਿਚ ਕੀਤਾ ਸੀ, ਫਿਰ ਬਾਲਗਾਂ ਵਾਂਗ ਤੇ ਦੋਹਾਂ ਦੇ ਅੰਤਰ ਨੂੰ ਪ੍ਰਤੀਤ ਕਰ ਸਕੀਏ ਤਾਂ ਕਈ ਐਸੇ ਪ੍ਰਭਾਵਾਂ ਦਾ ਸਮਾਧਾਨ ਹੋ ਸਕਦਾ ਹੈ ਜੋ ਬਚਪਨ ਵਿਚ ਸਾਡੇ 'ਤੇ ਪਏ ਤੇ ਸਾਨੂੰ ਨਿਰੰਤਰ ਦੁਖੀ ਕਰਦੇ ਆਏ। ਕੋਸ਼ਿਸ਼ ਕਰਕੇ ਸਮਝਣ ਦਾ ਜਤਨ ਕਰੀਏ ਕਿ ਇਹਨਾਂ ਘਟਨਾਵਾਂ ਨਾਲ ਕਿਹੋ ਜਿਹੇ ਭਾਵ ਜੁੜੇ ਹੋਏ ਹਨ। ਫਿਰ ਜੇ ਸੋਚੀਏ ਕਿ ਅਸੀਂ ਕਿਹੜੀ ਗੱਲੇ ਘਟੀਆ ਮਹਿਸੂਸ ਕਰਦੇ ਹਾਂ ਤਾਂ ਸਾਨੂੰ ਉਸ ਦਾ ਕਾਰਨ ਬੜੀ ਵਾਰ ਬਚਪਨ ਦੇ ਅਨੁਭਵਾਂ ਵਿਚੋਂ ਲੱਭ ਪਵੇਗਾ।

ਜਿਨ੍ਹਾਂ ਬੰਦਿਆਂ ਅੱਗੇ ਅਸੀਂ ਘਟੀਆ ਮਹਿਸੂਸ ਕਰਦੇ ਹਾਂ ਕੋਈ ਰੱਬ ਨਹੀਂ ਹੁੰਦੇ, ਸਾਡੇ ਵਰਗੇ ਹੀ ਬੰਦੇ ਹੁੰਦੇ ਹਨ। ਉਹਨਾਂ ਵਿਚੋਂ ਕਈ ਤਾਂ ਆਪ ਹੀਨਤਾ ਦੀ ਮਨੋ-ਗੰਢ ਨਾਲ ਗ੍ਰੱਸੇ ਹੁੰਦੇ ਹਨ। ਉਹਨਾਂ ਦੀਆਂ ਆਪਣੀਆਂ ਸਮੱਸਿਆਵਾਂ ਹੁੰਦੀਆਂ ਹਨ ਜਿਨ੍ਹਾਂ ਤੋਂ ਜੇ ਤੁਸੀਂ ਜਾਣੂ ਹੋਵੋ ਤਾਂ ਘਟੀਆ ਮਹਿਸੂਸ ਕਰਨਾ ਤਜ ਦੇਵੋ।

ਦੁਨੀਆ ਨੂੰ ਬਚਪਨ ਦੀ ਦ੍ਰਿਸ਼ਟੀ ਨਾਲ ਨਾ ਵੇਖੋ। ਯਾਦ ਰੱਖੋ ਬਿੱਲੀ ਵੀ ਰਾਜੇ ਵੱਲ ਵੇਖ ਕੇ ਗੁੱਰਾ ਸਕਦੀ ਹੈ। ਤੁਸੀਂ ਤਾਂ ਬਿੱਲੀ ਤੋਂ ਕਿਤੇ ਵੱਡੇ ਹੋ ਤੇ ਉਹ ਵਿਅਕਤੀ ਜਿਸ ਤੋਂ ਤੁਸੀਂ ਡਰਦੇ ਜਾਂ ਜਿਸ ਅੱਗੇ ਘਟੀਆ ਮਹਿਸੂਸ ਕਰਦੇ ਹੋ ਰਾਜੇ ਤੋਂ ਕਿਤਨਾ ਛੋਟਾ ਹੈ। ਫਿਰ ਹੀਨ-ਭਾਵਨਾ ਕਿਉਂ?

ਜੇਕਰ ਤੁਹਾਡੇ ਵਿਚ ਕੋਈ ਘਾਟ ਹੈ ਵੀ ਤਾਂ ਵੀ ਇਸ ਨੂੰ ਘਟੀਆ ਮਹਿਸੂਸ ਕਰਨ ਦਾ ਕਾਰਨ ਨਾ ਬਣਾਓ। ਇਕ ਚੀਨੀ ਵਾਰਤਾ ਹੈ, "ਮੇਰੇ ਪਾਸ ਪੈਰੀਂ ਪਹਿਨਣ ਨੂੰ ਮੌਜੇ ਨਹੀਂ ਸਨ ਤੇ ਮੈਂ ਨਿੱਤ ਰੋਂਦਾ ਕੁਰਲਾਂਦਾ ਰਿਹਾ। ਤਦ ਮੈਨੂੰ ਇਕ ਬੰਦਾ ਮਿਲਿਆ ਜਿਸ ਦੇ ਪੈਰ ਨਹੀਂ ਸਨ। ਉਸ ਦਿਨ ਤੋਂ ਮੈਂ ਕਦੇ ਰੋਇਆ ਨਹੀਂ।"

# 12.
# ਆਦਿਮ-ਬਿੰਬ

ਆਦਿਮ-ਬਿੰਬ ਜਾਂ ਆਦਿਮ-ਰੂਪ ਅੰਗ੍ਰੇਜ਼ੀ ਪਦ *ਆਰਕੀਟਾਈਪ* ਦਾ ਪਰਿਆਇਵਾਚੀ ਹੈ। *ਆਰਕੀਟਾਈਪ* ਦਾ ਮੂਲ ਸ੍ਰੋਤ ਯੂਨਾਨੀ ਸ਼ਬਦ *'ਆਰਕੀਟਾਈਪਸ'* ਹੈ ਜਿਸ ਦਾ ਅਰਥ ਹੈ 'ਪੁਰਾਤਨਤਮ ਮੁਹਰਛਾਪ'। ਆਦਿਮ-ਬਿੰਬ ਵਿਚਾਰ-ਬਿੰਬਾਂ ਦੇ ਉਹ ਮੂਲ ਝੁਕਾਅ ਹਨ ਜੋ ਬਣਤਰ ਵਲੋਂ ਆਦਿਕਾਲਿਕ, ਪਾਸਾਰ ਵਲੋਂ ਸਰਬ-ਵਿਆਪੀ ਤੇ ਸ੍ਰੋਤ ਵਲੋਂ ਸਮੂਹਕ-ਅਚੇਤਨ ਦੀ ਦੇਣ ਹੋਂਦੇ ਹਨ।

ਆਦਿਮ-ਬਿੰਬ ਤੇ ਸਮੂਹਕ ਅਚੇਤਨ ਦੇ ਜੁੜਵੇਂ ਸਿੱਧਾਂਤ ਪ੍ਰਸਿੱਧ ਮਨੋਵਿਗਿਆਨੀ ਡਾ. ਯੁੰਗ ਦੀ ਦੇਣ ਹਨ। ਡਾਕਟਰ ਕਾਰਲ ਗੁਸਟਾਫ਼ ਯੁੰਗ (1875-1961) ਨੂੰ ਕਈ ਲੋਕ ਫ੍ਰਾਇਡ ਦਾ ਸ਼ਾਗਿਰਦ ਸਮਝਦੇ ਹਨ, ਪਰ ਇਹ ਗੱਲ ਸੱਚ ਨਹੀਂ। ਇਹ ਠੀਕ ਹੈ ਕਿ ਯੁੰਗ ਫ੍ਰਾਇਡ ਨੂੰ ਮਿਲਣ, ਉਸ ਨਾਲ ਕੰਮ ਕਰਨ ਦੇ ਇਰਾਦੇ ਨਾਲ ਵੀਆਨਾ ਗਿਆ ਸੀ - ਉਸੇ ਤਰ੍ਹਾਂ ਜਿਵੇਂ ਯੁੰਗ ਨੂੰ ਮਿਲਣ ਖ਼ਾਤਰ ਫ੍ਰਾਇਡ ਜ਼ਿਊਰਿਕ ਗਿਆ ਸੀ। ਪਰ ਫ੍ਰਾਇਡ ਨੂੰ ਮਿਲਣ ਤੋਂ ਬੜਾ ਚਿਰ ਪਹਿਲਾਂ ਹੀ ਯੁੰਗ ਆਪਣੇ ਕਈ ਸਾਰੇ ਮੂਲ ਸਿੱਧਾਂਤ ਸਥਾਪਿਤ ਕਰ ਚੁੱਕਾ ਸੀ। ਉਸ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਫ੍ਰਾਇਡ ਨੇ ਯੁੰਗ ਨੂੰ ਆਮੰਤ੍ਰਿਤ ਕੀਤਾ ਸੀ। ਪਰ ਫ੍ਰਾਇਡ ਨਾਲ ਕੰਮ ਕਰਨ ਤੇ ਯੁੰਗ ਨੂੰ ਮਾਯੂਸੀ ਹੀ ਹੋਈ। ਫ੍ਰਾਇਡ ਵਲੋਂ ਨਿਰੂਪੇ ਅਚੇਤਨ ਦੇ ਸੀਮਿਤ ਸਿੱਧਾਂਤ ਤੋਂ ਉਹ ਬਿਲਕੁਲ ਅਸੰਤੁਸ਼ਟ ਸੀ; ਤੇ ਫ੍ਰਾਇਡ ਵੀ ਉਸ ਵਲੋਂ ਪੇਸ਼ ਕੀਤੇ ਗਏ ਸਮੂਹਕ ਅਚੇਤਨ ਦੇ ਸਿੱਧਾਂਤ ਕਾਰਨ ਨਾਖ਼ੁਸ਼ ਸੀ। ਫਿਰ ਵੀ ਅਪਣੀ ਖੁਲ੍ਹ-ਦਿਲੀ ਕਾਰਨ ਯੁੰਗ ਫ੍ਰਾਇਡ ਦਾ ਪ੍ਰਸੰਸਕ ਬਣਿਆ ਰਿਹਾ। ਫ੍ਰਾਇਡ ਤੇ ਯੁੰਗ ਸੁਭਾਅ ਵਜੋਂ ਵੀ ਆਪੋ ਵਿਚ ਬਿਲਕੁਲ ਵੱਖਰੇ ਸਨ। ਇਸੇ ਲਈ ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਹੌਲੀ ਹੌਲੀ ਦੋਹਾਂ ਵਿਚਾਲੇ ਬੜਾ ਵੱਡਾ ਨਿਖੇੜਾ ਵਾਪਰ ਗਿਆ।

ਯੁੰਗ ਇਕ ਮਨੋਚਿਕਿਤਸਕ ਸੀ ਤੇ ਮਨੋਰੋਗੀਆਂ ਦਾ ਇਲਾਜ-ਮੁਆਲਜਾ ਉਸ ਦਾ ਕਿੱਤਾ ਸੀ। ਮਨੋਰੋਗਾਂ ਨਾਲ ਸੰਬੰਧਤ ਇਕ ਸੰਸਥਾਨ ਵਿਚ ਉਹ ਕੰਮ ਕਰਦਾ ਸੀ ਤੇ ਮਨੋਰੋਗੀਆਂ ਦੇ ਭਰਮਾਂ-ਵਿਭਰਮਾਂ ਨਾਲ ਉਸ ਦਾ ਨਿੱਤ ਦਾ ਵਾਸਤਾ ਸੀ। ਉਹ ਰੋਜ਼ ਵੇਖਦਾ ਸੀ ਕਿ ਇਹਨਾਂ ਰੋਗੀਆਂ ਅੰਦਰ ਕਈ ਤਰ੍ਹਾਂ ਦੇ ਐਸੇ ਵਿਚੱਤਰ ਤੇ ਬੇਤੁਕੇ ਬਿੰਬ ਤੇ ਵਿਚਾਰ ਪ੍ਰਗਟ ਹੋਂਦੇ ਹਨ ਜੋ ਕਿਸੇ ਨਿੱਜੀ ਅਚੇਤਨ ਵਿਚੋਂ ਆਏ ਪ੍ਰਤੀਤ ਨਹੀਂ ਸਨ ਹੁੰਦੇ। ਗੰਭੀਰ ਵਿਚਾਰ ਮਗਰੋਂ ਉਹ ਇਸ ਸਿੱਟੇ ਤੇ ਪੁੱਜਾ ਕਿ ਇਹ ਅਵੱਸ਼ ਕਿਸੇ ਡੂੰਘੇਰੀ ਮਾਨਸਿਕ ਪੱਧਰ ਤੋਂ ਉਪਜ ਰਹੇ ਹੋਣੇ ਹਨ।

ਉਸ ਦਾ ਖ਼ਿਆਲ ਸੀ ਕਿ ਇਹ ਮਨੁੱਖੀ ਮਾਨਸਿਕਤਾ ਦੀ ਪੁਰਾਤਨਤਮ ਪੱਧਰ ਤੋਂ ਹੀ ਆ ਰਹੇ ਹਨ। ਅੱਗੋਂ ਉਸ ਦੀ ਖੋਜ ਨੇ ਇਹ ਸਿੱਟਾ ਕੱਢਿਆ ਕਿ ਐਸੇ ਬਿੰਬ ਵਿਅਕਤੀਗਤ ਪੱਧਰ ਤੋਂ ਨਹੀਂ ਸਗੋਂ ਸਮੂਹਕ ਪੱਧਰ ਤੋਂ ਉਗਮਦੇ ਹਨ ਤੇ ਸੰਸਾਰ ਭਰ ਦੀਆਂ ਲੋਕ-ਮਿੱਥਾਂ ਵਿਚ ਇਕਸਾਰ ਮੌਜੂਦ ਹੁੰਦੇ ਹਨ। ਇਸੇ ਤਰ੍ਹਾਂ ਦੇ ਬਿੰਬ ਬੜੀ ਵਾਰ ਸੁਪਨਿਆਂ ਵਿਚ ਵੀ ਪਰਗਟ ਹੋਂਦੇ ਹਨ। ਮਨੋਰੋਗੀਆਂ ਦੇ ਸਹਿਜ ਭਾ ਵਾਹੇ ਚ੍ਰਿਤਾਂ ਵਿਚ ਵੀ ਐਸੇ ਬਿੰਬ ਹੀ ਮੂਰਤੀਮਾਨ ਹੋਂਦੇ ਹਨ।



ਚਿਤ੍ਰ ਨੰ: 22.ਸਿਰਾਂ ਦੀ ਪਟਾਰੀ (ਮਨਸਫੋਟ ਦੇ ਰੋਗੀ ਦਾ ਵਾਹਿਆ ਇਕ ਰੇਖਾ ਚਿਤ੍ਰ)

ਇਉਂ ਇਹ ਸਭ ਕਿਸੇ ਸਾਂਝੇ ਸ੍ਰੋਤ ਵਲ ਇਸ਼ਾਰਾ ਕਰਦੇ ਪ੍ਰਤੀਤ ਹੋਂਦੇ ਹਨ। ਇਸ ਸਾਂਝੇ ਸ੍ਰੋਤ ਨੂੰ ਹੀ ਯੁੰਗ ਨੇ ਸਾਮੂਹਕ ਅਚੇਤਨ ਦਾ ਨਾਮ ਦਿੱਤਾ ਤੇ ਇਸ ਕਿਸਮ ਦੇ ਬਿੰਬਾਂ ਨੂੰ *ਆਰਕੀਟਾਈਪ* (=ਆਦਿਮ ਬਿੰਬ) ਦਾ।

ਯੁੰਗ ਦੇ ਵਿਚਾਰ ਅਨੁਸਾਰ ਜਿਵੇਂ ਸਾਡੀਆਂ ਮਾਨਸਿਕ ਪ੍ਰਵਿਰਤੀਆਂ ਸਾਨੂੰ ਨਸਲੀ ਵਿਰਸੇ ਵਿਚ ਮਿਲਦੀਆਂ ਹਨ ਉਵੇਂ ਹੀ ਆਦਿਮ-ਬਿੰਬ ਵੀ ਨਸਲੀ ਵਿਰਸੇ ਰਾਹੀਂ ਹੀ ਸਾਨੂੰ ਪ੍ਰਾਪਤ ਹੋਂਦੇ ਹਨ। ਮਨੋਵਿਰਤੀਆਂ ਵਾਂਗ ਆਦਿਮ-ਬਿੰਬ ਵੀ ਅਸਲੋਂ ਅਨਿੱਜੀ ਹੁੰਦੇ ਹਨ। ਅਨਿੱਜੀ ਤੋਂ ਮੁਰਾਦ ਇਹ ਕਿ ਉਹ ਕਿਸੇ ਨਿੱਜੀ ਅਨੁਭਵ ਰਾਹੀਂ ਪ੍ਰਾਪਤ ਨਹੀਂ ਹੋਂਦੇ। ਮਨੋਪ੍ਰਵਿਰਤੀਆਂ ਤਾਂ ਗਤੀਵਾਨ ਸ਼ਕਤੀਆਂ ਦੇ ਰੂਪ ਵਿਚ ਪ੍ਰਾਪਤ ਹੋਂਦੀਆਂ ਹਨ। ਆਦਿਮ-ਬਿੰਬ ਮੂਰਤਾਂ *(ਇਮੇਜ)* ਬਣ ਕੇ ਸਾਕਾਰ ਹੋਂਦੇ ਹਨ। ਇਹਨਾਂ ਨੂੰ ਮੂਰਤੀਮਾਨ ਹੋਏ ਵਿਆਪਕ ਭਾਵ-ਵਿਚਾਰ ਆਖ ਸਕਦੇ ਹਾਂ। ਇਹੋ ਸਾਡੀ ਕਲਪਨਾਂ ਦੀਆਂ ਮੌਰੂਸੀ ਸੰਭਾਵਨਾਵਾਂ ਹਨ। ਜਿੱਥੇ ਮਨੋਪ੍ਰਵਿਰਤੀਆਂ ਨੂੰ ਵਿਹਾਰਕ ਜੀਵਨ ਦੀਆਂ ਜਨਮ-ਜਾਤ ਜੁਗਤਾਂ ਆਖ ਸਕਦੇ ਹਾਂ,

ਉਥੇ ਆਦਿਮ-ਬਿੰਬ ਵਿਚਾਰਕ ਜੀਵਨ ਦੀਆਂ ਜਨਮ-ਜਾਤ ਜੁਗਤਾਂ ਹੁੰਦੀਆਂ ਹਨ।

ਆਦਿਮ-ਬਿੰਬ ਸਭਨਾਂ ਸਭਿਆਚਾਰਾਂ ਦੀ ਸਾਂਝੀ ਵਸਤ ਹੋਂਦੇ ਹਨ। ਮਨੁੱਖ ਮਾਤ੍ਰ ਦੀ ਹਰ ਕਿਰਿਆ ਅੰਦਰ ਇਹ ਵਿਦਮਾਨ ਹੋਂਦੇ ਹਨ। ਕੇਵਲ ਮਨ ਅੰਦਰ ਹੀ ਇਹਨਾਂ ਦਾ ਵਾਸਾ ਨਹੀਂ ਹੋਂਦਾਂ, ਇਹ ਹਰ ਤਰ੍ਹਾਂ ਦੀ ਪਦਾਰਥਕ, ਸਮਾਜਕ, ਭਾਸ਼ਾਈ, ਸੁਹਜਾਤਮਕ ਤੇ ਅਧਿਆਤਮਕ ਪ੍ਰਕਿਰਿਆ ਵਿਚ ਵੀ ਪ੍ਰਗਟ ਹੁੰਦੇ ਰਹਿੰਦੇ ਹਨ। ਇਹ ਸੰਸਕ੍ਰਿਤੀ ਤੇ ਕਲਪਨਾ ਵਿਚਾਲੇ ਦੀ ਕੜੀ ਹੁੰਦੇ ਹਨ। ਕਲਾ, ਧਰਮ, ਸੁਪਨਿਆਂ ਤੇ ਸਮਾਜਕ ਰਹੁ-ਰੀਤਾਂ ਅੰਦਰ ਇਹਨਾਂ ਦੇ ਵਿਸ਼ੇਸ਼ ਝਲਕਾਰੇ ਵੱਜਦੇ ਹਨ। ਇਹਨਾਂ ਨੂੰ ਹੀ ਅਰਬੀ ਵਿਦਵਾਨ 'ਆਲਮੁਲਮਿਸਾਲ' ਆਖਦੇ ਹਨ। ਇਹੋ ਕਾਲਪਨਿਕ ਯਥਾਰਥ ਦਾ ਨਵੇਕਲਾ ਸੰਸਾਰ ਸਿਰਜਦੇ ਹਨ। ਇਹ ਸੰਸਾਰ ਦ੍ਰਿਸ਼ਟਮਾਨ ਸੰਸਾਰ ਦੀਆਂ ਕਦਰਾਂ ਕੀਮਤਾਂ ਤੋਂ ਅਭਿੱਜ ਕਿਤੇ ਪਰੇ ਦਾ ਸੰਸਾਰ ਹੁੰਦਾ ਹੈ। ਆਦਿਮ ਬਿੰਬਾਂ ਨੂੰ ਜੇ ਮਨੁੱਖੀ ਮਨ ਦਾ ਕਾਵਿਕ ਆਧਾਰ ਸਮਝ ਲਈਏ ਤਾਂ ਗ਼ਲਤ ਨਹੀਂ ਹੋਵੇਗਾ।

ਆਦਿਮ-ਰੂਪਾਂ ਦੀ ਆਧਾਰ-ਸਾਮੱਗ੍ਰੀ ਬਿੰਬ ਹੋਂਦਾਂ ਹੈ। ਬਿੰਬਾਂ ਦੇ ਕਈ ਨਮੂਨੇ ਹਨ: ਸੁਪਨ ਬਿੰਬ, ਕਲਪਨਾ ਬਿੰਬ, ਕਾਵਿ ਬਿੰਬ, ਆਦਿ। ਇਹਨਾਂ ਦਾ ਆਪਣੇ ਆਪ ਤੋਂ ਬਾਹਰ ਕੋਈ ਹੋਰ ਹਵਾਲਾ ਨਹੀਂ ਦਿੱਤਾ ਜਾ ਸਕਦਾ। ਇਹ ਕਿਸੇ ਹੋਰ ਵਸਤ ਦੀ ਬਜਾਏ ਨਹੀਂ ਥਾਪੇ ਗਏ ਹੋਂਦੇ। ਇਹਨਾਂ ਪਾਸ ਆਪਣਾ ਯਥਾਰਥ, ਆਪਣਾ ਅਧਿਕਾਰ, ਆਪਣੀ ਵਾਸਤਵਿਕਤਾ ਤੇ ਆਪਣੀ ਨਿਸ਼ਚਿਤਤਾ ਹੁੰਦੀ ਹੈ।

ਆਦਿਮ ਬਿੰਬਾਵਲੀ ਉਹ ਵਿਆਪਕ ਮਿੱਥ-ਸਮੂਹ ਹੈ ਜੋ ਮਾਨਵੀ ਵਿਚਾਰਾਂ, ਭਾਵਾਂ ਤੇ ਕਿਰ੍ਹਿਆਵਾਂ ਦੇ ਮੂਲ ਲੱਛਣ ਨਿਰਧਾਰਤ ਕਰਦੀ ਹੈ। ਇਹਨਾਂ ਬਿੰਬਾਂ ਦੇ ਅਸਰ ਵਿਅਕਤੀਗਤ ਪ੍ਰਤਿਕਿਰਿਆ ਤੋਂ ਕਿਤੇ ਵਡੇਰੇ ਹੁੰਦੇ ਹਨ। ਇਹ ਮਨੁੱਖੀ ਰੂਹ ਨੂੰ ਉਸਦੀਆਂ ਨਿੱਜ-ਕੇਂਦ੍ਰਿਤ ਹੱਦਾਂ ਦੇ ਪਾਰ ਉਡਾ ਕੇ ਲੈ ਜਾਣ ਦੇ ਸਮਰਥ ਹੁੰਦੇ ਹਨ। ਕੁਦਰਤ ਦੀਆਂ ਘਟਨਾਵਾਂ ਨੂੰ ਵੀ ਇਹ ਉਹਨਾਂ ਦੇ ਲਘੂ-ਵੇਰਵਿਆਂ ਤੋਂ ਉਠਾਲ ਕੇ ਇਕ ਵਿਸ਼ਾਲ ਸੁਹਜਾਤਮਕ ਪਾਸਾਰ ਪ੍ਰਦਾਨ ਕਰਦੇ ਹਨ। ਇਹੋ ਵਿਚਾਰਾਂ ਦੇ ਮੌਲਕ ਅਰਥਾਂ ਦੀ ਸੰਚਾਲਨਾ ਕਰਦੇ ਹਨ।

ਆਦਿਮ-ਬਿੰਬ ਦੇ ਅਰਥ ਰਤਾ ਕੁ ਵਿਸਥਾਰ ਨਾਲ ਸਮਝਣ ਲਈ ਅਸੀਂ ਕੁਝ ਚੋਣਵੇਂ ਆਦਿਮ-ਬਿੰਬਾਂ ਦੀ ਸੰਖੇਪ ਚਰਚਾ ਕਰਦੇ ਹਾਂ। ਗਿਣਤੀ ਦਾ ਹਰੇਕ ਅੰਕ, ਤੇ ਲਿਪੀ ਦਾ ਹਰੇਕ ਅੱਖਰ ਆਪਣੇ ਆਪ ਵਿਚ ਇਕ ਆਦਿਮ-ਬਿੰਬ ਹੋਂਦਾ ਹੈ। ਆਓ ਗਿਣਤੀ ਦੇ ਪ੍ਰਥਮ ਅੰਕ '੧' ਬਾਰੇ ਵਿਚਾਰ ਕਰੀਏ। 'ਏਕਾ' ਸਮਸਤ ਰਹੱਸਮਈ ਅਨੁਭਵ ਦਾ ਏਕੀਕਰਣ ਕਰਦਾ ਤੇ ਬੁਨਿਆਦੀ ਏਕਤਾ ਦੇ ਮੌਲਕ ਵਿਚਾਰ ਨੂੰ ਵਿਦਮਾਨ ਕਰਦਾ ਹੈ। ਸਮਸਤ ਸੰਸਾਰ ਦਾ ਨਿਜ਼ਾਮ ਤੇ ਵਿਵਸਥਾ ਇਸ ਦੇ ਪਾਸਾਰ ਵਿਚ ਸਿਮਟ ਜਾਂਦੀ ਹੈ। ਏਕੇ ਤੋਂ ਦੋ ਸਿਲਸਿਲੇ ਤੁਰਦੇ ਹਨ, ਇਕ ਅਨੰਤ ਵਲ, ਦੂਜਾ ਸ਼ੂੰਨ ਵਲ, ਇਹ ਦੋਵੇਂ ਏਕੇ ਵਿਚਲੀ ਸਮਪੱਖਤਾ *(ਸਿੱਮਿਟ੍ਰੀ)* ਦੇ

ਲਖਾਇਕ ਹੁੰਦੇ ਹਨ ਤੇ 'ਦੋ' ਦਾ ਵਿਚਾਰ ਤੋਰਦੇ ਹਨ। ਏਕੇ ਬਾਰੇ ਅਫਰੀਕਨ ਸੂਫੀਆਂ ਦਾ ਇਕ ਬੜਾ ਪ੍ਰਚਲਿਤ ਚੁਟਕਲਾ ਹੈ, ਜੋ ਇਉਂ ਹੈ: "ਜੇਕਰ ਤੁਸੀਂ ਉਸ 'ਇੱਕ' ਦੇ ਨਾਮ ਦਾ ਵਿਰਦ ਕਰੋ ਤਾਂ ਉਹ ਤੁਹਾਨੂੰ ਆਪਣੀ ਸ਼ਕਤੀ ਦਿਖਾਲਦਾ ਵਡਿਓਂ ਹੋਰ ਵੱਡਾ ਹੋਈ ਜਾਂਦਾ ਹੈ। ਜੇਕਰ ਤਕਸੀਮ ਦੇ ਅਮਲ ਰਾਹੀਂ ਤੁਸੀਂ ਉਸ ਦਾ ਵਿਸ਼ਲੇਸ਼ਣ ਕਰਨ ਲਗੋਂ ਤਾਂ ਉਹ ਅਖੰਡ ਹੋ ਕੇ ਦਿਸਦਾ ਹੈ। ਜੇਕਰ ਤੁਸੀਂ ਉਸ ਨੂੰ ਜ਼ਰਬ ਦੇਣ ਲੱਗੋ, ਤਾਂ ਹਰ ਜ਼ਰਬ ਨੂੰ ਨਕਾਰਦਾ ਉਹ ਉਂਝ ਦਾ ਉਂਝ ਅਬੱਦਲ ਬਣਿਆ ਰਹਿੰਦਾ ਹੈ। ਜੇਕਰ ਤੁਸੀਂ ਉਸ ਨੂੰ ਘਟਾਉਣ ਦਾ ਜਤਨ ਕਰੋਂ ਤਾਂ ਗ਼ੈਰ ਹਾਜ਼ਰ ਹੋ ਕੇ ਵੀ ਉਹ ਤੁਹਾਨੂੰ ਤੁਹਾਡੇ ਹਰ ਪਾਸੇ ਹਾਜ਼ਰ ਨਾਜ਼ਰ ਜਾਪਣ ਲਗੇਗਾ।"

ਇਹ 'ਇੱਕ' ਅਸਲੋਂ ਸਿਰਜਨਾਤਮਕ ਹੈ-ਕਿਉਂ ਕਿ ਇਸੇ ਆਸਰੇ ਅਸੰਖ ਗਿਣਤੀਆਂ ਦਾ ਨਿਰਮਾਣ ਹੁੰਦਾ ਹੈ। 'ਇੱਕ' ਨਾ ਹੋਵੇ ਤਾਂ ਗਿਣਤੀ ਅੱਗੇ ਹੀ ਨਹੀਂ ਤੁਰਦੀ, ਤੇ ਇੱਕ ਇੱਕ ਕਰਕੇ ਹੀ ਅੱਗੇ ਵਧੱਦੀ ਹੈ। ਇਹੋ ਵਿਨਾਸ਼ਕਾਰੀ ਵੀ ਹੈ ਕਿਉਂ ਕਿ ਇਸੇ ਵਿਚੋਂ ਹਰ ਕਸਰ ਅਥਵਾ ਭਾਗ ਦਾ ਨਿਕਾਸ ਹੈ ਜੋ ਸ਼ੂਨ ਵਲ ਨੂੰ ਜਾਂਦਾ ਸਿਲਸਿਲਾ ਸਾਜਦੇ ਹਨ। ਇਸ ਤੋਂ ਹੀ ਵਿਰੋਧੀ ਧਿਰਾਂ ਦਾ ਸੰਕਲਪ ਉਗਮਦਾ ਹੈ, ਤੇ ਉਹਨਾਂ ਦਾ ਸਮਾਧਾਨ ਵੀ। ਇਉਂ ਇੱਕ ਤੋਂ ਤਿੰਨ ਦਾ ਆਦਿਮ ਬਿੰਬ ਉਪਜ ਖਲੋਂਦਾ ਹੈ। ਏਕਾ ਹੀ ਗਿਆਤਾ-ਗਿਆਨ-ਗੇਯ ਹੈ, ਇਹੋ ਸਤਿ-ਚਿੱਤ-ਆਨੰਦ ਹੈ, ਏਹੋ ਪਿਤਾ-ਪੁੱਤਰ-ਪਵਨਰੂਹ ਹੈ, ਇਹੋ ਬ੍ਰਹਮਾ-ਵਿਸ਼ਨ-ਮਹੇਸ਼ ਹੈ। ਅਗਨੀ-ਸੂਰਜ-ਵਾਯੂ ਵੀ ਇਹੋ ਹੈ, ਨਿਰਗੁਣ-ਸਰਗੁਣ-ਗੁਰਸ਼ਬਦ ਵੀ ਏਹੋ, ਤੇ ਬੁੱਧੰ-ਧਰਮੰ-ਸੰਘੰ ਵੀ ਏਹੋ। ਏਹੋ ਅਸ਼ੋਕ ਦੇ ਥੰਮ ਤੇ ਬਣੀ ਸ਼ੇਰਾਂ ਦੀ ਤ੍ਰਿਮੂਰਤੀ ਹੈ। ਤਿੰਨ ਲੱਤਾਂ ਵਾਲੇ ਸੂਰਜ-ਚੱਕਰ ਦੇ ਭਿੰਨ-ਭਿੰਨ ਰੂਪ ਵੀ ਇਸੇ ਦੇ ਲਖਾਇਕ ਹਨ।



ਚਿਤ੍ਰ ਨੰ: 23. ਤਿੰਨ-ਪੈਰੇ ਸੂਰਜ-ਚੱਕਰ ਦੀਆਂ ਵੰਨਗੀਆਂ

'ਪੰਜ' ਵੀ ਇਸੇ ਪ੍ਰਕਾਰ ਦਾ ਹੀ ਆਦਿਮ-ਬਿੰਬ ਹੈ ਜੋ ਵਿਭਾਜਨਸ਼ੀਲ 'ਦੋ' ਤੇ ਵਿਭਾਜਨਮੁਕਤ 'ਤਿੰਨ' ਦੇ ਸੰਜੋਗ ਤੋਂ ਉਪਜਦਾ ਹੈ। ਇਹ ਸਜੀਵ ਕੁਦਰਤ ਨੂੰ ਨਿਰੂਪਣ ਵਾਲਾ ਅੰਕ ਹੈ ਕਿਉਂ ਕਿ ਇਹ ਪੰਜ-ਤੱਤਾਂ ਦਾ ਲਖਾਇਕ ਹੈ। ਹਰ ਵਸਤ ਦੀ ਸੰਵੇਦਨਾ ਪੰਜਾ ਇੰਦਰਿਆਂ ਦੀ ਦੇਣ ਹੈ। ਅਧਿਆਤਮ ਵਿਚ ਇਕ ਪਾਸੇ ਪੰਚ ਸ਼ਬਦ* ਹਨ ਤਾਂ ਦੂਜੇ ਪਾਸੇ ਪੰਜ ਵਿਕਾਰ ਵੀ ਇਸੇ ਅੰਕ ਨਾਲ ਜੁੜੇ ਹੋਏ ਹਨ। ਇਹ ਆਦਿਮ-ਬਿੰਬ ਸਿੱਖ ਧਰਮ ਵਿਚ ਬਹੁਤ ਪ੍ਰਚਲਿਤ ਹੈ। ਪੰਚ ਪਰਵਾਣ, ਪੰਚ ਪਰਧਾਨ ਤੋਂ ਲੈ, ਪੰਜ ਪਿਆਰਿਆਂ, ਪੰਜ ਬਾਣੀਆਂ, ਪੰਜ ਕਕਾਰਾਂ ਥਾਣੀ ਹੋ ਕੇ ਪੰਜਾਂ ਤਖ਼ਤਾਂ ਤੇ ਪੰਜਾਂ ਸਿੰਘਾਂ ਦੀ ਅਰਦਾਸ ਤਕ ਇਸੇ ਦਾ ਪਾਸਾਰ ਤੁਰਿਆ ਆਉਂਦਾ ਹੈ। ਫਿਰ ਵੀ ਇਹ ਅੰਤ ਇੱਕ ਹੈ ਕਿਉਂ ਕਿ 'ਪੰਜੀਂ ਪਰਮੇਸ਼ਰ' ਸਿਖ ਸਮਾਜ ਦੀ ਇਕ ਮਨੌਤ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ—ਇਹਨਾਂ ਨੂੰ ਸ਼ਾਹ ਹੁਸੈਨ 'ਪੰਜ ਨਦੀਆਂ' ਆਖਦਾ ਹੈ: ਪੰਜਾਂ ਨਦੀਆਂ ਦੇ ਮੂੰਹ ਆਇਓਂ, ਕੇਹਾ ਦੋਸ ਮੁਹਾਣੇ ਨੂੰ। ਸੁਲਤਾਨ ਬਾਹੂ ਇਹਨਾਂ ਨੂੰ ਹੀ 'ਪੰਜ ਪਟਵਾਰੀ' ਕਹਿੰਦਾ ਹੈ : ਪੰਜੇ ਮਾਰ ਪੰਜੇ ਪਟਵਾਰੀ, ਹਾਸਲ ਕਿਤਵਲ ਭਰੀਏ ਹੂ।

ਇਕ ਹੋਰ ਵਿਆਪਕ ਆਦਿਮ ਬਿੰਬ ਨਾਇਕ *(ਹੀਰੋ)* ਦਾ ਹੈ। ਨਾਇਕ, ਜੋ ਦੈਂਤਾਂ, ਰਾਕਸ਼ਾਂ ਨਾਲ ਜੂਝਦਾ ਤੇ ਨਿਤਾਣਿਆਂ ਨੂੰ ਹਤਿਆਰਿਆਂ ਦੀ ਮਾਰ ਤੋਂ ਬਚਾਉਂਦਾ ਹੈ, ਇਕ ਸਰਬ-ਵਿਆਪਕ ਮਿਥਿਕ ਥੀਮ ਹੈ। ਰਾਮ, ਰਾਵਣ ਨੂੰ ਮਾਰ ਕੇ, ਸੀਤਾ ਨੂੰ ਬਚਾਉਂਦਾ ਹੈ; ਦੁਰਗਾ ਦੈਂਤਾਂ ਨੂੰ ਮੁਕਾ ਕੇ ਮੁੜ ਦੇਵਤਿਆਂ ਦਾ ਰਾਜ ਸਥਾਪਿਤ ਕਰਦੀ ਹੈ; ਇਕ ਜ਼ਾਲਮ ਮਿਸਰੀ ਨੂੰ ਮਾਰ ਕੇ ਮੂਸਾ ਇਸਰਾਈਲੀਆਂ ਨੂੰ ਬਚਾ ਲਿਜਾਂਦਾ ਹੈ। ਸੇਂਟ ਜਾਰਜ, ਜੌਨਾਰ ਨਾਮੀ ਅਜਗਰ ਨਾਲ ਜੂਝਦਾ ਹੈ। ਗੁਰੂ ਗੋਬਿੰਦ ਸਿੰਘ ਆਪਣੇ ਮਿਸ਼ਨ ਬਾਰੇ ਕਹਿੰਦੇ ਹਨ: 'ਧਰਮ ਚਲਾਵਨ, ਸੰਤ ਉਬਾਰਨ; ਦੁਸ਼ਟ ਸਭਨ ਕੋ ਮੂਲ਼ ਉਪਾਰਨ'। ਇਹ ਸਾਰੇ ਕਿਸੇ ਇਕੋ ਸਰਬ-ਵਿਆਪੀ ਬਿੰਬ ਦੇ ਵੱਖ ਵੱਖ ਰੂਪ ਹਨ ਜਿਸ ਵਿਚ ਨੇਕੀ ਤੇ ਬਦੀ ਦਾ ਟਾਕਰਾ ਤੇ ਨਿਤਾਣੇ ਦੀ ਰਖਿਆ ਹੋਂਦੀ ਹੈ।

ਬਚਪਨ ਵਿਚ ਬੰਦਾ ਆਦਿਮ-ਬਿੰਬੀ ਯਥਾਰਥ ਨਾਲ ਸਿੱਧਾ ਜੁੜਿਆ ਹੁੰਦਾ ਹੈ। ਗੋਲਾਈ, ਮੁਕੰਮਲਤਾ, ਉੱਤਮਤਾ ਆਦਿ ਐਸੇ ਮੂਲ ਬਿੰਬ ਹਨ ਜੋ ਮਨੁੱਖ ਦੇ ਮੌਲਕ ਮਿੱਥਾਂ ਅੰਦਰ ਖਿਲਰੇ ਪਏ ਹਨ। ਜਦੋਂ ਬੱਚੇ ਆਪਣੇ ਆਪੇ ਦਾ ਚਿੱਤਰ ਬਣਾਉਂਦੇ ਹਨ ਤਾਂ ਇਹੋ ਮੋਟਿਫ਼ ਉਹਨਾਂ ਚ੍ਰਿਤਾਂ

---

*ਸ਼ਬਦ ਤੋਂ ਤਾਤ ਪਰਜ ਹੈ ਸੁਰ; ਪੰਚ-ਸ਼ਬਦ ਤੋਂ ਭਾਵ ਹੈ ਪੰਜ ਸੁਰਾਂ, ਪੁਰਾਣੇ ਸਾਹਿੱਤ ਅਨੁਸਾਰ ਇਹ ਸ਼ਬਦ ਉਹਨਾਂ ਵਾਜਿਆਂ 'ਚੋਂ ਨਿਕਲੇ ਮੰਨੇ ਗਏ ਹਨ ਜਿਨ੍ਹਾਂ ਦਾ ਰਾਜੇ ਅੱਗੇ ਵਜਾਏ ਜਾਣ ਦਾ ਵਿਧਾਨ ਸੀ। ਇਹ ਸਨ ਸਿੰਗ, ਡੱਫ਼, ਸ਼ੰਖ, ਭੇਰੀ ਅਤੇ ਜੈ ਘੰਟਾ। ਯੋਗ ਵਿਚ ਇਹ ਸਾਜ ਹਨ ਸ਼ੰਖ, ਮ੍ਰਿਦੰਗ, ਕਿੰਗੁਰੀ, ਮੁਰਲੀ ਅਤੇ ਵੀਣਾ, ਯੋਗ ਵਿਚ ਹੀ ਉਸ ਨਿਰੰਤਰ ਅਨਹਦ ਨਾਦ ਨੂੰ ਪੰਚ ਸ਼ਬਦ ਵੀ ਕਹਿੰਦੇ ਹਨ ਜੋ ਕੁੰਡਲਿਨੀ ਦੇ ਜਾਗਣ ਤੇ ਸੁਖਮਨਾ ਮਾਰਗ ਖੁਲ੍ਹਣ ਉਪਰੰਤ ਸਾਧਕ ਨੂੰ ਸੁਣਾਈ ਦੇਂਦਾ ਹੈ। ਵੱਖ ਵੱਖ ਪ੍ਰਕਾਰ ਦੇ ਵਾਜਿਆਂ (ਤੰਦ ਵਾਲੇ, ਚੰਮ ਨਾਲ ਮੜ੍ਹੇ, ਧਾਤ ਦੇ ਬਣੇ, ਫੂਕ ਨਾਲ ਵੱਜਣ ਵਾਲੇ, ਹੱਥ ਨਾਲ ਵੱਜਣ ਤੇ ਪੁਲਾੜ 'ਚੋਂ ਧੁਨੀ ਦੇਣ ਵਾਲੇ) ਨੂੰ ਵੀ ਪੰਚ ਸ਼ਬਦ ਕਹਿੰਦੇ ਹਨ। ਗੁਰਬਾਣੀ ਵਿਚ ਮਹਾਮੇਲ ਦੇ ਸੂਚਕ ਮਹਾ ਆਨੰਦ ਦੇ ਵਾਤਾਵਰਣ ਨੂੰ ਵੀ ਪੰਚ-ਸ਼ਬਦ ਕਿਹਾ ਗਿਆ ਹੈ: ਪੰਚ ਸ਼ਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ।

ਵਿਚ ਵੀ ਸਾਕਾਰ ਹੁੰਦੇ ਹਨ। ਹੇਠਲੇ ਚਿਤ੍ਰ ਵਿਚ ਵਖ ਵਖ ਉਮਰ ਦੇ ਬੱਚਿਆਂ ਦੇ ਬਣਾਏ ਆਤਮ-ਚਿਤ੍ਰਾਂ ਦਾ ਵਿਕਾਸ ਦਰਸਾਇਆ ਗਿਆ ਹੈ।



ਚਿਤ੍ਰ ਨੰ: 24 : ਵੱਖ ਵੱਖ ਉਮਰ ਦੇ ਬੱਚਿਆਂ ਦੇ ਬਣਾਏ ਆਤਮ-ਚਿਤ੍ਰ।

ਚਿੱਤ੍ਰਾਂ ਰਾਹੀਂ ਆਪਾ ਪ੍ਰਗਟਾਉਣ ਦੀ ਇਕ ਵਿਧੀ ਦਾ ਨਾਮ 'ਮੰਡਲ' ਜਾਂ ਦਾਇਰਾ ਹੈ। ਬੱਚਿਆਂ ਦੇ ਬਣਾਏ ਚਿਤ੍ਰਾਂ ਵਿਚ ਇਹ ਆਮ ਮਿਲਦਾ ਹੈ। ਦਾਇਰੇ ਵਿਚ ਕਾਟਾ, ਜਾਂ ਪਹੀਏ ਦਾ ਨਮੂਨਾ ਮੰਡਲ ਦਾ ਹੀ ਇਕ ਮੌਲਕ ਪੈਟਰਨ ਹੈ। ਹੇਠਲਾ ਚਿਤ੍ਰ ਇਕ ਮਨੋਰੋਗੀ ਬੱਚੇ ਨੇ ਸਿਹਤਯਾਬ ਹੋਣ ਤੇ ਬਣਾਇਆ ਸੀ। ਇਹ ਉਸ ਦੇ ਮਾਨਸਿਕ ਸੰਤੁਲਨ ਨੂੰ ਪ੍ਰਤਿਬਿੰਬਿਤ ਕਰਦਾ ਹੈ।



ਚਿਤ੍ਰ ਨੰ: 25 ਸੱਤਾਂ ਸਾਲਾਂ ਦੀ ਬੱਚੀ ਦਾ ਬਣਾਇਆ ਇਕ ਚਿਤ੍ਰ ਜੋ ਉਸ ਨੇ ਮਨੋਰੋਗ ਤੋਂ ਸਿਹਤਯਾਬ ਹੋਣ ਤੇ ਬਣਾਇਆ।

'ਨਾਮ' ਵੀ ਇਕ ਆਦਿਮ-ਬਿੰਬ ਹੈ। ਹਰ ਬੱਚਾ ਜਾਣਦਾ ਹੈ ਕਿ ਹਰ 'ਨਾਮੀ' ਦਾਂ ਨਿਰਭਰ ਆਪਣੇ ਨਾਮ ਉਪਰ ਹੋਂਦਾ ਹੈ। ਨਾਮ ਲਿਆਂ ਹੀ ਹੁੰਗਾਰਾ ਮਿਲਦਾ ਹੈ। ਨਾਮ ਰੱਖਣਾ ਜ਼ਿੰਦਗੀ ਦਾ ਇਕ ਮੀਲ ਪੱਥਰ ਹੈ, ਜਨਮ ਵਰਗਾ ਹੀ। ਨਾਮ ਕਰਨ ਦੇ ਗੀਤ ਸਾਧਾਰਨ ਨਜ਼ਰੇ ਭਾਵੇਂ ਨਿਰਾਰਥਕ ਜਾਪਦੇ ਹੋਣ ਉਹਨਾਂ ਅੰਦਰ ਆਦਿਮ-ਬਿੰਬ ਰੂਪਮਾਨ ਹੋਏ ਹੋਂਦੇ ਹਨ। ਕਿਸੇ ਵਸਤ ਦਾ ਨਾਮ ਰਖਣਾ ਉਸ ਦੇ ਨਿਯੰਤ੍ਰਕ ਆਦਿਮ-ਬਿੰਬ ਨੂੰ ਖੋਜਣਾ ਹੈ। ਨਾਮ ਹੀ ਲਘੂ-ਲਿਪੀ ਵਿਚ ਹਰੇਕ ਦੀ ਤਕਦੀਰ ਸਮੇਟੀ ਫਿਰਦਾ ਹੈ। ਨਾਮ ਤੇ ਰੂਪ ਹਰ ਸ਼ੈ ਦੇ ਅਨਿਵਾਰੀ ਦੋ ਪੱਖ ਹਨ - ਪਰ ਇਹਨਾਂ ਵਿਚ ਪ੍ਰਾਥਮਿਕਤਾ ਨਾਮ ਦੀ ਹੈ। ਨਾਮ ਦਾ ਹੀ ਇਕ ਪਰਿਆਇਵਾਚੀ ਸ਼ਬਦ ਨਾਮਣਾ ਹੈ। ਇਸ ਦੀ ਜਕੜ ਮਨੁੱਖੀ ਮਨ ਉਪਰ ਸਦਾ ਬਣੀ ਰਹਿੰਦੀ ਹੈ ਤੇ ਇਸ ਦਾ ਤਲਿਸਮ ਮਨੁੱਖ ਦੇ ਇਰਾਦੇ ਨੂੰ ਸਦਾ ਕੀਲੀ ਰਖਦਾ ਹੈ।

ਨਾਮ ਅੰਦਰ ਉਚੱਤਮ ਸ਼ਕਤੀ ਵਰਤਦੀ ਹੈ। ਰੱਬ ਜੇ ਉਚੱਤਮ ਸ਼ਕਤੀ ਹੈ, ਨਾਮ ਹੀ ਤਾਂ ਹੈ। ਕਿਸੇ ਮਨੁੱਖ ਅੰਦਰ ਰੱਬ ਦੀ ਹੋਂਦ ਨਾਮ ਹੋ ਕੇ ਹੀ ਵਿਆਪਦੀ ਹੈ। ਇਹੋ ਨਾਮ ਸਾਰੇ ਖੰਡਾਂ ਬ੍ਰਹਮੰਡਾਂ ਨੂੰ ਧਾਰੀ ਖਲੋਤਾ ਹੈ।

ਇਉਂ ਜਾਣੀਏ, ਵਸਤਾਂ ਆਪਣੇ ਨਾਮ ਦਾ ਪਰਛਾਵਾਂ ਹੀ ਹੋਂਦੀਆਂ ਹਨ ਕਿਉਂ ਕਿ ਇਹ ਨਾਮ ਹੀ ਹੋਂਦੇ ਹਨ ਜੋ ਉਹਨਾਂ ਨੂੰ ਉਹਨਾਂ ਦੇ ਆਦਿਮ-ਬਿੰਬ ਨਾਲ ਜੋੜਦੇ ਹਨ।

ਜਦ ਜਦ ਵੀ ਕਿਸੇ ਭਾਵ ਦਾ ਕਿਸੇ ਪ੍ਰਤੀਕ ਨਾਲ ਮੇਲ ਹੁੰਦਾ ਹੈ, ਕੋਈ ਨਾ ਕੋਈ ਆਦਿਮ ਬਿੰਬ ਉਡੀਕ ਵਿਚ ਖਲੋਤਾ ਹੁੰਦਾ ਹੈ। ਪ੍ਰਤੀਕਾਂ ਉਪਰ ਧਿਆਨ ਕੇਂਦ੍ਰਿਤ ਕਰਨ ਨਾਲ ਹੀ ਆਦਿਮ-ਬਿੰਬਾਵਲੀ ਦੇ ਤਾਣੇ ਪੇਟੇ ਦਾ ਕੁਝ ਕੁ ਥਹੁ ਲਿਆ ਜਾ ਸਕਦਾ ਹੈ। ਆਦਿਮ ਬਿੰਬਾਂ ਨਾਲ ਮਨ ਦਾ ਸੰਬੰਧ ਜੋੜੀਏ ਤਾਂ ਉਹ ਮਨ ਨੂੰ ਅਸਥਿਰਤਾ ਵਿਚੋਂ ਕੱਢ ਕੇ ਉਸ ਦੀਆਂ ਬੇਡੌਲ ਪ੍ਰੇਰਣਾਵਾਂ ਦਾ ਰੁਖ਼ ਬਦਲ ਦੇਂਦੇ ਹਨ ਤੇ ਚੇਤਨਾ ਨੂੰ ਰਾਹੇ ਪਾ ਜਾਂਦੇ ਹਨ।

# 13.
# ਅਚੇਤਨ ਤੇ ਮਨੋਰੋਗ

ਹੁਣ ਤਕ ਕਈ ਵਾਰ ਸੰਕੇਤ ਕੀਤਾ ਗਿਆ ਹੈ ਕਿ ਅਚੇਤਨ ਵਿਚ ਪਈਆਂ ਪ੍ਰਵਿਰਤੀਆਂ ਦੇ ਸੰਘਰਸ਼ ਤੇ ਉਹਨਾਂ ਤੋਂ ਉਪਜੀਆਂ ਮਨੋਗੰਢਾਂ ਮਨੋਰੋਗਾਂ ਦੇ ਚਿੰਨ੍ਹ ਬਣ ਕੇ ਸਾਕਾਰ ਹੁੰਦੀਆਂ ਹਨ। ਇੱਥੇ ਅਸੀਂ ਇਸ ਬਾਰੇ ਰਤਾ ਕੁ ਨਿੱਠ ਕੇ ਵਿਚਾਰ ਕਰਨ ਦਾ ਅਉਸਰ ਲੈਂਦੇ ਹਾਂ।

ਮਨੋਵਿਸ਼ਲੇਸ਼ਕਾਂ ਅਨੁਸਾਰ, ਮਨੋਰੋਗਾਂ ਦਾ ਮੂਲ ਕਾਰਨ ਮਾਨਸਿਕ ਸੰਘਰਸ਼ ਹੀ ਹੁੰਦਾ ਹੈ। ਸੰਘਰਸ਼ ਮਨੁੱਖੀ ਅਨੁਭਵ ਦਾ ਅਨਿਵਾਰੀ ਅੰਗ ਹੈ। ਇਹ ਦੋ ਵਿਰੋਧੀ ਰੁਚੀਆਂ ਦੇ ਘੋਲ ਤੋਂ ਉਪਜਦਾ ਹੈ। ਇਹ ਵਿਰੋਧੀ ਰੁਚੀਆਂ ਅੰਤਰੀਵ ਪ੍ਰਵਿਰਤੀਆਂ ਵੀ ਹੋ ਸਕਦੀਆਂ ਹਨ, ਤੇ ਇਹਨਾਂ ਪ੍ਰਵਿਰਤੀਆਂ ਦੀਆਂ ਉਤੇਜਨਾਵਾਂ (ਇੱਦ) ਤੇ ਜ਼ਮੀਰ (ਪਰਾਹਉਂ) ਦੀਆਂ ਵਰਜਨਾਵਾਂ ਵਿਚਾਲੇ ਵੀ। ਆਮ ਕਰ ਦੂਜੀ ਕਿਸਮ ਦੇ ਸੰਘਰਸ਼ ਵਧੇਰੇ ਜ਼ੋਰਦਾਰ ਹੋਂਦੇ ਹਨ। 'ਹਉਂ' ਜਾਂ 'ਮੈਂ' ਇਹਨਾਂ ਵਿਚਾਲੇ ਮਧਿਅਸਥ ਵੀ ਬਣਦਾ ਹੈ ਤੇ ਇਹਨਾਂ ਦੇ ਘੋਲ ਦਾ ਅਖਾੜਾ ਵੀ। ਭਾਵੁਕ ਸੰਘਰਸ਼ ਚੇਤਨ ਪੱਧਰ ਤੇ ਵੀ ਹੋ ਸਕਦਾ ਹੈ, ਅਚੇਤਨ ਪੱਧਰ ਤੇ ਵੀ। ਅਚੇਤਨ ਪੱਧਰ ਦਾ ਸੰਘਰਸ਼ ਵਧੇਰੇ ਰੋਗ-ਜਨਕ ਹੁੰਦਾ ਹੈ।

ਹਰ ਮਨੁੱਖ ਜੀਵਨ ਵਿਚੋਂ ਭਾਵੁਕ ਤ੍ਰਿਪਤੀ ਤੇ ਭਾਵੁਕ ਸੰਤੁਸ਼ਟੀ ਭਾਲਦਾ ਹੈ। ਇਸੇ ਨੂੰ ਲੋਕ ਮਾਨਸਿਕ ਸ਼ਾਂਤੀ ਵੀ ਕਹਿੰਦੇ ਹਨ। ਇਸ ਦੇ ਲਈ ਭਾਵੁਕ ਚਿੰਤਾ ਦਾ ਸਮਾਧਾਨ ਜ਼ਰੂਰੀ ਹੁੰਦਾ ਹੈ, ਤੇ ਚਿੰਤਾ ਸੰਘਰਸ਼ ਤੋਂ ਪੈਦਾ ਹੁੰਦੀ ਹੈ। ਇਹ ਮਨ ਅੰਦਰ ਬੇਆਰਾਮੀ ਜਗਾਉਂਦੀ ਹੈ, ਤੇ ਇਸ ਬੇਆਰਾਮੀ ਤੋਂ ਬਚਣ ਲਈ ਸੰਘਰਸ਼ ਨੂੰ ਸਮਾਪਤ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਮਕਸਦ ਹਿਤ ਕੀਤੇ ਸਾਡੇ ਜਤਨ ਕਦੇ ਤਾਂ ਉਸਾਰੂ, ਕਲਿਆਣਕਾਰਕੀ, ਤੇ ਲਾਹੇਵੰਦੇ ਹੁੰਦੇ ਹਨ, ਪਰ ਕਦੇ ਕਦੇ ਉਹ ਢਾਹੂ, ਹਾਨੀਕਾਰਕ ਤੇ ਘਾਟੇਵੰਦੇ ਵੀ ਹੋ ਨਿਕਲਦੇ ਹਨ। ਜਦ ਸੰਘਰਸ਼ ਤੋਂ ਪੈਦਾ ਹੋਈ ਚਿੰਤਾ ਦੇ ਸਮਾਧਾਨ ਲਈ ਦਮਨ ਦੀ ਪ੍ਰਕਿਰਿਆ ਅਮਲ ਵਿਚ ਆਉਂਦੀ ਹੈ ਤਾਂ ਦਮਿਤ ਪ੍ਰਵਿਰਤੀਆਂ ਦਾ ਨਿਕਾਸ ਬਹੁਤੀ ਵਾਰ ਰੋਗ-ਚਿੰਨ੍ਹਾਂ ਦੁਆਰਾ ਹੁੰਦਾ ਹੈ।

**ਮਾਨਸਕ ਸੰਘਰਸ਼→ਚਿੰਤਾ→ਦਮਨ→ਰੋਗ-ਚਿੰਨ੍ਹ**

ਦਰ ਅਸਲ ਦਮਨ ਸੰਘਰਸ਼ ਦੀ ਨਿਵਿਰਤੀ ਦਾ ਜਤਨ ਕਰਦਾ ਹੈ। ਜੇਕਰ ਦਮਨ ਉੱਠ ਜਾਵੇ ਜਾਂ ਢਿੱਲਾ ਪੈ ਜਾਵੇ ਤਾਂ ਚਿੰਤਾ ਦੋਬਾਰੇ ਵਾਪਰਨ ਲਗਦੀ ਹੈ। ਜੇਕਰ ਸੰਘਰਸ਼ ਦਾ ਕਾਰਨ ਤਾਂ ਦਮਿਤ ਰਹੇ, ਪਰ ਦਮਨ ਦੀ ਕਮਜ਼ੋਰੀ ਕਾਰਨ ਚਿੰਤਾ ਪ੍ਰਗਟ ਹੋ ਜਾਵੇ ਤਾਂ ਚਿੰਤਾ ਦੇ

ਰੋਗ-ਚਿੰਨ੍ਹ, ਤਾਂ ਪੈਦਾ ਹੋ ਜਾਂਦੇ ਹਨ, ਪਰ ਵਿਅਕਤੀ ਨੂੰ ਇਸ ਦੇ ਕਾਰਨ ਦਾ ਪਤਾ ਨਹੀਂ ਚਲਦਾ। ਇਸ ਹਾਲਤ ਨੂੰ *ਚਿੰਤਾ ਸੰਤਾਪ* ਕਹਿੰਦੇ ਹਨ।

ਐਸੇ ਮਨਸੰਤਾਪ ਦਾ ਇਕ ਮਰੀਜ਼ ਮੇਰੇ ਪਾਸ ਘਬਰਾਇਆ ਹੋਇਆ ਆਇਆ। ਸਾਹ ਉਸਦਾ ਤੇਜ਼ ਸੀ ਤੇ ਸੱਜਾ ਹੱਥ ਉਸਨੇ ਖੱਬੇ ਪਾਸੇ ਛਾਤੀ ਉੱਪਰ (ਦਿਲ ਵਾਲੀ ਥਾਂ) ਰਖਿਆ ਹੋਇਆ ਸੀ। ਆ ਕੇ ਕਹਿਣ ਲੱਗਾ, "ਡਾਕਟਰ ਸਾਹਿਬ ਮੈਨੂੰ ਹਰ ਵੇਲੇ ਡਰ ਜਿਹਾ ਲੱਗਾ ਰਹਿੰਦਾ ਹੈ। ਪਤਾ ਨਹੀਂ ਕਿਉਂ, ਇਹ ਵੀ ਪਤਾ ਨਹੀਂ ਕਿਸ ਗਲ ਦਾ; ਪਰ ਮੈਂ ਸਹਿਮ ਨਾਲ ਗ੍ਰਸਿਆ ਰਹਿੰਦਾ ਹਾਂ। ਅੰਦਰ ਹਰ ਵੇਲੇ ਧੁਖ ਧੁਖੀ ਜਹੀ ਲੱਗੀ ਰਹਿੰਦੀ ਹੈ। ਦਿਲ ਧੜਕਦਾ ਰਹਿੰਦਾ ਹੈ। ਮੂੰਹ ਸੁੱਕਦਾ ਰਹਿੰਦਾ ਹੈ। ਸਾਹ ਨਾਲ ਸਾਹ ਨਹੀਂ ਰਲਦਾ। ਮੱਥੇ ਉਪਰ ਤ੍ਰੇਲੀਆਂ ਆਉਂਦੀਆਂ ਰਹਿੰਦੀਆਂ ਹਨ। ਜਾਪਦਾ ਹੈ ਜਾਨ ਟੋਟੇ ਟੋਟੇ ਹੋ ਜਾਵੇਗੀ। ਘਰੋਂ ਬਾਹਰ ਨਿਕਲਣਾ ਮੁਸ਼ਕਿਲ ਲਗਦਾ ਹੈ। ਸੋਚਦਾ ਹਾਂ ਜੇਕਰ ਮੈਨੂੰ ਕੁਝ ਹੋ ਗਿਆ ਤਾਂ ਘਰੇ ਤਾਂ ਕੋਈ ਨਾ ਕੋਈ ਮੈਨੂੰ ਸਾਂਭ ਲਵੇਗਾ, ਬਾਹਰ ਕੀ ਬਣੇਗਾ'? ਸੋ ਬਾਹਰ ਨਿਕਲਣੋ ਹਰ ਬਹਾਨੇ ਪਰਹੇਜ਼ ਕਰਦਾ ਰਹਿੰਦਾ ਹਾਂ। ਮੈਂ ਇਸ ਤਰ੍ਹਾਂ ਘਬਰਾਇਆ ਤੇ ਤਣਾਓ ਗ੍ਰਸਤ ਨਹੀਂ ਰਹਿ ਸਕਦਾ। ਅੱਗੇ ਵੀ ਕਦੇ ਕਦੇ ਇਸ ਤਰ੍ਹਾਂ ਹੁੰਦਾ ਤਾਂ ਸੀ ਪਰ ਦੋ ਚਾਰ ਘੰਟਿਆਂ ਬਾਦ ਹਾਲਤ ਸੁਧਰਨ ਲੱਗ ਜਾਂਦੀ ਸੀ। ਐਤਕੀ ਤਾਂ ਕਈ ਦਿਨ ਹੋ ਗਏ ਨੇ ਮੋੜਾ ਪੈਂਦਾ ਹੀ ਨਹੀ।"

ਮਨੋਵਿਸ਼ਲੇਸ਼ਣ ਰਾਹੀਂ ਇਹ ਗਲ ਨਿਕਲੀ ਕਿ ਉਸਦੀ ਘਰ ਵਾਲੀ ਜੋ ਬੜੇ ਸਖਤ ਸੁਭਾਅ ਵਾਲੀ ਹੈ ਇਸ ਨਾਲ ਖ਼ੂਬ ਝਗੜਦੀ ਰਹਿੰਦੀ ਹੈ। ਉਸ ਦੀ ਇਕ ਛੋਟੀ ਭੈਣ ਹੈ ਜੋ, ਉਸ ਤੋਂ ਬਿਲਕੁਲ ਉਲਟ, ਅਸੀਲ, ਸੁਨੱਖੀ ਤੇ ਹਸਮੁੱਖ ਹੈ। ਉਹ ਕਦੇ ਕਦੇ ਇਹਨਾਂ ਕੋਲ ਰਹਿਣ ਆ ਜਾਂਦੀ ਹੈ। ਉਸ ਪ੍ਰਤੀ ਇਸ ਰੋਗੀ ਅੰਦਰ ਆਕਰਸ਼ਣ ਦੇ ਭਾਵ ਪੈਦਾ ਹੋ ਜਾਂਦੇ ਹਨ, ਪਰ ਬੀਵੀ ਦੇ ਡਰ ਮਾਰੇ ਅੰਦਰੇ ਦੱਬੇ ਜਾਂਦੇ ਹਨ। ਯਾਦ ਕੀਤਿਆਂ ਉਸ ਨੂੰ ਲੱਗਾ ਕਿ ਅੱਗੇ ਵੀ ਜਦੋਂ ਕਦੇ ਉਹਨਾਂ ਦੇ ਘਰ ਆਈ, ਇਸੇ ਤਰ੍ਹਾਂ ਦੇ ਚਿੰਨ੍ਹ ਉਸ ਅੰਦਰ ਪੈਦਾ ਹੋਏ। ਐਤਕੀ ਉਸ ਦੀ ਸਾਲੀ ਕੁਝ ਦਿਨਾਂ ਲਈ ਇਹਨਾਂ ਪਾਸ ਰਹਿਣ ਆ ਗਈ ਹੈ ਤੇ ਇਸਦਾ 'ਸਾਹ ਨਾਲ ਸਾਹ ਨਹੀ ਰਲਦਾ' ਤੇ ਹਰ ਵੇਲੇ ਲਗਦਾ ਰਹਿੰਦਾ ਹੈ ਕਿ 'ਦਿਲ ਗਿਆ ਕਿ ਗਿਆ।'

ਇਹ ਮਤ ਸਮਝ ਲੈਣਾ ਕਿ ਚਿੰਤਾ ਸਦਾ ਰੋਗਾਤਮਕ ਜਾਂ ਹਾਨੀ ਕਾਰਕ ਹੀ ਹੁੰਦੀ ਹੈ। ਇਹ ਤਾਂ, ਦਰਅਸਲ, ਕੁਦਰਤ ਦੀ ਇਕ ਜ਼ਰੂਰੀ ਤੇ ਲਾਭਦਾਇਕ ਦੇਣ ਹੈ ਜੋ ਸਾਨੂੰ ਹਾਲਾਤ ਨੂੰ ਸੁਧਾਰਨ ਵਲ ਰੁਚਿਤ ਕਰਦੀ ਤੇ ਸਿਰਜਨਾਤਮਕ ਜਤਨਾਂ ਵਲ ਤੋਰਦੀ ਹੈ। ਇਹੋ ਸਾਨੂੰ ਸੁਰਖਿਆ ਭਾਲਣ ਲਈ ਪ੍ਰੇਰਦੀ ਹੈ। ਇਸੇ ਦੇ ਉੱਦਾਤੀਕਰਣ ਰਾਹੀਂ ਅਸੀਂ ਉਹਨਾਂ ਪ੍ਰਵਿਰਤੀਆਂ ਨੂੰ ਸੁਚੱਜੀ ਤਰ੍ਹਾਂ ਪ੍ਰਗਟਾ ਸਕਦੇ ਹਾਂ ਜਿਨ੍ਹਾਂ ਦਾ ਕੱਚਾ ਪ੍ਰਗਟਾਵਾ ਸਾਡੇ ਲਈ, ਸਜ਼ਾ, ਬਦਲੇ ਜਾਂ ਹੋਰ ਕਿਸੇ ਹਾਨੀ ਦਾ ਕਾਰਨ ਬਣ ਸਕਦਾ ਹੈ। ਇਸ ਪੱਖੋਂ ਚਿੰਤਾ ਉਪਰ ਸਮਾਜ-ਉਸਾਰੀ ਤੇ ਸਭਿਆਚਾਰਕ ਉਨੱਤੀ ਦੀ ਬੁਨਿਆਦ ਖਲੋਤੀ ਹੈ।

ਪਰ ਜਦੋਂ ਇਹ ਵੱਧ ਖਲੋਵੇ ਤਾਂ ਬੜੀ ਬੇਆਰਾਮੀ ਪੈਦਾ ਕਰਦੀ ਹੈ। ਮਜਬੂਰ ਕਰਦੀ ਹੈ ਕਿ ਅਸੀ ਇਸ ਤੋਂ ਬਚਣ, ਇਸ ਨੂੰ ਹਟਾਉਣ ਜਾਂ ਘਟਾਉਣ ਦਾ ਕੋਈ ਸਾਧਨ ਕਰੀਏ। ਪਰ ਕਦੀ ਕਦੀ ਇਸ ਨੂੰ ਹਟਾਉਣ ਜਾਂ ਘਟਾਉਣ ਦੇ ਸਾਡੇ ਜਤਨ ਇਸ ਨੂੰ ਹੋਰ ਵਧਾਉਣ ਦਾ ਕਾਰਣ ਬਣ ਜਾਂਦੇ ਹਨ। ਆਓ ਵੇਖੀਏ, ਇਹ ਕਿਵੇਂ ਹੋਂਦਾ ਹੈ:

ਇੱਕੀ ਵਰ੍ਹਿਆਂ ਦਾ ਇਕ ਨੌਜਵਾਨ ਇਮਤਿਹਾਨ ਦੇ ਕੇ ਘਰ ਵਲ ਪਰਤ ਰਿਹਾ ਸੀ। ਇਮਤਿਹਾਨ ਉਸ ਦਾ ਕੋਈ ਬਹੁਤ ਚੰਗਾ ਨਹੀ ਸੀ ਹੋਇਆ ਤੇ ਉਸ ਨੂੰ ਫੇਲ ਹੋ ਜਾਣ ਦਾ ਤੋਖਲਾ ਸੀ। ਇਸ ਲਈ ਉਹ ਚਿੰਤਾ-ਗ੍ਰਸਤ ਸੀ। ਰਸਤੇ ਵਿਚ ਇਕ ਨਾਲਾ ਸੀ ਤੇ ਉਸ ਉਪਰ ਇਕ ਤੰਗ ਜਿਹਾ ਪੁਲ ਸੀ। ਉਸ ਪੁੱਲ ਉਪਰੋਂ ਲੰਘਦਿਆਂ ਉਸ ਦੀ ਚਿੰਤਾ ਹੋਰ ਵੀ ਤੀਬਰ ਹੋ ਗਈ। ਉਸ ਦਾ ਦਿਲ ਧੜਕਣ ਲੱਗਾ ਤੇ ਲੱਤਾਂ ਵਿਚ ਕੰਬਣੀ ਜਹੀ ਪ੍ਰਤੀਤ ਹੋਣ ਲੱਗੀ। ਤਦ ਉਹ ਪੁਲ ਤੇ ਹੀ ਇਕ ਪਾਸੇ ਵਲ ਲਗ ਕੇ ਖਲੋ ਗਿਆ। ਉਸ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਆਉਣ ਲੱਗਾ। ਉਸ ਨੂੰ ਡਰ ਵਾਪਰਿਆ ਕਿ ਉਹ ਡਿੱਗ ਪਵੇਗਾ ਕਿਤੇ ਆਉਂਦੀ ਜਾਂਦੀ ਕਿਸੇ ਮੋਟਰ ਗੱਡੀ ਥੱਲੇ ਮਿੱਧਿਆ ਜਾਵੇਗਾ। ਉਸੇ ਦਿਨੋਂ ਉਸ ਦੇ ਅੰਦਰ ਇਕ ਡਰ ਬੈਠ ਗਿਆ ਤੇ ਫਿਰ ਉਹ ਕਦੇ ਉਸ ਪੁਲ ਉਪਰੋਂ ਨਹੀ ਲੰਘਿਆ। ਹੋਰ ਕਿਸੇ ਪੁਲ ਉਪਰੋਂ ਲੰਘਦਿਆਂ ਵੀ ਉਸ ਨੂੰ ਹਲਕੀ ਜਹੀ ਹਨੇਰਨੀ ਆ ਜਾਂਦੀ ਸੀ।

ਇੱਥੇ ਸਪਸ਼ਟ ਹੈ ਕਿ ਉਸ ਨੌਜਵਾਨ ਦੀ ਚਿੰਤਾ ਤਾਂ ਇਮਤਿਹਾਨ ਕਾਰਣ ਪੈਦਾ ਹੋਈ ਸੀ, ਪਰ ਉਹ ਵਿਸਥਾਪਿਤ ਹੋ ਕੇ ਪੁੱਲ ਨਾਲ ਜਾ ਜੁੜੀ ਸੀ। ਪੁਲ ਤੋਂ ਲੰਘਣਾ ਬੰਦ ਕਰ ਕੇ ਉਹ ਨੌਜਵਾਨ ਉਸ ਚਿੰਤਾ ਨੂੰ ਘਟਾਉਣ ਦਾ ਜਤਨ ਕਰ ਰਿਹਾ ਸੀ, ਪਰ ਨਤੀਜਾ ਇਹ ਨਿਕਲਿਆ ਕਿ ਨਾ ਕੇਵਲ ਉਸ ਪੁੱਲ ਉਤੋਂ ਉਹ ਕਦੀ ਨਹੀਂ ਲੰਘ ਸੱਕਿਆ, ਹੋਰ ਪੁੱਲਾਂ ਉਤੋਂ ਲੰਘਦਿਆਂ ਵੀ ਉਸ ਨੂੰ ਹਨੇਰਨੀ ਜਹੀ ਆਉਣ ਲਗ ਪਈ।

ਵਿਸਥਾਪਨ ਰਾਹੀਂ ਚਿੰਤਾ ਤ੍ਰਾਸ ਰੋਗ ਜਾਂ **ਤ੍ਰਾਸ-ਮਨਸੰਤਾਪ** ਦਾ ਰੂਪ ਧਾਰ ਲੈਂਦੀ ਹੈ ਤੇ ਏਹੋ ਇਸ ਨੌਜਵਾਨ ਵਿਚ ਹੋਇਆ। ਉਸ ਦੇ ਅੰਦਰ ਪੁਲਾਂ ਦਾ ਅਤਾਰਕਿਕ ਤ੍ਰਾਸ ਸਥਾਪਿਤ ਹੋ ਗਿਆ।

ਇਕ ਹੋਰ ਮਿਸਾਲ ਲਉ:

26 ਵਰ੍ਹਿਆਂ ਦੇ ਇਕ ਉੱਚੇ ਲੰਮੇ ਗਭਰੂ ਨੂੰ ਫੁੱਲਾਂ ਤੋਂ ਡਰ ਲਗਦਾ ਸੀ। ਕਿਸੇ ਬਾਗ਼ ਵਿਚ ਤਾਂ ਉਸ ਨੇ ਕੀ ਜਾਣਾ ਸੀ, ਗੁਲਦਸਤੇ, ਫੁੱਲਦਾਰ ਗਮਲੇ, ਇਤਰ ਆਦਿ ਵੀ ਉਸ ਅੰਦਰ ਤ੍ਰਾਸ ਜਗਾ ਦੇਂਦੇ ਸਨ। ਹੋਰ ਗੰਧਾਂ ਜਿਵੇਂ ਧੂਪ, ਅਗਰਬੱਤੀ, ਦਵਾਈਆਂ ਆਦਿ ਦੀ ਗੰਧ ਵੀ ਉਸ ਨੂੰ ਭੈਭੀਤ ਕਰ ਦੇਂਦੀ ਸੀ। ਸੋ ਇਹ ਸਾਰੀਆਂ ਵਸਤਾਂ ਉਸ ਨੇ ਆਪਣੇ ਘਰੋਂ ਉਠਾਲ ਛੱਡੀਆਂ ਹੋਈਆਂ ਸਨ। ਉਸ ਨੂੰ ਕੋਈ ਪਤਾ ਨਹੀਂ ਸੀ ਇਸ ਤਕਲੀਫ਼ ਦਾ ਆਰੰਭ ਕਦੋਂ ਹੋਇਆ। ਪਰ ਉਹ ਕਹਿੰਦਾ ਸੀ ਕਿ ਸਕੂਲੇ ਪੈਣ ਤੋਂ ਪਹਿਲਾਂ ਉਸ ਨੂੰ ਫੁੱਲ ਬੜੇ ਚੰਗੇ ਲਗਦੇ ਸਨ।

ਸੁਤੰਤਰ ਸੰਬੰਧ ਦੀ ਵਿਧੀ ਨਾਲ ਇਹ ਪਤਾ ਚਲਿਆ ਕਿ ਉਹ ਪੰਜਾਂ ਵਰ੍ਹਿਆਂ ਦਾ ਸੀ ਜਦੋਂ ਉਸ ਦੇ ਪਿਤਾ ਦੀ ਮੌਤ ਹੋਈ। ਪਿਤਾ ਕੋਲੋਂ ਉਹ ਬਹੁਤ ਡਰਦਾ ਹੁੰਦਾ ਸੀ ਕਿਉਂ ਕਿ ਉਹ ਉਸ ਦੀ ਮਾਂ ਨੂੰ ਕੁੱਟਦਾ ਹੁੰਦਾ ਸੀ। ਇਹ ਬਹੁਤ ਡਰ ਜਾਂਦਾ ਸੀ ਤੇ ਦਿਲ ਹੀ ਦਿਲ ਵਿਚ ਕਿਹਾ ਕਰਦਾ ਸੀ," ਇਹ ਵੈਰੀ ਮਰਦਾ ਵੀ ਨਹੀਂ।" ਜਦ ਉਹ ਮਰ ਗਿਆ ਤੇ ਇਹ ਉਸ ਦੇ ਸ਼ਵ ਦੇ ਨਾਲ ਸ਼ਮਸ਼ਾਨ ਭੂਮੀ ਗਿਆ। ਰਸਤੇ ਵਿਚ ਉਸ ਨੂੰ ਲੱਗਣ ਲੱਗਾ ਕਿ ਉਹ ਸ਼ਾਇਦ ਉਸ ਦੀਆਂ ਬਦਦੁਆਵਾਂ ਕਾਰਨ ਹੀ ਮਰਿਆ ਸੀ। ਤਦ ਉਹ ਆਪਣੇ ਆਪ ਤੋਂ ਵੀ ਡਰ ਗਿਆ। ਸ਼ਮਸ਼ਾਨ ਭੂਮੀ ਜਾ ਕੇ ਜਦੋਂ ਉਸ ਦੇ ਸ਼ਵ ਉਤੋਂ ਫੁੱਲਾਂ ਦੇ ਸਿਹਰੇ ਤੇ ਗੁਲਦਸਤੇ ਆਦਿ ਉਤਾਰੇ ਗਏ ਤਾਂ ਇਸ ਨੂੰ ਉਹਨਾਂ ਦੀ ਸੁਗੰਧ ਤੋਂ ਵੀ ਡਰ ਆਉਣ ਲੱਗਾ। ਜਦ ਇਸ ਨੇ ਸ਼ਵ ਨੂੰ ਮੁਆਤਾ ਲਾਇਆ ਤਦ ਧੂਪ, ਚੰਦਨ, ਘਿਓ ਆਦਿ ਦੀ ਸੁਗੰਧ ਵੀ ਧੂਏਂ ਨਾਲ ਉਠੀ ਤੇ ਇਸ ਨਾਲ ਉਸ ਦਾ ਸਾਹ ਘੁਟੀਣ ਲਗਾ।

ਸਪਸ਼ਟ ਹੋ ਗਿਆ ਕਿ ਪਿਤਾ ਦੀ ਮੌਤ ਨਾਲ ਸੰਬੰਧਿਤ ਵਿਚਾਰਾਂ ਦਾ ਤਾਂ ਦਮਨ ਹੋ ਚੁੱਕਾ ਸੀ ਤੇ ਉਹਨਾ ਦੀ ਸਿਮਰਿਤੀ ਸਾਧਾਰਨ ਤੌਰ ਤੇ ਉਸ ਦੀ ਚੇਤਨਾ ਵਿਚੋਂ ਮੋਕੂਫ਼ ਹੋ ਚੁੱਕੀ ਸੀ। ਨਾਲ ਹੀ ਇਹ ਵੀ ਦਿੱਸ ਪਿਆ ਕਿ ਉਸ ਦੀ ਬੁਨਿਆਦੀ ਮੰਦ ਭਾਵਨਾ ਜੋ ਉਸ ਦੇ ਪਿਤਾ ਨਾਲ ਜੁੜੀ ਹੋਈ ਸੀ ਹੁਣ ਉਥੋਂ ਹੱਟ ਕੇ ਫੁੱਲਾਂ ਆਦਿ ਨਾਲ ਜਾ ਜੁੜੀ ਸੀ। ਤੇ ਇਹ ਸਭ ਕੁਝ ਉਸ ਦੇ ਅਚੇਤਨ ਵਿਚ ਹੀ ਵਾਪਰਿਆ ਸੀ।

ਦਮਨ ਤੋਂ ਇਲਾਵਾ ਹੋਰ ਵੀ ਵਿਧਿਆਂ ਹਨ ਜਿਨ੍ਹਾਂ ਨਾਲ ਦੁਖਦਾਈ ਭਾਵਾਂ ਨੂੰ ਚੇਤਨਾ ਵਿਚੋਂ ਬਰਖ਼ਾਸਤ ਕੀਤਾ ਜਾ ਸਕਦਾ ਹੈ। ਇਹਨਾਂ ਵਿਚੋਂ ਇਕ **ਅਸੰਬੰਧਨ** *(ਡਿਸੋਸੀਏਸ਼ਨ)* ਦੀ ਵਿਧੀ ਹੈ। ਇਸ ਜੁਗਤ ਨਾਲ ਕਿਸੇ ਵਿਚਾਰ, ਕਿਸੇ ਵਸਤੂ ਜਾਂ ਕਿਸੇ ਪ੍ਰਸਥਿਤੀ ਨਾਲ ਜੁੜੇ ਭਾਵੁਕ ਸੰਬੰਧ ਉਸ ਨਾਲੋਂ ਨਖੇੜ ਕੇ ਅੱਡ ਕਰ ਦਿਤੇ ਜਾਂਦੇ ਹਨ।

ਅਸੰਬੰਧਨ ਦੀ ਪ੍ਰਕਿਰਿਆ ਕਈ ਪ੍ਰਕਾਰ ਨਾਲ ਅਮਲ ਵਿਚ ਆਉਂਦੀ ਹੈ

* ਦੁਖਦਾਈ ਭਾਵ ਦਾ ਕਿਸੇ ਦੁਖ ਜਨਕ ਘਟਨਾ ਤੋਂ ਅਸੰਬੰਧਿਤ ਹੋ ਜਾਣਾ।
* ਕਿਸੀ ਸਰੀਰਕ ਕਿਰਿਆ ਦੀ ਮਾਨਸਿਕ ਕਲਾ ਦਾ ਚੇਤਨਾ ਵਿਚੋਂ ਉਠ ਜਾਣਾ ਜਿਵੇਂ ਰੂਪਾਂਤ੍ਰਣ *(ਕਨਵਰਸ਼ਨ)* ਵਿਚ ਹੋਂਦਾ ਹੈ।
* ਚੇਤਨਾ ਦੇ ਇਕ ਭਾਗ ਦਾ ਰਹਿੰਦੀ ਚੇਤਨਾ ਤੋਂ ਨਿਖੜ ਜਾਣਾ- ਜਿਵੇਂ ਆਤਮ-ਪਛਾਣ ਦੇ ਗੁਆਚਣ, ਮੂਰਛਾ ਤੇ ਵਿਸਮਰਿਤੀ ਆਦਿ ਵਿਚ।
* ਅਨੋਖਾ ਵਿਹਾਰ - ਜਿਹਾ ਕਿ ਨਿਦ੍ਰਾ-ਭ੍ਰਮਣ ਵਿਚ।
* ਚੇਤਨਾ ਦੇ ਦੋ ਵੱਡੇ ਭਾਗ ਹੋ ਜਾਣੇ ਤੇ ਉਹਨਾਂ ਦਾ ਵਾਰੀ ਵਾਰੀ ਦੂਜੇ ਭਾਗ ਨੂੰ ਬਰਖ਼ਾਸਤ ਕਰਕੇ ਮਾਲਕ ਬਣ ਬੈਠਣਾ-ਜਿਵੇਂ ਕਿ ਖੰਡਿਤ ਵਿਅਕਤਿਤਵ *(ਸਪਲਿਟ*

*ਪਰਸਨੈਲਿਟੀ)* ਅਥਵਾ ਵਿਕਲਪਿਤ ਵਿਅਕਤਿਤਵ *(ਆਲਟਰਨੇਟਿੰਗ ਪਰਸਨੈਲਿਟੀ)* ਵਿਚ।

ਕੁਝ ਮਿਸਾਲਾਂ ਨਾਲ ਗੱਲ ਵਧੇਰੇ ਸਪਸ਼ਟ ਕਰਦੇ ਹਾਂ। ਪੰਜਾਹ ਵਰ੍ਹਿਆਂ ਤੋਂ ਕੁਝ ਉਪਰ ਦੀ ਇਕ ਵਿਧਵਾ ਔਰਤ ਦਾ ਇੱਕੋ ਇੱਕ ਬੇਟਾ ਗੁਜ਼ਰ ਗਿਆ। ਉਹ ਬਿਲਕੁਲ ਨਹੀਂ ਰੋਈ। ਸਾਰੇ ਕਿਰਿਆ ਕਰਮ ਵਿਚ ਉਸ ਨੇ ਇਕ ਹੰਝੂ ਨਹੀਂ ਕੇਰਿਆ। ਜਦ ਉਹ ਆਪਣੇ ਬੇਟੇ ਦੇ ਮਰਨ ਦੀ ਗਲ ਵੀ ਕਰਦੀ ਸੀ ਤਾਂ ਸੋਗ ਵਰਗਾ ਕੋਈ ਭਾਵ ਉਸ ਦੇ ਅੰਦਰੋਂ ਪ੍ਰਗਟ ਹੋਂਦਾ ਪ੍ਰਤੀਤ ਨਹੀ ਸੀ ਹੋਂਦਾ। ਸਾਫ ਹੈ ਕਿ ਸੋਗ ਦਾ ਦੁਖਦਾਈ ਭਾਵ ਉਸ ਦੇ ਬੇਟੇ ਦੀ ਮੌਤ ਜਹੀ ਦੁਖਜਨਕ ਘਟਨਾ ਤੋਂ ਅਸੰਬੰਧਿਤ ਹੋ ਗਿਆ ਸੀ।

ਬਾਰਾਂ ਤੇਰਾਂ ਸਾਲਾ ਦਾ ਇਕ ਹੋਨਹਾਰ ਲੜਕਾ ਪੜ੍ਹਾਈ ਵਿਚ ਵੀ ਅੱਵਲ ਆਉਂਦਾ ਸੀ ਤੇ ਖੇਡਾਂ ਵਿਚ ਵੀ ਬਹੁਤ ਚੰਗਾ ਸੀ। ਸਕੂਲ ਦੀ ਫੁਟਬਾਲ ਟੀਮ ਦਾ ਕਪਤਾਨ ਸੀ। ਇਕ ਦਿਨ ਫੁਟਬਾਲ ਦੇ ਟੂਰਨਾਮੈਂਟ ਦੀ ਜਿੱਤੀ ਹੋਈ ਟ੍ਰਾਫੀ ਘਰਦਿਆਂ ਨੂੰ ਦਿਖਾਲਣ ਲਈ ਘਰ ਲੈ ਆਇਆ। ਉਸ ਵੇਲੇ ਇਕ ਗੁਆਂਢਣ ਓਥੇ ਬੈਠੀ ਹੋਈ ਸੀ, ਜੋ ਉਨ੍ਹਾਂ ਨੂੰ ਮਿਲਣ ਆਈ ਹੋਈ ਸੀ। ਉਹ ਉਸ ਦੀ ਮਾਂ ਨੂੰ ਕਹਿਣ ਲੱਗੀ,"ਅੜੀਏ ਪੁੱਤ ਨੂੰ ਸੰਭਾਲ ਕੇ ਰੱਖ ਇਹ ਇਨਾਮ ਆਪਣੇ ਲੁਕਾ ਕੇ ਰਖਿਆ ਕਰੇ। ਅੱਜ ਤਾਂ ਮੈਚ ਜਿੱਤਦਾ ਹੈ, ਜੇਕਰ ਕਿਸੇ ਚੁੜੈਲ ਨੇ ਨਜ਼ਰ ਲਗਾ ਦਿੱਤੀ ਤਾਂ ਚਲਣੋਂ ਵੀ ਰਹਿ ਜਾਏਗਾ।" ਉਸ ਲੜਕੇ ਦੇ ਅੰਦਰ ਇਕਦਮ ਡਰ ਦੀ ਲਹਿਰ ਫਿਰ ਗਈ। ਉਸ ਨੂੰ ਉਹ ਔਰਤ ਆਪ ਚੁੜੈਲ ਲਗੀ, ਤੇ ਜਿਵੇਂ ਉਸਨੇ ਉਸ ਵਲ ਵੇਖਿਆ ਸੀ, ਉਸ ਨੂੰ ਲਗਾ ਸੀ ਕਿ ਉਹ ਜ਼ਰੂਰ ਕੋਈ ਭੈੜੀ ਨਜ਼ਰ ਹੀ ਸੀ। ਉਸੇ ਦਿਨ ਤੋਂ ਉਸ ਦੀਆਂ ਲੱਤਾਂ ਜੁੜ ਗਈਆਂ ਤੇ ਉਹ ਚਲਣੋਂ ਫਿਰਨੋਂ ਰਹਿ ਗਿਆ। ਇਹ **ਰੂਪਾਂਤ੍ਰਣ** *(ਕਨਵਰਸ਼ਨ)* ਦੀ ਸਪਸ਼ਟ ਮਿਸਾਲ ਹੈ।

ਰੂਪਾਂਤ੍ਰਣ ਵਿਚ ਚਿੰਤਾ-ਜਨਕ ਸੰਘਰਸ਼ ਸਰੀਰਕ ਰੋਗ ਚਿੰਨ੍ਹ ਪੈਦਾ ਕਰ ਦੇਂਦੇ ਹਨ। ਇਹ ਰੋਗ ਚਿੰਨ੍ਹ ਕਿਸੇ ਅਚੇਤਨ ਸੰਘਰਸ਼ ਦੇ ਪ੍ਰਤੀਕ ਵੀ ਹੋਂਦੇ ਹਨ। ਇਹ ਤਾਂ ਸਪਸ਼ਟ ਸੀ ਕਿ ਉਪਰੋਕਤ ਲੜਕੇ ਦੀਆਂ ਟੰਗਾਂ ਜੁੜਨ ਦਾ ਇਕ ਕਾਰਨ ਉਸ ਔਰਤ ਵਲੋਂ ਦਿੱਤਾ ਗਿਆ ਨਿਰਦੇਸ਼ਨ ਸੀ। ਬੱਚੇ ਨਿਰਦੇਸ਼ਨਸ਼ੀਲ ਤਾਂ ਹੋਂਦੇ ਹੀ ਹਨ। ਉਸ ਦੇ ਰੋਗ-ਚਿੰਨ੍ਹ ਦੀ ਪ੍ਰਤੀਕਾਤਮਕ ਮਹੱਤਾ ਕੀ ਸੀ, ਇਹ ਅਜੇ ਸਪਸ਼ਟ ਨਹੀ ਸੀ। ਮਨੋਵਿਸ਼ਲੇਸ਼ਨ ਦੁਆਰਾ ਇਕ ਹੋਰ ਘਟਨਾ ਬੇਨਕਾਬ ਹੋਈ ਜਿਸ ਤੋਂ ਇਸ ਚਿੰਨ੍ਹ ਦੀ ਪ੍ਰਤੀਕਾਤਮਕਤਾ ਪ੍ਰਗਟ ਹੋ ਗਈ। ਉਸ ਦਿਨ ਮੈਚ ਮਗਰੋਂ ਇਸ ਲੜਕੇ ਨੇ ਇਕ ਹੋਰ ਲੜਕੇ ਨੂੰ ਢਾਹ ਕੇ ਠੁੱਡੇ ਮਾਰੇ ਸਨ ਕਿਉਂ ਕਿ ਮੈਚ ਵਿਚ ਉਸਨੇ ਇਹਨੂੰ ਧੱਕਾ ਦਿੱਤਾ ਸੀ। ਉਸ ਦੀ ਇਹ ਹਰਕਤ ਹੈਡਮਾਸਟਰ ਨੇ ਵੇਖੀ ਤੇ ਉਸ ਨੂੰ ਚੇਤਾਵਨੀ ਦਿੱਤੀ "ਜੇ ਤੂੰ ਮੁੜ ਐਸੀ ਹਰਕਤ ਕੀਤੀ ਤਾਂ ਤੈਨੂੰ ਕਪਤਾਨੀ ਤੋਂ ਹਟਾ ਦਿੱਤਾ ਜਾਏਗਾ।" ਹੁਣ ਇਸ ਰੋਗ ਚਿੰਨ੍ਹ ਨੇ ਉਸ ਨੂੰ ਠੁੱਡੇ ਮਾਰਨ ਜੋਗਾ ਛੱਡਿਆ ਹੀ ਨਹੀ ਸੀ।

ਬਾਈ ਵਰਿਆਂ ਦੀ ਇਕ ਮਲੂਕ ਜਹੀ ਲੜਕੀ ਨੂੰ ਮੂਰਛਾ ਦੇ ਦੌਰੇ ਪੈਂਦੇ ਸਨ। ਦੌਰਿਆਂ ਵਿਚ ਦੰਦਲ ਵੀ ਪੈ ਜਾਂਦੀ ਸੀ, ਤੇ ਉਹ ਕਈ ਕਈ ਮਿੰਟ ਇੱਕੋ ਹਾਲ ਬੇਹਰਕਤ ਪਈ ਰਹਿੰਦੀ ਸੀ। ਫਿਰ ਉਹ ਇਕ ਆਕੜੀ ਜਹੀ ਲੈ ਕੇ ਇਉਂ ਉਠ ਖਲੋਂਦੀ ਜਿਵੇਂ ਕੁਝ ਹੋਇਆ ਹੀ ਨ ਹੋਵੇ। ਕਾਰਨ ਇਹ ਲੱਭਾ ਕਿ ਉਸ ਦੀ ਸੱਸ ਉਸ ਨੂੰ ਬਹੁਤ ਤੰਗ ਕਰਦੀ ਸੀ ਤੇ ਉਸ ਦਾ ਘਰ ਵਾਲਾ ਜੋ ਮਾਂ ਦੇ ਕਹਿਣੇ ਵਿਚ ਹੀ ਸੀ, ਇਸ ਦੀ ਇੱਕ ਨਹੀਂ ਸੀ ਸੁਣਦਾ। ਘਰ ਦਾ ਸਾਰਾ ਕੰਮ ਵੀ ਕਰਨਾ, ਸੱਸ ਦੀ ਵਾਧੀ ਘਾਟੀ ਵੀ ਸੁਣਦੀ, ਤੇ ਪਤੀ ਵੱਲੋਂ ਵੀ ਕੋਈ ਆਸਰਾ ਨਾ ਹੋਣਾ, ਇਹ ਇਕ ਦਮ ਬੜੀ ਅਸਹਿ ਹਾਲਤ ਸੀ। ਜਦੋਂ ਮਨ ਅੰਦਰਲਾ ਸੰਘਰਸ਼ ਉਸ ਨੂੰ ਢਾਹ ਲੈਂਦਾ ਤਾਂ ਅਸੰਬੰਧਨ ਦੀ ਪ੍ਰਕਿਰਿਆ ਰਾਹੀਂ ਉਸ ਦੀ ਚੇਤਨਾ ਉੱਠ ਜਾਂਦੀ ਤੇ ਉਹ ਮੂਰਛਿਤ ਹੋ ਜਾਂਦੀ। ਜਦ ਕੁਝ ਚਿਰ ਬਾਦ ਉੱਠਦੀ ਤਾਂ ਤਾਜ਼ਾ ਹੋਕੇ ਉੱਠਦੀ। ਜਾਪਦਾ ਹੈ ਇਹ ਬੇਹੋਸ਼ੀ ਉਸ ਦੇ ਹੱਕ ਵਿਚ ਇੱਕ ਸੁਰੱਖਿਆਤਮਕ ਪ੍ਰਕਿਰਿਆ ਸੀ ਜਿਸ ਰਾਹੀਂ ਉਹ ਉਸ ਵਿਆਪਕ ਚਿੰਤਾ ਤੋਂ ਮੁਕਤ ਹੋ ਜਾਂਦੀ ਸੀ ਤੇ ਉਸ ਦੀ ਭਾਵੁਕ ਥਕਾਵਟ ਦੂਰ ਹੋ ਜਾਂਦੀ ਸੀ।

ਨੀਂਦ ਵਿਚ ਚਲਣ ਵਾਲੇ ਲੋਕਾਂ ਬਾਰੇ ਤੁਸਾਂ ਜ਼ਰੂਰ ਸੁਣਿਆ ਹੋਵੇਗਾ। ਨਿਦ੍ਰਾ-ਭ੍ਰਮਣ ਦਾ ਰੋਗੀ ਅਸੰਬੰਧਨ ਰਾਹੀਂ ਆਪਣੇ ਕਰਮ ਇੰਦਰਿਆਂ ਦੀ ਪ੍ਰਕਿਰਿਆ ਨੂੰ ਚੇਤਨਾ ਤੋਂ ਵਖਰਿਆ ਲੈਂਦਾ ਹੈ। ਚੇਤਨਾ ਤਾਂ ਅਸਤ ਹੁੰਦੀ ਹੈ ਪਰ ਲੱਤਾਂ ਚਲਣ ਲਗਦੀਆਂ ਹਨ।

ਦੋ ਸਾਲਾਂ ਦੀ ਜੰਗੀ ਡਿਊਟੀ ਤੋਂ ਬਾਦ ਇਕ ਫੌਜੀ ਘਰ ਪਰਤਿਆ ਤਾਂ ਉਸ ਨੂੰ ਘਰ ਦਾ ਵਾਤਾਵਰਣ ਬੜਾ ਖ਼ਰਾਬ ਲੱਗਾ। ਉਸ ਦੀ ਕੋਸ਼ਿਸ਼ ਦੇ ਬਾਵਜੂਦ ਉਸ ਵਿਚ ਕੋਈ ਸੁਧਾਰ ਨਹੀ ਸੀ ਆਇਆ। ਅਜੇ ਥੋੜੇ ਹੀ ਦਿਨ ਲੰਘੇ ਸਨ ਕਿ ਇਕ ਰਾਤੀ ਉਸ ਦੀ ਵਹੁਟੀ ਨੇ ਵੇਖਿਆ ਕਿ ਉਹ ਆਪਣੇ ਬਿਸਤਰੇ ਵਿਚ ਹੈ ਨਹੀ। ਜਦ ਉਸ ਨੇ ਏਧਰ ਉਧਰ ਭਾਲਿਆ ਤਾਂ ਕੁਝ ਮਿੰਟਾਂ ਬਾਦ ਉਹ ਸੜਕੋਂ ਪਾਰ ਇਕ ਮੈਦਾਨ ਵਿਚ ਲੱਗੇ ਇਕ ਬਿਰਛ ਦੇ ਚੱਕਰ ਕੱਟਦਾ ਮਿਲਿਆ। ਇਹ ਕੋਲ ਪਹੁੰਚੀ ਪਰ ਉਸ ਗੌਲਿਆ ਨਹੀਂ। ਉਹ ਤਾਂ ਪੂਰੀ ਤਰਾਂ ਸੁੱਤਾ ਹੋਇਆ ਸੀ। ਔਰਤ ਨੇ ਉਸ ਨੂੰ ਝੰਝੋੜ ਕੇ ਜਗਾਇਆ ਤਾਂ ਉਹ ਆਪ ਹੈਰਾਨ ਹੋਗਿਆ ਕਿ ਉਹ ਉਥੇ ਕਿਵੇਂ ਆ ਗਿਆ ਹੈ।

ਜਦੋਂ ਅਸੰਬੰਧਨ ਬਹੁਤ ਤਿੱਖਾ ਤੇ ਤਕੜਾ ਹੋ ਜਾਂਦਾ ਹੈ ਤਾਂ ਕਈ ਵਾਰ ਵਿਅਕਤਿਤਵ ਦੇ ਦੋ (ਜਾਂ ਉਸ ਤੋਂ ਵੀ ਵਧੀਕ) ਇੱਕੋ ਜੇਡੇ ਵਿਆਪਕ ਭਾਗ ਹੋ ਜਾਂਦੇ ਹਨ। ਇਹਨਾਂ ਦਾ ਆਪਣਾ ਨਵੇਕਲਾ ਸਿਮਰਿਤੀ-ਵਿਧਾਨ ਵੀ ਸਥਾਪਿਤ ਹੋ ਜਾਂਦਾ ਹੈ। ਇਹਨਾਂ ਵਿਚੋਂ ਕਦੇ ਇਕ ਪਰਧਾਨ ਹੋ ਜਾਂਦਾ ਹੈ ਤੇ ਕਦੇ ਦੂਜਾ।

ਸਾਡੇ ਪਿੰਡ ਦਾ ਇਕ ਦਰਜ਼ੀ ਇਸ ਤਰ੍ਹਾਂ ਦੇ ਅਸੰਬੰਧਨ ਦਾ ਸ਼ਿਕਾਰ ਸੀ। ਇਕ ਦਿਨ ਜਦ ਉਹ ਕੋਈ 29 ਵਰ੍ਹਿਆਂ ਦਾ ਸੀ ਆਪਣੇ ਸਹੁਰੇ ਪਿੰਡ ਜਾਣ ਲਈ ਘਰੋਂ ਨਿਕਲਿਆ। ਰਸਤੇ ਵਿਚੋਂ ਹੀ ਪਤਾ ਨਹੀਂ ਕਿਵੇਂ ਉਹ ਕਿਸੇ ਹੋਰ ਪਾਸੇ ਨਿਕਲ ਗਿਆ ਤੇ ਕਿਸੇ ਹੋਰ ਪਿੰਡ

ਜਾ ਕੇ ਧੋਬੀ ਦਾ ਕੰਮ ਕਰਨ ਲਗ ਪਿਆ। ਕੋਈ ਦੋ ਕੁ ਸਾਲ ਉਥੇ ਰਿਹਾ – ਓਦੋਂ ਉਸ ਨੂੰ ਪਹਿਲੀ ਜ਼ਿੰਦਗੀ ਦਾ ਕੁਝ ਵੀ ਯਾਦ ਨਹੀ ਸੀ। ਦੋ ਸਾਲਾਂ ਬਾਦ ਇਕ ਦਮ ਉਸ ਨੂੰ ਆਪਣਾ ਪਿੰਡ, ਆਪਣਾ ਪਰਿਵਾਰ ਚੇਤੇ ਆ ਗਿਆ ਤੇ ਉਹ ਪਰਤ ਆਇਆ। ਉਥੇ ਆ ਕੇ ਪਹਿਲਾ ਤਾਂ ਸਭ ਕੁਝ ਚੇਤੇ ਆਗਿਆ, ਪਰ ਪਿਛਲੇ ਦੋ ਸਾਲਾਂ ਦਾ ਸਭ ਕੁਝ ਵਿਸਰ ਗਿਆ। ਉਸ ਨੂੰ ਇਹ ਤਾਂ ਯਾਦ ਸੀ ਉਹ ਆਪਣੇ ਸਹੁਰੇ ਜਾਣ ਲਈ ਘਰੋਂ ਨਿਕਲਿਆ ਸੀ, ਪਰ ਅੱਗੇ ਕੀ ਹੋਇਆ ਉਸ ਦਾ ਉਸ ਨੂੰ ਕੁਝ ਵੀ ਪਤਾ ਨਹੀ ਸੀ। ਇਹ ਖੰਡਿਤ ਤੇ ਵਿਕਲਪਿਤ ਵਿਅਕਤਿਤਵ ਦੀ ਮਿਸਾਲ ਹੈ। ਜੇਕਰ ਕੋਈ ਪਰੇਸ਼ਾਨ ਚੇਤਨਾ ਨਾਲ ਕੇਵਲ ਆਪਣੇ ਨਿੱਤ ਦੇ ਟਿਕਾਣੇ ਤੋਂ ਬਾਰ ਬਾਰ ਪ੍ਰਸਥਾਨ ਹੀ ਕਰ ਜਾਵੇ ਤਾਂ ਇਸ ਹਾਲਤ ਨੂੰ **ਪ੍ਰਸਥਾਨ ਰੋਗ** ਕਹਿੰਦੇ ਹਨ।

ਕਦੇ ਕਦੇ ਅਚੇਤਨ ਭਾਵੁਕਤਾ ਦੇ ਜ਼ੋਰ ਨਾਲ ਧਕੇਲਿਆ ਕੋਈ ਵਿਚਾਰ ਅਣਚਾਹਿਆਂ, ਅਣਲੋਚਿਆਂ ਬਾਰ ਬਾਰ ਜਬਰਨ ਚੇਤਨਾ ਵਿਚ ਆਣ ਦਾਖ਼ਲ ਹੋਂਦਾ ਹੈ। ਇਸ ਤਰ੍ਹਾਂ ਦੇ ਜਬਰੀ ਤੇ ਬਾਰ ਬਾਰ ਆਉਂਦੇ ਵਿਚਾਰਾਂ ਨੂੰ **ਖ਼ਬਤ** *(ਓਬਸੈਸ਼ਨ)* ਕਹਿੰਦੇ ਹਨ।

45 ਸਾਲਾਂ ਦੇ ਇਕ ਸਰਕਾਰੀ ਅਫ਼ਸਰ ਦੀ ਇਕਲੌਤੀ ਵਿਆਹੁਤਾ ਲੜਕੀ ਬੀਮਾਰ ਪੈ ਗਈ ਤੇ ਉਸ ਦੇ ਬਚਣ ਦੀ ਉਮੀਦ ਘੱਟ ਗਈ। ਤਦ ਇਕ ਦਿਨ ਉਹ ਤੜਕਸਾਰ ਮੰਦਰ ਗਿਆ ਤਾਂ ਪੁਜਾਰੀ ਨੇ ਪ੍ਰਾਰਥਨਾ ਕਰ ਕੇ ਉਸ ਨੂੰ ਕਿਹਾ "ਘੰਟੀ ਵਜਾਓ"। ਉਸ ਨੇ ਘੰਟੀ ਖੜਕਾ ਦਿੱਤੀ। ਪਰ ਉਥੋਂ ਪਰਤਦਿਆਂ ਸਾਰਾ ਵਕਤ ਉਸ ਦੇ ਮਨ ਵਿਚ 'ਘੰਟੀ ਵਜਾਓ! ਘੰਟੀ ਵਜਾਓ!' ਬੋਲ ਬਾਰ ਬਾਰ ਘੁੰਮੀ ਗਿਆ, ਜੋ ਘਰ ਪਹੁੰਚਣ ਤਕ ਵੱਧ ਕੇ 'ਸੰਖ ਵਜਾਓ, ਘੰਟੀ ਵਜਾਓ' ਬਣ ਗਿਆ। ਇਥੋਂ ਤਕ ਕਿ ਉਸ ਲਈ ਕੁਝ ਹੋਰ ਸੋਚਣਾ ਮੁਸ਼ਕਿਲ ਹੋ ਗਿਆ। ਛਿਆਂ ਦਿਨਾਂ ਬਾਦ ਜਦ ਉਸ ਦੀ ਲੜਕੀ ਦੇ ਰੋਗ ਨੂੰ ਮੋੜਾ ਪਿਆ ਤਾਂ ਉਸ ਦੇ ਮਨ ਵਿਚ ਇਹਨਾਂ ਬੋਲਾਂ ਦੀ ਬਾਰਬਰਤਾ ਕੁਝ ਘੱਟ ਗਈ, ਤੇ ਜਦੋਂ ਉਹ ਲੜਕੀ ਹਸਪਤਾਲੋਂ ਵਾਪਿਸ ਘਰ ਆ ਗਈ ਤਾ ਇਹ ਦੂਰ ਹੋ ਗਈ।

ਵਿਚਾਰਾਂ ਦੀ ਬਾਰਬਾਰਤਾ ਵਾਂਗ ਕਿਸੇ ਕਿਰਿਆ ਦੀ ਬਾਰਬਾਰਤਾ ਵੀ ਕਿਸੇ ਕਿਸੇ ਨੂੰ ਆਣ ਗ੍ਰੱਸਦੀ ਹੈ। ਉਸ ਪ੍ਰਾਣੀ ਨੂੰ ਆਮ ਤੌਰ ਤੇ ਇਹ ਸ਼ੱਕ ਹੋ ਜਾਂਦਾ ਹੈ ਕਿ ਉਸ ਨੇ ਉਹ ਕੰਮ ਠੀਕ ਨਹੀਂ ਕੀਤਾ, ਦੁਬਾਰੇ ਕਰਦਾ ਹੈ, ਪਰ ਫਿਰ ਵੀ ਸ਼ੱਕ ਬਣਿਆ ਰਹਿੰਦਾ ਹੈ। ਕਈ ਕਈ ਵਾਰ ਦੁਹਰਾ ਕੇ ਵੀ ਸ਼ੱਕ ਨਹੀਂ ਹੱਟਦਾ। ਅੰਦਰੋਂ ਉਹ ਾਣਦਾ ਹੈ ਕਿ ਕੰਮ ਠੀਕ ਹੋ ਗਿਆ ਹੈ, ਪਰ ਉਸ ਦੀ ਤਸੱਲੀ ਨਹੀਂ ਹੁੰਦੀ। ਸ਼ੱਕ ਉਵੇਂ ਬਣਿਆ ਰਹਿੰਦਾ ਹੈ। ਅੰਤ ਉਹ ਛਿੱਥਿਆਂ ਪੈ ਕੇ ਹੀ ਇਸ ਦੁਹਰਾਓ ਨੂੰ ਛੋੜਦਾ ਹੈ। ਐਸੇ ਰੋਗ ਨੂੰ **ਅਵੱਸ਼ਕਾਰਤਾ** *(ਕੰਪਲਸ਼ਨ)* ਕਹਿੰਦੇ ਹਨ।

ਬੈਂਕ ਵਿਚ ਕੰਮ ਕਰਦੇ ਇਕ 37 ਸਾਲਾ ਕਲਰਕ ਨੇ ਅਖ਼ਬਾਰ ਵਿਚ ਪੜ੍ਹਿਆ ਕਿ ਕਿਸੇ ਹੋਰ ਬੈਂਕ ਦੇ ਮੈਨੇਜਰ ਤੇ ਕਲਰਕ ਨੂੰ ਜਿਨ੍ਹਾਂ ਉਪਰ ਗ਼ਬਨ ਦਾ ਇਲਜ਼ਾਮ ਲਗਾਇਆ ਗਿਆ ਹੈ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਓਦੋਂ ਤੋਂ ਉਸ ਨੂੰ ਇਕ ਚਿੰਤਾ ਚੰਬੜ ਗਈ ਕਿ

ਕਿਤੇ ਉਸ ਦੇ ਹਿਸਾਬ ਕਿਤਾਬ ਵਿਚ ਕੋਈ ਗ਼ਲਤੀ ਨ ਨਿਕਲ ਆਵੇ ਤੇ ਉਸ ਨੂੰ ਵੀ ਉਸੇ ਤਰ੍ਹਾਂ ਧਰ ਨ ਲਿਆ ਜਾਵੇ। ਹੁਣ ਉਹ ਆਪਣੇ ਹਿਸਾਬ ਕਿਤਾਬ ਦਾ ਮਿਲਾਨ ਬਾਰ ਬਾਰ ਕਰਨ ਲੱਗਾ। ਇਉਂ ਉਹ ਕਿਸੇ ਦਿਨ ਵੀ ਆਪਣਾ ਕੰਮ ਵੇਲੇ ਸਿਰ ਨਿਪਟਾ ਨਹੀਂ ਸੀ ਸਕਦਾ। ਉਸ ਨੂੰ ਵਾਧੂ ਸਮਾਂ ਲਗਾਉਣਾ ਪੈਂਦਾ ਸੀ ਜਿਸ ਕਾਰਨ ਉਸ ਦੇ ਉਪਰਲੇ ਅਫ਼ਸਰ ਨੇ ਉਸ ਦੀ ਖਿਚਾਈ ਕਰਨੀ ਸ਼ੁਰੂ ਕਰ ਦਿੱਤੀ।

ਕੰਮ ਵਿਚ ਗ਼ਲਤੀ ਹੋ ਜਾਣ ਦੇ ਸ਼ੱਕ ਵਰਗੇ ਹੀ ਹੋਰ ਵੀ ਕਈ ਪ੍ਰਕਾਰ ਦੇ ਸ਼ੱਕ ਇਸ ਸ਼੍ਰੇਣੀ ਵਿਚ ਆਉਂਦੇ ਹਨ। ਮਿਸਾਲ ਵਜੋਂ ਦਰਵਾਜ਼ੇ ਦੀ ਚਿਟਖਣੀ ਨੂੰ ਬਾਰ ਬਾਰ ਜਾ ਕੇ ਪੜਤਾਲਣਾ ਕਿ ਠੀਕ ਬੰਦ ਹੋਈ ਹੈ ਜਾਂ ਨਹੀਂ; ਨਕਦੀ ਦੇ ਨੋਟਾਂ ਨੂੰ ਬਾਰ ਬਾਰ ਗਿਣਨਾ ਕਿ ਰਕਮ ਠੀਕ ਹੈ ਜਾਂ ਨਹੀਂ; ਕੋਈ ਚੀਜ਼ ਰੱਖ ਕੇ ਬਾਰ ਬਾਰ ਜਾ ਕੇ ਵੇਖਣਾ ਕਿ ਟਿਕਾਣੇ ਸਿਰ ਪਈ ਹੈ ਕਿ ਨਹੀਂ। ਐਸੇ ਚਿੰਨ੍ਹ **ਸੰਦੇਹ ਰੋਗ** ਦੇ ਹੁੰਦੇ ਹਨ।

ਕਈ ਵਾਰ ਚਿੰਤਾ ਦੇ ਰੋਗ-ਚਿੰਨ੍ਹ ਹੀ ਆਪਣੇ ਆਪ ਵਿਚ ਚਿੰਤਾ ਦਾ ਕਾਰਨ ਬਣ ਜਾਂਦੇ ਹਨ। ਚਿੰਤਾ ਸਰੀਰ ਦੇ ਹਰ ਪ੍ਰਬੰਧ ਵਿਚ ਵਿਗਾੜ ਪੈਦਾ ਕਰ ਸਕਦੀ ਹੈ। ਇਸ ਲਈ ਇਸ ਦੇ ਸਰੀਰਕ ਚਿੰਨ੍ਹ ਕਈ ਪ੍ਰਕਾਰ ਦੇ ਹੁੰਦੇ ਹਨ। ਇਹਨਾਂ ਵਿਚ ਦਿਲ ਦਾ ਧੜਕਣਾ, ਛਾਤੀ ਤੇ ਭਾਰ ਜਾਂ ਦਰਦ ਪ੍ਰਤੀਤ ਹੋਣਾ, ਸਿਰ ਦਰਦ, ਪੱਠਿਆਂ ਵਿਚ ਖਿਚਾਓ, ਕਮਰ ਦਰਦ, ਕੰਬਣੀ, ਸਾਹ ਚੜ੍ਹਨਾ, ਕੰਨਾਂ ਵਿਚ ਸ਼ਾਂ ਸ਼ਾਂ, ਅੱਖਾਂ ਅੱਗੇ ਹਨੇਰਾ, ਲਿੰਗ-ਕਿਰਿਆ ਵਿਚ ਕਈ ਪ੍ਰਕਾਰ ਦੀ ਬਾਧਾ, ਬਾਰ ਬਾਰ ਪੇਸ਼ਾਬ ਆਉਣਾ, ਪੇਟ ਦੀ ਖ਼ਰਾਬੀ, ਕੱਚੀਆਂ ਤ੍ਰੇਲੀਆਂ, ਆਦਿ ਸ਼ਾਮਿਲ ਹਨ। ਇਹਨਾਂ ਵਿਚੋਂ ਕੋਈ ਇੱਕ ਜਾਂ ਇੱਕ ਤੋਂ ਵਧੀਕ ਚਿੰਨ੍ਹ ਪੈਦਾ ਹੋ ਸਕਦੇ ਹਨ। ਕੋਈ ਵੀ ਚਿੰਨ੍ਹ ਦੁਜੈਲੀ ਚਿੰਤਾ ਦਾ ਕਾਰਨ ਬਣ ਸਕਦੇ ਹਨ। ਚਿੰਤਾ ਜੋ ਅਸਲ ਵਿਚ ਹੋਰ ਕਿਸੇ ਕਾਰਨ ਪੈਦਾ ਹੋਈ ਹੁਣ ਕਿਸੇ ਰੋਗ-ਚਿੰਨ੍ਹ ਜਾਂ ਚਿੰਨ੍ਹਾਂ ਉਪਰ ਆ ਕੇਂਦ੍ਰਿਤ ਹੁੰਦੀ ਹੈ। ਉਹ ਵਿਅਕਤੀ ਮੰਨਣ ਲਗ ਪੈਂਦਾ ਹੈ ਕਿ ਉਸ ਨੂੰ ਕੋਈ ਸਰੀਰਕ ਰੋਗ ਹੈ, ਤੇ ਉਸ ਦਾ ਧਿਆਨ ਸਦਾ ਸਰੀਰ ਵਿਚ ਹੀ ਫਸਿਆ ਰਹਿੰਦਾ ਹੈ। ਡਾਕਟਰਾਂ ਕੋਲ ਜਾਂਦਾ ਹੈ, ਉਹ ਕਈ ਪ੍ਰਕਾਰ ਦੇ ਟੈਸਟ ਕਰਦੇ ਹਨ ਪਰ ਉਹਨਾਂ ਵਿਚੋਂ ਕੋਈ ਆਹੁਰ ਨਹੀਂ ਲਭਦਾ। ਦਵਾਈਆਂ ਦੇਂਦੇ ਹਨ ਤਾਂ ਉਹਨਾਂ ਨਾਲ ਕੋਈ ਆਰਾਮ ਨਹੀਂ ਆਉਂਦਾ। ਇਸ ਲਈ ਡਾਕਟਰਾਂ ਉਪਰੋਂ ਮਰੀਜ਼ ਦਾ ਭਰੋਸਾ ਉੱਠਣ ਲਗਦਾ ਹੈ। ਦਿਨ ਬ ਦਿਨ ਉਹ ਵੱਧ ਤੋਂ ਵੱਧ ਬੀਮਾਰੀਆਂ ਦੀ ਸੰਭਾਵਨਾ ਬਾਰੇ ਸੋਚਣ ਲਗਦਾ ਹੈ। ਇਉਂ ਉਹ ਗੰਭੀਰ **ਰੋਗ-ਚਿੰਤਨ** *(ਹਾਈਪੋਕਾਂਡਰਾਇਸਿਸ)* ਦਾ ਸ਼ਿਕਾਰ ਹੋ ਜਾਂਦਾ ਹੈ।

ਕਈ ਲੋਕ **ਹੀਨ ਭਾਵਨਾ** ਜਾਂ ਹੀਨਤਾ ਮਨੋਗੰਢ ਦਾ ਸ਼ਿਕਾਰ ਹੁੰਦੇ ਹਨ। ਐਸੀ ਭਾਵਨਾ ਦੀ ਜੜ੍ਹ ਜੀਵਨ ਦੇ ਮੁਢਲੇ ਵਰ੍ਹਿਆਂ ਵਿਚ ਹੀ ਲਗਣ ਲਗ ਜਾਂਦੀ ਹੈ। ਹੋ ਸਕਦਾ ਹੈ ਉਹ ਵਿਅਕਤੀ ਕਿਸੇ ਐਸੇ ਗ਼ਰੀਬ ਪਰਿਵਾਰ ਵਿਚ ਪੈਦਾ ਹੋਇਆ ਹੋਵੇ ਜਿਸ ਵਿਚ ਇਕ ਹੋਰ ਖਾਣ ਵਾਲੇ ਮੂੰਹ ਦਾ ਆ ਜਾਣਾ ਦੂਜਿਆਂ ਨੂੰ ਅਪਰਵਾਨ ਹੋਇਆ ਹੋਵੇ। ਹੋ ਸਕਦਾ ਹੈ ਕੋਈ ਆਪਣੇ ਘਰ ਵਿਚ ਸਭ ਤੋਂ ਛੋਟਾ ਬੱਚਾ ਹੋਵੇ ਤੇ ਸਾਰੇ ਉਸ ਤੇ ਹੁਕਮ ਚਲਾਉਂਦੇ ਹੋਣ। ਹੋ ਸਕਦਾ

ਹੈ ਕਿਸੇ ਬੱਚੇ ਦੇ ਮਾਪੇ ਆਪੋ ਵਿਚ ਝਗੜਦੇ ਰਹਿੰਦੇ ਹੋਣ ਤੇ ਬੱਚੇ ਨੂੰ ਪੂਰੀ ਦੇਖ ਭਾਲ ਨਾ ਮਿਲਦੀ ਹੋਵੇ। ਹੋ ਸਕਦਾ ਹੈ ਕਿਸੇ ਦਾ ਦੁੱਧ ਮਾਂ ਨੇ ਇਸ ਕਾਰਨ ਛੇਤੀ ਛੁੜਾ ਦਿੱਤਾ ਹੋਵੇ ਕਿਉਂ ਕਿ ਉਸ ਦੀ ਥਾਂ ਉਸ ਤੋਂ ਛੋਟੇ ਬੱਚੇ ਨੇ ਲੈ ਲਈ ਹੋਵੇ ਤੇ ਉਸ ਨੂੰ ਲੱਗਾ ਹੋਵੇ ਕਿ ਉਸ ਦਾ ਅਧਿਕਾਰ ਖੁਸ ਗਿਆ ਹੈ। ਇਹ ਤੇ ਏਹੋ ਜਹੇ ਕਈ ਹੋਰ ਹਾਲਾਤ ਬਚਪਨ ਵਿਚ ਹੀ ਹੀਨ-ਭਾਵਨਾ ਪੈਦਾ ਕਰਨ ਦਾ ਕਾਰਨ ਬਣਦੇ ਹਨ।

ਇਕ ਮਰੀਜ਼ ਨੇ ਮੈਨੂੰ ਦੱਸਿਆ, "ਮੇਰੇ ਪਿਤਾ ਜੀ ਦੇ ਅੱਗੇ ਹੀ ਚਾਰ ਲੜਕੇ ਸਨ ਤੇ ਉਹ ਇਕ ਲੜਕੀ ਚਾਹੁੰਦੇ ਸਨ, ਪਰ ਲੜਕੀ ਦੀ ਥਾਂ ਮੈਂ ਜੰਮ ਪਿਆ। ਇਹ ਗੱਲ ਜਦੋਂ ਮੈਨੂੰ ਦੱਸੀ ਗਈ ਤੇ ਫਿਰ ਦੁਹਰਾਈ ਗਈ ਤਾਂ ਮੈਨੂੰ ਲੱਗਣ ਲਗਾ ਕਿ ਮੈਂ ਤਾਂ ਇਕ ਅਣਚਾਹਿਆ ਬੱਚਾ ਹਾਂ। ਓਦੋਂ ਤੋਂ ਮੈਂ ਆਪਣੇ ਆਪ ਨੂੰ ਪਰਵਾਨ ਨਹੀਂ ਕਰ ਸਕਿਆ"।

ਕਈ ਵਾਰੀ ਮਾਪੇ ਆਪਣੇ ਕਿਸੇ ਬੱਚੇ ਦੀ ਆਪਣੇ ਹੀ ਜਾਂ ਹੋਰ ਕਿਸੇ ਦੇ ਬੱਚੇ ਨਾਲ ਤੁਲਨਾ ਕਰਕੇ ਉਸ ਅੰਦਰ ਘੱਟੀਆ ਹੋਣ ਦਾ ਇਹਸਾਸ ਭਰ ਦੇਂਦੇ ਹਨ। "ਮੇਰੀ ਮਾਂ ਹਮੇਸ਼ਾ ਮੇਰੇ ਚਾਚੇ ਦੇ ਪੁੱਤ ਨਾਲ ਮੇਰੀ ਤੁਲਨਾ ਕਰਿਆ ਕਰਦੀ ਸੀ", ਮੇਰੇ ਇਕ ਮਰੀਜ਼ ਨੇ ਦਸਿਆ, "ਤੇ ਮੈਂ ਨ ਉਸ ਦੀਆਂ ਨਜ਼ਰਾਂ ਵਿਚ ਉੱਚਾ ਉਠ ਸੱਕਿਆ ਨ ਆਪਣੀਆਂ ਵਿਚ।"

ਹੀਨ ਭਾਨਵਾ ਵਾਲੇ ਲੋਕ ਪਹਿਲਾਂ ਤਾਂ ਆਪ ਆਪਣੇ ਆਪ ਨੂੰ ਘਟੀਆ ਸਮਝਦੇ ਹਨ ਫਿਰ ਦੂਜਿਆਂ ਉਪਰ ਇਹ ਦੋਸ਼ ਆਰੋਪਨ ਕਰਨ ਲਗਦੇ ਹਨ, ਕਿ ਉਹ ਉਹਨਾਂ ਨੂੰ ਘੱਟੀਆ ਸਮਝਦੇ ਹਨ। ਕਈਆਂ ਦੇ ਘਟੀਆਪਨ ਦਾ ਭਾਵ ਇਸ ਕਦਰ ਵੱਧ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਹੀ ਨਫ਼ਰਤ ਕਰਨ ਲਗ ਜਾਂਦੇ ਹਨ। ਫਿਰ ਉਹ ਅਵਿਰਲ ਇਕ ਦੁਖੀ ਮਨੁਖ ਦਾ ਅਭਿਨਯ ਕਰਨ ਲਗਦੇ ਹਨ ਤੇ ਆਪਣੇ ਆਪ ਅੰਦਰ ਸ਼ਹੀਦ-ਮਨੋਗੰਢ ਪਾ ਬੈਠਦੇ ਹਨ - ਜਿਵੇਂ ਕਿ ਉਹ ਹੋਰਨਾਂ ਵਲੋਂ ਦੁਖ ਸਹਿ ਸਹਿ ਕੇ ਸ਼ਹੀਦ ਹੋ ਰਹੇ ਹੋਣ। ਕਈ ਵਾਰੀ ਐਸੇ ਲੋਕ ਹੋਰਨਾਂ ਦੀ ਭਲਾਈ ਕਰ ਕੇ ਇਸ ਮਨੋਗੰਢ ਦੀ ਤੀਬਰਤਾ ਹੋਰ ਵੀ ਵਧਾ ਲੈਂਦੇ ਹਨ। ਹੀਨ-ਭਾਵਨਾ ਵਾਲੇ ਦੁਖੀ ਲੋਕ ਦੂਜਿਆਂ ਦੇ ਸੁਖੀ ਜੀਵਨ ਨਾਲ ਈਰਖਾ ਵੀ ਕਰਨ ਲਗਦੇ ਹਨ, ਤੇ ਕਦੇ ਕਦੇ ਆਤਮ-ਘਾਤ ਦੀ ਸੋਚਾ ਦੇ ਧਾਰਨੀ ਵੀ ਹੋ ਜਾਂਦੇ ਹਨ।

ਐਸੇ ਵਿਅਕਤੀ **ਉਦਾਸੀ ਰੋਗ** ਦਾ ਸ਼ਿਕਾਰ ਹੁੰਦੇ ਹਨ। ਇਸ ਰੋਗ ਦਾ ਮਰੀਜ਼ ਬੇਹਦ ਢਹਿੰਦੀਆਂ ਕਲਾਂ ਵਿਚ ਰਹਿੰਦਾ, ਰੋਗਾਤਮਕ ਮਾਯੂਸੀ ਤੇ ਨਾ-ਉਮੇਦੀ ਨਾਲ ਪੀੜਿਤ, ਹਰ ਦਿਲਚਸਪੀ ਤੋਂ ਸਖਣਾ, ਹਰ ਕੰਮ ਤੋਂ ਵਿਰੁਚਿਤ, ਖੁਸੀ ਤੋਂ ਵਿਹੀਣ, ਭਵਿੱਖ ਵਲੋਂ ਚਿੰਤਾਤੁਰ, ਸਰੀਰਕ ਤੌਰ ਤੇ ਨਿਰਬਲ ਤੇ ਸੁਸਤ ਹੋ ਜਾਂਦਾ ਹੈ।

ਉਦਾਸੀ, ਵੈਸੇ ਤਾਂ ਇਕ ਵਿਆਪਕ ਭਾਵ ਹੈ, ਹਰ ਕਿਸੇ ਨੂੰ ਇਸ ਦਾ ਥੋੜਾ ਘਣਾ ਛਾਂਦਾ ਮਿਲਦਾ ਹੈ। ਪਰ ਇਸ ਨੂੰ ਰੋਗ ਓਦੋਂ ਕਹਿੰਦੇ ਹਾਂ ਜਦੋਂ ਇਹ ਬੜੀ ਤੀਬਰ ਹੋ ਜਾਵੇ, ਲੰਮੇ ਅਰਸੇ ਤਕ ਕਾਇਮ ਰਹੇ ਤੇ ਵਿਅਕਤੀ ਇਸ ਦੀ ਪਕੜ ਵਿਚ ਜਕੜਿਆ ਜਾਵੇ।

ਉਦਾਸੀ ਰੋਗ ਦੇ ਉਲਟ ਰੋਗਾਤਮਕ-ਉਤਸਾਹ ਜਾਂ **ਉਤਸਾਹ ਰੋਗ** *(ਮੇਨੀਆ)* ਹੁੰਦਾ ਹੈ ਜਿਸ ਵਿਚ ਮਨ ਅੰਦਰ ਇਕ ਤਰ੍ਹਾਂ ਦਾ ਨਕਲੀ ਉਤਸਾਹ ਤੇ ਕੂੜਾਵੀ ਖ਼ੁਸ਼ੀ ਆਣ ਪ੍ਰਵੇਸ਼ ਕਰਦੀ ਹੈ। ਵਿਚਾਰਾਂ ਦੀ ਰਵਾਨੀ ਵਿਚ ਹੜ੍ਹ ਆਇਆ ਲਗਦਾ ਹੈ ਜੋ ਅਰੋਕ ਤੇ ਫਿਰ ਦਿਸ਼ਾਹੀਣ ਹੋ ਜਾਂਦਾ ਹੈ। ਆਤਮ-ਵਡਿਆਈ ਤੇ ਵੱਡਪਣ ਦਾ ਵਿਸ਼ਵਾਸ ਉਨਮਾਦ ਦੀ ਹੱਦ ਤਕ ਅਪੜ ਜਾਂਦਾ ਹੈ। ਵੱਡੇ ਵੱਡੇ ਹਵਾਈ ਕਿਲੇ ਉਸਾਰਨ ਦਾ ਰੁਝਾਣ ਵੱਧ ਜਾਂਦਾ ਹੈ। ਰੋਗੀ ਵਿਅਕਤੀ ਆਪਣੇ ਅੰਦਰ ਅਥਾਹ ਸ਼ਕਤੀ ਪ੍ਰਤੀਤ ਕਰਦਾ ਹੈ ਤੇ ਠਲ੍ਹਿਆਂ ਨਹੀਂ ਠਲ੍ਹੀਂਦਾ। ਥਕਾਵਟ ਉਸ ਨੂੰ ਹੋਂਦੀ ਨਹੀਂ, ਪਰ ਟਿੱਕ ਕੇ ਉਹ ਬੈਠ ਨਹੀਂ ਸਕਦਾ। ਬੋਲਦਾ ਬਹੁਤ ਹੈ ਤੇ ਆਵਾਜ਼ ਉੱਚੀ ਰੱਖਦਾ ਹੈ। ਆਪਣੇ ਆਪ ਨੂੰ ਉੱਤਮ, ਤੇ ਆਪਣੇ ਟਾਕਰੇ ਹੋਰਨਾਂ ਨੂੰ ਹੀਨ ਸਮਝਦਾ ਹੈ।

ਐਸੇ ਰੋਗੀ ਅਚੇਤਨ ਮਾਨਸਿਕ ਸੰਘਰਸ਼ ਕਾਰਨ ਆਤਮ-ਵਡਿਆਈ ਦੇ ਕਲਪਨਾ-ਚਿਤ੍ਰਾਂ ਵਿਚੋਂ ਕੂੜਾਵੀ ਤਸੱਲੀ ਤੇ ਖ਼ੁਸ਼ੀ ਟੋਲਦੇ ਹਨ।

ਐਸੇ ਹੀ ਰੋਗ ਦਾ ਗ੍ਰਸਿਆ ਇਕ ਵਿਅਕਤੀ ਆਪਣੇ ਆਪ ਨੂੰ ਕਰੋੜਪਤੀ ਸਮਝਦਾ ਸੀ, ਕਹਿੰਦਾ ਸੀ, ਉਸ ਦੇ ਕਈ ਕਾਰਖਾਨੇ ਚਲਦੇ ਹਨ ਤੇ ਹਜ਼ਾਰਾਂ ਲੋਕ ਉਸ ਦੇ ਨੌਕਰ ਹਨ। ਪਰ ਉਹ ਸੜਕ ਤੇ ਖੜੋਤਾ ਆਉਂਦੇ ਜਾਂਦੇ ਲੋਕਾਂ ਪਾਸੋਂ ਇਕ ਬੀੜੀ ਲਈ ਤਰਲੇ ਕਢਦਾ ਰਹਿੰਦਾ ਸੀ। ਜੇਕਰ ਕੋਈ ਪੁਛੱਦਾ,"ਤੂੰ ਤਾਂ ਕਰੋੜਪਤੀ ਹੈ ਬੀੜੀ ਕਿਉਂ ਮੰਗਦਾ ਹੈ?" ਤਾਂ ਏਧਰ ਉਧਰ ਝਾਕ ਕੇ ਪੁੱਛਣ ਵਾਲੇ ਦੇ ਕੰਨ ਕੋਲ ਆ ਕੇ ਕਹਿੰਦਾ, "ਮੇਰੇ ਦੁਸ਼ਮਨਾਂ ਨੇ ਮੇਰੀ ਰਿਆਸਤ ਤੇ ਕਬਜ਼ਾ ਕਰ ਲਿਆ ਹੈ,ਪਰ ਛੇਤੀ ਹੀ ਉਹਨਾਂ ਦਾ ਖ਼ਾਤਮਾ ਹੋ ਜਾਵੇਗਾ।"

ਆਖ਼ਰ ਵਿਚ ਅਸੀ ਇਕ ਐਸੇ ਮਨੋਰੋਗ ਬਾਰੇ ਜ਼ਿਕਰ ਕਰਨ ਲੱਗੇ ਹਾਂ ਜਿਸ ਵਿਚ ਬੇਹੱਦ ਮਾਨਸਿਕ ਹਾਨੀ ਦੀ ਸੰਭਾਵਨਾ ਹੋਂਦੀ ਹੈ। ਇਸ ਰੋਗ ਨੂੰ **ਮਨਸਫੋਟ** *(ਸਕੀਜ਼ੋਫਰੀਨੀਆ)* ਕਹਿੰਦੇ ਹਨ। ਇਹ ਇਕ ਐਸਾ ਰੋਗ ਹੈ ਜਿਸ ਨਾਲ ਗ੍ਰਸੇ ਰੋਗੀ ਨੂੰ ਅਪਣਾ ਆਪਾ



ਚਿਤ੍ਰ ਨੰ: 26: ਮਨਸਫੋਟ ਦੇ ਇਕ ਰੋਗੀ ਦਾ ਆਤਮ-ਚਿਤ੍ਰ।

ਵਿਗੜ-ਰੂਪ ਹੋਇਆ ਜਾਪਦਾ ਹੈ। ਸਿਰ ਅੰਦਰ ਕਬਾੜ ਭਰਿਆ ਲਗਦਾ ਹੈ। ਤਨ ਸੁੱਕੇ ਦਰਖ਼ਤ ਵਰਗਾ ਲਗਦਾ ਹੈ। ਉਸ ਨੂੰ ਆਪਣਾ ਸਿਹਤਮੰਦ ਬਚਪਨ ਤੇ ਆਸਵੰਦ ਆਪਾ ਕਿਤੇ ਪਿੱਛੇ ਰਹਿ ਗਏ ਲਗਦੇ ਹਨ। ਕੁਦਰਤ ਤੇ ਹੋਰ ਵਾਤਾਵਰਣ ਵਲੋਂ ਉਪਰਾਮ ਉਹ ਆਪਣੇ ਚੱਕਰਾਂ ਵਿਚ ਉਲਝਿਆ ਪਿਆ ਰਹਿੰਦਾ ਹੈ। ਕੰਨਾਂ ਵਿਚ ਉਸ ਦੇ ਵਿਭਰਮਕ ਆਵਾਜ਼ਾਂ ਆ ਰਹੀਆਂ ਹੁੰਦੀਆਂ ਹਨ। ਹਰਥੇ ਅੱਖਾਂ ਉਸ ਨੂੰ ਉਸ ਵਲ ਵੇਖਦੀਆਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਕਾਰਣ ਉਹ ਘਬਰਾਇਆ ਰਹਿੰਦਾ ਹੈ। ਬਾਹਰ ਦੀ ਹਕੀਕਤ ਤੋਂ ਉਹ ਟੁੱਟ ਜਾਂਦਾ ਹੈ ਤੇ ਆਪਣੇ ਅੰਦਰਲੀ ਵਿਲੱਖਣ ਪਰ ਤਰੰਗੀ ਕਲਪਨਾ ਵਿਚ ਘਰ ਪਾ ਲੈਂਦਾ ਹੈ। ਭਾਵਨਾਵਾਂ ਉਸ ਦੀਆਂ ਸੁੱਕ ਜਾਂਦੀਆਂ ਹਨ। ਸੂਖਮ ਭਾਵ ਖ਼ਤਮ ਹੋ ਜਾਂਦੇ ਹਨ। ਵਿਚਾਰ ਵਿਚਲਿਤ ਹੋ ਜਾਂਦੇ ਹਨ। ਵਿਚਾਰਾਂ ਦਾ ਭਾਵਾਂ ਨਾਲ ਸੰਬੰਧ ਟੁੱਟ ਜਾਂਦਾ ਹੈ। ਕਈ ਪ੍ਰਕਾਰ ਦੇ ਭਰਮ ਤੇ ਵਿਭਰਮ ਪੈਦਾ ਹੋਣ ਲਗਦੇ ਹਨ। ਅੰਦਰ ਦੇ ਮਨੋਕਲਪਿਤ ਦ੍ਰਿਸ਼ ਬਾਹਰ ਦਿਸ਼ਣ ਲਗਦੇ ਹਨ। ਬਾਹਰੋਂ ਆਵਾਜ਼ਾਂ ਆਂਉਦੀਆਂ ਪ੍ਰਤੀਤ ਹੁੰਦੀਆਂ ਹਨ ਜੋ ਉਸ ਨੂੰ ਡਰਾਉਂਦੀਆਂ ਧਮਕਾਂਦੀਆਂ ਜਾਂ ਆਦੇਸ਼ ਦੇਂਦੀਆਂ ਹਨ। ਇਹ ਉਹਨਾਂ ਤੇ ਅਮਲ ਕਰਦਾ ਜਾਂ ਉਹਨਾਂ ਦਾ ਜਵਾਬ ਦੇਂਦਾ ਹੈ। ਬਾਹਰੀ ਦੁਨੀਆਂ ਪ੍ਰਤੀ ਅਵਿਸ਼ਵਾਸ ਪੈਦਾ ਹੋ ਜਾਂਦਾ ਹੈ। ਆਪਣੇ ਬੇਗਾਨੇ ਲੱਗਣ ਲੱਗਦੇ ਹਨ। ਆਪਣਾ ਆਪ ਕਿਸੇ ਗੁਪਤ ਸਾਜ਼ਿਸ਼ ਦਾ ਸ਼ਿਕਾਰ ਹੋਇਆ ਲਗੱਦਾ ਹੈ। ਉਹ ਕਦੇ ਤਾਂ ਘਬਰਾਇਆ ਤੇ ਬੇਵੱਸ ਹੋਇਆ ਪ੍ਰਤੀਤ ਕਰਦਾ ਹੈ ਤੇ ਕਦੇ ਕ੍ਰੋਧ ਵਿਚ ਆ ਕੇ ਹਿੰਸਾ ਤੇ ਉਤਰ ਆਉਂਦਾ ਹੈ। ਸੋਚਣੀ ਉਸ ਦੀ ਤਾਰਕਿਕ ਨਹੀਂ ਰਹਿੰਦੀ। ਉਹ ਪ੍ਰਤੀਕ ਨੂੰ ਹੀ ਅਸਲ ਸਮਝ ਲੈਂਦਾ ਹੈ ਤੇ ਭੁਲੇਖਿਆਂ ਦੇ ਔਝੜ ਵਿਚ ਪਿਆ ਰਹਿੰਦਾ ਹੈ। ਲੋਕਾਂ ਨੂੰ ਨ ਉਸਦੇ ਵਿਚਾਰ ਸਮਝ ਆਉਂਦੇ ਹਨ, ਨ ਉਸ ਦਾ ਵਿਹਾਰ, ਤੇ ਉਹ ਉਸ ਨੂੰ 'ਪਾਗਲ' ਕਰਾਰ ਦੇਂਦੇ ਹਨ।

ਫ੍ਰਾਇਡੀ ਮਨੋਵਿਸ਼ਲੇਸ਼ਕਾਂ ਅਨੁਸਾਰ ਇਹ ਰੋਗ ਪ੍ਰਤਿਗਮਨ ਤੋਂ ਪੈਦਾ ਹੋਂਦਾ ਹੈ। ਉਹਨਾ ਅਨੁਸਾਰ, ਐਸੇ ਰੋਗੀ ਜਦੋਂ ਹੋਰ ਸਾਰੀਆਂ ਰਖਿਆਤਮਕ ਕਲਾਵਾਂ ਵਰਤ ਚੁਕਦੇ ਹਨ ਤਦ ਪ੍ਰਤਿਗਮਨ ਦੀ ਕਲਾ ਰਾਹੀਂ ਸੁਰੱਖਿਆ ਭਾਲਣ ਲਗਦੇ ਹਨ। ਉਹਨਾਂ ਨੂੰ ਇਹ ਪ੍ਰਤਿਗਮਨ ਤੋੜ **ਆਤਮ-ਰਤਿ*** *(ਨਾਰਸਿਸਿਜ਼ਮ)* ਦੇ ਪੱਧਰ ਤਕ ਅਪੜਾ ਜਾਂਦਾ ਹੈ। ਸ਼ੱਕ ਤੇ ਸੰਦੇਹ ਭਰੀ ਤੀਬਰ ਧੁਖਧੁਖੀ ਰੋਗੀ ਨੂੰ ਬਾਹਰੋਂ ਹੱਟ ਕੇ ਆਪਣੇ ਅੰਦਰ ਵੜਨ ਤੇ ਮਜਬੂਰ ਕਰਦੀ ਹੈ। ਆਖ਼ਰ ਉਹ ਸ਼ਿਸ਼ੂ ਪੱਧਰ ਦੀ ਨਿਰਭਰਤਾ ਭਾਲਣ ਲਗ ਜਾਂਦਾ ਹੈ ਜਿਸ ਦੀ ਅਪ੍ਰਾਪਤੀ ਉਹ ਸਹਿਨ ਨਹੀਂ ਕਰ ਸਕਦਾ।

ਡਾ: ਯੁੰਗ ਦੇ ਵਿਚਾਰ ਇਸ ਤੋਂ ਭਿੰਨ ਹਨ। ਉਸ ਅਨੁਸਾਰ ਮਨਸਫੋਟ ਦਾ ਕਾਰਨ ਵਿਅਕਤੀਗਤ ਅਚੇਤਨ ਵਿਚ ਨਹੀਂ ਸਗੋਂ ਸਮੂਹਕ ਅਚੇਤਨ ਵਿਚ ਹੁੰਦਾ ਹੈ। ਸਮੂਹਕ ਅਚੇਤਨ

---

*ਆਤਮ-ਰਤਿ ਪਿਆਰ-ਸੰਬੰਧਾਂ ਦੇ ਵਿਕਾਸ ਦਾ ਸਭ ਤੋਂ ਮੁਢਲਾ ਪੱਧਰ ਹੁੰਦਾ ਹੈ ਜਦੋਂ ਬੱਚੇ ਦੀ ਚੇਤਨਾ ਵਿਚ ਨਿਜ ਤੇ ਪਰ ਦੇ ਅਜੇ ਕੋਈ ਵਖੇਵੇਂ ਨਹੀਂ ਵਾਪਰੇ ਹੁੰਦੇ, ਤੇ ਉਸ ਦਾ ਸਾਰਾ ਪਿਆਰ ਸ੍ਵੈ-ਕੇਂਦ੍ਰਿਤ ਹੁੰਦਾ ਹੈ। ਤਦ ਉਹ ਆਪਣੇ ਆਪ ਨੂੰ ਸਰਬ-ਸ਼ਕਤੀਮਾਨ ਵੀ ਸਮਝਦਾ ਹੈ ਤੇ ਬਾਹਰੀ ਕਿਸੇ ਹੋਰ ਖ਼ੁਸ਼ੀ ਤੋਂ ਨਾਵਾਕਫ ਵੀ ਹੁੰਦਾ ਹੈ।

ਅੰਦਰ ਜੋ ਆਦਿਮ-ਰੂਪ ਪਏ ਹੁੰਦੇ ਹਨ, ਉਹ ਐਸੇ ਰੋਗੀ ਦੀ ਸੰਵੇਦਨਾ ਤੇ ਚਿੰਤਨਾ ਵਿਚ ਆ ਦਾਖ਼ਲ ਹੁੰਦੇ ਹਨ। ਇਥੋਂ ਹੀ ਉਸ ਦੇ ਵਿਭਰਮ ਜਾਗਦੇ ਹਨ ਤੇ ਇਥੇ ਹੀ ਉਸਦੀ ਅਤਾਰਕਿਕ ਸੋਚਣੀ ਉਗਮਦੀ ਹੈ।

ਸੰਖੇਪ ਵਿਚ, ਇਹੋ ਸਿੱਧ ਹੁੰਦਾ ਹੈ ਕਿ ਮਾਨਸਿਕ ਰੋਗਾਂ ਦੀਆਂ ਇਲਾਮਤਾਂ ਨਿੱਜੀ ਜਾਂ ਸਮੂਹਕ ਅਚੇਤਨ ਵਿਚ ਵਾਪਰਦੀਆਂ ਘਟਨਾਵਾਂ ਦੇ ਪਰਤੌ ਹੁੰਦੀਆਂ ਹਨ। ਅਚੇਤਨ ਅੰਦਰ ਹੀ ਉਹ ਕਾਰਨ ਛਿਪੇ ਹੁੰਦੇ ਹਨ ਜਿਨ੍ਹਾਂ ਤੋਂ ਮਨੋਰੋਗ-ਚਿੰਨ੍ਹ ਉਪਜਦੇ ਹਨ। ਇਸੇ ਲਈ ਅਚੇਤਨ ਦੇ ਵਿਸ਼ਲੇਸ਼ਣ ਦੁਆਰਾ ਹੀ ਇਹਨਾਂ ਦੀ ਤਸ਼ਖ਼ੀਸ ਵੀ ਹੁੰਦੀ ਹੈ, ਤੇ ਇਲਾਜ ਵੀ ਹੋ ਸਕਦਾ ਹੈ।

# 14.
# ਅਚੇਤਨ ਦੀ ਖੋਜ

ਸੰਨ 1880 ਈ: ਦੇ ਲਾਗੇ ਚਾਗੇ ਦੀ ਗੱਲ ਹੈ। ਇਕ ਨਾਮੀ ਡਾਕਟਰ ਜੋਜ਼ਫ਼ ਬਰਾਇਰ, ਵੀਆਨਾ ਨਗਰ ਵਿਚ ਪ੍ਰੈਕਟਿਸ ਕਰਦਾ ਸੀ। ਅਨੇਕਾਂ ਲੋਕ, ਦੂਰੋਂ-ਨੇੜਿਓਂ, ਉਸ ਪਾਸ ਇਲਾਜ ਕਰਾਉਣ ਆਉਂਦੇ ਸਨ। ਇਕ ਐਸੀ ਔਰਤ ਵੀ ਉਸ ਪਾਸ ਆਉਂਦੀ ਸੀ ਜੋ ਕਈ ਸਾਰੇ ਸਰੀਰਕ ਤੇ ਮਾਨਸਿਕ ਰੋਗ-ਚਿੰਨ੍ਹਾਂ ਦਾ ਸ਼ਿਕਾਰ ਹੋਈ ਹੋਈ ਸੀ। ਬਰਾਇਰ ਨੇ ਬੜੇ ਜਤਨ ਉਸ ਦੇ ਇਲਾਜ ਹਿੱਤ ਕੀਤੇ, ਪਰ ਉਹ ਰਾਜ਼ੀ ਹੁੰਦੀ ਨਜ਼ਰ ਨਹੀਂ ਸੀ ਆ ਰਹੀ। ਜਦੋਂ ਬਰਾਇਰ ਕਰੀਬ ਕਰੀਬ ਹਾਰ ਗਿਆ ਤਾਂ ਰੋਗੀ ਔਰਤ ਨੇ ਆਪ ਉਸ ਨੂੰ ਇਕ ਸਲਾਹ ਦਿੱਤੀ ਕਿ ਜੇ ਡਾਕਟਰ ਉਸ ਨੂੰ ਆਪਣੇ ਸਾਰੇ ਹਾਲਾਤ ਵਿਸਥਾਰ ਨਾਲ ਦੱਸਣ ਦੀ ਆਗਿਆ ਦੇਵੇ ਤਾਂ ਸ਼ਾਇਦ ਕੋਈ ਨਵਾਂ ਰਾਹ ਲੱਭ ਸਕੇ। ਬਰਾਇਰ ਨੇ ਇਹ ਸਲਾਹ ਪ੍ਰਵਾਨ ਕਰ ਲਈ ਤੇ ਰੋਗੀ ਨੇ ਆਪਣੇ ਮਨ ਦਾ ਭਾਰ ਉਸ ਅੱਗੇ ਹੌਲਿਆਂ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਸਾਰੀ ਗਲ-ਬਾਤ ਵਿਚੋਂ ਵੀ, ਪਰ ਬਰਾਇਰ ਨੂੰ ਉਸ ਦੇ ਰੋਗਾਂ ਦਾ ਕਾਰਣ ਨ ਲੱਭਾ।

ਤਦ ਉਸਦੀਆਂ ਪਿਛਲੀਆਂ ਯਾਦਾਂ ਨੂੰ ਹੋਰ ਤੀਖਣ ਕਰਨ ਹਿਤ ਬਰਾਇਰ ਨੇ ਉਸ ਨੂੰ ਸੰਮੋਹਿਤ ਕਰ ਕੇ ਨਿਰਦੇਸ਼ ਦਿੱਤਾ ਕਿ ਜੋ ਕੁਝ ਵੀ ਹੁਣ ਉਸ ਨੂੰ ਚੇਤੇ ਆਵੇ ਇਨ ਬਿਨ ਦੱਸਣ ਦਾ ਜਤਨ ਕਰੇ। ਤਦ ਉਸ ਔਰਤ ਨੇ ਇਤਨਾ ਕੁਝ ਕਹਿਣਾ ਸ਼ੁਰੂ ਕਰ ਦਿਤਾ ਕਿ ਬਰਾਇਰ ਲਈ ਇਕ ਬੈਠਕ ਵਿਚ ਸਾਰਾ ਕੁਝ ਸੰਭਾਲਣਾ ਅਸੰਭਵ ਹੋ ਗਿਆ। ਤਦੇ ਉਸ ਨੇ ਇਹ ਇੰਤਜ਼ਾਮ ਤਜਵੀਜ਼ ਕੀਤਾ ਕਿ ਉਹ ਇਕ ਘੰਟਾ ਰੋਜ਼ ਉਸ ਨਾਲ ਲਾਇਆ ਕਰੇਗਾ ਤੇ ਉਹ ਚੇਤੇ ਆਉਂਦੀ ਹਰ ਵਾਰਤਾ ਉਸ ਨੂੰ ਸੁਣਾਈ ਜਾਵੇਗੀ। ਉਹਨਾਂ ਬੈਠਕਾਂ ਵਿਚ ਉਹ ਔਰਤ ਆਪਣੇ ਨਿੱਜੀ ਜੀਵਨ ਤੇ ਪਰਿਵਾਰਕ ਜ਼ਿੰਦਗੀ ਦੀਆਂ ਕਈ ਐਸੀਆਂ ਘਟਨਾਵਾਂ ਤੇ ਗੱਲਾਂ ਬਿਆਨ ਕਰਨ ਲੱਗੀ ਜੋ ਸਾਧਾਰਨ ਤੌਰ ਤੇ ਉਹ ਕਿਸੇ ਨਾਲ ਵੀ ਕਰਨੀ ਮੁਨਾਸਬ ਨਹੀਂ ਸਮਝਦੀ ਸੀ। ਅਚੰਭੇ ਦੀ ਗੱਲ ਇਹ ਹੋਈ ਕਿ ਜਿਉਂ ਜਿਉਂ ਉਹ ਆਪਣੀਆਂ ਨਿੱਜੀ ਤੇ ਗੁਪਤ ਗੱਲਾਂ ਦੱਸਣ ਲੱਗੀ, ਤਿਉਂ ਤਿਉਂ ਉਸ ਦੇ ਰੋਗ-ਚਿੰਨ੍ਹ ਅਲੋਪ ਹੋਣੇ ਸ਼ੁਰੂ ਹੋ ਗਏ। ਅੰਤ ਬਿਨਾਂ ਕਿਸੇ ਹੋਰ ਉਚੇਚੇ ਜਤਨ ਦੇ ਉਹ ਪੂਰੀ ਤਰ੍ਹਾ ਰਾਜ਼ੀ ਹੋ ਗਈ।

ਗੱਲ-ਬਾਤ ਦੇ ਇਸ ਇਲਾਜ ਦਾ ਜ਼ਿਕਰ ਬਰਾਇਰ ਨੇ ਫ੍ਰਾਇਡ ਨਾਲ ਕੀਤਾ ਤੇ ਉਹ ਬਰਾਇਰ ਦਾ ਭਾਈਵਾਲ ਬਣ ਗਿਆ। ਦੋਹਾਂ ਨੇ ਰਲ ਕੇ ਇਸ ਵਿਧੀ ਨਾਲ ਰੋਗੀਆਂ ਦਾ ਇਲਾਜ ਅਰੰਭ ਕਰ ਦਿੱਤਾ। ਇਲਾਜ ਕਰਦਿਆ ਫ੍ਰਾਇਡ ਨੇ ਪ੍ਰਤੀਤ ਕੀਤਾ ਕਿ ਰੋਗੀ ਦੀ

ਹਾਲਤ ਵਿਚ ਓਦੋਂ ਹੀ ਬਿਹਤਰੀ ਹੋਣੀ ਸ਼ੁਰੂ ਹੁੰਦੀ ਹੈ ਜਦੋਂ ਰੋਗੀ ਨੂੰ ਕੋਈ ਵਿਸਰੀਆਂ ਹੋਈਆਂ ਮਹੱਤਵ-ਪੂਰਣ ਗੱਲਾਂ ਮੁੜ ਚੇਤੇ ਆਉਣ ਤੇ ਉਹਨਾ ਬਾਰੇ ਦੱਸਦਿਆਂ ਉਹਨਾਂ ਨਾਲ ਸੰਬੰਧਤ ਭਾਵੁਕ ਅਨੁਭਵ ਵੀ ਦੁਬਾਰੇ ਜਾਗ ਪੈਣ। ਫ੍ਰਾਇਡ ਨੇ ਸਿੱਟਾ ਇਹ ਕੱਢਿਆ ਕਿ ਮਨ ਅੰਦਰ ਦਮਿਤ ਵਿਸਰੀ ਹੋਈ ਭਾਵਨਾ ਅੰਦਰੇ ਅੰਦਰ ਕੰਡੇ ਵਾਂਗ ਚੁਭਦੀ ਰਹਿੰਦੀ ਹੈ ਤੇ ਉਸੇ ਚੋਭ ਕਾਰਣ ਮਾਨਸਿਕ ਰੋਗ ਦੇ ਚਿੰਨ੍ਹ ਪੈਦਾ ਹੁੰਦੇ ਹਨ। ਦੂਜੇ ਸ਼ਬਦਾਂ ਵਿਚ, ਅਚੇਤਨ ਅੰਦਰ ਦਮਿਤ ਹੋਏ ਮਨੋਭਾਵ ਹੀ ਮਨੋਰੋਗਾਂ ਦਾ ਕਾਰਨ ਹੁੰਦੇ ਹਨ, ਤੇ ਇਹਨਾਂ ਨੂੰ ਖੋਜ, ਬਾਹਰ ਕੱਢ ਦੇਣ ਨਾਲ ਹੀ ਇਹਨਾਂ ਰੋਗਾਂ ਦੀ ਨਿਵਿਰਤੀ ਹੋ ਸਕਦੀ ਹੈ।

ਬਰਾਇਰ, ਇਹਨਾਂ ਦਮਿਤ ਮਨੋਭਾਵਾਂ ਨੂੰ ਸੰਮੋਹਨ ਵਿਧੀ ਨਾਲ ਖੋਜ ਕੇ ਬਾਹਰ ਕੱਢਣ ਦਾ ਉਪਰਾਲਾ ਕਰਦਾ ਸੀ। ਸ਼ੁਰੂ ਸ਼ੁਰੂ ਵਿਚ ਤਾਂ ਫ੍ਰਾਇਡ ਵੀ ਇਸੇ ਵਿਧੀ ਦਾ ਪ੍ਰਯੋਗ ਕਰਦਾ ਸੀ, ਪਰ ਵਧਦੇ ਤਜਰਬੇ ਨਾਲ ਉਸ ਨੂੰ ਸੰਮੋਹਨ ਦੀ ਵਰਤੋਂ ਗੈਰ-ਜ਼ਰੂਰੀ ਜਾਪਣ ਲਗ ਪਈ।

ਉਸ ਨੇ ਇਕ ਹੋਰ ਵਿਧੀ ਦੀ ਕਾਢ ਕੱਢ ਲਈ ਸੀ। ਇਹ ਸੁਤੰਤਰ-ਸੰਬੰਧ *(ਫ੍ਰੀ ਐਸੋਸੀਏਸ਼ਨ)* ਦੀ ਵਿਧੀ ਸੀ। ਇਸ ਦੀ ਕਾਰਜ-ਪ੍ਰਕਿਰਿਆ ਇਸ ਪ੍ਰਕਾਰ ਸੀ : ਆਪਣੇ ਰੋਗੀ ਨੂੰ ਇਕ ਸ਼ਾਂਤ ਕਮਰੇ ਵਿਚ ਉਹ ਇਕ ਦੀਵਾਨ ਉਪਰ ਆਰਾਮ ਨਾਲ ਲਿਟਾ ਦੇਂਦਾ ਤੇ ਕਮਰੇ ਦੀ ਰੋਸ਼ਨੀ ਮੱਧਮ ਕਰ ਦੇਂਦਾ ਸੀ। ਫਿਰ ਉਸ ਨੂੰ ਆਦੇਸ਼ ਦੇਂਦਾ ਸੀ ਕਿ ਉਹ ਅੱਖਾਂ ਮੀਟ ਲਵੇ ਤੇ ਸਾਰੇ ਸਰੀਰ ਨੂੰ ਨਿੱਸਲ ਛੋੜਨ ਦਾ ਜਤਨ ਕਰੇ। ਆਪ ਉਸ ਦੇ ਸਰਹਾਣੇ ਵੱਲ ਬੈਠ ਜਾਂਦਾ ਸੀ। ਫਿਰ ਉਸ ਨੂੰ ਕਹਿੰਦਾ ਕਿ ਉਹ ਮਨ ਦੀਆਂ ਵਾਗਾਂ ਢਿੱਲੀਆਂ ਛੱਡ ਦੇਵੇ, ਤੇ ਉਸ ਨੂੰ ਉਹ ਜਿੱਧਰ ਜਾਣਾ ਚਾਹੇ ਬਿਨਾਂ ਕਿਸੇ ਰੋਕ ਰੁਕਾ ਦੇ ਜਾਣ ਦੇਵੇ। ਇਸ ਨੂੰ ਕਿਸੇ ਨਿਸਚਿਤ ਧਾਰਾ ਵਿਚ ਤੋਰਨ ਦਾ ਜਤਨ ਨਾ ਕਰੇ। ਫਿਰ ਇਸ ਆਵਾਰਾ ਮਨ ਵਿਚੋਂ ਜੋ ਵੀ ਵਿਚਾਰ ਪੈਦਾ ਹੋਣ – ਭਾਵੇਂ ਸੰਬੰਧਤ ਹੋਣ ਭਾਵੇਂ ਅਸੰਬੰਧਤ, ਸਾਊ ਹੋਣ ਜਾਂ ਅਸਾਊ, ਚੰਗੇ ਜਾਂ ਮੰਦੇ – ਉਹਨਾਂ ਨੂੰ ਪੂਰੀ ਦਿਆਨਤਦਾਰੀ ਨਾਲ ਦੱਸੀ ਜਾਵੇ। ਕੋਈ ਤਰਕ ਨਾ ਵਰਤੇ, ਤੇ ਵਿਚਾਰ ਜਿਵੇਂ ਵੀ ਆਉਣ – ਅਨਘੜ, ਅਧੂਰੇ, ਵਿਆਕਰਣ-ਹੀਨ, ਉੱਘੜ ਦੁਘੜੇ – ਉਨ੍ਹਾਂ ਨੂੰ ਆਉਣ ਦੇਵੇ।

ਆਪ ਉਹ, ਉਸ ਦੇ ਸਿਰਹਾਣੇ ਬੈਠਾ ਉਹਨਾਂ ਦੱਸੇ ਗਏ ਵਿਚਾਰਾਂ ਨੂੰ ਅੰਕਿਤ ਕਰੀ ਜਾਂਦਾ ਸੀ। ਇਸ ਵਿਧੀ ਨਾਲ ਜੋ ਵਿਚਾਰ ਪ੍ਰਾਪਤ ਹੁੰਦੇ ਸਨ, ਬੜੀ ਵਾਰ ਚੇਤਨ ਪੱਧਰ ਪਰ ਉਹਨਾਂ ਦਾ ਆਪੋ ਵਿਚ ਕੋਈ ਸੰਬੰਧ ਨਹੀਂ ਸੀ ਹੁੰਦਾ, ਪਰ ਤਕਰੀਬਨ ਹਰ ਵਾਰ, ਗਹੁ ਨਾਲ ਵੇਖਿਆਂ, ਉਹਨਾਂ ਦਾ ਕੋਈ ਸੰਬੰਧ ਰੋਗੀ ਦੀ ਜੀਵਨੀ ਨਾਲ ਨਿਕਲ ਆਉਂਦਾ ਸੀ। ਇਹ ਸੰਬੰਧ ਚੂੰਕਿ ਅਚੇਤਨ ਹੁੰਦਾ ਸੀ ਇਸ ਲਈ ਰੋਗੀ ਨੂੰ ਆਪ ਨੂੰ ਉਸ ਦਾ ਪਤਾ ਨਹੀਂ ਸੀ ਹੁੰਦਾ। ਉਸ ਤੀਕਰ ਅਪੜਨ ਲਈ ਖੋਜ ਦਰਕਾਰ ਹੁੰਦੀ ਸੀ।

ਫ੍ਰਾਇਡ ਦੀ ਉਪਰੋਕਤ ਵਿਧੀ ਰਾਹੀਂ ਅਚੇਤਨ ਨੂੰ ਸਣੇ ਸਣੇ ਬੇਨਕਾਬ ਕੀਤਾ ਜਾਂਦਾ ਹੈ। ਫ੍ਰਾਇਡ ਨੇ ਇਹ ਪ੍ਰਤੀਤ ਕੀਤਾ ਸੀ ਕਿ ਜੇ ਇਸ ਵਿਧੀ ਨਾਲ ਕੋਈ ਆਪਣੇ ਵਿਚਾਰਾਂ ਨੂੰ



ਚਿਤ੍ਰ ਨੰ: 27. ਮਨੋਵਿਸ਼ਲੇਸ਼ਕ ਦੀ ਮਨੋਰੋਗੀ ਨਾਲ ਇਕ ਬੈਠਕ

ਬੰਧਨ-ਮੁਕਤ ਕਰ ਕੇ ਆਜ਼ਾਦੀ ਨਾਲ ਬਾਹਰ ਆਉਣ ਦੇਵੇ ਤਾਂ ਉਸ ਦੇ ਮਨ ਦੇ ਅਚੇਤਨ ਤੱਤਾਂ ਨੂੰ ਬਾਹਰ ਨਿਕਲਣ ਦਾ ਅਉਸਰ ਮਿਲ ਸਕਦਾ ਹੈ।

ਇਸ ਵਿਧੀ ਦੇ ਨਾਮ ਵਿਚਲਾ ਸ਼ਬਦ 'ਸੁਤੰਤਰ' ਪਦ ਵਿਸ਼ੇਸ਼ ਮਨੋਵਿਗਿਆਨਕ ਅਰਥਾਂ ਵਿਚ ਵਰਤਿਆ ਗਿਆ ਹੈ। ਇਹ ਉਸ ਪ੍ਰਕਿਰਿਆ ਦਾ ਨਾਮ ਹੈ ਜਿਸ ਰਾਹੀਂ ਇਕ ਵਿਚਾਰ ਜਾਂ ਬਿੰਬ ਮਨ ਵਿਚੋਂ ਕਿਸੇ ਦੂਸਰੇ ਵਿਚਾਰ ਜਾਂ ਬਿੰਬ ਨੂੰ ਉਤਪੰਨ ਕਰਦਾ ਹੈ ਜੋ ਉਸ ਨਾਲ ਪਰੋਖ ਜਾਂ ਅਪਰੋਖ ਰੂਪ ਵਿਚ ਸੰਬੰਧਤ ਹੁੰਦਾ ਹੈ। ਕੋਈ ਇਕੱਲਾ ਸ਼ਬਦ ਹੀ ਕਈ ਵਾਰ ਸੰਬੰਧਾਂ ਦਾ ਇਕ ਲੰਬਾ ਸਿਲਸਿਲਾ ਜਗਾ ਦੇਂਦਾ ਹੈ।

ਇਹ ਵਿਧੀ ਸਾਧਾਰਨ ਗੱਲ ਬਾਤ ਤੋਂ ਭਿੰਨ ਹੁੰਦੀ ਹੈ। ਸਾਧਾਰਨ ਗੱਲ ਬਾਤ ਜਾ ਗੱਪ ਸ਼ੱਪ ਵਿਚ ਅਸੀਂ ਗੱਲਾਂ ਵਿਚੋਂ ਗੱਲਾਂ ਤਾਂ ਕਢਦੇ ਹਾਂ, ਪਰ ਸੰਬੰਧਾਂ ਦੀ ਲੜੀ ਚੇਤਨ ਪੱਧਰ ਉਪਰ ਹੀ ਚਲਦੀ ਰਹਿੰਦੀ ਹੈ ਕਿਉਂ ਜੁ ਅਸੀਂ ਹਰ ਅਜਿਹੇ ਵਿਚਾਰ ਦਾ ਦਮਨ ਕਰੀ ਜਾਂਦੇ ਹਾਂ ਜੋ 'ਅਸਭਯ', 'ਅਸ਼ਲੀਲ', ਜਾਂ 'ਅਸੰਗਤ' ਹੁੰਦਾ ਹੈ। ਇਸ ਨਾਤੇ ਸਾਡੀ ਸਦਾਚਾਰਕ ਸੋਝੀ ਬੰਧਨ-ਮੁਕਤ ਸੁਤੰਤਰਤਾ ਦਾ ਵਿਰੋਧ ਕਰਦੀ ਹੈ। ਸਾਡੀ ਸਾਧਾਰਨ ਗੱਲਬਾਤ ਵਿਚ ਤਰਕ ਦਾ ਸੰਜਮ ਵੀ ਵਰਤਦਾ ਹੈ, ਨੈਤਿਕ ਸੰਜਮ ਵੀ, ਵਿਆਕਰਣਕ ਸੰਜਮ ਵੀ ਤੇ ਸੁਹਜਾਤਮਕ ਸੰਜਮ ਵੀ। ਪਰ ਸਾਡੀ ਕਲਪਨਾ ਉਪਰ ਨਾ ਯਥਾਰਥ ਦਾ ਸੰਜਮ ਹੁੰਦਾ ਹੈ ਨ ਸਦਾਚਾਰ ਦਾ। ਜਦੋਂ ਉਹ ਇਓਂ ਸੁਤੰਤਰ ਹੋ ਕੇ ਵਿਚਰਦੀ ਹੈ ਤਾਂ ਚੇਤਨਾ ਦਾ ਉਸ ਉਪਰ ਕੋਈ ਦਬਾਓ ਨਹੀਂ ਰਹਿੰਦਾ। ਬੱਸ ਏਹੋ ਕੁਝ ਸੁਤੰਤਰ-ਸੰਬੰਧ ਵਿਧੀ ਵਿਚ ਦਰਕਾਰ ਹੁੰਦਾ ਹੈ।

ਇਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਸੁਤੰਤਰ-ਸੰਬੰਧ ਵਿਧੀ ਰਾਹੀਂ ਵਿਚਾਰ ਕੇਵਲ ਚੇਤਨ ਸੰਬੰਧਾਂ ਤੋਂ ਹੀ ਮੁਕਤ ਹੁੰਦੇ ਹਨ, ਅਚੇਤ ਸੰਬੰਧਾਂ ਦਾ ਸਿਲਸਿਲਾ ਬਰਾਬਰ ਵਰਤ ਰਿਹਾ ਹੁੰਦਾ ਹੈ। ਇਸ ਨਾਤੇ, ਸੰਬੰਧਾਂ ਦਾ ਕੋਈ ਵੀ ਸਿਲਸਿਲਾ ਪੂਰੀ ਤਰ੍ਹਾਂ ਸੁਤੰਤਰ ਨਹੀਂ ਸਮਝਿਆ ਜਾ ਸਕਦਾ।

ਸੁਤੰਤਰ-ਸੰਬੰਧ ਦੀ ਵਿਧੀ ਵਿਚ ਮਨ ਨੂੰ ਇਕ ਐਸੀ ਅਸਾਧਾਰਨ ਤੇ ਬਨਾਉਟੀ ਜਹੀ ਅਵਸਥਾ ਵਿਚ ਲਿਆਉਣਾ ਪੈਂਦਾ ਹੈ ਜਿਸ ਰਾਹੀਂ ਉਹਨਾਂ ਵਰਜਿਤ ਵਿਚਾਰਾਂ ਨੂੰ ਵੀ ਪ੍ਰਗਟ ਹੋਣ ਦਾ ਅਉਸਰ ਮਿਲ ਸਕੇ ਜੋ ਸਾਡੇ ਚੇਤਨ ਵਿਅਕਤਿਤਵ ਲਈ ਓਪਰੇ ਹੁੰਦੇ ਹਨ। ਪਰ ਇਹ ਪ੍ਰਗਟਾਵਾ ਕੇਵਲ ਸ਼ਬਦਾਂ ਰਾਹੀਂ ਹੁੰਦਾ ਹੈ, ਕਰਮ ਰਾਹੀਂ ਨਹੀਂ।

ਮਨੋਵਿਸ਼ਲੇਸ਼ਕ ਲਈ ਲਾਜ਼ਮੀ ਹੈ ਕਿ ਉਹ ਅਭਿੱਜ ਰਹੇ। ਚੰਗਾ ਮੰਦਾ ਜੋ ਕੁਝ ਵੀ ਉਹ ਸੁਣੇ ਬਿਨਾਂ ਕਿਸੇ ਪ੍ਰਤਿਕਰਮ ਜਤਾਏ ਉਸ ਨੂੰ ਨੋਟ ਕਰੀ ਜਾਵੇ। ਉਸ ਵਲੋਂ ਪਰਵਾਨਗੀ ਜਾਂ ਅਪਰਵਾਨਗੀ ਦਾ ਛੋਟੇ ਤੋਂ ਛੋਟਾ ਸੰਕੇਤ ਵੀ ਸੁਤੰਤਰ-ਸੰਬੰਧ ਦੇ ਵਹਾਓ ਵਿਚ ਵਿਗਾੜ ਪਾ ਸਕਦਾ ਹੈ। ਇਸੇ ਕਾਰਣ ਮਨੋਵਿਸ਼ਲੇਸ਼ਕ ਰੋਗੀ ਦੇ ਸਿਰ ਵਲ ਬੈਠਦਾ ਹੈ ਤਾਂ ਜੁ ਰੋਗੀ ਉਸ ਦੇ ਚਿਹਰੇ ਨੂੰ ਵੇਖ ਨਾ ਸਕੇ।

ਅਚੇਤਨ ਵਿਚੋਂ ਜਦੋਂ ਵੀ ਕੋਈ ਵਿਚਾਰ ਚੇਤਨ ਵਿਚ ਆਉਣ ਦਾ ਜਤਨ ਕਰਦਾ ਹੈ ਉਸ ਨੂੰ ਚੇਤਨ ਵਲੋਂ ਵਿਰੋਧ ਜਾਂ ਰੁਕਾਵਟ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਰੁਕਾਵਟ ਨੂੰ ਮਨੋਵਿਗਿਆਨੀ **'ਬਾਧਾ'** ਕਹਿੰਦੇ ਹਨ। ਉਪਰ ਅਸਾਂ ਐਸੀਆਂ ਚੇਤਨ ਬਾਧਾਵਾਂ ਦਾ ਹੀ ਜ਼ਿਕਰ ਕੀਤਾ ਹੈ ਜੋ ਸੁਤੰਤਰ ਸੰਬੰਧ ਦੀ ਸੁਤੰਤਰਤਾ ਵਿਚ ਹਾਇਲ ਹੁੰਦੀਆਂ ਹਨ। ਮਨੋਵਿਸ਼ਲੇਸ਼ਕ ਇਹਨਾਂ ਬਾਧਾਵਾਂ ਨੂੰ ਹੀ ਦੂਰ ਕਰਨ ਦਾ ਜਤਨ ਕਰਦਾ ਹੈ ਤਾਂ ਜੁ ਅਚੇਤਨ ਵਿਚੋਂ ਸਾਮਗ੍ਰੀ ਆਜ਼ਾਦੀ ਨਾਲ ਚੇਤਨ ਵਿਚ ਆ ਸਕੇ।

ਕਦੇ ਕਦੇ ਇਕ ਦਮ ਕੋਈ ਬਾਧਾ ਤੀਖਣ ਹੋ ਕੇ, ਚੰਗੇ ਭਲੇ ਚਲ ਰਹੇ ਸੁਤੰਤਰ ਸੰਬੰਧ ਦੇ ਸਿਲਸਿਲੇ ਵਿਚ ਰੁਕਾਵਟ ਪਾ ਦੇਂਦੀ ਹੈ। ਤਦ ਇਕਦਮ ਖ਼ਾਮੋਸ਼ੀ ਵਰਤ ਜਾਂਦੀ ਹੈ ਕਿਉਂਕਿ ਚੇਤਨ ਸਖਣਾ ਹੋ ਜਾਂਦਾ ਹੈ। ਐਸੇ ਸਖਣੇਪਨ ਤੋਂ ਪੂਰਬਲੇ ਵਿਚਾਰ ਅਵੱਸ਼ ਹੀ ਬੜੇ ਮਹੱਤਵ ਵਾਲੇ ਹੁੰਦੇ ਹਨ ਕਿਉਂਜੁ ਉਹ ਅਚੇਤਨ ਵਿਚੋਂ ਉਮਡ ਰਹੇ ਏਤਰਾਜ਼-ਯੋਗ ਤੱਤਾਂ ਦੀ ਸੂਚਨਾ ਦੇਂਦੇ ਹਨ।

ਇੱਥੇ ਇੱਕ ਉਦਾਹਰਣ ਦੇ ਕੇ ਗੱਲ ਵਧੇਰੇ ਸਪਸ਼ਟ ਕਰਨ ਦਾ ਜਤਨ ਕਰਦੇ ਹਾਂ। 'ਉਦਾਸੀ ਰੋਗ' ਨਾਲ ਗ੍ਰਸਿਤ ਮੇਰੇ ਇਕ ਮਰੀਜ਼ ਨੇ ਹੇਠ ਲਿਖੇ ਸੁਤੰਤਰ-ਸੰਬੰਧ ਪ੍ਰਗਟਾਏ ਸਨ:

ਡਾਕਟਰ !-ਅੱਜ ਮੈਂ ਬਿਹਤਰ ਹਾਂ-ਦਵਾਈ ਮੈਂ ਅੱਜ ਖਾਧੀ ਨਹੀਂ-ਸੋਚਦਾ ਹਾਂ ਦਵਾਈਆਂ ਸਾਲੀਆਂ ਨੇ ਕੀ ਕਰਨਾ ਹੈ ?-ਰੋਜ਼ ਰੋਜ਼ ਦਾ ਰੋਣਾ ਕਦੋਂ ਬੰਦ ਹੋਵੇਗਾ ?-ਪਰ ਰੋਣਾ ਤਾਂ ਪਵੇਗਾ-ਜੀਤੋ ਮੇਰੀ ਘਰ ਵਾਲੀ ਵੀ ਬੀਮਾਰ ਹੈ-ਉਸ ਦਾ ਲਹੂ ਪਤਲਾ ਪੈ ਗਿਐ-ਸਾਲੀ ਦੇ ਹੈ ਕਿਹੜਾ ਸੀ ?-ਉਸ ਵਲੋਂ ਵੀ ਚਿੰਤਿਤ ਹਾਂ-ਨਿਰੀ ਭੂਤਨੀ ਜਹੀ ਲਗਦੀ ਐ ਆਪਣੀ ਮਾਂ ਵਾਂਙੂੰ। ਮੇਰੀ ਮਾਂ ਨੂੰ ਮਰਿਆਂ ਤਾਂ ਦੱਸ ਵਰ੍ਹੇ ਹੋ ਗਏ, ਉਸ ਦੀ ਮਾਂ ਅਜੇ ਖੜੀ ਹੈ-ਸੁੱਕੀ ਸੜੀ ਹੋਈ ਐ-ਜੀਤੋ ਨੂੰ ਪਹਿਲਾਂ ਤਪੇਦਿੱਕ ਹੋਇਆ ਸੀ।-ਪਰ ਬੱਚ ਗਈ।-ਭੂਤਨੀ ਅੰਦਰੋਂ ਕਰੜੀ ਐ-ਓਦੋਂ ਕਿਤਨੇ ਹੀ 'ਤੱਤੇ' ਇਕੱਠੇ ਹੋ ਗਏ ਸਨ : ਜੀਤੋ ਨੂੰ ਤਪੇਦਿੱਕ, ਭੈਣ ਮੇਰੀ ਨੂੰ ਤਵੀਤਾਂ ਦਾ ਸਾੜਾ, ਮੈਨੂੰ ਤ੍ਰੇਲੀਆਂ ਤੇ ਤ੍ਰਿਪਤਾ ਨੂੰ ਤੁਹਮਤਾਂ......(ਸਖਣਾਪਨ)......ਭੈਣਚੋ ਕਿਤਨੀ ਮੋਟੀ ਹੋ ਗਈ ਏ ਹੁਣ। ਛਮਕ ਛੱਲੋ ਜਹੀ ਹੁੰਦੀ ਸੀ-ਗਾਉਂਦੀ ਹੁੰਦੀ ਸੀ 'ਸ਼ਾਇਦ ਫਿਰ ਇਸ ਜਨਮ ਮੇਂ ਮੁਲਾਕਾਤ ਹੋ ਨ ਹੋ।'...ਟੀਵੀ ਸਾਡੀ ਵੀ ਵਿਗੜੀ ਪਈ ਏ-ਮਕੈਨਿਕ ਭੜੂਆ ਵੀ ਆਇਆ ਨਹੀਂ-ਨੌਕਰ ਵੀ ਕਹਿੰਦੇ ਤਨਖ਼ਾਹ ਵਧਾ ਦਿਓ-ਸਭ ਪੈਸੇ ਦੇ ਪੀਰ ਹੋ ਗਏ ਨੇ-ਪੀਰ ਮੁਰੀਦਾਂ ਪਿਰਹੜੀ-ਇਹ ਪਿਰਹੜੀ ਵੀ ਕਿਤਨੀ ਖ਼ਤਰਨਾਕ ਚੀਜ਼ ਏ-ਉਮਰ ਭਰ ਦਾ ਜਨੂੰਨ...(ਸਖਣਾਪਨ)...ਵਹੁਟੀ ਮੇਰੀ ਵੀ ਕਿਸੇ ਦਿਨ ਸੁੱਤੀ ਸੁੱਤੀ ਹੀ ਨ ਸੌਂ ਜਾਏ-ਸਾਲੀ ਆਪ ਤਾਂ ਸੁਖੀ ਹੋ ਜਾਊ-ਬੱਚੇ ਰੋਣਗੇ, ਮੈਂ...(ਸਖਣਾਪਨ)...ਬੱਚ ਹੀ ਜਾਵੇ। ਵਾਹ ਤਾਂ ਲਾਵਾਂਗੇ। ਤ੍ਰਿਪਤਾ ਦੇ ਵੀ ਹੁਣ ਦੋ ਹੀ ਬੱਚੇ ਨੇ-ਖਾਂਦੀ ਪੀਂਦੀ ਏ ਤਦੇ ਤਾਂ ਇਤਨੀ ਰਿਸ਼ਟ ਪੁਸ਼ਟ ਏ-ਲਾਲ ਚਿੱਬੜ!- ਮਹਿੰਗਾਈ ਨਾਲੋਂ ਵੀ ਤੇਜ਼ੀ ਨਾਲ ਵੱਧ ਰਹੀ ਏ-ਮਹਿੰਗਾਈ ਦੇ ਬਾਵਜੂਦ!-ਸਾਲੀ ਗੱਲਾਂ ਅਜੇ ਵੀ ਅੱਖਾਂ ਮਟਕਾ ਕੇ ਕਰਦੀ ਏ!-ਧੋਖੇਬਾਜ਼! ਚਿੱਟਾ ਲਹੂ! ਨਾਨਕ ਸਿੰਘ ਦਾ

ਨਾਵਲ-ਪੜ੍ਹਨਾ ਲਿਖਣਾ ਤਾਂ ਹੁਣ ਰਹਿ ਹੀ ਗਿਐ! ਮੈਂ ਤਾਂ ਹੁਣ ਚਿੱਠੀ ਵੀ ਕਦੇ ਨਹੀਂ ਲਿਖੀ-ਟੈਲੀਫੋਨ ਨਾਲ ਹੀ ਸਾਰ ਲਈਦੈ-ਸਾਲੀ ਦੇ ਟੈਲੀਫੋਨ ਤਾਂ, ਸੁਣਿਐ, ਲੱਗ ਗਿਐ ਪਰ ਨੰਬਰ ਨਹੀਂ ਥਿਆਇਆ-ਮੈਂ...(ਸਖਣਾਪਨ)...ਹੁਣ ਤਾ ਕੁਝ ਹੋ ਨਹੀਂ ਸਕਦਾ-ਸਭ ਫਜ਼ੂਲ ਹੈ...(ਸਖਣਾਪਨ)...

ਜੇ ਪਾਠਕ ਨੇ ਇਹਨਾਂ ਸੰਬੰਧਾਂ ਉਪਰ ਧਿਆਨ ਦਿੱਤਾ ਹੈ ਤਾਂ ਉਸ ਨੂੰ ਵੀ ਦੋ ਗੱਲਾਂ ਜ਼ਰੂਰ ਸਪਸ਼ਟ ਹੋ ਗਈਆਂ ਹੋਣਗੀਆਂ। ਪਹਿਲੀ ਇਹ ਕਿ ਇਹ ਵਿਅਕਤੀ ਬਾਰ ਬਾਰ ਮੌਤ ਦੀ ਗੱਲ ਕਰਦਾ ਹੈ, ਆਪਣੀ ਮਾਂ ਦੀ, ਆਪਣੀ ਘਰ ਵਾਲੀ ਦੀ, (ਆਪਣੇ) ਆਤਮ ਘਾਤ ਦੀ। ਉਦਾਸੀ ਰੋਗ ਵਿਚ ਅਚੇਤ ਪ੍ਰਵਿਰਤੀਆਂ ਤੋਂ ਐਸੇ ਰੁਝਾਣ ਪੈਦਾ ਹੁੰਦੇ ਹਨ। ਦੂਜੀ ਗੱਲ ਇਹ ਕਿ ਉਹ ਭਾਵੇਂ ਚੇਤਨ ਤੌਰ ਤੇ ਆਪਣੀ ਵਹੁਟੀ ਵਲੋਂ ਫਿਕਰਮੰਦ ਹੈ ਅਚੇਤਨ ਇੱਛਾ ਉਸ ਦੀ ਮੌਤ ਦੀ ਅੰਦਰ ਧਾਰੀ ਬੈਠਾ ਹੈ। ਤ੍ਰਿਪਤਾ, ਜੋ ਉਸ ਦੀ ਗੁਆਂਢਣ ਤੇ ਉਸਦੀ ਭੈਣ ਦੀ ਸਹੇਲੀ ਸੀ ਕਦੇ ਉਸ ਦੇ ਸੁਪਨਿਆਂ ਦੀ ਰਾਣੀ ਹੁੰਦੀ ਸੀ। ਉਸ ਬਾਰੇ ਇੱਛਾ ਅਜੇ ਵੀ ਕਾਇਮ ਹੈ, ਭਾਵੇਂ ਉਹ ਵਿਆਹੀ ਗਈ ਹੈ, ਉਸ ਦੇ ਦੋ ਬੱਚੇ ਵੀ ਹਨ ਤੇ ਉਹ ਸੁਖੀ ਵੀ ਹੈ। ਇਸ ਇੱਛਾ ਕਾਰਣ ਹੀ ਉਸ ਦੇ ਅਚੇਤਨ ਵਿਚ ਵਹੁਟੀ ਦੀ ਮੌਤ ਦੀ ਇੱਛਾ ਹੈ ਜੋ ਜਿਸ ਤੋਂ ਚੇਤਨ ਤੌਰ ਤੇ ਉਹ ਅਨਜਾਣ ਹੈ। ਇਹ ਦੁਬਿਧਾ ਬਾਰ ਬਾਰ ਪ੍ਰਗਟ ਹੋਂਦੀ ਹੈ: ਹੁਣ ਤਾਂ ਕੁਝ ਹੋ ਨਹੀਂ ਸਕਦਾ, ਸ਼ਾਇਦ ਫਿਰ ਇਸ ਜਨਮ ਮੇਂ ਮੁਲਾਕਾਤ ਹੋ ਨ ਹੋ, ਸਭ ਫਜ਼ੂਲ ਹੈ। ਪਰ ਅਜੇ ਵੀ ਉਸ ਨੂੰ ਟੈਲੀਫੋਨ ਕਰਨ ਦਾ ਇਸ਼ਕ ਹੈ। ਤ੍ਰਿਪਤਾ ਲਈ ਇੱਛਾ ਮੋਈ ਨਹੀਂ। ਏਹੋ ਜੀਤੋ ਦੀ ਮੌਤ ਦੀ ਅਚੇਤ ਇੱਛਾ ਦਾ ਕਾਰਣ ਬਣੀ ਹੈ, ਪਰ ਚੇਤਨ ਪੱਧਰ ਉਪਰ ਇਹੋ ਇੱਛਾ ਉਸ ਦੀ ਮੌਤ ਦੀ ਚਿੰਤਾ ਤੇ ਡਰ ਬਣ ਕੇ ਪ੍ਰਗਟ ਹੋ ਰਹੀ ਹੈ। ਇੱਛਾ ਤੇ ਡਰ ਇਕੋ ਸਿੱਕੇ ਦੇ ਦੋ ਪਾਸੇ ਹੁੰਦੇ ਹਨ। ਚੇਤਨ ਇੱਛਾ ਹੀ ਅਚੇਤਨ ਡਰ ਤੇ ਚੇਤਨ ਡਰ ਹੀ ਅਚੇਤਨ ਇੱਛਾ ਬਣ ਜਾਂਦਾ ਹੈ।

ਜਦੋਂ ਉਸ ਨੂੰ ਅਚੇਤਨ ਵਿਚ ਵਾਪਰਦੀ ਉਸ ਦੀ ਇੱਛਾ ਤੋਂ ਉਸ ਨੂੰ ਜਾਣੂ ਕਰਾਇਆ ਗਿਆ ਤਾਂ ਉਹ ਕਹਿਣ ਲੱਗਾ, "ਡਾਕਟਰ ਸਾਹਿਬ! ਮੈਂ ਤਾਂ ਸੁਪਨੇ ਵਿਚ ਵੀ ਐਸਾ ਨਹੀਂ ਸੋਚ ਸਕਦਾ।" ਤਦ ਮੈਂ ਉਸ ਨੂੰ ਕਿਹਾ", ਤੁਹਾਨੂੰ ਅੱਜ ਕਲ ਵਿਚ ਕੋਈ ਨਵਾਂ ਸੁਪਨਾ ਆਇਆ ਹੋਵੇ ਤਾਂ ਸੁਣਾਓ!" ਉਸ ਨੇ ਹੇਠ ਲਿਖਿਆ ਸੁਪਨਾ ਸੁਣਾਇਆ:

ਮੇਰੀ ਵਹੁਟੀ ਨੇ ਪੇਕੇ ਜਾਣਾ ਸੀ-ਵਿਆਹ ਸੀ ਕੋਈ। ਮੇਰੀ ਆਪਣੀ ਕਾਰ ਵਿਗੜੀ ਪਈ ਸੀ ਤੇ ਗੈਰੇਜ ਗਈ ਹੋਈ ਸੀ। ਸੋ ਉਸ ਨੇ ਟੈਕਸੀ ਮੰਗਵਾਈ ਤੇ ਚਲੀ ਗਈ। ਟੈਕਸੀ ਸਾਲਮ ਦੀ ਸਾਲਮ ਪੀਲੇ ਰੰਗ ਦੀ ਸੀ ਜਿਵੇਂ ਅਮਰੀਕਾ ਵਿਚ ਹੋਂਦੀਆਂ ਨੇ। ਉਹ ਚਲੀ ਗਈ ਤਾਂ ਮੈਨੂੰ ਇਕਦਮ ਕਿਤੇ ਜਾਣਾ ਪੈ ਗਿਆ। ਮੈਂ ਘਰੋਂ ਨਿਕਲਿਆ ਤਾਂ ਗੁਆਂਢੀ ਦੀ ਕਾਰ ਖਲੋਤੀ ਸੀ ਤੇ ਉਹ ਬਾਗ ਵਿਚ ਰਬੜ ਦੀ ਨਲਕੀ ਨਾਲ ਪਾਣੀ ਦੇ ਰਿਹਾ ਸੀ। ਮੈਂ ਸੋਚਿਆ ਇਸ ਪਾਸੋਂ ਇਸ ਦੀ ਕਾਰ ਹੀ ਮੰਗ ਲਵਾਂ, ਝੱਟ ਕੁ ਨੂੰ ਤਾਂ ਮੈ ਮੁੜ ਹੀ ਆਉਣਾ ਹੈ। ਉਹ ਕਹਿਣ ਲੱਗਾ," ਲੈ ਜਾ, ਪਰ ਤੈਥੋਂ ਚਲਣੀ ਨਹੀਂ, ਭਾਰੀ ਬੜੀਐ।" ਮੈਂ ਕਿਹਾ, "ਚਲਾ ਕੇ ਦੇਖ ਲਵਾਂ?" "ਹਾ",

ਉਹ ਕਹਿਣ ਲੱਗਾ। ਮੈਂ ਪਰਤਿਆ ਤਾ ਕੀ ਵੇਖਦਾ ਹਾਂ ਕਿ ਲਾਲ ਰੰਗ ਦੀ ਕਾਰ ਜੋ ਉਥੇ ਖੜੀ ਮੈਂ ਵੇਖੀ ਸੀ, ਉੱਥੇ ਨਹੀਂ ਸੀ, ਓਥੇ ਤਾਂ ਇਕ ਟਰੱਕ ਖਲੋਤਾ ਸੀ। ਮੈਂ ਉਸੇ ਨੂੰ ਚਲਾਣ ਦਾ ਜਤਨ ਕੀਤਾ, ਪਰ ਉਹ ਚੱਲਿਆ ਨਹੀਂ। ਦੋ ਬੱਚੇ ਜੋ ਲਾਗੇ ਖਲੋਤੇ ਮੈਨੂੰ ਵੇਖ ਰਹੇ ਸਨ, ਖਿੜਖਿੜਾ ਕੇ ਹੱਸ ਪਏ। ਮੈਂ ਉਤਰ ਕੇ ਘਰ ਪਰਤ ਆਇਆ। ਝੱਟ ਕੁ ਨੂੰ ਜੀਤੋ ਵੀ ਪਰਤ ਆਈ। ਮੈਂ ਪੁੱਛਿਆ, "ਤੂੰ ਗਈ ਨਹੀਂ?" ਕਹਿਣ ਲੱਗੀ, "ਟੈਕਸੀ ਦੀ ਟੱਕਰ ਹੋ ਗਈ। ਡਰਾਇਵਰ ਪਤਾ ਨਹੀਂ ਕੇਹੋ ਜਿਹਾ ਚਲਾਉਂਦਾ ਸੀ! ਇਕ ਹੋਰ ਕੁੜੀ ਥੱਲੇ ਆ ਚੱਲੀ ਸੀ।" "ਸ਼ੁਕਰ ਏ ਤੂੰ ਤਾਂ ਬੱਚ ਗਈ," ਮੈਂ ਕਿਹਾ। "ਮੇਰੀ ਕੋਈ ਆਈ ਥੋੜ੍ਹੇ ਹੀ ਸੀ!" ਉਹ ਬੋਲੀ ਤੇ ਅਸੀਂ ਦੋਵੇਂ ਹੱਸ ਪਏ। ਤਦ ਮੇਰੀ ਜਾਗ ਖੁਲ ਗਈ!

ਸੁਪਨੇ ਵਿਚ ਸਵਾਰੀ ਔਰਤ ਦਾ ਚਿੰਨ੍ਹ ਹੋਂਦੀ ਹੈ। ਇਹ ਗੱਲ ਸਮਝ ਲਈਏ ਤਾਂ ਇਸ ਸੁਪਨੇ ਵਿਚਲੀ ਲੁਪਤ ਵਸਤੂ ਸਮਝ ਆ ਜਾਂਦੀ ਹੈ। "ਮੇਰੀ ਆਪਣੀ ਕਾਰ ਵਿਗੜੀ ਹੋਈ ਸੀ ਤੇ "ਗੈਰੇਜ ਗਈ ਹੋਈ ਸੀ" ਤੋਂ ਮੁਰਾਦ, ਮੇਰੀ ਵਹੁਟੀ ਬੀਮਾਰ ਹੈ ਤੇ ਹਸਪਤਾਲ ਗਈ ਹੋਈ ਹੈ। ਇੱਥੇ ਟੈਕਸੀ ਉਸ ਦੀ ਆਪਣੀ ਪਤਨੀ ਹੈ-ਪੀਲੀ-ਜਿਸ ਦਾ ਲਹੂ ਪਤਲਾ ਪੈ ਗਿਆ ਹੈ। ਉਸ ਦਾ ਡਰਾਇਵਰ ਇਹ ਆਪ ਹੈ, ਪਰ ਲਾਪਰਵਾਹ ਹੈ, ਕਿਸੇ ਹੋਰ ਕੁੜੀ ਨੂੰ ਹੇਠਾਂ ਲੈ ਸਕਦਾ ਹੈ। ਤੇ ਐਕਸੀਡੈਂਟ ਕਰ ਸਕਦਾ ਹੈ। ਗੁਆਂਢੀ ਦੀ ਕਾਰ, 'ਤ੍ਰਿਪਤਾ' ਉਸ ਦੀ ਪ੍ਰੇਮਕਾ ਦੀ ਸੰਕੇਤਕ ਹੈ, ਜੋਂ ਕਦੇ ਉਸ ਦੀ ਗੁਆਂਢਣ ਸੀ ਤੇ ਹੁਣ ਕਿਸੇ ਹੋਰ ਦੀ ਵਹੁਟੀ ਹੈ। ਉਸ ਦਾ ਰੰਗ ਲਾਲ ਹੈ। ਪਰ ਗੁਆਂਢੀ (ਉਸ ਦਾ ਪਤੀ) ਕਹਿੰਦਾ ਹੈ, 'ਤੈਥੋਂ ਇਹ ਚਲਣੀ ਨਹੀਂ' (ਕਿਉਂਕਿ ਉਸ ਨੂੰ ਅਧਿਕਾਰ ਨਹੀਂ)। ਇਹ ਪਰਤਦਾ ਹੈ ਤਾ ਉਸ ਸਨੁੱਖੀ ਕਾਰ (ਪਹਿਲੀ ਤ੍ਰਿਪਤਾ) ਦੀ ਥਾਂ ਹੁਣ ਇਕ ਟਰੱਕ (ਮੋਟੀ ਹੋਈ ਤ੍ਰਿਪਤਾ) ਹੈ। ਉਸ ਨੂੰ ਇਹ ਚਲਾ ਨਹੀਂ ਪਾਂਦਾ, ਤੇ ਦੋ ਬੱਚੇ (ਸ਼ਾਇਦ ਤ੍ਰਿਪਤਾ ਦੇ/ਜਾਂ ਉਸ ਦੇ ਆਪਣੇ) ਉਸ ਉੱਪਰ ਹੱਸਦੇ ਹਨ।

ਆਪਣੇ ਸੁਪਨੇ ਦਾ ਵਿਸ਼ਲੇਸ਼ਣ ਸਮਝ ਕੇ ਉਸ ਨੂੰ ਯਕੀਨ ਆ ਗਿਆ ਕਿ ਉਸਦੇ ਅਚੇਤਨ ਵਿਚ ਬੈਠੀ ਤ੍ਰਿਪਤਾ, ਜੀਤੋ ਦੇ ਮੌਤ ਦੀ ਇੱਛਾ ਪੈਦਾ ਕਰੀ ਜਾ ਰਹੀ ਹੈ ਤੇ ਇਹ ਉਸਦਾ ਇਕ ਵੱਡਾ ਅਚੇਤ ਆਤਮ ਸੰਘਰਸ਼ ਸੀ।

ਇਹ ਸੁਪਨਾ ਤਾਂ ਬੜਾ ਸਪਸ਼ਟ ਸੀ। ਪਰ ਬਹੁਤੇ ਸੁਪਨੇ ਇਤਨੇ ਸਪਸ਼ਟ ਨਹੀਂ ਹੋਂਦੇ। ਉਹਨਾਂ ਦੀ ਪ੍ਰਗਟ ਵਸਤੂ ਤੋਂ ਅਪ੍ਰਗਟ ਵਸਤੂ ਤਕ ਪਹੁੰਚਣ ਲਈ ਸੁਤੰਤਰ-ਸੰਬੰਧ ਵਿਧੀ ਦੀ ਵਰਤੋਂ ਕਰਨੀ ਪੈਂਦੀ ਹੈ। ਮੇਰੇ ਇਕ ਮਰੀਜ਼ ਨੇ ਮੈਨੂੰ ਦੱਸਿਆ ਕਿ ਉਸ ਨੇ ਸੁਪਨੇ ਵਿਚ ਨੈਪੋਲੀ ਹੋਟਲ ਦਾ ਬੋਰਡ ਤੋੜ ਦਿੱਤਾ। ਹੋਰ ਕੀ ਹੋਇਆ, ਉਸ ਨੂੰ ਕੁਝ ਯਾਦ ਨਹੀਂ ਸੀ। ਇਸ ਸੁਪਨੇ ਵਿਚ ਤਿੰਨ ਹੀ ਤੱਥ ਸਨ : (i) ਨੈਪੋਲੀ ਹੋਟਲ (ii) ਬੋਰਡ (iii) ਤੋੜ ਦਿੱਤਾ। ਇਹਨਾਂ ਬਾਰੇ ਉਸ ਨੂੰ ਆਪਣੇ ਸੁਤੰਤਰ-ਸੰਬੰਧ ਸੂਚਿਤ ਕਰਨ ਲਈ ਕਿਹਾ ਗਿਆ, ਜੋ ਇਸ ਪ੍ਰਕਾਰ ਸਨ :

(i) ਨੈਪੋਲੀ ਹੋਟਲ : ਮਾਲਕ ਪ੍ਰੇਮ ਚੰਦ... ਮੁਨਸ਼ੀ ਪ੍ਰੇਮ ਚੰਦ-ਗੋਦਾਨ-ਪ੍ਰੇਮ ਮੇਰਾ ਚਚੇਰਾ

ਭਰਾ ਹੈ... ਖ਼ਯਾਮ ਹੋਟਲ-ਸਾਡਾ ਘਰ-ਖ਼ਯਾਮ ਹੋਟਲ ਤੋਂ ਸਾਡੇ ਘਰ ਆਉਂਦਿਆਂ ਰਾਹ ਵਿਚ ਵੱਡਾ ਹਸਪਤਾਲ ਹੈ।

(ii) ਰੰਗੀਨ ਫੱਟਾ-ਫੁੱਟ-ਛੇ ਫੁੱਟ-ਮੇਰੇ ਪਿਤਾ ਜੀ ਦਾ ਕੱਦ ਛੇ ਫੁੱਟ-ਉਹਨਾਂ ਨੂੰ 'ਦੋ ਗਜ਼ੀਆ' ਕਹਿੰਦੇ ਸਨ।

(iii) ਤੋੜ ਦਿੱਤਾ : ਭੰਨ ਦਿੱਤਾ-ਮਾਲੀਆ ਮੇਟ ਕਰ ਦਿੱਤਾ-ਹਮਲਾਵਰ-ਪਾਨੀਪਤ-ਬਾਬਰ-ਔਰੰਗਜ਼ੇਬ!

ਉਸ ਵਲੋਂ ਦਿੱਤੇ ਗਏ ਇਹਨਾਂ ਸੰਬੰਧਾਂ ਬਾਰੇ ਉਸ ਨੂੰ ਹੋਰ ਸੁਤੰਤਰ-ਸੰਬੰਧ ਭਾਲਣ ਲਈ ਪ੍ਰੇਰਿਆ ਗਿਆ। ਉਸ ਦਾ ਪ੍ਰਤਿਕਰਮ ਇਸ ਪ੍ਰਕਾਰ ਸੀ :

(i) 1. ਪ੍ਰੇਮ ਚੰਦ : ਇਕ ਗਲਪਕਾਰ ਹੈ-ਉਸ ਦੀਆਂ ਲਿਖਤਾਂ ਵਿਚ ਸਮਾਜਕ ਸੰਘਰਸ਼ ਹੁੰਦਾ ਹੈ-ਪ੍ਰੇਮ, ਮੇਰਾ ਚਚੇਰਾ ਭਰਾ ਸ਼ਰਾਬ ਬੜੀ ਪੀਂਦਾ ਹੈ। ਅੱਜ ਕੱਲ ਉਹ ਚਾਹ ਰਿਹਾ ਹੈ ਕਿ ਉਸ ਦੇ ਪਿਤਾ ਤੇ ਮੇਰੇ ਪਿਤਾ ਵਿਚਾਲੇ ਬਟਵਾਰਾ ਹੋ ਜਾਏ। ਉਹ ਆਪਣੇ ਹਿੱਸੇ ਨੂੰ ਵੀ ਸ਼ਰਾਬ ਵਿਚ ਉਡਾ ਦੇਵੇਗਾ। ਇਕ ਚਾਚਾ ਤਾਂ ਸਾਡਾ ਅੱਗੇ ਹੀ ਗੁਜ਼ਰ ਗਿਆ ਹੈ।

2. ਖ਼ਯਾਮ ਹੋਟਲ :ਚੰਗਾ ਹੋਇਆ ਹੁਣ ਬੰਦ ਹੋ ਗਿਆ। ਉਥੇ ਤਾਂ ਕੁੱਤੇ ਦਾ ਮਾਸ ਖੁਆਂਦੇ ਸਨ-ਇਕ ਵਾਰੀ ਛਾਪਾ ਵੱਜਾ ਸੀ ਤੇ ਮਾਲਕ ਫੜਿਆ ਗਿਆ ਸੀ। ਮੈਨੂੰ ਪਤਾ ਲੱਗਾ ਤਾਂ ਜੀ ਕੀਤਾ ਉਸ ਨੂੰ ਗੋਲੀ ਮਾਰ ਦਿਆਂ-ਭਾਵੇਂ ਉਹ ਮੇਰੇ ਪਿਤਾ ਜੀ ਦਾ ਦੋਸਤ ਹੈ, ਪਰ ਮੈਨੂੰ ਨਹੀਂ ਚੰਗਾ ਲਗਦਾ।-ਸਾਡੇ ਘਰ ਆਉਂਦਾ ਹੈ ਤਾਂ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ ਹੈ।-ਮੇਰੀ ਭਾਬੀ ਨਾਲ ਵੀ ਬੜੇ ਠੱਠੇ ਮਜ਼ਾਕ ਕਰਦਾ ਹੈ-ਗੁੰਡਾ ਕਿਤੋਂ ਦਾ।

3. ਸਾਡਾ ਘਰ : ਸਾਡਾ ਘਰ ਬੜਾ ਅਜੀਬ ਜਿਹਾ ਹੈ-ਸਾਰੇ ਸ਼ਹਿਰ ਵਿਚ ਬਿਜਲੀ ਹੈ, ਪਰ ਸਾਡੇ ਨਹੀਂ। ਪਿਤਾ ਜੀ ਨਹੀਂ ਲਗਵਾਂਦੇ-ਕਹਿੰਦੇ ਹਨ ਖ਼ਰਚ ਬੜਾ ਆਵੇਗਾ-ਨਿਰੇ ਕੰਜੂਸ ਹਨ-ਪਾਨ ਵਾਲੇ ਦੇ ਵੀ ਰੇਡਿਓ ਹੈ, ਸਾਡੇ ਨਹੀਂ-ਬਿਜਲੀ ਜੁ ਨ ਹੋਈ-ਖ਼ਬਰਾਂ ਸੁਣਨ ਅਸੀਂ ਪਨਵਾੜੀ ਦੇ ਜਾਂਦੇ ਹਾਂ-ਤਦੇ ਤਾਂ ਮੈਨੂੰ ਪਾਨ ਖਾਣ ਦੀ ਆਦਤ ਹੋ ਗਈ।

4. ਵੱਡਾ ਹਸਪਤਾਲ : ਪਿਛਲੇਰੇ ਸਾਲ ਮੇਰੇ ਚਾਚੀ ਜੀ ਓਥੇ ਦਾਖ਼ਲ ਹੋਏ ਸਨ-ਡਾਕਟਰਾਂ ਕਿਹਾ ਸੀ ਕਿ ਬਚਣ ਨਹੀਂ ਲੱਗੇ-ਪਰ ਅਜੇ ਵੀ ਹਨ-ਪਰ ਪਰਿਵਾਰ ਉਹਨਾਂ ਦੀ ਲੰਮੀ ਬੀਮਾਰੀ ਤੋਂ ਦੁੱਖੀ ਹੈ-ਨਾਲੇ ਉਹ ਚਿੜਚਿੜੇ ਵੀ ਹੋ ਗਏ ਹਨ-ਪਰ ਪਿਤਾ ਜੀ ਮੇਰੇ ਅਜੇ ਵੀ ਉਹਨਾਂ ਦਾ ਧਿਆਨ ਕਰਦੇ ਹਨ।

(ii) 1. ਰੰਗੀਨ ਫੱਟਾ : ਨੀਅਨ ਦਾ ਲਾਲ ਤੇ ਨੀਲਾ ਫੱਟਾ-ਲਾਲ ਫੱਟਾ-ਲਾਲ ਕੁਰਤੀ-ਓਥੇ ਪਿਛਲੇ ਹਫਤੇ ਇਕ ਕਤਲ ਹੋਇਆ। ਜ਼ਮੀਨ ਖ਼ਾਤਰ ਇਕ ਬੰਦੇ ਨੇ ਚਾਚੇ ਨੂੰ ਮਾਰ

ਦਿੱਤਾ-ਜ਼ਨ, ਜ਼ਰ, ਜ਼ਮੀਨ - ਜ਼ਿੰਮੀ ਜ਼ਮਾਨ ਨੇ ਬਿਖੈ ਸਮਸਤ ਏਕ ਜੋਤ ਹੈ, ਨਾ ਘਾਟ ਹੈ ਨਾ ਬਾਢ ਹੈ ਨਾ ਘਾਟ ਬਾਢ ਹੋਤ ਹੈ।-ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦਾ ਬਲੀਦਾਨ ਦਿੱਤਾ, ਫਿਰ ਆਪਣੇ ਪੁੱਤਰਾਂ ਦਾ ਵੀ-ਧੰਨ ਗੁਰੂ ਗੋਬਿੰਦ ਸਿੰਘ!

2. ਛੇ ਫੁੱਟ : ਮੇਰੇ ਪਿਤਾ ਜੀ ਦਾ ਕੱਦ ਛੇ ਫੁੱਟ ਅਥਵਾ ਦੋ ਗਜ਼ ਤੋਂ ਰਤਾ ਕੁ ਘੱਟ ਹੈ।-ਜਾਪਦਾ ਹੈ ਰੱਬ ਨੇ ਕੰਜੂਸੀ ਨਾਲ ਦੋ ਗਜ਼ ਕੱਛਿਆ ਹੈ-ਪਿਤਾ ਜੀ ਦਾ ਰੱਬ ਵੀ ਕੰਜੂਸ ਹੀ ਜਾਪਦਾ ਹੈ।

(iii)1. ਭੰਨ ਦਿੱਤਾ : ਗਿਆ ਭੱਜ ਤਕਦੀਰ ਦੇ ਨਾਲ ਠੂਠਾ-ਤਕਦੀਰ ਨਾ ਕਿਸੇ ਤੋਂ ਹੱਟਦੀ ਵੇ-ਫਿਰ ਮੇਰੇ ਕੋਲੋ ਕਿਵੇਂ ਹੱਟ ਸਕਦੀ ਹੈ?

2. ਮਲੀਆਮੇਟ ਕਰ ਦਿੱਤਾ : ਕਾਲ ਸਭ ਨੂੰ ਮਲੀਆ ਮੇਟ ਕਰ ਦੇਂਦਾ ਹੈ-ਪਰ ਕਈਆਂ ਨੂੰ ਕਾਲ ਵੀ ਨਹੀਂ ਵਾਪਰਦਾ-ਮੇਟ-ਲਿਖ਼ ਕੇ ਮੇਟਣਾ।

3. ਹਮਲਾਵਰ : ਮਲੇਛ-ਮੇਰੇ ਪਿਤਾ ਜੀ ਬੜੀ ਵਾਰ ਮੈਨੂੰ 'ਮਲੇਛ' ਕਹਿੰਦੇ ਹਨ-ਉਹ ਬੜੀ ਵਾਰ ਗੰਦੀਆਂ ਗਾਲ੍ਹਾਂ ਵੀ ਕੱਢਦੇ ਹਨ। ਦਾਦਾ ਜੀ ਕਹਿੰਦੇ ਹੁੰਦੇ ਸਨ : ਗਾਲ੍ਹਾਂ ਸਭ ਤੋਂ ਪਹਿਲਾਂ ਕੱਢਣ ਵਾਲੇ ਨੂੰ ਹੀ ਲਗਦੀਆਂ ਹਨ।

4. ਪਾਨੀਪਤ : ਭਾਰਤ ਦੀ ਕਿਸਮਤ ਦੀਆਂ ਲੜਾਈਆਂ ਦਾ ਮੈਦਾਨ-ਮਹਾਂਭਾਰਤ ਵੀ ਸਮਝੋ ਲਾਗੇ ਹੀ ਹੋਈ-ਕੁਰੂਕਸ਼ੇਤਰ ਕਿਹੜਾ ਦੂਰ ਹੈ?-ਅਰਜਨ ਕਹੇ ਮੈ ਆਪਣਿਆਂ ਨਾਲ ਨਹੀਂ ਲੜਨਾ, ਆਪਣੇ ਬਜ਼ੁਰਗਾਂ ਤੇ ਵਾਰ ਨਹੀਂ ਕਰਨਾ-ਕ੍ਰਿਸ਼ਨ ਨੇ ਪੁੱਛਿਆ, ਤੂੰ ਸੋਚਨੈ ਤੂੰ ਮਾਰਨ ਵਾਲਾ ਹੈਂ?-ਨ ਕੋਈ ਮਰਦਾ ਹੈ ਨਾ ਮਾਰਦਾ ਹੈ-ਅਰਜਨ ਲੜਿਆ-ਕ੍ਰਿਸ਼ਨ ਨੇ ਕਿਹਾ ਸੀ ਧਰਮ ਦੀ ਖ਼ਾਤਰ ਲੜਨਾ ਹੱਕ ਹੈ, ਨਹੀਂ ਸੱਚ, ਹੱਕ ਦੀ ਖ਼ਾਤਰ ਲੜਨਾ ਧਰਮ ਹੈ।

5. ਬਾਬਰ : ਬਾਬਰ ਬ ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ।

6. ਔਰੰਗਜ਼ੇਬ : ਕਹਿੰਦੇ ਹਨ ਬੜਾ ਪਾਰਸਾ ਸੀ-ਕੁਰਾਨ ਲਿਖ ਲਿਖ ਵੇਚਦਾ ਤੇ ਇਉਂ ਉਪਜੀਵਕਾ ਕਮਾਉਂਦਾ ਸੀ-ਪਰ ਆਪਣੇ ਪਿਤਾ ਨੂੰ ਕੈਦ ਕਰ ਕੇ ਤੇ ਭਰਾ ਨੂੰ ਕਤਲ ਕਰ ਕੇ ਤਖ਼ਤ ਤੇ ਬੈਠਾ ਸੀ-ਇਸੇ ਨੇ ਗੁਰੂ ਤੇਗ ਬਹਾਦਰ ਜੀ ਨੂੰ ਕਤਲ ਕਰਵਾਇਆ।

ਉਪਰੋਕਤ ਮਨੋਸੰਬੰਧਾਂ ਤੋਂ ਪਾਠਕ ਨੇ ਅੰਦਾਜ਼ਾ ਲਗਾ ਲਿਆ ਹੋਣਾ ਹੈ ਕਿ ਇਸ ਵਿਅਕਤੀ ਦੀ ਪ੍ਰਮੁੱਖ ਮਨੋਗੰਢ ਕੀ ਹੈ। ਉਸ ਦੇ ਅੰਦਰ ਆਪਣੇ ਪਿਤਾ ਲਈ ਅਚੇਤ ਘਿਰਣਾ ਹੈ-ਜੋ ਅਤਿ ਕੰਜੂਸ ਹੈ, ਜਿਸ ਦਾ ਰੱਬ ਵੀ ਕੰਜੂਸ ਹੈ, ਜਿਸ ਦੀ ਜੀਭ ਮੈਲੀ ਹੈ, ਜਿਸ ਦੀ ਸੰਗਤ ਗੁੰਡੇ ਨਾਲ ਹੈ। ਇਸ ਲਈ ਅਚੇਤ ਹੀ ਉਹ ਇਸ 'ਦੋਗਜ਼ੀਏ' ਨੂੰ ਮਾਰ ਸੁੱਟਣਾ ਚਾਹੁੰਦਾ ਹੈ, ਮਲੇਛ ਹੋ ਕੇ। ਉਸ ਦੇ ਅੰਦਰਲਾ ਅਰਜੁਨ ਆਪਣੇ ਬਜ਼ੁਰਗ ਤੇ ਹੱਥ ਨਹੀਂ ਉਠਾਉਂਣਾ ਚਾਹੁੰਦਾ। ਪਰ ਉਹ ਕ੍ਰਿਸ਼ਨ ਕੋਲੋਂ ਸਾਹਸ ਲੈਂਦਾ ਹੈ। ਪਰ ਕ੍ਰਿਸ਼ਨ ਤਾਂ ਧਰਮ ਲਈ ਲੜਨ ਦਾ

ਉਪਦੇਸ਼ ਦੇਂਦਾ ਹੈ। ਔਰੰਗਜ਼ੇਬ ਵੀ ਤਾਂ ਦੀਨ ਲਈ ਲੜਦਾ ਸੀ, ਪਰ ਉਹ ਵੀ ਆਪਣੇ ਬਾਪ ਨੂੰ ਬੰਦੀ ਵਿਚ ਪਾ ਸਕਦਾ ਸੀ (ਤਾਂ ਮੈਂ ਕਿਉਂ ਨਹੀਂ?)। ਖ਼ੈਰ ਜੋ ਕੁਝ ਤਕਦੀਰ ਵਿਚ ਲਿਖਿਆ ਹੈ ਹੋਣਾ ਉਹਾ ਹੈ- ਤਕਦੀਰ ਨਾ ਕਿਸੇ ਤੋਂ ਹੱਟਦੀ ਵੇ।

ਉਸ ਦੇ ਸੁਤੰਤਰ-ਸੰਬੰਧਾਂ ਵਿਚ ਕਈ ਸਾਰੀਆਂ ਪਿਤਾ-ਵਤ ਵਿਅਕਤੀਆਂ ਦਾ ਘਾਤ ਹੈ। 'ਚਾਚੇ' ਦਾ, ਗੁਰੂ ਤੇਗ਼ ਬਹਾਦਰ ਦਾ, ਚਾਚੀ ਨੇ ਵੀ ਨਹੀਂ ਬਚਣਾ। ਪਰ ਉਸ ਨੂੰ ਹਿਰਖ ਹੈ ਕਿ ਕਈਆਂ ਨੂੰ ਕਾਲ ਵੀ ਨਹੀਂ ਵਾਪਰਦਾ। ਪਿਤਾ ਤੇ ਚਾਚੇ ਵਿਚਾਲੇ ਵੰਡੀ ਪੈਣ ਦੀ ਗੱਲ ਵੀ ਕਰਦਾ ਹੈ ਕਿਉਂਕਿ ਇਸ ਵਿਚ ਵੀ ਉਸ ਦੇ ਪਿਤਾ ਦੀ ਸੰਕੇਤਕ ਮੌਤ ਹੈ। ਇਓਂ ਜਾਪਦਾ ਹੈ ਪਿਤਾ-ਘਾਤ ਦੀ ਦਮਿਤ ਇੱਛਾ ਕਈ ਰੂਪ ਧਾਰ ਕੇ ਉਪਰੋਕਤ ਸੰਬੰਧਾਂ ਵਿਚ ਪ੍ਰਗਟ ਹੁੰਦੀ ਰਹੀ ਹੈ।

ਇਓਂ ਸੁਤੰਤਰ-ਸੰਬੰਧ ਦੀ ਵਿਧੀ ਨਾਲ ਸੁਪਨਿਆਂ ਦੀ ਪਰਗਟ ਵਸਤੂ ਵਿਚੋਂ ਉਹਨਾਂ ਦਾ ਲੁਪਤ ਅਰਥ ਲਭਿਆ ਜਾ ਸਕਦਾ ਹੈ।

ਮਨੋਵਿਸ਼ਲੇਸ਼ਣ ਦੀ ਖੋਜ-ਵਿਧੀ ਦੇ ਦੋ ਵੱਡੇ ਥੰਮ ਸੁਤੰਤਰ-ਸੰਬੰਧ ਤੇ ਸੁਪਨ-ਵਿਸ਼ਲੇਸ਼ਣ ਹਨ। ਇਹਨਾਂ ਨਾਲ ਅਚੇਤ ਮਨ ਵਿਚ ਵਾਪਰੀਆਂ ਘਟਨਾਵਾਂ ਤੇ ਗਤੀ-ਵਿਧੀਆਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਤੇ ਵਿਸ਼ਲੇਸ਼ਕ ਇਓਂ ਪ੍ਰਾਪਤ ਹੋਏ ਗਿਆਨ ਨੂੰ ਰੋਗੀ ਦੇ ਵਿਅਕਤਿਤਵ ਦੀ ਨਵ-ਉਸਾਰੀ ਹਿੱਤ ਵਰਤ ਸਕਦਾ ਹੈ।

... ... ...

ਡਾ. ਯੁੰਗ ਦੇ ਸਿੱਧਾਂਤਕ ਢਾਂਚੇਂ ਵਿਚ ਵੀ ਇਕ ਮਹੱਤਵਪੂਰਣ ਵਿਧੀ ਹੈ ਜਿਸ ਨੂੰ ਗਤੀਸ਼ੀਲ ਕਲਪਨਾ *(ਡਾਇਨੈਮਿਕ ਇਮੈਜੀਨੇਸ਼ਨ)* ਦੀ ਵਿਧੀ ਕਹਿੰਦੇ ਹਨ। ਇਸ ਵਿਧੀ ਅਨੁਸਾਰ ਵਿਅਕਤੀ ਇਕ ਮਨ ਹੋ ਕੇ ਇਹ ਉਡੀਕ ਕਰਦਾ ਹੈ ਕਿ ਉਸ ਦੇ ਅਚੇਤਨ ਵਿਚੋਂ ਕੀ ਉਮਡ ਕੇ ਉਸ ਦੀ ਉਡੀਕਵਾਨ ਕਲਪਨਾ ਵਿਚ ਪ੍ਰਵੇਸ਼ ਕਰਦਾ ਹੈ। ਇਓਂ ਸਮਝੋ ਜਿਵੇਂ ਉਹ ਇਕ ਫ਼ਿਲਮ ਦੇਖਣ ਦੀ ਮੁਦ੍ਰਾ ਵਿਚ ਬੈਠਾ ਹੈ, ਪਰ ਫ਼ਿਲਮ ਬਾਹਰ ਨਹੀਂ ਚਲਣੀ, ਉਸ ਦੀ ਆਪਣੀ ਕਲਪਨਾ ਵਿਚੋਂ ਹੀ ਪਰਗਟ ਹੋਣੀ ਹੈ।

ਇਕ ਉਦਾਹਰਣ ਲਓ। ਇਕ ਵਿਅਕਤੀ ਦੱਸਦਾ ਹੈ ਕਿ ਸੁਪਨੇ ਵਿਚ ਉਹ ਆਪਣੇ ਆਪ ਨੂੰ ਇਕ ਅਤਿ ਹਨੇਰੇ ਤੂਫ਼ਾਨ ਵਿਚ ਤਟਹੀਣ ਪਰ ਖ਼ਤਰਨਾਕ ਪਾਣੀਆਂ ਵਿਚ 'ਕਲਮਕਲਾ ਇਕ ਅੱਧ-ਟੁੱਟੀ ਜਹੀ ਬੇੜੀ ਵਿਚ ਥਪੇੜੇ ਖਾਂਦਾ ਵੇਖਦਾ ਹੈ।

ਉਪ੍ਰੋਕਤ ਵਿਧੀ ਅਨੁਸਾਰ ਇਸ ਵਿਅਕਤੀ ਨੂੰ ਕਹਿ ਸਕਦੇ ਹਾ ਕਿ ਆਪਣੇ ਸੁਪਨੇ ਵਿਚਲੀ ਘਟਨਾ ਉੱਪਰ ਧਿਆਨ ਕੇਂਦ੍ਰਿਤ ਕਰੇ ਤੇ ਜੋ ਪਰਿਵਰਤਨ ਇਸ ਦੇ ਬਿੰਬ ਵਿਚ ਹੋਵੇ ਉਸ ਨੂੰ ਗਹੁ ਨਾਲ ਵਾਚੇ। ਥੋੜੇ ਅਭਿਆਸ ਨਾਲ ਇਸ ਬਿੰਬ ਵਿਚ ਇਕ ਪਰਿਵਰਤਨ ਵਾਪਰੇਗਾ। ਸ਼ਾਇਦ ਉਸ ਭਇਆਨਕ ਧੁੰਧੂਕਾਰ ਵਿਚੋਂ ਕੋਈ ਕਿਰਨ ਸਿੰਮ ਪਵੇ; ਜਾਂ ਤੂਫ਼ਾਨੀ

ਸਾਗਰ ਵਿਚੋਂ ਕੋਈ ਟਾਪੂ ਉਭਰ ਖਲੋਵੇ। ਐਸੇ ਬਿੰਬ-ਪਰਿਵਰਤਨ ਉਸ ਦੀ ਸੁਰਖਿਆ ਦੇ ਸੂਚਕ ਹੋਣਗੇ। ਇਸ ਦੇ ਬਿਪ੍ਰੀਤ ਉਹ ਇਹ ਵੀ ਦੇਖ ਸਕਦਾ ਹੈ ਕਿ ਉਸ ਦੀ ਬੇੜੀ ਚੱਟਾਨਾਂ ਨਾਲ ਟਕਰਾ ਕੇ ਚਕਨਾਚੂਰ ਹੋ ਜਾਂਦੀ ਹੈ, ਜਾ ਲਹਿਰਾਂ ਦੇ ਥਪੇੜਿਆਂ ਨਾਲ ਉਲਟ ਜਾਂਦੀ ਹੈ ਤੇ ਉਹ ਗੋਤੇ ਖਾਣ ਲਗਦਾ ਹੈ। ਐਸੇ ਬਿੰਬ ਉਸ ਦੇ ਵਿਨਾਸ ਦੇ ਸੂਚਕ ਹੋਣਗੇ। ਪਰ ਜੋ ਵੀ ਡਰਾਮਾ ਹੋਵੇ, ਉਸ ਦੀ ਆਪਣੀ ਗਤੀਸ਼ੀਲ ਕਲਪਨਾ ਦੇ ਮੰਚ ਉੱਪਰ ਹੋ ਰਿਹਾ ਹੋਵੇਗਾ।

ਇਹ ਵਿਧੀ ਸੁਤੰਤਰ-ਸੰਬੰਧ ਦੀ ਵਿਧੀ ਤੋਂ ਭਿੰਨ ਹੈ। ਸੁਤੰਤਰ-ਸੰਬੰਧ ਵਿਧੀ ਵਿਚ ਅਸੀਂ ਧਿਆਨ ਕੇਂਦ੍ਰਿਤ ਨਹੀਂ ਕਰਦੇ, ਸਗੋਂ ਉਸ ਨੂੰ ਖੁਲੀ ਛੁੱਟੀ ਦੇ ਦੇਂਦੇ ਹਾਂ। ਗਤੀਸ਼ੀਲ ਕਲਪਨਾ ਦੀ ਵਿਧੀ ਵਿਚ ਅਸੀਂ ਆਪਣੇ ਇਕਚਿੱਤ ਧਿਆਨ ਨੂੰ ਕਿਸੇ ਇਕ ਬਿੰਬ ਉਪਰ ਕੇਂਦ੍ਰਿਤ ਕਰਦੇ ਹਾਂ, ਤੇ ਕਰੀ ਰੱਖਦੇ ਹਾਂ। ਇਉਂ ਆਪਣੀ ਕਲਪਨਾ ਨੂੰ ਅਉਸਰ ਦੇਂਦੇ ਹਾਂ ਕਿ ਉਹ ਅਚੇਤਨ ਤੱਤਾਂ ਨਾਲ ਇਸ ਬਿੰਬ ਦਾ ਹੋਰ ਵਿਗਾਸ ਕਰੇ ਤੇ ਇਉਂ ਕਰਦਿਆਂ ਉਸ ਦੇ ਲੁਪਤ ਮਹੱਤਵ ਨੂੰ ਪਰਗਟ ਕਰ ਦੇਵੇ।

ਇਹ ਇਕ ਸਿਰਜਨਾਤਮਕ ਵਿਧੀ ਹੈ, ਤੇ ਅਚੇਤਨ ਵਿਚ ਲੁਕੀਆਂ ਉਸਾਰੂ ਸ਼ਕਤੀਆਂ ਨਾਲ ਸਾਡਾ ਸੰਬੰਧ ਜੋੜਦੀ ਹੈ।

ਡਾ. ਐਡਲਰ ਪਾਸੋਂ ਇਕ ਉਦਾਹਰਣ ਉਧਾਰੀ ਲੈ ਕੇ ਇਸ ਦੀ ਵਰਤੋਂ ਨੂੰ ਹੋਰ ਸਪਸ਼ਟ ਕਰਨ ਦਾ ਜਤਨ ਕਰਦੇ ਹਾਂ। ਇਕ ਨੌਜੁਆਨ ਲੜਕੀ ਉਨੀਂਦੇ ਦੀ ਸ਼ਿਕਾਇਤ ਨਾਲ ਡਾਕਟਰ ਪਾਸ ਆਈ ਸੀ। ਇਸ ਲੜਕੀ ਦੀ ਸ਼ਖ਼ਸੀਅਤ ਅਵਿਗਸਤ ਸੀ। ਉਹ ਆਪਣੀ ਮਾਂ ਦੇ ਗ਼ਲਬੇ ਹੇਠ ਇਉਂ ਸੀ ਜਿਵੇਂ ਨਵ-ਜਾਤ ਬਾਲਕਾ ਹੁੰਦੀ ਹੈ। ਨਾ ਇਸ ਦਾ ਉਸ ਨੂੰ ਆਪਨੂੰ ਕੋਈ ਗਿਆਨ ਸੀ ਨਾ ਉਸਦੀ ਮਾਂ ਨੂੰ। ਇਹ ਕੁੜੀ, ਜਿਸ ਦਾ ਨਾਮ, ਮੰਨ ਲਉ, 'ਜੋਨ' ਸੀ, ਆਪਣੇ ਉਨੀਂਦੇ ਦੇ ਕਾਰਨ ਵਲੋਂ ਵੀ ਅੰਞਾਣ ਸੀ। ਪਰ, ਕਹਿੰਦੀ ਸੀ ਕਿ ਜਦ ਵੀ ਉਹ ਅੱਖਾਂ ਮੀਟਦੀ ਹੈ, ਇਕ ਭੂਰੀ ਸ਼ਕਲ ਉਸ ਨੂੰ ਉਸਦੇ ਮੰਜੇ ਲਾਗੇ ਖਲੋਤੀ ਲਗਦੀ ਹੈ।

ਐਡਲਰ ਨੇ ਉਸ ਨੂੰ ਕਿਹਾ ਕਿ ਉਹ ਇਸ ਭੂਰੀ ਸ਼ਕਲ ਦਾ ਹੋਰ ਵੇਰਵਾ ਦੱਸੇ। ਪਰ, ਉਹ ਕਹਿਣ ਲਗੀ, ਕਿ ਉਹ ਹੋਰ ਕੁਝ ਨਹੀਂ ਜਾਣਦੀ। ਤਦ ਉਸ ਨੂੰ ਕਿਹਾ ਗਿਆ ਕਿ ਉਹ ਗਹੁ ਨਾਲ ਵੇਖ ਕੇ ਦੱਸੇ ਕਿ ਇਹ ਸ਼ਕਲ ਮਰਦ ਦੀ ਹੈ ਕਿ ਔਰਤ ਦੀ। ਉਹ ਕਹਿਣ ਲੱਗੀ, ਕਿ ਇਹ ਤੀਵੀਂ ਦੀ ਸ਼ਕਲ ਹੈ। ਫਿਰ ਉਸ ਪਾਸੋਂ ਉਸ ਤੀਵੀਂ ਦਾ ਨਾਮ ਪੁੱਛਿਆ ਗਿਆ। ਉਹ ਪਰੇਸ਼ਾਨ ਹੋ ਕੇ ਕਹਿਣ ਲੱਗੀ 'ਮੈਨੂੰ ਉਸਦਾ ਨਾਮ ਕਿਵੇਂ ਪਤਾ ਹੋ ਸਕਦਾ ਹੈ?' ਤਦ ਐਡਲਰ ਨੇ ਕਿਹਾ, "ਕਈ ਵਾਰ ਅਸੀਂ ਆਪ ਵੀ ਤਾਂ ਨਾਮ ਰੱਖ ਦੇਂਦੇ ਹਾਂ। ਤੂੰ ਆਪ ਉਸ ਭੂਰੀ ਤੀਵੀਂ ਦਾ ਨਾਮ ਰੱਖ ਦੇ।" ਇਸ ਤੇ ਉਸ ਨੂੰ ਬੜੀ ਖਿੱਝ ਚੜ੍ਹੀ ਤੇ ਝੁੰਝਲਾ ਕੇ ਬੋਲੀ, "ਉਸ ਮਰ ਜਾਣੀ ਦਾ ਨਾ. ਜੋਨ ਦੇ"। ਇਹ ਤਾਂ ਉਸ ਦਾ ਆਪਣਾ ਹੀ ਨਾਮ ਸੀ। ਇਹ ਕਹਿ ਕੇ ਉਹ ਜ਼ੋਰ ਜ਼ੋਰ ਦੀ ਰੋਣ ਲੱਗ ਪਈ, ਪਰ ਅਚੇਤਨ ਦਾ ਕੜ ਟੁੱਟ ਚੁੱਕਾ ਸੀ। ਇਕਾ ਇਕੀ ਉਸ ਨੂੰ ਸਮਝ ਆ

ਗਈ ਕਿ ਉਸ ਦੇ ਸਾਹਵੇਂ ਉਸ ਦਾ ਆਪਣਾ ਅਵਿਕਸਤ ਆਪਾ ਭੂਰਾ ਬੁੱਤ ਬਣ ਕੇ ਆਣ ਖਲੋਂਦਾ ਤੇ ਆਪਣੀ ਪਛਾਣ ਮੰਗਦਾ ਸੀ। ਮਾਂ ਦੇ ਖੰਭਾਂ ਹੇਠੋਂ ਉਸ ਦਾ ਨਿੱਜਤਵ ਬਾਹਰ ਨਿਕਲਣਾ ਚਾਹੁੰਦਾ ਸੀ। ਇਸ ਸੋਝੀ ਦੇ ਜਾਗਣ ਨਾਲ ਉਸ ਦਾ ਉਨੀਂਦਾ ਤਾਂ ਤੁਰਤ ਦੂਰ ਹੋ ਗਿਆ ਭਾਵੇਂ ਮਾਂ ਦੇ ਗ਼ਲਬੇ ਹੇਠੋਂ ਪੂਰੀ ਤਰ੍ਹਾਂ ਨਿਕਲਣ ਵਿਚ ਉਸ ਨੂੰ ਖ਼ਾਸਾ ਸਮਾਂ ਲਗਿਆ।

ਡਾ. ਯੁੰਗ ਦੀ ਇਕ ਹੋਰ ਕਾਢ ਸ਼ਬਦ-ਸੰਬੰਧ *(ਵਰਡ ਐਸੋਸੀਏਸ਼ਨ)* ਦੀ ਵਿਧੀ ਹੈ। ਇਸ ਵਿਚ ਸੁਤੰਤਰ ਸੰਬੰਧ ਦੀ ਬਜਾਏ ਪ੍ਰੇਰਿਤ ਸੰਬੰਧ *(ਇੰਡਿਊਸਡ ਐਸੋਸੀਏਸ਼ਨ)* ਜਗਾਏ ਜਾਂਦੇ ਹਨ। ਇਸ ਵਿਧੀ ਵਿਚ ਵਿਅਕਤੀ ਨੂੰ ਵਾਰੀ ਵਾਰੀ, ਇੱਕ ਇੱਕ ਕਰ ਕੇ, ਕੁਝ ਉਤੇਜਕ ਸ਼ਬਦ ਸੁਣਾਏ ਜਾਂਦੇ ਹਨ, ਇਸ ਆਦੇਸ਼ ਨਾਲ ਕਿ ਹਰ ਸ਼ਬਦ ਦੇ ਉਚਾਰੇ ਜਾਣ ਦੇ ਤੁਰੰਤ ਮਗਰੋਂ ਜੋ ਵੀ ਸੰਬੰਧਤ ਸ਼ਬਦ ਉਸ ਦੇ ਮਨ ਵਿਚ ਸਭ ਤੋਂ ਪਹਿਲਾਂ ਆਵੇ, ਉਸ ਨੂੰ ਪਰਗਟ ਕਰੇ। ਉਤੇਜਕ ਸ਼ਬਦ ਯੁੰਗ ਨੇ ਉਹ ਚੁਣੇ ਜੋ ਭਾਵੁਕ ਰੰਗਤ ਵਾਲੇ ਸਨ ਤੇ ਜੋ ਅਚੇਤਨ ਵਿਚੋਂ ਦਮਿਤ ਇੱਛਾਵਾਂ-ਪ੍ਰਵਿਰਤੀਆਂ-ਭਾਵਨਾਵਾਂ-ਮਨੋਗੰਢਾਂ ਨੂੰ ਛੇੜ ਕੇ ਤੁਰੰਤ ਉਹਨਾਂ ਨਾਲ ਸੰਬੰਧਤ ਕੋਈ ਸ਼ਬਦ ਬਾਹਰ ਉਛਾਲ ਦੇਂਦੇ ਸਨ। ਇਸੇ ਕਾਰਣ ਐਸੇ ਸੰਬੰਧਤ ਸ਼ਬਦ ਅਚੇਤਨ ਵਿਚ ਦਮਿਤ ਸਾਮੱਗ੍ਰੀ ਵਲ ਅਛੋਪਲੇ ਹੀ ਸੰਕੇਤ ਕਰ ਜਾਂਦੇ ਸਨ।

ਇਉਂ ਸੰਮੋਹਕ ਵਿਸ਼ਲੇਸ਼ਣ, ਸੁਤੰਤਰ ਸੰਬੰਧ, ਸੁਪਨ ਵਿਸ਼ਲੇਸਣ, ਗਤੀਸ਼ੀਲ ਕਲਪਨਾ, ਤੇ ਸ਼ਬਦ ਸੰਬੰਧ ਉਹਨਾਂ ਪ੍ਰਮੁੱਖ ਵਿਧੀਆਂ ਵਿਚੋਂ ਹਨ ਜੋ ਮਨੋਵਿਸ਼ਲੇਸ਼ਕ ਲੋਕ ਅਚੇਤਨ ਤੱਤਾਂ ਦੀ ਖੋਜ ਕਰਨ ਹਿਤ ਵਰਤੋਂ ਵਿਚ ਲਿਆਉਂਦੇ ਹਨ। ਇਹਨਾਂ ਵਿਧੀਆਂ ਰਾਹੀਂ ਹੀ ਉਹ ਮਨੋਰੋਗੀਆਂ ਦੇ ਅਚੇਤਨ ਦੀ ਖੋਜ ਕਰ, ਉਹਨਾਂ ਦੇ ਮਨੋਰੋਗਾਂ ਦੇ ਅਚੇਤ ਕਾਰਨਾਂ ਦੀ ਭਾਲ ਕਰਦੇ ਹਨ ਤੇ ਪ੍ਰਾਪਤ ਹੋਏ ਸਿੱਟਿਆਂ ਨੂੰ ਉਹਨਾਂ ਦੇ ਇਲਾਜ ਹਿਤ ਵਰਤਦੇ ਹਨ।

# 15.
# ਅਚੇਤਨ ਤੇ ਕੋਮਲ ਕਲਾ

ਕੋਮਲ ਕਲਾ ਤੇ ਮਨੋਵਿਗਿਆਨ ਦੇ ਖੇਤਰਾਂ ਵਿਚਾਲੇ ਇਕ ਸਦੀਵੀ ਸਾਂਝ ਮੌਜੂਦ ਰਹੀ ਹੈ। ਦੋਵੇਂ ਮਨ ਦੀ ਸਾਮੱਗ੍ਰੀ ਨਾਲ ਖੇਡਦੇ ਹਨ, ਭਾਵੇਂ ਵੱਖੋ ਵੱਖਰੇ ਸੰਸਾਰ ਸਿਰਜਦੇ ਹਨ। ਕਲਾਕਾਰ ਤਾਂ ਆਪਣੀ ਕਲਪਨਾ ਨੂੰ ਬੰਧਨ-ਮੁਕਤ ਉਡਾਰੀਆਂ ਮਾਰਨ ਦੀ ਖੁਲ੍ਹ ਦੇਂਦਾ ਹੈ ਤੇ ਜਾਣਦਾ ਹੈ ਕਿ ਜ਼ਿੰਦਗੀ ਸਦਾ ਤਰਕਬੱਧ ਹੋ ਕੇ ਨਹੀਂ ਤੁਰਦੀ। ਇਸ ਦੇ ਉਲਟ ਮਨੋਵਿਗਿਆਨੀ ਐਸੇ ਤਾਰਕਿਕ ਨੇਮਾਂ ਦੀ ਤਲਾਸ਼ ਕਰਦਾ ਆਇਆ ਹੈ ਜੋ ਮਾਨਸਿਕ ਕਿਰਿਆਵਾਂ ਉਪਰ ਲਾਗੂ ਹੁੰਦੇ ਹੋਣ। ਜਾਪਦਾ ਹੈ, ਫ੍ਰਾਇਡ ਤੇ ਉਸ ਦੇ ਸਹਿਕਰਮੀਆਂ ਨੇ ਇਹਨਾਂ ਦੋਹਾਂ ਖੇਤਰਾਂ ਵਿਚਾਲੇ ਦੇ ਖੱਪੇ ਨੂੰ ਪੂਰਨ ਦਾ ਕੰਮ ਕੀਤਾ ਹੈ। ਅਚੇਤਨ ਦੀ ਖੋਜ ਰਾਹੀਂ ਉਹਨਾਂ ਨੇ ਕਲਾਕਾਰਾਂ ਤੇ ਮਨੋਵਿਗਿਆਨੀਆਂ ਦੇ ਕਾਰਜਾਂ ਨੂੰ ਇਤਨਾ ਨੇੜੇ ਲੈ ਆਂਦਾ ਹੈ ਕਿ ਦੋਵੇਂ ਇਕ ਦੂਜੇ ਦੇ ਅਨੁਭਵ ਤੋਂ ਪ੍ਰਭਾਵਿਤ ਹੁੰਦੇ ਹਨ ਤੇ ਇਕ ਦੂਜੇ ਦੀ ਸੂਝ ਨੂੰ ਡੂੰਘੇਰਿਆਂ ਕਰਦੇ ਹਨ।

"ਕਲਾਕਾਰ ਸਿਰਜਨ ਦੀ ਇੱਛਾ ਕਿਉਂ ਕਰਦਾ ਹੈ?" ਫ੍ਰਾਇਡ ਤੋਂ ਪਹਿਲਾਂ ਇਸ ਪ੍ਰਸ਼ਨ ਦੇ ਉਤਰ ਦੋ ਹੀ ਮੰਨੇ ਜਾਂਦੇ ਸਨ: ਕਲਾ ਰਾਹੀਂ ਜਾਂ ਤਾਂ ਆਪਣੀ ਉਪਜੀਵਕਾ ਦਾ ਸਾਧਨ ਪੈਦਾ ਕਰਨਾ, ਜਾਂ ਪ੍ਰਸਿੱਧੀ ਦੀ ਲਾਲਸਾ ਦੀ ਪੂਰਤੀ ਕਰਨੀ। ਪਤਾ ਨਹੀਂ ਕਿਉਂ ਇਹ ਨਹੀਂ ਸੀ ਸੋਚਿਆ ਜਾਂਦਾ ਕਿ ਜੇਕਰ ਇਹੋ ਦੋ ਕਾਰਨ ਕਲਾਤਮਕ ਸਿਰਜਨਾ ਦੇ ਮੂਲ ਪ੍ਰੇਰਕ ਹਨ ਤਾਂ ਕਈ ਲੋਕ ਉਪਨਾਮਾਂ ਹੇਠ ਕਿਉਂ ਲਿਖਦੇ ਹਨ, ਤੇ ਆਪਣੇ ਪੱਲਿਓਂ ਪੈਸੇ ਖ਼ਰਚ ਕੇ ਆਪਣੀਆਂ ਲਿਖਤਾਂ ਕਿਉਂ ਪ੍ਰਕਾਸ਼ਤ ਕਰਾਉਂਦੇ ਫਿਰਦੇ ਹਨ? ਇਹ ਤਾਂ ਡਾ:ਫ੍ਰਾਇਡ ਦੇ ਹਿੱਸੇ ਹੀ ਆਇਆ ਸੀ ਕਿ ਉਹ ਡੂੰਘੇਰੇ ਪ੍ਰੇਰਕਾਂ ਦੀ ਖੋਜ ਕਰੇ ਤੇ ਅਚੇਤਨ ਦੀਆਂ ਡੂੰਘਾਈਆਂ ਵਿਚਲੇ ਉਹਨਾਂ ਸੰਘਰਸ਼ਾਂ ਨੂੰ ਫੋਲ ਕੱਢੇ ਜੋ ਕਲਾਕਾਰ ਅੰਦਰ ਐਸੇ ਮਾਨਸਿਕ ਤਣਾਓ ਪੈਦਾ ਕਰਦੇ ਹਨ ਜਿਨ੍ਹਾਂ ਤੋਂ ਮੁਕਤ ਹੋਣ ਲਈ ਕਲਾਕਾਰ ਆਪਣੀ ਕਲਪਨਾ ਨੂੰ ਦਿਵਾ-ਸੁਪਨ ਸਿਰਜਣ ਤੇ ਲਗਾ ਦੇਂਦਾਂ ਹੈ। ਇਉਂ ਸੋਚੀਏ ਤਾਂ ਦਿੱਸੇਗਾ ਕਿ ਕਲਾਕਾਰ ਆਪਣੇ ਅੰਦਰੋਂ ਧੱਕਿਆ ਹੋਇਆ ਤੁਰਦਾ ਹੈ - ਕਿਸੇ ਦੈਵੀ ਹੁਕਮ ਦਾ ਧੱਕਿਆ ਹੋਇਆ ਨਹੀਂ, ਸਗੋਂ ਆਪਣੇ ਅਚੇਤਨ ਦੀਆਂ ਉਹਨਾਂ ਸ਼ਕਤੀਮਾਨ ਪ੍ਰਵਿਰਤੀਆਂ ਦਾ ਧੱਕਿਆ ਹੋਇਆ, ਜੋ ਆਪਣੇ ਸੰਘਰਸ਼ ਕਾਰਨ ਉਸ ਦੇ ਅੰਦਰ ਅਸ਼ਾਂਤੀ ਦੇ ਤਣਾਅ ਪੈਦਾ ਕਰਦੀਆਂ ਹਨ।

ਹਰ ਥਾਂ, ਹਰ ਦੇਸ, ਹਰ ਸਾਂਸਕ੍ਰਿਤਿਕ ਖੰਡ ਵਿਚ ਮਾਨਸਿਕ ਸੰਘਰਸ਼ ਦੇ ਕਈ ਵਿਸ਼ਿਆਂ ਦਾ ਕਲਾ ਤੇ ਸਾਹਿਤ ਵਿਚ ਬਾਰੰਬਾਰ ਦੁਹਰਾਇਆ ਜਾਣਾ ਇਸੇ ਗਲ ਦਾ ਸੂਚਕ ਹੈ

ਕਿ ਇਹ ਵਿਸ਼ੇ ਉਹਨਾਂ ਮਨੁੱਖੀ ਮੂਲ-ਪ੍ਰਵਿਰਤੀਆਂ ਨਾਲ ਸੰਬੰਧ ਰਖਦੇ ਹਨ ਜੋ ਸਾਡੇ ਅਚੇਤਨ ਦੀ ਪ੍ਰਮੁਖ ਸਾਮਗ੍ਰੀ ਹਨ।

ਅਸੀਂ ਪਹਿਲਾਂ ਮਾਨਸਿਕ ਗੰਢਾਂ ਬਾਰੇ ਸਵਿਸਥਾਰ ਵਿਚਾਰ ਕਰ ਆਏ ਹਾਂ। ਫ੍ਰਾਇਡ ਅਨੁਸਾਰ, ਬਾਰ ਬਾਰ ਦੁਹਰਾਏ ਜਾਣ ਵਾਲੇ ਸਾਹਿਤਕ ਤੇ ਕਲਾਤਮਕ ਵਿਸ਼ਿਆਂ ਦੇ ਉਹਲੇ ਇਹੋ ਮਨੋਗੰਢਾਂ ਬੜੀ ਵਾਰ ਪ੍ਰੇਰਕ ਬਣ ਕੇ ਬੈਠੀਆਂ ਹੁੰਦੀਆਂ ਹਨ। ਇਕ ਪ੍ਰਮੁਖ ਮਿਸਾਲ ਇਡੀਪਸ ਮਨੋਗੰਢ ਦੀ ਹੈ ਜਿਸ ਦਾ ਨਿਰਭਰ ਮਾਂ-ਪੁੱਤ ਦੇ ਮੁਢਲੇ ਸੰਬੰਧਾਂ ਉਪਰ ਹੈ। ਵੱਖ ਵੱਖ ਦੇਸ਼ਾਂ ਤੇ ਵੱਖ ਵੱਖ ਸਾਂਸਕ੍ਰਿਤਿਕ ਖੰਡਾਂ ਵਿਚ ਵੀ ਇਹ ਮਨੋਗੰਢ ਸਾਹਿੱਤ ਵਿਚ ਵਿਆਪਦੀ ਆਈ ਹੈ। ਸੋਫੋਕਲੀਜ਼, ਪਰਾਊਸਟ, ਸ਼ੇਕਸਪੀਅਰ, ਦੋਸਤਾਏਵਸਕੀ, ਇਹਨਾਂ ਸਭ ਮਹਾਨ ਸਾਹਿਤਕਾਰਾਂ ਨੇ ਇਸ ਵਿਚਲੇ ਬੁਨਿਆਦੀ ਅਚੇਤਨ ਸੰਘਰਸ਼ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਸ਼ੇਕਸਪੀਅਰ ਦਾ ਮਸ਼ਹੂਰ ਕਾਵਿ-ਨਾਟ 'ਹੈਮਲੈਟ' ਵੀ ਇਸੇ ਸੰਘਰਸ਼ ਨੂੰ ਚਿਤਰਦਾ ਹੈ। ਇਸ ਕਾਵਿ-ਨਾਟ ਦੀ ਕਹਾਣੀ ਦਾ ਸਾਰ ਇਸ ਪ੍ਰਕਾਰ ਹੈ:

ਡੈਨਮਾਰਕ ਦੀ ਮਹਾਰਾਣੀ ਗਰਟਰੂਡ ਆਪਣੇ ਬਾਦਸ਼ਾਹ-ਪਤੀ ਦੀ ਮੌਤ ਦੇ ਦੋ ਮਹੀਨਿਆਂ ਦੇ ਅੰਦਰ ਅੰਦਰ ਹੀ ਉਸ ਦੇ ਭਰਾ ਕਲਾਡੀਅਸ ਨਾਲ ਵਿਆਹ ਕਰਵਾ ਲੈਂਦੀ ਹੈ। ਸ਼ਾਹਜ਼ਾਦੇ ਹੈਮਲੈਟ ਨੂੰ ਇਸ ਦਾ ਬੜਾ ਦੁੱਖ ਹੁੰਦਾ ਹੈ-ਖ਼ਾਸ ਕਰ ਇਸ ਕਾਰਣ ਵੀ ਉਸ ਨੂੰ ਆਪਣੇ ਪਿਤਾ ਦੀ ਮੌਤ ਦਾ ਅਸਲ ਕਾਰਣ ਪਤਾ ਨਹੀਂ ਸੀ ਚਲ ਸਕਿਆ। ਕਲਾਡੀਅਸ ਨੇ ਤਾਂ ਇਹ ਮਸ਼ਹੂਰ ਕੀਤਾ ਹੋਇਆ ਸੀ ਕਿ ਬਾਦਸ਼ਾਹ ਨੂੰ ਸੱਪ ਕੱਟ ਗਿਆ ਹੈ। ਪਰ ਹੈਮਲੈਟ ਦੀ ਸੋਚ ਇਹ ਸੀ ਕਿ ਆਸਤੀਨ ਦਾ ਸੱਪ ਕਲਾਡੀਅਸ ਆਪ ਹੀ ਸੀ ਜਿਸ ਨੇ ਉਸ ਦੇ ਪਿਤਾ ਨੂੰ ਮਾਰ ਮੁਕਾਇਆ ਸੀ ਤੇ ਹੁਣ ਉਸ ਦੇ ਤਖ਼ਤ ਅਤੇ ਸੇਜਾ ਦੋਹਾਂ ਉਪਰ ਕਬਜ਼ਾ ਕਰੀ ਬੈਠਾ ਸੀ। ਉਸ ਨੂੰ ਵਿੱਚੋਂ ਇਹ ਵੀ ਸ਼ੱਕ ਸੀ ਕਿ ਉਸ ਦੀ ਆਪਣੀ ਮਾਂ ਵੀ ਇਸ ਸਾਜ਼ਸ਼ ਦੀ ਸਹਿਅਪਰਾਧਣ ਸੀ। ਇਕ ਦਿਨ ਗੁਜ਼ਰੇ ਹੋਏ ਬਾਦਸ਼ਾਹ ਦਾ ਪ੍ਰੇਤ ਹੈਮਲੈਟ ਨੂੰ ਮਿਲਦਾ ਹੈ ਤੇ ਇਕਲਵੰਞੇ ਲਿਜਾ ਕੇ ਉਸ ਨੂੰ ਸਾਰੀ ਹਕੀਕਤ ਤੋਂ ਜਾਣੂ ਕਰਵਾ ਦੇਂਦਾ ਹੈ ਤੇ ਕਲਾਡੀਅਸ ਪਾਸੋਂ ਬਦਲਾ ਲੈਣ ਲਈ ਉਸ ਨੂੰ ਨਿਰਦੇਸ਼ ਦੇਂਦਾ ਹੈ। ਇਸ ਤੋਂ ਬਾਦ ਹੈਮਲੈਟ ਬਦਲੇ ਦਾ ਇਰਾਦਾ ਬਣਾ ਲੈਂਦਾ ਹੈ ਤੇ ਇਸ ਇਰਾਦੇ ਦੀ ਪੂਰਤੀ ਦਾ ਮੌਕਾ ਲੱਭਣ ਲਈ ਬੇਚੈਨ ਰਹਿੰਦਾ ਹੈ। ਇਕ ਮੌਕਾ ਆਉਂਦਾ ਵੀ ਹੈ ਪਰ ਨਿਸਫਲ ਗੁਜ਼ਰ ਜਾਂਦਾ ਹੈ। ਹੈਮਲੈਟ ਹੋਰ ਵੀ ਪਰੇਸ਼ਾਨ ਰਹਿਣ ਲਗਦਾ ਹੈ। ਇਕ ਦਿਨ ਉਸ ਦੀ ਮਾਂ ਨੇ ਉਸ ਨੂੰ ਪੁਛਿਆ, ਉਸ ਦਾ ਸੁਭਾਅ ਕਿਉਂ ਅਜਬ ਹੋ ਗਿਆ ਹੈ। ਤਦ ਹੈਮਲੈਟ ਨੇ ਤੈਸ਼ ਵਿਚ ਆ ਕੇ ਉਸ ਨੂੰ ਖਰੀਆਂ ਖਰੀਆਂ ਸੁਣਾ ਦਿੱਤੀਆਂ। ਉਸ ਵੇਲੇ ਉਸ ਨੂੰ ਪਰਦੇ ਪਿੱਛੇ ਖੜੀ ਕਿਸੇ ਦੀ ਹੋਂਦ ਪ੍ਰਤੀਤ ਹੋਈ। ਉਸ ਨੂੰ ਜਾਪਿਆ. ਜਿਵੇਂ ਕਲਾਡੀਅਸ ਹੀ ਪਰਦੇ ਪਿੱਛੇ ਲੁਕਿਆ ਹੋਇਆ ਸੀ। ਤਲਵਾਰ ਦੇ ਇਕ ਵਾਰ ਨਾਲ ਉਸ ਨੇ ਉਸ ਨੂੰ ਪਾਰ ਉਤਾਰ ਦਿੱਤਾ। ਜਦ ਉਸ ਨੇ ਲਾਸ਼ ਨੂੰ ਵੇਖਿਆ ਤਾਂ ਘਬਰਾ ਉਠਿਆ ਕਿਉਂਕਿ ਉਹ ਲਾਸ਼ ਕਲਾਡੀਅਸ ਦੀ ਨਹੀਂ ਸਗੋਂ ਪੋਲੋਨੀਅਸ ਦੀ ਸੀ ਜੋ ਉਸ ਦੀ ਆਪਣੀ ਪ੍ਰੇਮਕਾ ਓਫੀਲੀਆ ਦਾ ਪਿਤਾ ਸੀ। ਅੰਤ ਕਲਾਡੀਅਸ

ਨੇ ਹੈਮਲੈਟ ਨੂੰ ਮਾਰਨ ਦੀ ਇਕ ਗੋਂਦ ਗੁੰਦੀ। ਉਸ ਸਾਜ਼ਸ਼ ਵਿਚ ਨਾ ਸਿਰਫ਼ ਹੈਮਲੈਟ ਹੀ ਮਾਰਿਆ ਗਿਆ ਸਗੋਂ ਕਲਾਡੀਅਸ ਵੀ ਹੈਮਲੈਟ ਦੇ ਹੱਥੋਂ ਮਾਰਿਆ ਗਿਆ। ਦੂਜੇ ਪਾਸੇ ਮਹਾਰਾਣੀ ਗਰਟਰੂਡ ਵੀ ਗ਼ਲਤੀ ਨਾਲ ਜ਼ਹਿਰ ਦਾ ਪਿਆਲਾ ਪੀ ਕੇ ਮੌਤ ਦੇ ਘਾਟ ਉਤਰ ਗਈ।

ਹੈਮਲੈਟ ਦੀ ਵਿਥਿਆ ਇਕ ਮਹਾਨ ਇਡੀਪਸ ਦੁਖਾਂਤ ਹੈ। ਅਨੇਕਾਂ ਮਨੋਵਿਗਿਆਨੀਆਂ ਨੇ ਇਸ ਦੀ ਪਿਛੋਕੜ ਵਿਚ ਵਰਤਦੇ ਅਚੇਤਨ ਵਰਤਾਰਿਆਂ ਦਾ ਵਿਸ਼ਲੇਸ਼ਣ ਕੀਤਾ ਹੈ। ਉਹਨਾਂ ਦੇ ਵਿਚਾਰ ਅਨੁਸਾਰ ਸ਼ਾਹਜ਼ਾਦਾ ਹੈਮਲੈਟ ਈਡੀਪਸ ਮਨੋਗੰਢ ਦਾ ਸ਼ਿਕਾਰ ਸੀ। ਇਕ ਪਾਸੇ ਉਸ ਦਾ ਆਪਣੀ ਪ੍ਰੇਮਿਕਾ ਓਫੀਲੀਆ ਨੂੰ ਪਿਆਰ ਨਾ ਕਰ ਸਕਣਾ ਸੰਕੇਤ ਦੇਂਦਾ ਹੈ ਕਿ ਉਸ ਨੂੰ ਦਰ ਅਸਲ ਆਪਣੀ ਮਾਂ ਨਾਲ ਡੂੰਘੀ ਮਨੋਪਕੜ ਸੀ, ਤੇ ਉਹੀ ਦਰ ਅਸਲ ਉਸ ਦੀ ਪ੍ਰੇਮਿਕਾ ਸੀ, ਭਾਵੇਂ ਉਹ ਦੁਰਾਚਾਰਨੀ ਹੀ ਸੀ। ਦੂਜੇ ਪਾਸੇ, ਉਹ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈ ਸਕਣ ਦਾ ਅਉਸਰ ਗੁਆ ਲੈਂਦਾ ਹੈ ਤੇ ਪਿਤਾ ਦੇ ਪ੍ਰੇਤ ਦੇ ਆਦੇਸ਼ ਦੇ ਬਾਵਜੂਦ ਪਿਤਾ ਦੇ ਹਤਿਆਰੇ ਨੂੰ ਕਤਲ ਨਹੀਂ ਕਰਦਾ। ਇਹ ਇਸ ਲਈ ਕਿਉਂਕਿ ਗ਼ਾਲਬਨ ਉਹ ਆਪ ਆਪਣੇ ਸੱਕੇ ਪਿਓ ਨੂੰ ਕਤਲ ਕਰਨ ਦੀਆਂ ਭਾਵਨਾਵਾਂ ਆਪਣੇ ਮਸਤਕ ਵਿਚ ਲਈ ਫਿਰਦਾ ਰਿਹਾ ਹੈ। ਇਸੇ ਲਈ ਤਾਂ ਉਹ ਜੱਕੋ ਤੱਕਿਆਂ ਵਿਚ ਪਿਆ ਰਹਿੰਦਾ ਹੈ ਤੇ ਅਉਸਰ ਨਹੀਂ ਸੰਭਾਲ ਪਾਂਦਾ। ਇਹੋ ਕਾਰਨ ਹੈ ਕਿ ਉਹ ਇਸ ਦੁਖਾਂਤ ਦੇ ਹੋਰ ਮੁਖ ਪਾਤ੍ਰਾਂ ਸਮੇਤ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ। ਹੈਮਲੈਟ ਦੀ ਅਚੇਤ ਦੋਸ਼-ਭਾਵਨਾ ਹੀ ਉਸ ਦੀ ਮੌਤ ਦਾ ਕਾਰਨ ਬਣਦੀ ਹੈ।

ਸਪਸ਼ਟ ਹੈ ਕਿ ਭਾਵੇਂ ਸ਼ੇਕਸਪੀਅਰ ਨੂੰ ਆਪ ਇਹਨਾਂ ਅਚੇਤ ਭਾਵਨਾਵਾਂ ਦਾ ਕੋਈ ਗਿਆਨ ਨਹੀਂ ਸੀ, ਉਸ ਦੇ ਅਚੇਤਨ ਦੀਆਂ ਤੰਦੜੀਆਂ ਸੁਤੇ ਸਿੱਧ ਉਸ ਦੇ ਅੰਦਰੋਂ ਉਸ ਦੇ ਕਾਵਿ-ਨਾਟ ਵਿਚ ਵਿਚਰ ਗਈਆਂ ਤੇ ਉਥੋਂ ਹੁਣ ਉਹ ਉਸ ਦੇ ਹਰ ਸ੍ਰੋਤੇ ਦੇ ਅਚੇਤਨ ਨੂੰ ਝੰਝੋੜ ਜਾਂਦੀਆਂ ਹਨ।

ਸਾਡੇ ਦੇਸ ਦੇ ਸਾਹਿੱਤ ਵਿਚ ਵੀ ਇਡੀਪਸ ਮਨੋਗੰਢ ਦੇ ਕਿਸੇ ਰੂਪਾਂਤਰ ਨੂੰ ਨਿਰੂਪਣ ਕੀਤਾ ਗਿਆ ਜਾਪਦਾ ਹੈ। ਯਯਾਤੀ ਤੇ ਪੁਰੂ, ਸ਼ਿਵ ਤੇ ਗਣੇਸ਼. ਤੇ ਪਰਸ਼ਰਾਮ ਦੀਆਂ ਪੌਰਾਣਕ ਕਥਾਵਾਂ ਅੰਦਰ ਇਸੇ ਮਨੋਗੰਢ ਦੇ ਕਿਸੇ ਨਾ ਕਿਸੇ ਰੂਪਾਂਤ੍ਰਿਤ ਰੂਪ ਦਾ ਪ੍ਰਗਟਾਵਾ ਹੋਇਆ ਪ੍ਰਤੀਤ ਹੁੰਦਾਂ ਹੈ। ਯਯਾਤੀ ਆਪਣੇ ਛੋਟੇ ਬੇਟੇ ਪੁਰੂ ਦੀ ਜਵਾਨੀ ਨਾਲ ਆਪਣਾ ਬੁਢੇਪਾ ਵਟਾਉਂਦਾ ਹੈ ਤੇ ਪੁਰੂ ਇਸ ਦੇ ਲਈ ਰਜ਼ਾਮੰਦ ਹੈ। ਆਪਣੀ ਮਾਤਾ ਪਾਰਬਤੀ ਦੇ ਆਦੇਸ਼ ਨਾਲ ਪਹਿਰੇ ਤੇ ਖੜਾ ਗਣੇਸ਼ ਪਾਰਬਤੀ ਦੇ ਪਤੀ ਸ਼ਿਵ ਜੀ ਨੂੰ ਘਰ ਅੰਦਰ ਨਹੀਂ ਜਾਣ ਦੇਂਦਾ ਤੇ ਸ਼ਿਵ ਜੀ ਉਸ ਦਾ ਸਿਰ ਕਲਮ ਕਰ ਦੇਂਦੇ ਹਨ। ਇਕ ਖੱਤ੍ਰੀ ਨੇ ਆਪਣੇ ਪਿਤਾ ਦੀ ਹੱਤਿਆ ਕਰ ਦਿੱਤੀ; ਤਦ ਪਰਸ਼ਰਾਮ ਨੇ ਸਾਰੇ ਖਤਰੀਆਂ ਦਾ ਵਿਨਾਸ਼ ਕਰ ਦੇਣ ਦਾ ਪ੍ਰਣ ਲੈ ਲਿਆ। ਇਹਨਾਂ ਸਾਰੀਆਂ ਕਥਾਵਾਂ ਅੰਦਰ ਇਡੀਪਸ ਮਨੋਗੰਢ ਦਾ ਕੇਵਲ ਇਕ ਭਾਗ ਹੀ ਪ੍ਰਾਪਤ ਹੈ-ਉਹ ਹੈ ਪਿਤਾ ਤੇ ਪੁੱਤਰ ਵਿਚਾਲੇ ਦਾ ਵਿਕ੍ਰਿਤ ਸੰਬੰਧ।

ਪੂਰਨ ਭਗਤ ਦਾ ਮਸ਼ਹੂਰ ਕਿੱਸਾ ਵੀ ਇਕ ਤਰ੍ਹਾਂ ਨਾਲ ਇਡੀਪਸ ਮਨੋਗੰਢ ਦਾ ਇਕ ਰੂਪਾਂਤਰ ਹੀ ਪੇਸ਼ ਕਰਦਾ ਹੈ, ਜਿਸਨੂੰ ਇਕ ਦ੍ਰਿਸ਼ਟੀ ਨਾਲ, ਇਡੀਪਸ ਮਨੋਗੰਢ ਦਾ ਸਭਿਆਚਾਰਕ ਤੋੜ ਵੀ ਸਮਝਿਆ ਜਾ ਸਕਦਾ ਹੈ। ਸਾਡੀ ਸੰਸਕ੍ਰਿਤੀ ਵਿਚ ਦਮਨ ਦੀ ਪ੍ਰਕਿਰਿਆ ਪੱਛਮੀ ਸੰਸਕ੍ਰਿਤੀ ਨਾਲੋਂ ਵਧੀਕ ਹੋਣ ਕਰਕੇ ਇੱਥੇ ਸੱਕੀ ਮਾਂ ਦੀ ਥਾਂ ਮਤ੍ਰੇਈ ਮਾਂ ਨੂੰ ਥਾਪਿਆ ਗਿਆ ਹੈ ਤੇ ਸੰਬੰਧਾਂ ਦੀ ਢਲਾਨ ਵੀ ਪੁੱਤਰ ਵਲੋਂ ਮਾਂ ਦੀ ਥਾਂ ਮਤ੍ਰੇਈ ਮਾਂ ਵਲੋਂ ਪੁੱਤਰ ਵਲ ਨੂੰ ਤੋਰੀ ਗਈ ਹੈ।

ਇਸ ਕਿੱਸੇ ਦਾ ਅਨੇਕਾਂ ਕਿੱਸਾਕਾਰਾਂ ਦੁਆਰਾ ਲਿਖਿਆ ਜਾਣਾ ਤੇ ਅੱਜ ਤੀਕ ਲਿਖੀਂਦੇ ਆਉਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਕਿੱਸਾ ਵੀ ਸਾਡੇ ਅਚੇਤਨ ਦੀ ਕਿਸੇ ਬੁਨਿਆਦੀ ਪ੍ਰਵਿਰਤੀ ਉਪਰ ਹੀ ਆਧਾਰਿਤ ਹੈ। ਇਡੀਪਸ ਦੀ ਕਹਾਣੀ ਵਾਂਗੂ ਇਹ ਕਿੱਸਾ ਵੀ ਫ਼੍ਰਾਇਡ ਤੋਂ ਬਹੁਤ ਪਹਿਲਾਂ ਤੋਂ ਲਿਖੀਂਦਾ ਆਇਆ ਹੈ।

ਫ਼੍ਰਾਇਡ ਦੇ ਸਿੱਧਾਂਤਾਂ ਦੇ ਦੋ ਪ੍ਰਕਾਰ ਦੇ ਪ੍ਰਭਾਵ ਸਾਹਿੱਤ ਉਪਰ ਪਏ। ਇਕ, ਇਹਨਾਂ ਸਿੱਧਾਂਤਾਂ ਨੂੰ ਮੁੱਖ ਰੱਖ ਕੇ ਇਹਨਾਂ ਅਨੁਕੂਲ ਸਾਹਿਤਕ ਥੀਮ ਉਸਾਰਨੇ ਤੇ ਦੂਜਾ, ਸਾਹਿੱਤ ਦੀ ਇਹਨਾਂ ਸਿੱਧਾਂਤਾਂ ਅਨੁਸਾਰ ਪੜਚੋਲ।

ਪਹਿਲੀ ਕਿਸਮ ਦੇ ਪ੍ਰਭਾਵਾਂ ਦੀ ਇਕ ਪ੍ਰਮੁੱਖ ਮਿਸਾਲ ਅਮਰੀਕਾ ਦੇ ਪ੍ਰਸਿੱਧ ਲੇਖਕ ਯੂਜੀਨ ਓਨੀਲ ਦਾ ਇਕ ਪ੍ਰਸਿੱਧ ਦੁਖਾਂਤ ਹੈ ਜੋ ਉਸ ਨੇ 1931 ਵਿਚ ਰਚਿਆ।* ਇਸ ਦੁਖਾਂਤ ਵਿਚ ਬਿਨਾਂ ਕਿਸੇ ਸੰਗਸੰਗਾ ਦੇ ਉਹ ਬੜੇ ਗਰਬ ਨਾਲ ਕਹਿੰਦਾ ਹੈ ਕਿ ਇਸ ਨਾਟਕ ਦੀ ਰਚਨਾ ਉਸ ਨੇ ਇਡੀਪਸ ਦੁਖਾਂਤ ਨੂੰ ਸਾਹਮਣੇ ਰਖ ਕੇ ਕੀਤੀ ਹੈ। ਉਸ ਦੀ ਇਸ ਰਚਨਾ ਨੂੰ ਨਿਰਸੰਦੇਹ ਇਕ ਮਹਾਨ ਰਚਨਾ ਮੰਨਿਆ ਗਿਆ ਹੈ। ਇਹ ਰਚਨਾ ਸਿੱਧ ਕਰਦੀ ਹੈ ਕਿ ਯੂਨਾਨੀ ਨਾਟਕਕਾਰ ਨੂੰ ਜਿਨ੍ਹਾਂ ਅਚੇਤਨ ਪ੍ਰਵਿਰਤੀਆਂ ਨੇ ਪ੍ਰੇਰਿਆ, ਉਹ ਮਨੁੱਖ ਜਾਤੀ ਦੀਆਂ ਆਦਿਮ ਪ੍ਰੇਰਣਾਵਾਂ ਵਿਚੋਂ ਹਨ ਜੋ 1931 ਵਿਚ ਵੀ ਉਤਨੀਆਂ ਹੀ ਸਜੀਵ ਸਨ ਜਿਤਨੀਆਂ 458 ਪੂਰਬ-ਈਸਾ ਵੇਲੇ।

ਇਸ ਦੁਖਾਂਤ ਵਿਚ ਇਕ ਔਰਤ, ਕ੍ਰਿਸਟੀਨੀਆ, ਆਪਣੇ ਘਰ-ਪਰਤਦੇ ਪਤੀ ਨੂੰ ਕਤਲ ਕਰ ਦਿੰਦੀ ਹੈ ਕਿਉਂਜੁ ਉਹ ਉਸ ਨੂੰ ਖ਼ੁਸ਼ ਨਹੀਂ ਰਖ ਸਕਦਾ। ਉਹ ਆਪਣੇ ਪ੍ਰੇਮੀ ਨੂੰ ਜੋ ਉਸ ਦੇ ਪਤੀ ਦਾ ਹੀ ਦੂਰ ਦਾ ਰਿਸ਼ਤੇਦਾਰ ਹੈ, ਮਨਾਉਂਦੀ ਹੈ ਕਿ ਉਹ ਇਹ ਕਤਲ ਕਰਨ ਵਿਚ ਉਸ ਦੀ ਸਹਾਇਤਾ ਕਰੇ (ਕਲਾਈਟੈਮਨੈਸਟ੍ਰਾ ਮਨੋਗੰਢ) । ਉਸ ਦੀ ਲੜਕੀ ਲੈਵੀਨਾ ਜੋ ਆਪਣੇ ਪਿਤਾ ਨੂੰ ਪਿਆਰ ਕਰਦੀ ਹੈ, ਭਾਵਾਂ ਦੇ ਇੰਤਕਾਲ ਕਾਰਣ, ਆਪਣੀ ਮਾਂ ਦੇ ਪ੍ਰੇਮੀ ਨੂੰ ਵੀ ਪਿਆਰ ਕਰਦੀ ਹੈ। ਜਦ ਉਸ ਨੂੰ ਪਿਤਾ ਦੇ ਕਤਲ ਦਾ ਪਤਾ ਚਲਦਾ ਹੈ ਤਾਂ ਉਹ ਆਪਣੀ ਮਾਂ ਪਾਸੋਂ ਬਦਲਾ ਲੈਂਦੀ ਹੈ (ਇਲੈਕ੍ਰਟਾ ਮਨੋਗੰਢ)। ਉਸ ਦਾ ਭਰਾ, ਉਰਿਨ,. ਜੋ ਆਪਣੀ ਮਾਂ

---

* Eugene O'Neil : Mourning Becomes Electra. New York, 1931.

ਨੂੰ ਪਿਆਰ ਕਰਦਾ ਹੈ, ਆਪਣੇ ਪਿਤਾ ਦੇ ਕਤਲ ਨੂੰ ਨਿਆਂਸ਼ੀਲ ਕਿਰਿਆ ਥਾਪਦਾ ਹੈ (ਇਡੀਪਸ ਮਨੋਗੰਢ)।

ਇਓਂ ਓਨੀਲ ਰੰਗ ਮੰਚ ਉਪਰ ਵਰਜਿਤ ਸੰਬੰਧ ਦੀਆਂ ਉਹਨਾਂ ਆਦਿਮ ਮਨੋਗੰਢਾਂ ਦਾ ਰਹੱਸ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਸਭਿਅਤਾ ਅਜੇ ਤਕ ਵੀ ਮਨੁੱਖੀ ਮਨ ਵਿਚੋਂ ਬਾਹਰ ਨਹੀਂ ਕੱਢ ਸਕੀ।

ਦੂਜੀ ਤਰ੍ਹਾਂ ਦੇ ਪ੍ਰਭਾਵ ਦੀ ਮਿਸਾਲ ਹੈ ਫ੍ਰਾਇਡ ਵਲੋਂ ਕੀਤਾ ਗਿਆ ਵਿਲਹੈਲਮ ਜੈਨਸਨ ਦੇ ਨਾਵਲ 'ਗ੍ਰੈਵੇਡਾ' ਦੀ ਮਨੋਵਿਸ਼ਲੇਸ਼ਣੀ ਵਿਆਖਿਆ ਜੋ ਉਸ ਨੇ 1907 ਦੇ ਲਗਭਗ ਪ੍ਰਕਾਸ਼ਤ ਕੀਤੀ। ਇਸ ਵਿਆਖਿਆ ਤੋਂ ਲੇਖਕ ਜੈਨਸਨ ਬਹੁਤ ਹੀ ਪ੍ਰਭਾਵਿਤ ਹੋਇਆ। ਉਸ ਨੂੰ ਫ੍ਰਇਡ ਦੀ ਵਿਆਖਿਆ ਨ ਕੇਵਲ ਨਾਵਲ ਦੀ ਦ੍ਰਿਸ਼ਟੀ ਦੇ ਬਿਲਕੁਲ ਅਨੁਕੂਲ ਜਾਪੀ, ਸਗੋਂ ਉਸ ਨੂੰ ਇਹ ਵੀ ਮਹਿਸੂਸ ਹੋਇਆ ਕਿ ਫ੍ਰਾਇਡ ਹੀ ਉਸ ਨਾਵਲ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਪਕੜ ਸਕਿਆ ਹੈ। ਉਸ ਨੇ ਇਹ ਵੀ ਹਾਮੀ ਭਰੀ ਕਿ ਆਪਣੇ ਨਾਇਕ ਦੇ ਸੁਪਨਿਆਂ ਤੇ ਵਿਭਰਮਾਂ ਦੇ ਉਹਨਾਂ ਬਹੁਮੁਖੇ ਕਾਰਣਾਂ ਤੋਂ ਜਿਨ੍ਹਾਂ ਦਾ ਰਹੱਸ ਫ੍ਰਾਇਡ ਦੀ ਵਿਆਖਿਆ ਨੇ ਖੋਲ੍ਹਿਆ ਉਹ (ਲੇਖਕ) ਆਪ ਬਿਲਕੁਲ ਅਨਜਾਣ ਸੀ।

ਇਉਂ ਜਾਪਦਾ ਹੈ, ਕਲਾਤਮਕ ਸਿਰਜਨਾ ਵਿਚ 'ਇੱਦ' ਦੀਆਂ ਪ੍ਰਵਿਰਤੀਆਂ ਦਾ ਪ੍ਰਗਟਾਵਾ ਹੁੰਦਾ ਹੈ। 'ਹਉ' ਦਾ 'ਇੱਦ' ਦੀ ਸਾਮਗ੍ਰੀ ਤਕ ਅਪੜਨਾ, ਪਰ ਉਸ ਦਾ ਗ਼ਲਬਾ ਕਬੂਲੇ ਬਿਨਾ ਸ੍ਰਿਜਨ-ਪ੍ਰਕਿਰਿਆ ਉਪਰ ਆਪਣਾ ਅਸਰ ਕਾਇਮ ਰੱਖ ਸਕਣਾ ਹੀ ਕਲਾਕਾਰ ਦਾ ਮੁੱਖ ਗੁਣ ਹੈ। ਇਉਂ ਸਮਝ ਲਓ ਜਿਵੇਂ ਕਲਾਕਾਰ ਅੰਦਰ ਦਮਨ-ਪ੍ਰਕਿਰਿਆ ਲਚਕਵੀਂ ਹੁੰਦੀ ਹੈ ਤੇ ਉਹ ਇਸ ਨੂੰ ਲੋੜ ਅਨੁਸਾਰ ਘਟਾ ਵਧਾ ਸਕਦਾ ਹੈ। ਇਸੇ ਕਾਰਣ ਉਹ ਆਪਣੀ ਸਿਰਜਨਾ ਦੀ ਜ਼ਰੂਰਤ ਮੁਤਾਬਕ ਆਪਣੀ ਦਮਨ-ਪ੍ਰਕਿਰਿਆ ਦੇ ਪੱਧਰ ਨੂੰ ਅਨੁਕੂਲ ਲੈਂਦਾ ਹੈ।

ਪ੍ਰਸ਼ਨ ਉਠਦਾ ਹੈ, ਜੇਕਰ ਕਲਾਤਮਕ ਸਿਰਜਨਾ ਤੇ ਰੋਗ-ਚਿੰਨ੍ਹ ਦੋਵੇਂ ਅਚੇਤਨ ਪ੍ਰਵਿਰਤੀਆਂ ਤੇ ਮਨੋਗੰਢਾਂ ਉਪਰ ਆਧਾਰਿਤ ਹਨ ਤਾਂ ਕੀ ਕਲਾ ਇਕ ਰੋਗਾਤਮਕ ਪ੍ਰਕਿਰਿਆ ਨਹੀਂ? ਫ੍ਰਾਇਡ ਅਨੁਸਾਰ ਭਾਵੇਂ ਦਮਨ ਦੇ ਲਿਚਕਵੇਂ ਹੋਣ ਕਾਰਣ ਮਨੋਰੋਗ ਦਾ ਖ਼ਤਰਾ ਵਾਪਰ ਸਕਦਾ ਹੈ, ਪਰ ਕਲਾਕਾਰ ਇਸ ਖ਼ਤਰੇ ਤੋਂ ਇਸ ਲਈ ਬਚਿਆ ਰਹਿੰਦਾ ਹੈ ਕਿਉਂਕਿ ਉਹ ਆਪਣੀਆਂ ਪ੍ਰਵਿਰਤੀਆਂ ਦਾ ਉਦਾਤੀਕਰਣ ਕਰ ਸਕਦਾ ਹੈ। ਉਦਾਤੀਕਰਣ ਰਾਹੀਂ ਉਹ ਨੀਵੀਆਂ ਪ੍ਰਵਿਰਤੀਆਂ ਨੂੰ ਉਚੇਰੇ ਆਦਰਸ਼ਾਂ ਦੀ ਪੂਰਤੀ ਲਈ ਵਰਤ ਲੈਂਦਾ ਹੈ, ਤੇ ਇਉਂ ਆਪਣੀ ਰਚਨਾ ਦੀ ਸਮਾਜਕ ਮਹੱਤਾ ਵੀ ਉਸਾਰ ਲੈਂਦਾ ਹੈ।

ਜਿੱਥੇ ਫ੍ਰਾਇਡ ਨਿੱਜੀ ਅਚੇਤਨ ਨੂੰ ਕਲਾਕਾਰ ਦੀ ਆਤਮਕ ਅਸ਼ਾਂਤੀ ਦਾ ਕਾਰਨ ਤੇ ਉਸ ਦੀ ਸਿਰਜਨਾ ਦੇ ਵਿਸ਼ੇ-ਵਸਤੂ ਦਾ ਮੂਲਾਧਾਰ ਮੰਨਦਾ ਹੈ, ਉਥੇ ਯੁੰਗ ਸਮੂਹਕ ਅਚੇਤਨ ਨੂੰ ਇਸ ਦਾ ਪ੍ਰੇਰਕ ਸਮਝਦਾ ਹੈ। ਯੁੰਗ ਅਨੁਸਾਰ ਕੀ ਕਲਾਤਮਕ ਬਿੰਬ, ਕੀ ਸੁਪਨ-ਬਿੰਬ ਤੇ ਕੀ

ਰੋਗਾਤਮਕ ਵਿਭਰਮ-ਬਿੰਬ, ਸਭੇ ਸਮੂਹਕ ਅਚੇਤਨ ਅੰਦਰ 'ਆਦਿਮ-ਰੂਪਾਂ' *(ਆਰਕੀਟਾਈਪਸ)* ਦੀ ਸੂਰਤ ਵਿਚ ਮੌਜੂਦ ਹੁੰਦੇ ਹਨ; ਉਥੋਂ ਹੀ ਬਾਹਰ ਨਿਕਲ ਕੇ ਇਹ ਵੱਖ ਵੱਖ ਰੂਪਾਂ ਵਿਚ ਅਭਿਵਿਅਕਤ ਹੁੰਦੇ ਹਨ। ਇਹ ਆਦਿਮ-ਰੂਪ ਐਸੇ ਅਚੇਤ ਆਦਿਮ ਬਿੰਬ ਹੁੰਦੇ ਹਨ, ਜੋ ਸਾਡੇ ਪਿਤ੍ਰਾਂ ਦੇ ਨਸਲੀ ਤਜਰਬੇ ਵਿਚ ਬਾਰ ਬਾਰ ਦੁਹਰਾਏ ਜਾਣ ਕਾਰਣ ਸਾਡੇ ਉਸ ਮਾਨਸਿਕ ਵਿਰਸੇ ਦਾ ਭਾਗ ਬਣ ਗਏ ਹਨ ਜੋ ਸਾਡੇ ਦਿਮਾਗ਼ ਦੀ ਬਣਤਰ ਦਾ ਅੰਗ ਹੋ ਗਏ ਹਨ। ਇਸੇ ਕਾਰਣ ਇਹ ਆਦਿਮ-ਰੂਪ ਪੀੜ੍ਹੀਓ ਪੀੜ੍ਹੀ ਚਲਦੇ ਆਏ ਹਨ। ਆਦਿਮ-ਰੂਪ ਮਨੁੱਖ ਦੇ ਕੇਂਦ੍ਰੀ ਅਨੁਭਵਾਂ ਦਾ ਮੁੱਢ-ਕਦੀਮੀ ਸਰੂਪ ਹਨ ਤੇ ਹਰ ਉਸ ਕਲਾਤਮਕ ਸਿਰਜਨਾ ਦਾ ਮੂਲਾਧਾਰ ਬਣਦੇ ਹਨ ਜੋ ਭਾਵੁਕ ਮਹੱਤਾ ਦੀ ਧਾਰਨੀ ਹੋਂਦੀ ਹੈ।

ਇਕ ਪਾਸੇ ਇਹ ਆਦਿਮ-ਰੂਪ ਕਵੀ-ਕਲਾਕਾਰ ਦੇ ਸਮੂਹਕ ਅਚੇਤਨ ਦਾ ਭਾਗ ਹੁੰਦੇ ਹਨ ਤੇ ਉਥੋਂ ਉਸ ਦੀ ਸਿਰਜਨਾ ਵਿਚ ਬਿੰਬਾਂ-ਰੂਪਕਾਂ-ਵਿਸ਼ਿਆਂ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ ਤਾਂ ਦੂਜੇ ਪਾਸੇ ਇਹ ਪਾਠਕ ਦੇ ਵੀ ਸਮੂਹਕ ਅਚੇਤਨ ਦਾ ਭਾਗ ਹੋਣ ਕਰਕੇ ਉਸ ਅੰਦਰ ਵੀ ਉਹੋ ਭਾਵੁਕ ਗਮਕਾਂ ਪੈਦਾ ਕਰਨ ਦੇ ਸਮਰਥ ਹੋ ਜਾਂਦੇ ਹਨ ਜੋ ਕਵੀ-ਕਲਾਕਾਰ ਦੇ ਮਨ ਵਿਚ ਸ੍ਰਿਜਨ ਦੇ ਪਲਾਂ ਵਿਚ ਸਾਕਾਰ ਹੋਈਆਂ। ਐਸੇ ਸਭ ਆਦਿ-ਕਾਲੀ ਬਿੰਬ ਤੇ ਪ੍ਰਤੀਕ ਉਸ ਆਦਿਮ ਪ੍ਰਤਖਣ-ਵਿਧੀ ਦੇ ਲਖਾਇਕ ਹਨ, ਜੋ ਹੁਣ ਸਾਡੇ ਅਚੇਤਨ ਵਿਚ ਦਾਖ਼ਲ ਹੋ ਚੁੱਕੀ ਹੈ। ਇਹ ਆਦਿਮ ਪ੍ਰਤਖਣ-ਝੁਕਾਓ ਸਭਿਆਚਾਰਾਂ ਦੇ ਹੱਦ ਬੰਨੇ ਉਲੰਘ ਕੇ ਸਮੁੱਚੀ ਮਨੁਖਤਾ ਦੇ ਅਨੁਭਵਾਂ ਦੀ ਸਾਂਝ ਜੋੜਦੇ ਹਨ।

ਸਾਹਿੱਤਕ ਪ੍ਰਤੀਕ ਇਕ ਪਾਸੇ ਤਾਂ ਸਾਡੇ ਚੇਤਨ ਜੀਵਨ ਨਾਲ ਸੰਬੰਧਤ ਹੁੰਦੇ ਹਨ ਤੇ ਸਾਡੀ ਨਿੱਤ ਦੀ ਜ਼ਿੰਦਗੀ ਦੇ ਅਨੁਭਵਾਂ ਉਪਰ ਆਧਾਰਤ ਹੁੰਦੇ ਹਨ; ਦੂਜੇ ਪਾਸੇ ਇਹਨਾਂ ਦਾ ਪ੍ਰਬਲ ਵਿਸਤਾਰ ਸਾਡੇ ਅਚੇਤਨ ਦੀਆਂ ਡੂੰਘਾਣਾਂ ਅੰਦਰ ਹੁੰਦਾਂ ਹੈ। ਇਹੋ ਕਾਰਣ ਹੈ ਕਿ ਕਿਸੇ ਵੀ ਪ੍ਰਤੀਕ ਦਾ ਸੰਪੂਰਨ ਅਰਥ ਉਸ ਦੇ ਅਚੇਤਨ ਸੰਬੰਧਾਂ ਦੇ ਗਿਆਨ ਬਾਝੋਂ ਸਮਝਿਆ ਨਹੀਂ ਜਾ ਸਕਦਾ।

ਇਕ ਮਿਸਾਲ ਲੈ ਕੇ ਇਸ ਨੂੰ ਵਧੇਰੇ ਸਮਝਣ ਦਾ ਜਤਨ ਕਰਦੇ ਹਾਂ। ਮਨੁੱਖੀ ਸਰੀਰ ਨੂੰ 'ਘੜਾ' ਵੀ ਕਿਹਾ ਗਿਆ ਹੈ, 'ਚਰਖਾ' ਵੀ, ਤੇ 'ਬੇੜਾ' ਵੀ। ਇਹਨਾਂ ਤਿੰਨਾਂ ਪ੍ਰਤੀਕਾਂ ਦਾ ਚੇਤਨ ਅਰਥ ਸਰੀਰ ਹੀ ਹੈ, ਪਰ ਇਹਨਾਂ ਦੀਆਂ ਅਚੇਤ ਭਾਵੁਕ ਗਮਕਾਂ ਵੱਖੋ ਵਖਰੀਆਂ ਹਨ। ਫਿਰ ਵੀ ਘੱਟੋ ਘੱਟ ਇਕ ਭਾਵੁਕ ਅਰਥ ਜੋ ਇਹਨਾਂ ਤਿੰਨਾਂ ਦਾ ਸਾਂਝਾ ਹੈ ਉਹ ਇਹਨਾਂ ਦਾ ਅਧਿਆਤਮਕ ਪੱਖ ਹੈ। ਇਹ ਨਹੀਂ ਕਿ ਇਹ ਤਿੰਨੇ ਪ੍ਰਤੀਕ ਧਾਰਮਿਕ ਸਾਹਿੱਤ ਵਿਚ ਵਰਤੀਂਦੇ ਆਏ ਹਨ, ਇਸ ਲਈ ਇਹਨਾਂ ਦਾ ਅਧਿਆਤਮਕ ਮਹੱਤਵ ਹੈ, ਸਗੋਂ ਇਹਨਾਂ ਦੀ ਵਰਤੋਂ ਇਸ ਲਈ ਧਾਰਮਿਕ ਸਾਹਿੱਤ ਵਿਚ ਹੋਈ ਹੈ ਕਿਉਂਕਿ ਇਹਨਾਂ ਵਿਚ ਅਧਿਆਤਮਕ ਰਹੱਸ ਨੂੰ ਪ੍ਰਗਟਾਉਣ ਦੀ ਸੁਭਾਵਕ ਸਮਰਥਾ ਹੈ। ਇਹ ਸਮਰਥਾ ਇਹਨਾਂ ਦੇ ਅਚੇਤਨ ਸੰਬੰਧਾਂ ਉਪਰ ਆਧਾਰਤ ਹੈ। 'ਘੜੇ' ਦਾ ਕੋਈ ਘੜਨਾ ਹਾਰ ਹੈ, 'ਚਰਖੇ' ਨੂੰ ਕੋਈ ਚਲਾਉਂਦਾ ਹੈ, 'ਬੇੜੇ'

ਦਾ ਕੋਈ ਖੇਵਣ ਹਾਰ ਹੈ। ਇਸ ਨਾਤੇ ਇਹਨਾਂ ਤਿੰਨਾਂ ਪ੍ਰਤੀਕਾਂ ਵਿਚ ਇਕ ਸਾਂਝਾ ਅਚੇਤ ਅੰਗ ਆਸਤਕਤਾ ਜਾਂ ਵਿਸ਼ਵਾਸ ਦਾ ਅੰਗ ਹੈ। ਪਰ ਗੱਲ ਏਥੇ ਮੁਕਦੀ ਨਹੀਂ। ਅਚੇਤਨ ਅੰਦਰ ਇਹਨਾਂ ਦੇ ਬੇਅੰਤ ਸੰਬੰਧ ਮੌਜੂਦ ਹਨ। ਕੁਝ ਕੁ ਨੂੰ ਭਾਲਣ ਦਾ ਜਤਨ ਕਰਦੇ ਹਾਂ। 'ਘੜਾ' ਕਹਿਣ ਨਾਲ ਅਚੇਤ ਹੀ ਇਸ ਦਾ ਮਿੱਟੀ ਵਿਚੋਂ ਬਣਨਾ ਤੇ ਫਿਰ ਭੱਜ ਕੇ ਮਿੱਟੀ ਵਿਚ ਰਲ ਜਾਣਾ, ਇਸ ਦੇ ਅੰਦਰ ਆਕਾਸ਼ ਦਾ ਅੰਸ਼ ਹੋਣਾ, ਇਸ ਵਿਚੋਂ ਨਾਦ ਉਪਜਣਾ, ਇਸ ਵਿਚਲੇ ਪਾਣੀ ਦਾ ਨਦੀ ਦੇ ਪਾਣੀ ਤੋਂ ਨਖੇੜਾ ਨਾ ਹੋ ਸਕਣਾ, ਇਸ ਆਸਰੇ ਸੋਹਣੀ ਦਾ ਝਨਾਂ ਪਾਰ ਕਰਨਾ-ਇਹ ਸਾਰੇ ਤੇ ਕਿਤਨੇ ਹੀ ਹੋਰ ਸੰਬੰਧ ਅਚੇਤ ਹੀ ਆਪਣੀਆਂ ਭਾਵੁਕ ਝਰਨਾਟਾਂ ਇਸ ਦੇ ਅਰਥਾਂ ਵਿਚ ਸ਼ਾਮਿਲ ਕਰ ਜਾਂਦੇ ਹਨ। ਇਵੇਂ ਹੀ 'ਚਰਖਾ' ਕਹੀਏ ਤਾਂ ਤ੍ਰਿੰਞਣ (ਦੀਆਂ ਸਖੀਆਂ), ਮਾਹਲ (ਜੋ ਖੂਹ ਦੀਆਂ ਟਿੰਡਾਂ ਨੂੰ ਵੀ ਚਲਾਉਂਦੀ ਹੈ, ਪੱਛੀ (ਜਿਸ ਵਿਚ ਸਾਡੀਆਂ ਛੱਲੀਆਂ ਵਾਂਗ, ਗਹਿਣੇ ਵੀ ਰਖੀਦੇ ਹਨ, ਤੇ ਰੋਟੀ ਵੀ ਰੱਖੀ ਜਾਂਦੀ ਹੈ) ਤੇ ਤਕਲਾ (ਸਹੇ ਦਾ ਤਕਲਾ, ਤੇ ਤਕਲਾ ਵਿੰਗਾ ਹੋਣਾ ਜਿਸ ਨਾਲ ਸੰਬੰਧਤ ਹਨ), ਆਪਣੀਆਂ ਭਾਵੁਕ ਗਮਕਾਂ ਸਮੇਤ ਇਸ ਦੇ ਅਰਥ ਵਿਚ ਪ੍ਰਵੇਸ਼ ਕਰਦੇ ਹਨ। ਇਸੇ ਤਰ੍ਹਾਂ 'ਬੇੜਾ' ਕਹਿਣ ਨਾਲ ਬੇੜਾ ਬੰਨ੍ਹਣਾ (ਭਵ) ਸਾਗਰ ਵਿਚ ਇਸ ਦੀ (ਜੀਵਨ) ਯਾਤ੍ਰਾ, ਲਹਿਰਾਂ ਦੇ ਥਪੇੜੇ, ਤੂਫਾਨਾਂ ਦਾ ਜੋਖਮ, ਦੂਰਲਾ (ਅਦਿਸਦਾ) ਕੰਢਾ, ਵਤਨ ਦੀ ਯਾਦ ਆਦਿ ਕਈ ਕੁਝ ਭਾਵਕ ਉਪ-ਤਾਨਾਂ ਸਮੇਤ ਇਸ ਦੇ ਪ੍ਰਕਰਣਕ ਅਰਥ ਓਹਲੇ ਆਣ ਲੁਕਦਾ ਹੈ।

ਇਉਂ ਹਰ ਸ਼ਬਦ, ਹਰ ਸੰਕੇਤ ਦੀ ਇਕ ਸ਼ਖ਼ਸੀਅਤ ਹੁੰਦੀ ਹੈ - ਚੇਤਨ ਤੇ ਅਚੇਤਨ ਉਸ ਦੇ ਦੋਨੋਂ ਪੱਖ ਹੁੰਦੇ ਹਨ। ਉਸ ਦਾ ਚੇਤਨ ਅਰਥ ਸਾਡੀ ਚੇਤਨਾ ਨਾਲ ਜੁੜਦਾ ਹੈ, ਤੇ ਉਸ ਦਾ ਅਚੇਤਨ ਭਾਵ ਸਾਡੇ ਅਚੇਤਨ ਦੀਆਂ ਕੰਬਣੀਆਂ ਨਾਲ ਸੰਬੰਧਿਤ ਹੁੰਦਾ ਹੈ।

ਇਕ ਲੇਖਿਕਾ ਮਿਸ ਬੱਡਕਿਨ ਨੇ ਅੰਗ੍ਰੇਜ਼ੀ ਸਾਹਿਤ ਦੀਆਂ ਕੁਝ ਪ੍ਰਮੁੱਖ ਕਵਿਤਾਵਾਂ ਦਾ ਇਸ ਪੱਖੋਂ ਵਿਸ਼ਲੇਸ਼ਣ ਕਰ, ਉਹਨਾਂ ਵਿਚ ਆਦਿਮ-ਰੂਪਾਂ ਨੂੰ ਵਿਆਖਿਆਤਮਕ ਨਜ਼ਰ ਨਾਲ ਵਾਚਿਆ ਤੇ ਬਿਆਨਿਆ ਹੈ।

ਪੰਜਾਬ ਦੇ ਸਾਹਿਤ ਵਿਚ, ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਵਿਚਲੀ ਆਦਿਮ-ਰੂਪਾਂ ਦੀ ਅਦਭੁਤ ਜੜਤਕਾਰੀ ਕਿਸੇ ਉਚੇਚੇ ਅਧਿਅਨ ਦੀ ਹੱਕਦਾਰ ਹੈ। ਇਉਂ ਜਾਪਦਾ ਹੈ, ਉਹ ਕਿਸੇ ਸਮਰਥਾਵਾਨ ਆਲੋਚਕ ਦੀ ਓਡੀਕਵਾਨ ਹੈ। 'ਕਾਲ' ਉਹਨਾਂ ਦਾ ਪ੍ਰਧਾਨ ਆਦਿਮ-ਰੂਪ ਹੈ - ਤੇ ਇਹੋ ਅਕਾਲ, ਸਰਬਕਾਲ, ਮਹਾਕਾਲ, ਕਾਲਿਕਾ, ਕਲਕੀ, ਸੰਘਾਰ, ਖੰਡਾ, ਕਿਰਪਾਨ, ਸਰਬਲੋਹ, ਅੰਮ੍ਰਿਤ ਆਦਿਕ ਕਈ ਰੂਪ ਧਾਰ ਕੇ ਵਿਦਮਾਨ ਹੁੰਦਾ ਆਇਆ ਹੈ।

ਸਮੂਹਕ ਅਚੇਤਨ ਵਿਚਲੇ ਆਦਿਮ-ਰੂਪ ਦਰ ਅਸਲ ਉਹ ਅਮੂਰਤ ਮਾਨਸਿਕ ਤੱਤ ਹੁੰਦੇ ਹਨ ਜੋ ਕਲਾ ਰਾਹੀਂ ਮੂਰਤੀਮਾਨ ਕੀਤੇ ਜਾਂਦੇ ਹਨ। ਜਿਸ ਮਾਧਿਅਮ ਵਿਚੋਂ ਇਹ ਲੰਘਦੇ ਹਨ, ਉਸੇ ਅਨੁਸਾਰ ਇਹਨਾਂ ਦਾ ਮੂੰਹ-ਮੁਹਾਂਦਰਾ ਢਲ ਜਾਂਦਾ ਹੈ। ਦੂਜੇ ਸ਼ਬਦਾਂ ਵਿਚ, ਇਹਨਾਂ

ਦਾ ਰੂਪ ਸਮੇਂ, ਸਥਾਨ, ਤੇ ਕਲਾਕਾਰ ਦੀ ਮਾਨਸਿਕ ਦਸ਼ਾ ਅਨੁਸਾਰ ਵਟੀਂਦਾ ਰਹਿੰਦਾ ਹੈ। ਮਿਸਾਲ ਵਜੋਂ 'ਮਾਂ' ਇਕ ਐਸਾ ਆਦਿਮ-ਰੂਪ ਹੈ ਜੋ ਮਨੁੱਖੀ ਮਨ ਵਿਚ ਸਦਾ ਇਕ ਗਤੀਸ਼ੀਲ ਹੋਂਦ ਬਣ ਕੇ ਵਿਚਰਦਾ ਆਇਆ ਹੈ। ਇਹ ਕਈ ਸਾਰੇ ਭਾਵੁਕ ਰੰਗਾਂ ਵਿਚ ਪਰਗਟ ਹੋਇਆ ਹੈ - ਵੱਖ ਵੱਖ ਦੇਸਾਂ ਵਿਚ, ਵੱਖ ਵੱਖ ਸਮਿਆਂ ਵਿਚ, ਤੇ ਕਲਾਕਾਰਾਂ ਦੇ ਵੱਖ ਵੱਖ ਅਨੁਭਵਾਂ ਰਾਹੀਂ। ਇਉਂ ਇਸ ਦੀ ਅਸਤਿਤਵਿਕ ਸਦੀਵਤਾ, ਤੇ ਇਸ ਦੇ ਪ੍ਰਗਟਾਵੇ ਦੀ ਬੇਅੰਤ ਵੰਨ-ਸੁਵੰਨਤਾ ਵਿਚਾਲੇ ਇਕ ਵਿਰੋਧਾਭਾਸੀ ਸੰਬੰਧ ਬਣਿਆ ਆਇਆ ਹੈ। ਦੂਜੇ ਸ਼ਬਦਾਂ ਵਿਚ, ਆਦਿਮ-ਰੂਪਾਂ ਦੀ ਸਦੀਵਤਾ ਦਾ ਸਾਮਿਅਕ ਇਤਿਹਾਸਕ ਸਥਿਤੀ ਨਾਲ ਸਮਨਵੈ ਹੁੰਦਾ ਰਹਿੰਦਾ ਹੈ ਤੇ ਇਸ ਤੋਂ ਹੀ ਕਿਸੇ ਆਦਿਮ-ਰੂਪ ਵਿਸ਼ੇਸ਼ ਦਾ ਮੁਹਾਂਦਰਾਂ ਘੜੀਂਦਾ ਹੈ।

ਮਨੁੱਖੀ ਮਾਨਸਿਕਤਾ ਦੇ ਵਿਕਾਸ ਦੇ ਆਰੰਭ ਵਿਚ ਅਚੇਤਨ ਵਿਚ ਸਮੂਹਕ ਤੇ ਪਰਾ-ਵਿਅਕਤੀ ਤੱਤਾਂ ਦੀ ਪ੍ਰਧਾਨਗੀ ਸੀ। ਇਸੇ ਕਾਰਨ ਕਲਾ ਵੀ ਓਦੋਂ ਸਮੂਹਕ ਕਲਾ ਸੀ ਜੋ ਸਮੁੱਚੀ ਨਸਲ ਦੇ ਜੀਵਨ ਨਾਲ ਜੁੜੀ ਹੋਈ ਸੀ। ਹਰ ਵਿਅਕਤੀ ਕਲਾਕਾਰ ਸੀ - ਕਵੀ, ਚਿਤ੍ਰਕਾਰ, ਗਾਇਕ, ਨ੍ਰਿਤਕਾਰ ਤੇ ਸ਼ਿਲਪਕਾਰ - ਤੇ ਜੋ ਕੁਝ ਵੀ ਉਹ ਸਿਰਜਦਾ ਸੀ, ਸਮੂਹਕ ਮਨੋਭਾਵਾਂ ਦਾ ਪ੍ਰਗਟਾਵਾ ਕਰਦਾ ਸੀ। ਪਰ ਇਤਿਹਾਸਕ ਵਿਕਾਸ ਥਾਣੀ ਲੰਘਦਿਆਂ, ਹੁਣ ਐਸੀ ਸਮੂਹਕ ਅਵਸਥਾ ਛਿੰਨ ਭਿੰਨ ਹੋ ਗਈ ਹੈ। ਹੁਣ ਕਲਾ ਵਿਚ ਸਮੂਹਕ ਦੀ ਥਾਂ ਵਿਅਕਤੀਗਤ ਪ੍ਰਭਾਵਾਂ ਦਾ ਗ਼ਲਬਾ ਹੋ ਗਿਆ ਹੈ, ਇਸੇ ਲਈ ਅਜੋਕੀ ਕਲਾ ਜਟਿਲ ਹੋ ਗਈ ਹੈ।

ਕਿਸੇ ਜਨ-ਸਮੂਹ ਵਿਚ ਮਾਨਸਿਕ ਜੀਵਨ ਦੇ ਦੋ ਪੱਧਰ ਹੁੰਦੇ ਹਨ: ਸਮੂਹਕ ਚੇਤਨ ਤੇ ਸਮੂਹਕ ਅਚੇਤਨ। ਸਮੂਹਕ ਚੇਤਨ ਉਸ ਦੀ ਸਾਂਸਕ੍ਰਿਤਕ ਨੇਮਾਵਲੀ ਹੁੰਦੀ ਹੈ; ਸਮੂਹਕ ਅਚੇਤਨ ਉਸ ਦੇ ਜੀਵਨ ਦੀ ਉਹ ਉਪਭੂਮੀ ਜਿਸ ਵਿਚੋਂ ਉਠਦੀਆਂ ਵਿਕਾਸ ਤੇ ਕ੍ਰਾਂਤੀ ਦੀਆਂ ਥਰਕਨਾਂ ਉਸ ਨੂੰ ਸਿਥਲ ਹੋਣ ਤੋਂ ਬਚਾਉਂਦੀਆਂ ਹਨ। ਪਰ ਸਭਿਅਤਾ ਵਿਚ ਆਦਿਮ-ਰੂਪ ਉਹ ਝਰੋਖੇ ਹੁੰਦੇ ਹਨ, ਜਿਨ੍ਹਾਂ ਥਾਣੀਂ ਸਮੂਹਕ ਅਚੇਤਨ ਕਿਸੇ ਜਨਸਮੂਹ ਵਿਸ਼ੇਸ਼ ਦੇ ਯਥਾਰਥ ਅੰਦਰ ਪ੍ਰਵੇਸ਼ ਕਰਦਾ ਹੈ। ਭਾਵੇਂ ਇਸ ਦਾ ਰੂਪ ਕੋਈ ਮੰਦਰ ਹੋਵੇ, ਭਾਵੇਂ ਕਿਸੇ ਦੇਵੀ ਦੀ ਪ੍ਰਤਿਮਾ; ਭਾਵੇਂ ਕੋਈ ਕਰਮ ਕਾਂਡ ਹੋਵੇ, ਭਾਵੇ ਰਸਮਾਂ ਨਾਲ ਜੁੜਿਆ ਸੰਗੀਤ; ਭਾਵੇਂ ਕੋਈ ਮੁਖੌਟ ਹੋਵੇ ਭਾਵੇਂ ਲਾਵਾਂ ਦਾ ਛੰਦ। ਕਲਾ ਦਾ ਮਨੋਰਥ ਆਦਿਮ-ਰੂਪਾਂ ਦਾ ਅਜਿਹਾ ਪ੍ਰਗਟਾਵਾ ਹੈ ਜਿਸ ਰਾਹੀਂ ਉਸ ਨੂੰ ਪ੍ਰਤੀਕਾਂ ਵਿਚ ਬੰਨ੍ਹ ਕੇ, ਉਸ ਦੇ ਕਲਾਤਮਕ ਅਸਤਿਤਵ ਨੂੰ ਸਿਖਰ ਤੇ ਪੁਚਾਇਆ ਜਾ ਸਕੇ।

ਕਲਾ ਦਾ ਵੱਡਾ ਮਨੋਰਥ ਏਹੋ ਹੈ ਕਿ ਉਹ ਆਦਿਮ-ਰੂਪਾਂ ਦੇ ਲਘੂ-ਬ੍ਰਹਮੰਡ ਅੰਦਰ ਸੁੰਗੜ ਕੇ ਬੈਠੀ ਅਨੰਤਤਾ ਦੇ ਅਨੁਭਵ ਨੂੰ ਪ੍ਰਕਾਸ਼ਮਾਨ ਕਰ ਕੇ ਸਾਡੀ ਜਾਣਕਾਰੀ ਉਸ ਪ੍ਰਚੰਡ ਸ਼ਕਤੀ ਨਾਲ ਕਰਾ ਦੇਵੇ ਜੋ ਸਾਰੀ ਸਿਰਜਨਾ ਦੇ ਦਿਲ ਵਿਚ ਧੜਕ ਰਹੀ ਹੈ।

ਦਿਵਾ-ਸੁਪਨ ਤੇ ਕਾਵਿ ਦਾ ਮੁਹਾਦਰ ਕੁਝ ਗੱਲਾਂ ਵਿਚ ਰਲਦਾ ਮਿਲਦਾ ਜਾਪਦਾ ਹੈ-

ਇਕ ਤਾਂ ਦੋਹਾਂ ਦੀ ਸਾਂਝੀ ਸਾਮਗ੍ਰੀ ਬਿੰਬ ਹਨ; ਤੇ ਦੂਜਾ ਦੋਵੇਂ ਆਪਣੇ ਸਿਰਜਕ ਨੂੰ ਸੰਤੁਸ਼ਟੀ ਦੇਂਦੇ ਹਨ। ਪਰ ਇਹਨਾਂ ਵਿਚਾਲੇ ਕੁਝ ਬੁਨਿਆਦੀ ਅੰਤਰ ਵੀ ਹਨ, ਜੋ ਵਿਚਾਰਨੇ ਜ਼ਰੂਰੀ ਹਨ। ਪਹਿਲਾ ਅੰਤਰ ਤਾਂ ਇਹ ਹੈ ਕਿ ਦਿਵਾ-ਸੁਪਨੀਆ ਆਪਣਾ ਹੀਰੋ ਆਪ ਹੁੰਦਾ ਹੈ, ਪਰ ਕਵੀ ਨਹੀਂ। ਕਵੀ ਤਾਂ ਜੇਕਰ ਆਪਣੀ ਨਿੱਜੀ ਵਿਥਿਆ ਵੀ ਬਿਆਨ ਕਰ ਰਿਹਾ ਹੋਵੇ ਤਾਂ ਵੀ ਉਸ ਦਾ ਮਨੋਰਥ ਦਿਵਾ-ਸੁਪਨੀਏ ਤੋਂ ਭਿੰਨ ਹੋਂਦਾ ਹੈ। ਉਹ ਆਤਮ-ਪ੍ਰਸੰਸਾ ਲਈ ਸਿਰਜਨਾ ਨਹੀਂ ਕਰਦਾ, ਆਤਮ-ਖੋਜ ਤੇ ਆਤਮ-ਪਛਾਣ ਲਈ ਕਰਦਾ ਹੈ। ਸੰਸਾਰ ਦੇ ਮਹਾਨ ਕਵੀਆਂ, ਹੋਮਰ, ਸ਼ੈਕਸਪੀਅਰ, ਕਾਲੀਦਾਸ, ਕਿਸੇ ਨੂੰ ਵੀ ਲਓ, ਉਹਨਾਂ ਦਾ ਆਪਣਾ ਅਸਤਿਤਵ ਉਹਨਾਂ ਦੀ ਸਿਰਜਨਾ ਵਿਚੋਂ ਅਲੋਪ ਹੁੰਦਾ ਹੈ।ਇਹੋ ਹੀ ਅੰਤਰ ਕਵੀ ਤੇ ਨਾਇਕ ਵਿਚਾਲੇ ਵੀ ਹੈ ਤੇ ਕਵੀ ਤੇ ਨੇਤਾ ਵਿਚਾਲੇ ਵੀ। ਨਾਇਕ ਤੇ ਨੇਤਾ ਆਤਮ-ਪ੍ਰੇਮ ਦਾ ਸ਼ਿਕਾਰ ਹੁੰਦੇ ਹਨ, ਪਰ ਕਵੀ ਆਤਮ-ਪਿਆਰ ਦੀ ਬਜਾਏ ਆਤਮ-ਤਿਆਗ ਦਾ ਧਾਰਨੀ ਹੁੰਦਾ ਹੈ। ਨੇਤਾ, ਲੋਕਾਂ ਦੇ ਮਨੋਭਾਵਾਂ ਉਪਰ ਰਾਜ ਕਰਨਾ ਲੋਚਦਾ ਹੈ, ਉਹਨਾਂ ਨੂੰ ਆਪਣਾ ਹਥਿਆਰ ਬਣਾ ਕੇ ਵਰਤਣ ਲਈ। ਕਲਾਕਾਰ ਵੀ ਲੋਕਾਂ ਦਾ ਆਗੂ ਹੁੰਦਾ ਹੈ, ਪਰ ਨਾ ਆਪਣੀ ਜ਼ਾਤ ਲਈ, ਨਾ ਆਪਣੀ ਜ਼ਾਤ ਰਾਹੀਂ; ਉਹ ਤਾਂ ਸਿਰਜਨਾ ਰਾਹੀਂ ਉਹਨਾਂ ਦਾ ਦਿਲ ਜਿਤਦਾ ਹੈ, ਪਰ ਉਹਨਾਂ ਦਾ ਕੋਈ ਨਾਜਾਇਜ਼ ਫ਼ਾਇਦਾ ਨਹੀਂ ਉਠਾਂਦਾ। ਸਗੋਂ ਉਹਨਾਂ ਤੋਂ ਹੰਝੂਆਂ ਤੇ ਮੁਸਕੜੀਆਂ ਦੇ ਉਪਹਾਰ ਲੈ ਕੇ ਸੰਤੁਸ਼ਟ ਹੋ ਲੈਂਦਾ ਹੈ। ਕਵੀ ਦਾ ਤਾਂ ਇਕ ਅਚੇਤਨ ਮਨੋਰਥ ਆਪਣੇ ਆਤਮ-ਪ੍ਰੇਮ ਦੀ ਨਿਵਿਰਤੀ ਹੋਂਦਾ ਹੈ। ਦੂਜਾ ਅਚੇਤਨ ਮਨੋਰਥ ਉਸਦਾ ਦੋਸ਼- ਭਾਵਨਾ ਜਾਂ ਸ਼ਰਮ-ਭਾਵਨਾ ਤੋਂ ਮੁਕਤੀ ਪ੍ਰਾਪਤ ਕਰਨਾ ਹੁੰਦਾ ਹੈ। ਇਹ ਦੋਸ਼- ਤੇ ਸ਼ਰਮ-ਭਾਵ ਜ਼ਰੂਰੀ ਨਹੀਂ ਕਿ ਕਵੀ ਦੇ ਨਿੱਜੀ ਜੀਵਨ ਵਿਚੋਂ ਪੈਦਾ ਹੁੰਦੇ ਹੋਣ। ਉਹ ਤਾਂ ਸਾਰੀ ਸਭਿਅਤਾ ਦੀਆਂ ਕੁਰੀਤੀਆਂ ਤੇ ਦੋਸ਼ਾਂ ਤੋਂ ਉਪਜੀਆਂ ਲੱਜਾਵਾਂ ਦਾ ਆਤਮੀਕਰਣ ਕਰ, ਆਪਣੇ ਅੰਦਰ ਵਸਾ ਲੈਂਦਾ ਹੈ ਤੇ ਆਪਣੀ ਸਿਰਜਨਾ ਰਾਹੀਂ ਇਹਨਾਂ ਦੇ ਵਿਰੇਚਨ ਅਥਵਾ ਨਿਵਾਰਨ ਦਾ ਜਤਨ ਕਰਦਾ ਹੈ।

ਇਹ ਦੋਵੇਂ ਮਨੋਰਥ - ਆਤਮ-ਤਿਆਗ ਤੇ ਦੋਸ਼-ਲੱਜਾ ਦੀ ਭਾਵਨਾ-ਨਿਵਿਰਤੀ -ਹਰ ਕਲਾਕਾਰ ਵਿਚ ਇੱਕੋ ਜਿੰਨੀ ਮਾਤ੍ਰਾ ਵਿਚ ਨਹੀ ਹੁੰਦੇ, ਤੇ ਇਕ ਜਾਂ ਦੂਜੇ ਦਾ ਵੱਧ ਭਾਰੂ ਹੋਣਾ ਸਹਿਜੇ ਹੀ ਕਲਾਕਾਰ ਦੀ ਕਿਰਤ ਅੰਦਰ ਪ੍ਰਤਿਬਿੰਬਤ ਹੋ ਉਠਦਾ ਹੈ। ਇਸ ਵਾਧ-ਘਾਟ ਦੀ ਬੁਨਿਆਦ ਤੇ ਸਾਹਿੱਤ-ਸਿੱਧਾਤਾਂ ਤੇ ਸ਼ੈਲੀਆਂ ਦਾ ਨਿਖੇੜਾ ਕੀਤਾ ਜਾ ਸਕਦਾ ਹੈ।

ਅਚੇਤਨ ਬਾਰੇ ਫ਼੍ਰਾਇਡ ਆਦਿ ਦੇ ਸਿੱਧਾਂਤਾਂ ਨੇ ਸਾਹਿੱਤ ਤੇ ਕਲਾ ਉਪਰ ਇਕ ਤਰ੍ਹਾਂ ਦਾ ਸਿੱਧਾ ਅਸਰ ਵੀ ਪਾਇਆ। ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ, ਯੂਰਪ(ਖ਼ਾਸ ਕਰ ਫ਼੍ਰਾਂਸ) ਅੰਦਰ ਇਕ ਕਲਾ-ਸ਼ਾਸਤ੍ਰੀ ਲਹਿਰ ਚਲੀ ਜਿਸ ਦਾ ਉਦੇਸ਼ ਕਲਾ ਤੇ ਸਾਹਿੱਤ ਵਿਚ ਅਚੇਤਨ ਦੀ ਕਿਰਿਆ ਨੂੰ ਨਿਰੂਪਣ ਕਰਨਾ ਤੇ ਉਸ ਦਾ ਚੇਤਨ ਮਨ ਦੇ ਕਾਰਜਾਂ ਨਾਲ ਸਮਨਵੈ ਕਰਾਓਣਾ ਸੀ। ਇਸ ਲਹਿਰ ਦਾ ਨਾਮ ਪੜ-ਯਥਾਰਥਵਾਦ *(ਸੱਰੀਅਲਿਜ਼ਮ)* ਸੀ। ਪੜਯਥਾਰਥਵਾਦੀ ਕਲਾਕਾਰ ਆਪਣੀ ਸਿਰਜਨਾ ਨੂੰ ਅਤਾਰਕਿਕ ਢੰਗ ਨਾਲ ਵਿਗਸਣ ਦੇਂਦਾ ਹੈ ਤਾਂ ਜੁ ਰਚਨਾ

ਅਚੇਤਨ ਦੇ ਅਮਲ ਦੀ ਪ੍ਰਤਿਨਿਧ ਹੋ ਸਕੇ। ਇਸ ਲਹਿਰ ਦੇ ਘੋਸ਼ਨਾ ਪੱਤਰਾਂ ਦਾ ਲੇਖਕ ਕਵੀ ਆਂਦਰੇ ਬ੍ਰੈਤਨ ਸੀ, ਜੋ ਫ੍ਰਾਇਡ ਦੇ ਸਿੱਧਾਂਤਾਂ ਤੋਂ ਪ੍ਰਭਾਵਿਤ ਹੋਇਆ ਸੀ। ਉਸ ਨੇ ਆਪ ਸੰਮੋਹਨ ਦੇ ਅਸਰ ਹੇਠ ਸ੍ਵੈਚਾਲਤ-ਲੇਖਣੀ *(ਔਟੋਮੈਟਿਕ ਰਾਈਟਿੰਗ)* ਦਾ ਪ੍ਰਯੋਗ ਵੀ ਕੀਤਾ ਸੀ। ਉਸ ਦਾ ਵਿਸ਼ਵਾਸ ਸੀ ਕਿ ਕਾਵਿ ਸਿਰਜਨਾ ਵੇਲੇ ਮਨ ਨੂੰ ਤਰਕ ਤੇ ਬਿਬੇਕ ਤੋਂ ਮੁਕਤ ਰਖਣਾ ਚਾਹੀਦਾ ਹੈ। ਪੜ-ਯਥਾਰਥਵਾਦ ਦੀ ਖ਼ਾਸ ਦਿਲਚਸਪੀ ਸੁਪਨਿਆਂ ਤੇ ਭਰਮਾਂ-ਵਿਭਰਮਾਂ ਵਿਚ ਸੀ ਤੇ ਜਾਗਣ ਤੇ ਸੌਣ ਵਿਚਾਲੇ ਦੀ ਝੁਸਮੁਸੀ ਚੇਤਨ ਅਵਸਥਾ ਵਿਚ।

ਇਸ ਕਲਾ-ਸ਼ਾਸਤ੍ਰੀ ਸਿੱਧਾਂਤ ਦਾ ਭਰਪੂਰ ਪ੍ਰਭਾਵ ਵਿਆਪਕ ਵੀ ਹੋਇਆ ਤੇ ਦੂਰ ਰਸ ਵੀ। ਕਾਵਿ ਕਲਾ ਤੋਂ ਛੁੱਟ ਇਸ ਨੇ ਨਾਵਲ, ਨਾਟਕ, ਸਿਨੇਮਾ, ਚਿਤ੍ਰਕਲਾ, ਤੇ ਸ਼ਿਲਪਕਾਰੀ ਉਪਰ ਵੀ ਪਾਇਆ। ਕਈ ਸਾਰੇ ਲੇਖਕਾਂ ਨੇ ਮਨ ਦੀ ਸਿਰ-ਚਕਰਾਉਂਦੀ ਡੂੰਘਾਣ ਵਿਚ ਚੁੱਭੀਆਂ ਮਾਰ ਕੇ ਅੰਦਰ ਵਰਤਦੀ ਅਰਾਜਕਤਾ ਦਾ ਕਾਵਿ ਅੰਦਰ ਅਭਿਵਿਅੰਜਨ ਕੀਤਾ। ਇਉਂ ਕਰਦਿਆਂ ਉਹਨਾਂ ਸੁਤੰਤਰ ਸੰਬੰਧ ਤੇ ਚੇਤਨਾ ਵਹਿਣ ਜੈਸੀਆਂ ਮਨੋਵਿਸ਼ਲੇਸ਼ਨੀ ਤਕਨੀਕਾਂ ਦੀ ਵਰਤੋਂ ਕੀਤੀ। ਸਾਹਿਤ ਅੰਦਰ ਇਹਨਾਂ ਪ੍ਰਯੋਗਾਂ ਦੀਆਂ ਅੱਜ ਵੀ ਦਰਜਨਾਂ ਮਿਸਾਲਾਂ ਪ੍ਰਾਪਤ ਹਨ।

ਇਸੇ ਤਰ੍ਹਾਂ ਦੀ ਇਕ ਹੋਰ ਸਾਹਿਤੱਕ ਸ਼ੈਲੀ ਅਭਿਵਿਅੰਜਨਵਾਦ *(ਐਕਪ੍ਰੇਸ਼ਨਿਜ਼ਮ)* ਦੀ ਹੈ ਜੋ ਯਥਾਰਥ ਦੀ ਬਜਾਏ ਅੰਤਰੀਵ ਮਨੋਤਜਰਬਿਆਂ ਨੂੰ ਪ੍ਰਮੁਖਤਾ ਦੇਂਦੀ ਹੈ। ਬੇਤੁੱਕਾ ਨਾਟ ਸਾਹਿਤ *(ਥੀਏਟਰ ਆਫ਼ ਦੀ ਐਬਸਰਡ)* ਤੇ ਨਿਰਰਥਕ ਮੀਮਾਂਸਾ *(ਮੈਟਾਫਿਜ਼ਿਕਸ ਆਫ ਨਾਨਸੈਂਸ)* ਵੀ ਐਸੀਆਂ ਹੀ ਸਾਹਿੱਤਕ ਲਹਿਰਾਂ ਸਨ ਜਿਨ੍ਹਾਂ ਉਪਰ ਅਚੇਤਨ ਦਾ ਪ੍ਰਭਾਵ ਪ੍ਰਤੱਖ ਸੀ। ਚ੍ਰਿਤਕਲਾ ਦੇ ਖੇਤਰ ਵਿਚ ਪਾਬਲੋ ਪਿਕਾਸੋ ਤੇ ਸੈਲਵੇਡਾਰ ਡਾਲੀ ਦੇ ਚਿੱਤਰ ਅਚੇਤਨ ਦੇ ਪ੍ਰਭਾਵ ਨੂੰ ਸਾਕਾਰ ਕਰਦੇ ਪ੍ਰਤੀਤ ਹੋਂਦੇ ਹਨ।

ਇਉਂ ਇਹ ਗੱਲ ਚਿੱਟੇ ਚਾਨਣ ਵਾਂਗ ਸਪਸ਼ਟ ਹੈ ਕਿ ਅਚੇਤਨ ਦੇ ਸਿੱਧਾਂਤ ਨੇ ਸਾਹਿੱਤ ਤੇ ਹੋਰ ਕੋਮਲ ਕਲਾਵਾਂ ਉਪਰ ਬੜਾ ਭਰਵਾਂ ਤੇ ਦੂਰ-ਰਸ ਅਸਰ ਪਾਇਆ ਹੈ ਤੇ ਇਸ ਅਸਰ ਦੇ ਫਲ ਸਰੂਪ ਕਈ ਸਾਰੀਆਂ ਆਧੁਨਿਕ ਕਲਾ-ਸ਼ੈਲੀਆਂ ਦਾ ਨਿਰਮਾਣ ਵੀ ਹੋਇਆ।

# ਤਕਨੀਕੀ ਸ਼ਬਦਾਵਲੀ

ਉਸਾਰੂ : Creative
--ਕਿਰਿਆ : Creative activity
ਉਕਸਾਉਣਾ : Excite
ਉਕਸਾਊ : Excitatory
ਉਕਸਾਹਟ : Excitation
ਉਤੇਜਕ : Stimulus
--ਸ਼ਬਦ : Stimulus words
ਉਤੇਜਨਾ : Stimulation
ਉਦਾਸੀ : Mental depression
--ਰੋਗ : Depressive disorder
--,ਰੋਗਾਤਮਕ : Pathological depression
ਉੱਦਾਤ : Sublime
ਉੱਦਾਤੀਕਰਣ : Sublimation
ਉਪਜਾਊ : Productive
ਅੰਸ਼ਕ : Partial
ਅੰਗਮਾਰ : Paralysis
ਅੰਤਰ : In-., Intro-
--ਦ੍ਰਿਸ਼ਟੀ : Insight
--ਪਰਕ : Subjective
--ਮੁਖ : Introvert
ਅੰਤਰੀਕਰਣ : Introjection; Internalisation
ਅੰਤਰੀਵ : Inner; Internal
ਅਸੰਤੁਲਨ :Imbalance
ਅਸੰਬੰਧਨ : Dissociation
ਅਸੰਵੇਦਨਾ : Anaesthesia
ਅਕਲ : Intellect
ਅਚੇਤਨ : Unconscious
--,ਸਮੂਹਕ :Collective-unconscious
--, ਜਾਤੀ : Racial--
--, ਨਿੱਜੀ : Personal--
--,ਵਿਅਕਤੀਗਤ :Personal--
ਅਡੋਲ : Stable
ਅਤਾਰਕਿਕ : Alogical
ਅਧਿਕਾਰ : Authority
ਅਨੁਭਵ : Experience
ਅਨੁਭੂਤੀ(ਆਂ) : Experience(s)
ਅਭਿਬਿਰਤੀ : Attitude
ਅਭਿਮਾਨ : Pride
ਅਵਚੇਤਨ : Subconscious
ਆਤਮ- : Self-; auto-
--ਘਾਤ : Suicide
--ਨਿਰਦੇਸ਼ਨ : Autosuggestion
--ਪਛਾਣ ਗੁਆਚਣੀ :Depersonalization
--ਪਰਕ,--ਮੁਖੀ :Subjective
--ਰਤਿ : Narcissism; Self-love
--ਵਿਨਾਸ਼ : Self-destruction
ਆਤਮੀਕਰਣ : Identification

| | |
|---|---|
| ਆਦਿਮ | : Primitive; Arche-; Primary |
| --ਪ੍ਰਕਿਰਿਆਵੀ ਚਿੰਤਨ | : Primary process thinking |
| --ਬਿੰਬ,--ਰੂਪ | : Archetype |
| ਆਰੋਪਣ | : Projection |
| ਆਵੱਸ਼ਕਤਾ | : Compulsion |
| --ਰੋਗ | : Compulsive disorder |
| ਆਵੇਗ | : Impulse |
| --, ਕਿਰਿਆਤਮਕ | : Dynamic impulse |
| ਇੰਦਰਿਆਵੀ | : Sensual |
| --ਇੱਛਾ | : Sensual desire |
| ਇੰਦ੍ਰੀ | : Organ |
| --, ਗਿਆਨ- | : Sense organ |
| --, ਜਣਨ- | : Reproductive organ |
| ਇਕਸੁਰ | : Attuned |
| ਇੱਛਾ | : Desire; Wish |
| --, ਇੰਦਰਿਆਵੀ- | :Sensual desire |
| -- ਤ੍ਰਿਪਤੀ | : Satisfaction of desire |
| --ਪੂਰਤੀ | : Wish-fulfilment |
| ਇਡੀਪਸ | : Oedepus |
| ਇੱਦ | : Id. |
| ਇਰਾਦਾ | : Volition; Will |
| ਈਲੈਕਟ੍ਰਾ | : Electra |
| ਸੰਕਲਪ | : Concept |
| ਸੰਕਲਪਣਾ | : Concept formation |
| ਸੰਘਣਨ | : Condensation |
| ਸੰਘਰਸ਼ | : Conflict |
| --, ਅੰਤਰੀਵ | : Inner conflict |
| --, ਮਾਨਸਿਕ | : Mental conflict |
| ਸੰਤੁਲਨ | : Equilibrium; Balance |
| --, ਮਾਨਸਿਕ | : Mental equilibrium |
| ਸੰਤੁਲਿਤ | : Balanced |
| ਸੰਬੰਧ | : Association |
| --,ਸੁਤੰਤਰ; ਮੁਕਤ | : Free association |
| ਸੰਮੋਹ- | : Hypnotic |
| -- ਨਿਦ੍ਰਾ | : Hypnotic sleep |
| ਸੰਮੋਹਨ,(-) | : Hypnosis, Hypnotic- |
| --ਅਵਸਥਾ | : Hypnotic state |
| --ਸਮਾਧੀ | : Hypnotic trance |
| ਸੰਮੋਹਨਕਾਰ | : Hypnotiser; Hypnotist |
| ਸੰਮੋਹਿਤ ਵਿਅਕਤੀ | : Hypnotisand |
| ਸੰਵੇਗ | : Emotion |
| ਸੰਵੇਦਨਾ | : Sensation |
| ਸਹਿਚੇਤਨ | : Co-conscious |
| ਸ਼ਹੀਦ | : Martyr |
| ਸ਼ਹੀਦੀ ਮਨੋਗੰਢ | : Martyr's complex |
| ਸ਼ਬਦ | : Word |
| --ਸੰਬੰਧ | : Word-association |
| ਸੱਤਾ | : Energy |
| ਸਥਾਨਵਾਚਕ | : Spatial |
| ਸਥਾਨਾਂਤ੍ਰਣ | : Displacement |
| ਸਦਾਚਾਰ | : Moral |
| --ਆਦਰਸ਼ | : --ideal |
| --ਨੇਮਾਵਲੀ | : --code |
| ਸਮਪੱਖਤਾ | : Symmetry |
| ਸਮਾਜਕ | : Social |
| ਸਰੀਰਕ | : Physical |

| | |
|---|---|
| ਸਾਮੂਹਕ | : Collective |
| --ਅਚੇਤਨ | : Collective unconscious |
| ਸਾਵਾਂ | : Balanced; Normal |
| ਸ਼ਿਸ਼ੂ | : Infant (-ile) |
| ਸਿਮਰਿਤੀ | : Memory |
| ਸਿਮਰਿਤੀਆਂ ਦੀ ਗੰਢ | : Complex of memories |
| ਸਿਰਜਨਾਤਮਕ | : Creative |
| ਸੁੱਖ | : Pleasure |
| ਸੁੱਖ-ਨੇਮ | : Pleasure principle |
| ਸੁੱਖ-ਦੁੱਖ-ਨੇਮ | : Pleasure-pain principle |
| ਸੁਪਨ (ਸੁਪਨਾ) | : Dream |
| --ਪ੍ਰਤੀਕ | : Dream symbol |
| --ਵਸਤੂ | : Dream-content |
| --ਵਿਸ਼ਲੇਸ਼ਣ | : Dream analysis |
| ਸ੍ਵੈ- | : Self- |
| --ਘਿਰਣਾ | : Self-hatred |
| --ਚਾਲਿਤ | : Automatic |
| --ਚੇਤਨ | : Self-conscious |
| --ਪਿਆਰ,-ਰਤਿ | : Self-love; Narcissism |
| ਹਉਂ | : Ego |
| --ਆਦਰਸ਼ | : Ego-ideal |
| --, ਨਵਜਾਤਕ | : Infantile ego |
| ਹਾਨ ਪੂਰਤੀ | : Compensation |
| ਹਿਸਟੀਰੀਆ | : Hysteria |
| --, ਰੁਪਾਂਤ੍ਰੀ | : Conversion hysteria |
| ਹਿਸਟੀਰੀਆਵੀ | : Hysterical |
| ਹਿੰਸਾਤਮਕ | : Aggressive |
| ਹਿੰਸਾਤਮਕਤਾ | : Aggression; Aggressiveness |
| ਹੀਨ | : Inferior |
| ਹੀਨਤਾ | : Inferiority |
| ਮਨੋਗੰਢ | : Inferiority complex |
| ਹੀਨ-ਭਾਵਨਾ | : Inferiority feeling |
| ਕਰਮ | : Action |
| ਕਰਮਸ਼ੀਲ | : Active |
| ਕਲਪਨਾ | : Imagination |
| --,ਗਤੀਸ਼ੀਲ | : Dynamic imagination |
| ਕਲਾ | : Mechanism |
| ਕਾਮ(-) | : Sex; Sexual |
| --ਆਕਾਂਖਾ | : Sexual desire |
| --ਇੰਦ੍ਰੇ | : Sex organs |
| --ਸ਼ਕਤੀ | : Sexual power |
| --ਤਰੰਗ | : Sexual impulse |
| --ਤ੍ਰਿਪਤੀ | : Sexual satisfaction |
| ਕਾਮਜਨਕ | : Erogenous |
| ਕਾਮਾਤੁਰ | : Sex-distressed |
| ਕਾਮੁਕ | : Erotic; Sexual |
| ਕਿਸ਼ੋਰ | : Adolescent |
| ਕਿਰਿਆ | : Function |
| --ਸ਼ੀਲ | : Active; Dynamic |
| ਕਿਰਿਆਵੀ | : Functional |
| ਕੁਸਾਂਵਾਂ | : Unlbalanced; Abnormal |
| ਖੱਸੀਕਰਨ | : Castration |
| ਖ਼ਬਤ | : Obsession |
| --ਮਨੋਸੰਤਾਪ | : Obsessional neurosis |
| ਖੇਤਰ | : Field |
| ਗੰਢ, ਮਨੋਗੰਢ | : Complex |
| ਗਤੀਸ਼ੀਲ | : Dynamic |
| ਗਤੀਵਿਧੀ | : Dynamics |

| | |
|---|---|
| ਗਿਆਨ | : Knowledge |
| ਗੁਣ | : Quality; Trait |
| ਘਟਨਾ | : Incident; Accident |
| --ਪ੍ਰਪੰਚ | : Phenomenal world |
| ਚਿੰਤਕ | : Thinker |
| ਚਿੰਤਨ | : Thought; Thinking |
| ਚਿੰਤਾ | : Anxiety |
| ਚਿਹਨ, ਚਿੰਨ੍ਹ | : Symptom |
| --, ਰੋਗ | : Symptom of a disease |
| ਚਿਹਨਾਤਮਕ | : Symptomatic |
| ਚਿਕਿਤਸਾ | : Medicine (discipline) |
| ਚੁੰਬਕ | : Magnet |
| ਚੁੰਬਕਤਾ | : Magnetism |
| --, ਜੈਵੀ | : Animal magnetism |
| ਚੁੰਬਕੀ | : Magnetic |
| -- ਇਲਾਜ | : Magnetic treatment |
| --ਖੇਤਰ | : Magnetic field |
| --ਦ੍ਰਵ | : Magnetic fluid |
| --ਨਿਦ੍ਰਾ | : Magnetic sleep |
| ਚੇਤਨ | : Conscious |
| ਚੋਣ | : Selection |
| ਚੋਣਵਾਂ, ਚੁਣਵਾਂ | : Selected |
| ਜਨਮਜਾਤ | : Congenital; Innate |
| ਜ਼ਮੀਰ | : Conscience |
| ਜੱਰਾਹੀ | : Surgery |
| ਜੈਵਿਕ | : Animal-; Biological |
| --ਲਭਤੀ | : Biological endowment |
| ਝੁਕਾਅ | : Tendency |
| --,ਹਿੰਸਾਤਮਕ | : Aggressive tendency |
| ਤਕਨੀਕ | : Technique |
| ਤਣਾਅ | : Tension |
| ਤੱਥ | : Fact |
| ਤਰਕ | : Logic |
| ਤਰਕਸ਼ੀਲ | : Logical |
| ਤਰਕਹੀਣ | : Illogical |
| ਤਲਬ | : Need; Requirement |
| ਤਾਰਿਕੀਕਰਣ | : Rationalization |
| ਤੌਖਲਾ | : Apprehension |
| ਤ੍ਰਾਸ ਰੋਗ | : Phobic disorder |
| ਥਪਕੀ(ਆਂ) | : Pass(es) |
| ਦਮਨ | : Repression |
| --ਕਰਨਾ | : Repress |
| --,ਦੁਜੈਲਾ | : Secondary repression |
| ਦਲਨ | : Suppression |
| ਦਿਵਾ-ਸੁਪਨ | : Daydream; Fantasy |
| ਦੁਰਘਟਨਾ | : Accident |
| --ਸ਼ੀਲਤਾ | : Accident proneness |
| ਦੋਸ਼ | : Guilt |
| ਦੋਸ਼ੀ ਭਾਵਨਾ | : Guilt-feeling |
| ਨਵ- | : Neo- |
| ਨਿਸਚਾ | : Faith; Belief |
| ਨਿੱਜੀ | : Personal |
| --ਅਚੇਤਨ | : Personal unconscious |
| ਨਿਦ੍ਰਾ (ਨਿੰਦ੍ਰਾ) | : Sleep |
| --,ਸੰਮੋਹ- | : Hypnotic sleep |
| --,ਚੁੰਬਕੀ | : Magnetic sleep |
| --ਭ੍ਰਮਣ | : Somnambulism; Sleep walking |
| ਨਿਰਦੇਸ਼, ਨਿਰਦੇਸ਼ਨ | : Suggestion |
| ਨਿਰਦੇਸ਼ਨਸ਼ੀਲ | : Suggestible |

ਨਿਰਦੇਸ਼ਨਸ਼ੀਲਤਾ : Suggestibility
ਨਿਰਭਰਤਾ : Dependence
ਨਿਯਮਾਵਲੀ, ਨੇਮਾਵਲੀ : Code
--,ਸਦਾਚਾਕ : Moral code
ਪਹਿਰੂਆ : Censor
ਪਕੜ : Possession
ਪਦਾਰਥਕ : Physical
ਪੱਧਰ : Level
ਪਰਨਿਰਦੇਸ਼ : Heterosuggestion
ਪਰੰਪਰਾ : Tradition
ਪਰਾਹਉਂ : Super ego
ਪਰਿਭਾਸ਼ਾ : Definition
ਪਾਸੇਮਾਰ (ਪੱਖਮਾਰ): Paralysis
ਪਿਤਾ ਪੁਰਖੀ : Ancestral; Hereditary
ਪੇਸ਼ੀ-ਪਕੜ : Catalepsy
ਪ੍ਰਕਿਰਿਆ : *Process*
ਪ੍ਰਤੱਖ : Percept
--,ਗਿਆਨ : Perception
--,ਬੋਧ : *Perception*
ਪ੍ਰਤਿਗਮਨ : Regression
ਪ੍ਰਤਿਬੰਧ : Inhibition
ਪ੍ਰਤਿਬਿੰਬ : Reflection; Image
ਪ੍ਰਤਿਵਰਤ : Reflex
ਪ੍ਰਤੀਕ : Symbol
ਪ੍ਰਤੀਕੀ : Symbolic
ਪ੍ਰਮਾਣ : Proof
ਪ੍ਰਯੋਗ : Experiment
ਪ੍ਰਯੋਗਕਾਰ : Experimenter
ਪ੍ਰਵਿਰਤੀ : Instinct
ਪ੍ਰੇਰਕ : Stimulus
ਪ੍ਰੇਰਣਾ : Stimulation; Motivation
ਬੰਧੇਜ : Inhibition
ਬਣਤਰ, ਸੰਰਚਨਾ : Structure
ਬਾਧਾ : Resistance
ਬਿੰਬ : Image
--,ਗਤੀਸ਼ੀਲ : Dynamic image
ਬਿਬੇਕ : Reason
ਬੁੱਧੀ : Intelligence
ਭੜਕਾਉਣਾ : Excite
ਭੜਕਾਹਟ : Excitation; Excitement
ਭਾਵ : Emotion
--,ਮੁਕਤੀ : Catharsis
ਭਾਵਨਾ : Feeling
ਭੋਗ : Sexual intercourse
--,ਵਰਜਿਤ : Incest
ਮਨ : Mind
ਮਨਸ-(ਮਨੋ-) : Mental
ਮਨਸਫੋਟ : Schizonphrenia
ਮਨਸੰਤਾਪ : Psychoneurosis
ਮਨੋ- : Mental; Psycho-
--ਸਰੀਰਕ : Psychosomatic
--ਕਲਾ : Mental mechanism
--ਕਾਮੁਕ : Psychosexual
--ਚਿਕਿਤਸਕ : Psychiatrist
--ਚਿਕਿਤਸਾ : Psychiatry
--ਜਨਕ : Psychogenic
--ਰਚਨਾ :Mental construct
--ਰੋਗ : Mental disorder
--ਵਿਸ਼ਲੇਸ਼ਣ : Psychoanalysis
--ਵਿਗਿਆਨ : Psychology

ਮਾਨਸਿਕ : Mental
--ਦਸ਼ਾ : Mental state
ਮਾਯੂਸੀ : Disappointment
ਮਿਥਿਹਾਸ : Mythology
ਮੁਕਤ : Free
--ਸੰਬੰਧ : Free association
ਮੈਸਮਰਵਾਦ (ਮੈਸਮਰਿਜ਼ਮ) :Mesmerism
ਯਥਾਰਥ : Reality
--ਨੇਮ : Reality principle
--ਪਰਖਣ : Reality testing
--,ਵਾਸਤਵਿਕ : External reality
--ਵਾਦ : Realism
ਰਖਿਆ (ਸੁਰਖਿਆ) :Defence
--ਤਮਕ : Defence-; Defensive
ਰਚਨਾਤਮਕ : Constructive
ਰੀਸ : Envy
--,ਲਿੰਗਿਕ : Penis envy
ਰੂਪ : Form
--,ਆਦਿਮ : Archetype
ਰੂਪਾਂਤ੍ਰਣ : Conversion
ਰੇਚਨ : Catharsis
ਰੈਨ-ਅੰਧਤਾ : Night-blindness
ਰੋਗ : Disease; Disorder
--ਚਿੰਨ੍ਹ : Symptoms of disease
ਲੱਜਾ : Shame
ਲੱਛਣ : Characteristic
ਲਾਲਸਾ : Longing
ਲਿੰਗਿਕ : Sexual
--ਉਤੇਜਨਾ : Sexual stimulation
ਲਿੰਗਿਕਤਾ : Sexuality
--, ਬਹੁਰੰਗੀ : Polymorphous

--ਵਿਪੱਥ- : Pervese sexuality
ਵਹਿਮ-ਰੋਗ : Paranoia
ਵਖਰੇਵਾਂ : Distinction
ਵਸਤੂ : Thing; Content
--,ਅਪਰਗਟ : Latent content
--ਪਰਕ : Objective
--,ਪਰਗਟ : Manifest content
--ਮੁਖ : Objective
ਵਰਜਨਾ : Taboo; Prohibition
ਵਾਸਤਵਿਕਤਾ : Objective reality
ਵਿਅਕਤਿਗਤ : Individual
ਵਿਅਕਤਿਤਵ : Personality
--,ਖੰਡਿਤ : Split personality
--, ਵਿਕਲਪਿਤ :Alternating personality
ਵਿਆਪਕ : Universal
ਵਿਸਥਾਪਨ : Displacement
ਵਿਸਰਨਾ : Forgetting
ਵਿਸਰਭੋਲ : Forgetfulness
ਵਿਸ਼ਲੇਸ਼ਣ : Analysis
ਵਿਸ਼ਵਾਸ : Faith
ਵਿਸਿਮਰਿਤੀ : Amnesia
ਵਿਕਿਰਿਆ : Dysfunction
--ਵਿਗਿਆਨ : Pathology
ਵਿਗਾਸ (ਵਿਕਾਸ): Development
ਵਿਚਾਰ : Idea; Thought
--, ਕਰੜਾ : Fixed idea
ਵਿਭਰਮ : Hallucination
ਵਿਭਾਜਨਸ਼ੀਲ : Divisible
ਵਿਭਾਜਨ ਮੁਕਤ : Indivisble
ਵਿਰੁਚੀ : Aversion
ਵਿਰੋਧ : Antagonism

# ਇੰਡੈਕਸ


ਉਤਸਾਹ ਰੋਗ : 110, 117
ਉਦਾਸੀ ਰੋਗ : 109-110
ਉਦਾਤੀ ਕਰਣ : 48-49, 129
ਓਨੀਲ, ਯੂਜੀਨ : 128-129
ਅਸੰਬੰਧਨ : 104-107
ਅਚੇਤਨ, ਸਾਮੂਹਕ : 8, 18, 129, 131
- ਕੀ ਹੈ? : 1-8
- ਤੇ ਕਾਵਿ : 132-133
- ਤੇ ਕੋਮਲ ਕਲਾ : 125-134
- ਤੇ ਮਨੋਰੋਗ : 15-16, 101-112, 125
- ਦਾ ਗੁਣ ਤੇ ਸੁਭਾਅ : 17-22
---: ਅਤਾਰਕਿਕਤਾ : 18
---: ਕਾਮ ਸ਼ਕਤੀ : 19
- ਦੀ ਖੋਜ : 113-124
- ਦੀ ਗਤੀਸ਼ੀਲਤਾ : 32-50
- ਦੀ ਬਿਬੇਕਹੀਣਤਾ : 20
- ਦੇ ਪ੍ਰਮਾਣ : 9-16
---: ਸੁਪਨੇ : 13
---: ਸੁਭਾਵਕ ਕਿਰਿਆਵਾਂ : 12-13
---: ਸੰਮੋਹਨ : 13-15
---: ਵਿਸਿਮਰਿਤੀਆਂ : 9-12
- ਦੇ ਪਾਰੰਪਾਰਕ ਅਰਥ : 7-8
-, ਦੇਸ ਕਾਲ ਤੋਂ ਨਿਆਰਾ : 22
-, ਨਿੱਜੀ : 7
- ਵਸਤੂ : 56-58
- ਵਿਚ ਆਦਿਮ ਸੋਚਣੀ : 21
- ਵਿਚ ਸਮੇਂ ਸਥਾਨ ਦਾ ਸੰਘਣਨ : 22
- ਵਿਚ ਗਤੀਸ਼ੀਲ ਬਿੰਬ : 21
- ਵਿਚ ਮੂਲ ਪ੍ਰਵਿਰਤੀਆਂ : 20
ਅਪਰਾਧ ਭਾਵਨਾ : 86
ਅਫਲਾਤੂਨ : 17
ਅਭਿਵਿਅੰਜਨਵਾਦ : 134
ਅਵੱਸ਼ਕਾਰਤਾ : 107-108
ਅਵਚੇਤਨ : 3
ਆਤਮ ਗੌਰਵ : 29
ਆਤਮ ਨਿਰਦੇਸ਼ਨ : 60-61
ਆਤਮੀਕਰਣ : 39-40, 81
ਆਦਿਮ ਪ੍ਰਤਿਰੂਪ-ਆਦਿਮ ਬਿੰਬ : 7, 93-100, 130-132
ਆਦਿਮ ਬਿੰਬਾਵਲੀ : 95
ਆਰਕੀਟਾਈਪ : 7, 93-97
ਐਜਡੈਲ, ਡਾ. : 68
ਐਡਲਰ, ਐਲਫ੍ਰੈਡ : 86-88, 123
ਅੰਤਰਦ੍ਵੰਦ : 32
ਇੱਛਾ : 25
- ਪੂਰਤੀ : 24, 54-55
ਇਡੀਪਸ ਗਾਥਾ : 76
ਇੱਦ : 23-25, 26, 74
ਇਲੀਅਟਸਨ, ਡਾ. ਜਾਨ : 68
ਇਲੈਕਟ੍ਰਾ-ਗਾਥਾ : 81
ਸ਼ਖਸੀਅਤ : 23
ਸਥਿਰੀਕਰਣ : 91
ਸ਼ਬਦ-ਸੰਬੰਧ : 124
ਸ਼ਰਮ ਭਾਵਨਾ : 86
ਸਾਜੁੱਜ : 7
ਸ਼ਾਰਕੋ, ਡਾ: ਯਾਂ ਮਾਰਤਿਨ : 66-70
ਸ਼ਿਵ : 127
ਸੁਖ-ਦੁਖ ਦਾ ਨੇਮ : 20, 22-23, 26, 28
ਸੁਖੋਪਤੀ : 17

ਸੁਤੰਤ੍ਰ ਸੰਬੰਧ : 33, 56-57, 115-123
ਸੁਪਨ (ਸੁਪਨੇ) : 13, 17, 21-22, 51-56
- ਸੰਸਾਰ : 51-56
- ਸਿੱਧਾਂਤ, ਪੁਰਾਤਨ : 51-53
ਸੁਪਨ-ਸਿੱਧਾਂਤ, ਫ੍ਰਾਇਡੀ : 53-56
-, ਦਿਵਾ : 125, 132
- ਚਿੰਨ੍ਹ : 119
- ਪ੍ਰਤੀਕ : 57
- ਪ੍ਰਤੀਕਾਵਲੀ : 58
ਸ਼ੇਕਸਪੀਅਰ : 126, 127, 133
ਸ਼ੋਪਨਹਾਰ : 17
ਸੋਫੋਕਲੀਜ਼ : 126
ਸੰਘਣਨ : 22, 58
-, ਦੋ ਸਿੱਧਾਂਤਾਂ ਦਾ : 31
ਸੰਘਰਸ਼, ਮਾਨਸਿਕ : 18-19, 32, 43, 101, 110
ਸੰਦੇਹ ਰੋਗ : 108
ਸੰਮੋਹਨ : 13-15, 62, 65-73, 113-118
-ਵਿਧੀਆਂ : 70-72
ਹਉਂ : 25-28, 74
- ਆਦਰਸ਼ : 31-32
ਹਰਬਰਟ : 17
ਹਰਿਭਜਨ ਸਿੰਘ, ਡਾ : 83-84
ਹਾਨ ਅਧਿਪੂਰਤੀ-ਹਾਨ ਪੂਰਤੀ : 87, 90
ਹਿਸਟੀਰੀਆ : 33, 36
ਹੀਨ ਭਾਵਨਾ : 30, 108-109
ਹੈਮਲੈਟ : 126-127
ਹੋਮਰ : 133
ਕਲਪਨਾ, ਗਤੀਸ਼ੀਲ : 122
ਕਾਮਸ਼ਕਤੀ : 19-20
- ਦੇ ਤਿੰਨ ਅਰਥ : 19
ਕਾਲੀਦਾਸ : 133
ਕਿਰਚਰ, ਐਥਾਨੀਅਸ : 73
ਕੁਈ, ਡਾ : 59
ਖ਼ਬਤ : 107
ਗਣੇਸ਼ : 127
ਗਤੀਸ਼ੀਲ ਕਲਪਨਾ ਵਿਧੀ : 122
ਗੁਰੂ ਗੋਬਿੰਦ ਸਿੰਘ ਜੀ : 131
ਗੰਢਾਂ, ਮਾਨਸਿਕ : 74-92
--, ਲਿੰਗ ਵਿਰਤੀ ਤੇ : 75-76
ਚਿੰਤਾ : 33, 101
ਚੁੰਬਕੀ ਇਲਾਜ : 14
ਚੇਤਨ : 3-4, 18, 20
-, ਸਾਮੂਹਕ : 132
- ਵਹਿਣ : 13
ਜ਼ਮੀਰ : 31-32
ਜਾਗ੍ਰਤ : 17
ਜੈਨਸੈਨ, ਵਿਲਹੈਲਮ : 129
ਡਾਂਟੇ : 85
ਡਾਲੀ, ਸੈਲਵੇਡਾਰ : 134
ਤਣਾਓ (ਤਣਾਅ) : 23-24, 41-42
ਤਦਾਤਮੀਕਰਣ : 58
ਤ੍ਰਾਸ ਰੋਗ : 103
ਤਾਰਕੀਕਰਣ : 49-50
ਤੁਰੀਆ : 17
ਦਮਨ : 33, 107, 129
- ਦੀ ਰੋਕ : 12
-, ਦੁਜੈਲਾ : 34-35
-, ਮੁਢਲਾ : 33-35
ਦਮਿਤ ਇੱਛਾਵਾਂ (ਕਾਮਨਾਵਾਂ) : 18, 55-56
ਦਲਨ : 33
ਦਿਵਾ ਸੁਪਨ : 125, 132
-- ਤੇ ਕਾਵਿ : 132-133
ਦੁਹਰਾਓ ਮਜਬੂਰੀ : 31
ਦੁਰਘਟਨਾ-ਰੁਚੀ : 5, 30
ਦੇਕਾਰਤ : 17
ਦੋਸਤਾਏਵਸਕੀ : 126

ਧਿਆਨ : 3
ਨਾਇਕ (ਹੀਰੋ) : 97
ਨਾਟ-ਸਾਹਿੱਤ, ਬੇਤੁੱਕਾ : 134
ਨਾਮ : 99
ਨਾਮਰਦ : 36
ਨਿਜਕਾਮੁਕਤਾ : 75
ਨਿਰਦੇਸ਼ਨ : 14, 59-64
-ਗ੍ਰਹਿਣ : 61
-ਗ੍ਰਾਹਕਤਾ : 61-62
-, ਪ੍ਰਤਿਸ਼ਠਾ : 60, 63
ਨੀਂਦ-ਭ੍ਰਮਣ : 15-16
-ਮਗਨਤਾ : 69
ਪਰਸ਼ੁਰਾਮ : 127
ਪਰਾਹਊਂ : 28-31. 38, 74
- ਦੇ ਦੋ ਭਾਗ : 31
ਪ੍ਰਤਿਗਮਨ : 41-43, 111
ਪ੍ਰਤੀਕ, ਸਾਹਿਤੱਕ : 57, 130
ਪ੍ਰਸਥਾਨ ਰੋਗ : 107
ਪ੍ਰਾਊਸਟ : 126
ਪਰਯਥਾਰਥਵਾਦ : 133
ਪਾਰਬਤੀ : 127
ਪਿਕਾਸੋ, ਪਾਬਲੋ : 134
ਪੁਰੂ : 127
ਪੂਰਨ ਭਗਤ : 128
ਫ਼੍ਰਾਇਡ : 2-8, 9, 12-13, 23-24, 28, 31, 53-56, 63, 70, 75-76, 113-115, 125, 128-129, 133
- ਤੇ ਯੁੰਗ : 18-19
- ਦਾ ਕਾਮ-ਸਿੱਧਾਂਤ : 19
ਫ਼ਾਰੀਆ, ਐਬੇ ਦੇ : 68-69
ਬਹੁਰੰਗੀ ਵਿਪੱਖ ਲਿੰਗਿਕਤਾ : 75-81
ਬ੍ਰਾਇਰ, ਡਾ. : 113-115
ਬ੍ਰੇਡ, ਜੇਮਜ਼ : 69
ਬ੍ਰੈਤਨ, ਆਂਦਰੇ : 134
ਬਾਡਕਿਨ, ਮਿਸ (ਮੌਡ) : 131
ਬਾਧਾ : 117
ਭਾਸ਼ਾ : 27
-, ਲਾਭ ਹਾਣ ਦੀ : 27
ਭੈ ਰੋਗ : 45
ਮਨਸੰਤਾਪ, ਅਸੰਬੰਧਨ : 104-105
-, ਅਵਸ਼ਕਾਰਤਾ : 107-108
-, ਹੀਨਭਾਵਨਾ : 91
-, ਖ਼ਬਤ : 97, 107
-, ਚਿੰਤਾ : 102-103
-, ਤ੍ਰਾਸ : 103-104
-, ਰੂਪਾਂਤ੍ਰਣ : 10, 105-107
ਮਨੋਗੰਢ
-, ਇਡੀਪਸ : 76-79, 126-129
-, ਹੀਨਤਾ : 86-92
-, ਖੱਸੀਕਰਨ : 79-80
-, ਕਲਾਈਟੀਮੈਨਸਟ੍ਰਾ : 128
-, ਇਲੈਕਟ੍ਰਾ : 80-82, 129
ਮਨੋਗੰਢਾਂ, ਅਣਸੁਲਝੀਆਂ : 82-85
ਮਨੋਰੋਗ : 15-16, 63-64
ਮਨੋਵਿਸ਼ਲੇਸ਼ਕ : 116-117, 122, 124
ਮਨੋਵਿਸ਼ਲੇਸ਼ਣ : 6, 53, 63-64, 114-122
ਮਰਨ ਪ੍ਰਵਿਰਤੀ : 31
ਮਾਇਰਜ਼, ਡਾ. : 60
ਮੁਕਤ ਸੰਬੰਧ : 10-12, 114-122
ਮੈਸਮਰ, ਫ਼੍ਰੈਂਜ਼ ਐਂਟਨ : 66-68
ਮੈਸਮਰਿਜ਼ਮ : 66-67
ਮੈਕਡੂਗਲ, ਡਾ. : 60, 61
ਯਯਾਤੀ : 127
ਯੁੰਗ, ਡਾ. ਕਾਰਲ ਗੁਸਟਾਫ਼ : 6-8, 18, 19, 74, 93-98, 122
ਰੂਪਾਂਤ੍ਰਣ : 43-45, 105-107
ਰੋਗ-ਚਿੰਤਨ : 108
ਰੋਗ, ਮਨੋਸਰੀਰਕ : 36
ਲੀਬਨੀਜ਼ : 17
ਲੋਫ਼ੈਨਟਨ : 69
ਵਰਜਿਤ ਭੋਗ : 35
ਵਾਸਤਵਿਕਤਾ-ਨੇਮ : 26-27, 29
ਵਿਅਕਤੀਗਤ ਮਨੋਵਿਗਿਆਨ : 86
ਵਿਆਮੋਹ ਰੋਗ : 38
ਵਿਸਥਾਪਨ : 58
ਵਿਸਰਭੋਲ : 75